Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763


Ad Space Available
Please call:
847-359-0746

Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ
ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurdawar Singh Mann

Gurcharan Singh Mann
Mann Insurance Brokers Inc.
4123 Dyer St., #230, Union City, CA 94587

Eighteenth Year of Publication    ਕੈਲੀਫੋਰਨੀਆ ਐਡੀਸ਼ਨ    Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 43, October 28, 2017    20451 N Plum Grove Rd., Palatine, IL 60074    Ph:847-359-0746, Fax:847-705-9388

# ਹੁਣ ਕੈਪਟਨ ਸਰਕਾਰ 'ਅੱਛੇ ਦਿਨ' ਦਿਖਾਉਣ ਦੇ ਰਾਹ

## ਆਮ ਲੋਕਾਂ ਦੀਆਂ ਜੇਬਾਂ 'ਤੇ ਲਾਈਆਂ ਅੱਖਾਂ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਕੈਪਟਨ ਸਰਕਾਰ ਨੇ ਵੀ ਪੰਜਾਬ ਦੇ ਲੋਕਾਂ ਨੂੰ ਨਰੇਂਦਰ ਮੋਦੀ ਸਰਕਾਰ ਵਾਂਗ 'ਅੱਛੇ ਦਿਨ' ਦਿਖਾਉਣ ਦਾ ਫੈਸਲਾ ਕਰ ਲਿਆ ਹੈ। ਸਰਕਾਰ ਨੇ ਵਿੱਤੀ ਸਥਿਤੀ ਨੂੰ ਪੈਰਾਂ ਸਿਰ ਕਰਨ ਲਈ ਆਮ ਲੋਕਾਂ ਦੀਆਂ ਜੇਬਾਂ 'ਤੇ ਭਾਰ ਪਾਉਣ ਦਾ ਮਨ ਬਣਾਇਆ ਹੈ। ਪੰਜਾਬ ਵਿਚ ਇਕਦਮ ਅੱਠ ਸੌ ਸਕੂਲਾਂ ਨੂੰ ਤਾਲੇ ਮਾਰਨ ਦੀ ਰਣਨੀਤੀ ਤੋਂ ਵੀ ਜਾਪ ਰਿਹਾ ਹੈ ਕਿ ਸਰਕਾਰ ਨਵੀਂ ਭਰਤੀ ਦੀ ਥਾਂ ਪੁਰਾਣੇ ਅਧਿਆਪਕਾਂ ਸਿਰ ਜ਼ਿੰਮੇਵਾਰੀ ਮੜ੍ਹਨ ਦੀ ਤਿਆਰੀ ਵਿਚ ਹੈ।

ਬਿਜਲੀ ਦਰਾਂ ਵਿਚ ਵਾਧੇ ਨੇ ਲੋਕਾਂ ਦਾ ਤ੍ਰਾਹ ਕੱਢ ਦਿੱਤਾ ਹੈ। ਇਹ ਵਾਧਾ ਪਹਿਲੀ ਅਪਰੈਲ 2017 ਤੋਂ 9.33 ਫੀਸਦੀ ਵਾਧੇ ਦੇ ਹਿਸਾਬ ਨਾਲ ਮੰਨਿਆ ਜਾਵੇਗਾ। ਇਸ ਵਾਧੇ ਨਾਲ ਖਪਤਕਾਰਾਂ 'ਤੇ ਸਾਲਾਨਾ 2522.62 ਕਰੋੜ ਰੁਪਏ ਦਾ ਬੋਝ



ਪਵੇਗਾ। ਪੰਜਾਬ ਵਿਚ ਪਹਿਲਾਂ ਹੀ ਗੁਆਂਢੀ ਸੂਬਿਆਂ ਨਾਲੋਂ ਬਿਜਲੀ ਤੇ ਪੈਟਰੋਲ ਕਾਫੀ ਮਹਿੰਗਾ ਹੈ। ਦੱਸ ਦਈਏ ਕਿ ਗੁਰਦਾਸਪੁਰ ਉਪ ਚੋਣ ਤੋਂ ਬਾਅਦ ਸਰਕਾਰ ਨੇ ਸਖਤ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਮੰਤਰੀ ਮੰਡਲ ਨੇ ਸ਼ਹਿਰੀ ਖੇਤਰਾਂ ਵਿਚ ਬਿਜਲੀ ਦੀ ਖਪਤ ਉਤੇ 2 ਫੀਸਦੀ ਮਿਉਂਸਪਲ ਟੈਕਸ ਲਾਉਣ ਦੀ ਤਜਵੀਜ਼ ਉਤੇ ਮੋਹਰ ਲਾਈ ਸੀ ਜਿਸ ਦਾ ਮਤਲਬ ਹੈ ਕਿ 2500 ਰੁਪਏ ਦੇ ਔਸਤ ਬਿੱਲ ਉਤੇ ਖਪਤਕਾਰ ਨੂੰ 50 ਰੁਪਏ ਹੋਰ ਦੇਣੇ ਹੋਣਗੇ। ਸ਼ਹਿਰੀ ਖਪਤਕਾਰ ਪਹਿਲਾਂ ਹੀ 7 ਰੁਪਏ ਫੀ ਯੂਨਿਟ ਦੀ ਔਸਤ ਨਾਲ ਬਿਜਲੀ ਬਿੱਲ ਤਾਰ ਰਿਹਾ ਹੈ ਜੋ ਉਤਰੀ ਰਾਜਾਂ ਵਿਚ ਸਭ ਤੋਂ ਵੱਧ ਹੈ।

ਇਸੇ ਤਰ੍ਹਾਂ ਕੇਬਲ ਤੇ ਡੀ.ਟੀ.ਐਚ. ਕੁਨੈਕਸ਼ਨਾਂ ਉਤੇ ਮਨੋਰੰਜਨ ਕਰ ਲਾਉਣ ਦਾ ਭਾਰ ਵੀ ਲੋਕਾਂ ਨੂੰ ਝੱਲਣਾ ਪੈਣਾ ਹੈ। ਸਰਕਾਰ ਦੇ ਫੈਸਲਿਆਂ ਤੋਂ ਜਾਪ ਰਿਹਾ ਹੈ ਕਿ ਚੋਣ ਵਾਅਦੇ ਨਿਭਾਉਣ ਦੀ ਥਾਂ ਉਹ ਆਪਣਾ ਖਰਚਾ ਪਾਣੀ ਚਲਾਉਣ ਵੱਲ ਵੱਧ ਧਿਆਨ ਦੇ ਰਹੀ ਹੈ।

ਅਸਲ ਵਿਚ, ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਉਮੀਦ ਸੀ ਕਿ ਉਹ ਕਿਸਾਨ ਕਰਜ਼ਾ ਮੁਆਫੀ ਸੰਭਵ ਬਣਾਉਣ ਅਤੇ ਰਾਜ ਨੂੰ ਦਰਪੇਸ਼

(ਬਾਕੀ ਸਫਾ 6 'ਤੇ)

# ਸਵੈ-ਨਿਰਣੇ ਬਾਰੇ ਬਿਆਨ ਉਤੇ ਭਖੀ ਸਿਆਸਤ

**ਚੰਡੀਗੜ੍ਹ:** ਕੈਨੇਡਾ ਵਿਚ ਅਗਲੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਵੱਲੋਂ ਦਾਅਵੇਦਾਰ ਸਿੱਖ ਆਗੂ ਜਗਮੀਤ ਸਿੰਘ ਵੱਲੋਂ ਪੰਜਾਬ ਵਿਚ ਸਵੈ-ਨਿਰਣੇ ਨੂੰ ਮੁਢਲਾ ਹੱਕ ਕਹਿਣਾ ਪੰਜਾਬ ਦੀਆਂ ਸਿਆਸਤੀ ਸਫਾਂ ਨੂੰ ਹਜ਼ਮ ਨਹੀਂ ਹੋ ਰਿਹਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਆਗੂ ਖਿਲਾਫ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਜਗਮੀਤ ਸਿੰਘ ਭਾਰਤ ਦੀ ਜ਼ਮੀਨੀ ਹਕੀਕਤ ਤੋਂ ਪੂਰੀ ਤਰ੍ਹਾਂ ਅਣਜਾਣ ਹੈ। ਇਹ ਬਿਆਨ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਨੀਅਤ ਨਾਲ ਦਿੱਤਾ ਗਿਆ ਹੈ।

ਦੱਸ ਦਈਏ ਕਿ 38 ਸਾਲਾ ਨੌਜਵਾਨ ਆਗੂ ਜਗਮੀਤ ਸਿੰਘ ਨੇ ਕਿਹਾ ਸੀ ਕਿ ਪੰਜਾਬ, ਕੈਟੇਲੋਨੀਆ ਅਤੇ ਕਿਊਬੈਕ ਵਰਗੀਆਂ ਥਾਂਵਾਂ ਉਤੇ ਲੋਕਾਂ ਨੂੰ ਸਵੈ-ਨਿਰਣੇ ਦਾ ਮੁਢਲਾ ਹੱਕ ਹੋਣਾ ਚਾਹੀਦਾ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਤਾਂ ਜਗਮੀਤ ਸਿੰਘ ਨੂੰ ਇਥੋਂ ਤੱਕ ਸੁਣਾ ਦਿੱਤਾ ਕਿ ਕੈਨੇਡਾ ਦੇ ਨੇਤਾ ਨੂੰ ਭਾਰਤ ਦੇ ਮਾਮਲਿਆਂ ਵਿਚ ਨੇਤਾਗਿਰੀ ਨਹੀਂ ਕਰਨੀ



ਚਾਹੀਦੀ। ਸ. ਚੀਮਾ ਨੇ ਕਿਹਾ ਕਿ ਜਦੋਂ ਉਹ ਕੈਨੇਡਾ ਦੇ ਮਸਲਿਆਂ ਵਿਚ ਦਖਲਅੰਦਾਜ਼ੀ ਨਹੀਂ ਕਰਦੇ ਤਾਂ ਉਹ ਕਿਉਂ ਕਰਨ। ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਉਹ ਜਗਮੀਤ ਸਿੰਘ ਨੂੰ ਉਸ ਦੀ ਪ੍ਰਾਪਤੀ ਉਤੇ ਵਧਾਈ ਦਿੰਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਪੰਜਾਬ ਵਿਚ ਸਵੈ-ਨਿਰਣੇ ਬਾਰੇ ਬੋਲਣ। ਉਨ੍ਹਾਂ ਕਿਹਾ ਕਿ ਭਾਰਤ ਜਮਹੂਰੀ ਮੁਲਕ ਹੈ, ਜਿਥੇ ਸਰਪੰਚ ਤੋਂ ਲੈ ਕੇ ਸੰਸਦ ਮੈਂਬਰ ਤੱਕ ਸਾਰੇ ਨੁਮਾਇੰਦੇ ਲੋਕ ਚੁਣਦੇ ਹਨ। ਪੰਜਾਬ ਵੀ ਇਸੇ ਮੁਲਕ ਦਾ ਹਿੱਸਾ ਹੈ। ਘੱਟ ਗਿਣਤੀਆਂ ਦੇ ਕੌਮੀ ਕਮਿਸ਼ਨ

(ਬਾਕੀ ਸਫਾ 6 'ਤੇ)

# ਮੋਦੀ ਸਰਕਾਰ ਕਸ਼ਮੀਰ ਵਿਚ ਆਖਰਕਾਰ ਸੁਲ੍ਹਾ ਸਫਾਈ ਵਾਲੇ ਰਾਹ ਪਈ

**ਨਵੀਂ ਦਿੱਲੀ:** ਸਾਢੇ ਤਿੰਨ ਸਾਲਾਂ ਦੀ ਜ਼ੋਰ-ਅਜ਼ਮਾਈ ਤੋਂ ਬਾਅਦ ਹੁਣ ਨਰੇਂਦਰ ਮੋਦੀ ਸਰਕਾਰ ਨੇ ਕਸ਼ਮੀਰ ਬਾਰੇ ਰਣਨੀਤੀ ਬਦਲਣ ਵਿਚ ਹੀ ਭਲਾਈ ਸਮਝੀ ਹੈ। ਹਾਲਾਤ ਵੱਸੋਂ ਬਾਹਰ ਹੁੰਦੇ ਵੇਖ ਸਰਕਾਰ ਸੁਲ੍ਹਾ ਸਫਾਈ ਵਾਲੇ ਰਾਹ ਤੁਰ ਪਈ ਹੈ। ਜੰਮੂ ਕਸ਼ਮੀਰ ਵਿਚ ਸਥਾਈ ਸ਼ਾਂਤੀ ਦੀ ਭਾਲ ਵਿਚ ਗੱਲਬਾਤ ਦਾ ਸਿਲਸਿਲਾ ਇਕ ਵਾਰ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਨੇ ਸੂਬੇ ਦੀਆਂ ਸਾਰੀਆਂ ਧਿਰਾਂ ਨਾਲ ਗੱਲਬਾਤ ਸ਼ੁਰੂ ਕਰਨ ਲਈ ਖੁਫ਼ੀਆ ਬਿਊਰੋ ਦੇ ਸਾਬਕਾ ਮੁਖੀ ਦਿਨੇਸ਼ਵਰ ਸ਼ਰਮਾ ਨੂੰ ਆਪਣਾ ਨੁਮਾਇੰਦਾ ਬਣਾਇਆ ਹੈ। ਸਰਕਾਰ ਦਾ ਭਾਵੇਂ ਇਹ ਕਹਿਣਾ ਹੈ ਕਿ ਹੁਰੀਅਤ ਆਗੂਆਂ ਨਾਲ ਗੱਲਬਾਤ ਦਾ ਫੈਸਲਾ ਖੁਦ ਦਿਨੇਸ਼ਵਰ ਸ਼ਰਮਾ ਕਰਨਗੇ, ਪਰ ਸਪਸ਼ਟ ਹੈ ਕਿ ਸਰਕਾਰ ਹੁਣ ਇਨ੍ਹਾਂ ਆਗੂਆਂ ਅੱਗੇ ਗੋਡੇ ਟੇਕਣ ਲਈ ਤਿਆਰ ਹੈ। ਦੱਸਣਾ ਬਣਦਾ ਹੈ ਕਿ ਗੱਲਬਾਤ ਰਾਹੀਂ ਸਮੱਸਿਆ ਦਾ ਹੱਲ ਲੱਭਣ ਦੀ ਪਹਿਲੀ ਕੋਸ਼ਿਸ਼ ਡਾ. ਮਨਮੋਹਨ ਸਿੰਘ ਸਰਕਾਰ ਵੇਲੇ ਹੋਈ ਸੀ। ਦੱਸ ਦਈਏ ਕਿ ਪਿਛਲੇ ਛੇ ਮਹੀਨਿਆਂ ਤੋਂ ਮੋਦੀ ਸਰਕਾਰ ਨੇ ਇਸ ਜਥੇਬੰਦੀਆਂ ਦੇ ਆਗੂਆਂ ਨੂੰ ਘੇਰਾ ਪਾਇਆ ਹੋਇਆ। ਅਤਿਵਾਦੀਆਂ ਨੂੰ ਪੈਸਾ ਭੇਜਣ ਸਮੇਤ ਕਈ ਦੋਸ਼ਾਂ ਤਹਿਤ ਜ਼ਿਆਦਾਤਰ ਆਗੂ ਹਿਰਾਸਤ ਵਿਚ ਹਨ। ਥਲ ਸੈਨਾ ਦੇ

(ਬਾਕੀ ਸਫਾ 6 'ਤੇ)

We Do Real Estate in
Bay Area & Central Valley
We do loans anywhere
in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

# ਸਿੱਖ ਟੈਂਪਲ ਗੁਰਦੁਆਰਾ, ਯੂਬਾ ਸਿਟੀ

2468 Tierra Buena Rd., Yuba City, CA 95993

## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# 38ਵਾਂ ਮਹਾਨ ਨਗਰ ਕੀਰਤਨ

## ਅਤੇ ਗੁਰਮਤਿ ਸਮਾਗਮ

## 5 ਨਵੰਬਰ 2017

ਇਹ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ-ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।



## ਪ੍ਰੋਗਰਾਮ ਦਾ ਵੇਰਵਾ

**ਅਖੰਡ ਪਾਠ ਸਾਹਿਬ ਦੀ ਲੜੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ 2 ਸਤੰਬਰ ਤੋਂ ਸ਼ੁਰੂ ਹੈ, ਜਿਸ ਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸੰਗਤ ਵੱਲੋਂ 3 ਨਵੰਬਰ ਸ਼ੁੱਕਰਵਾਰ ਤੋਂ ਅਰੰਭ ਹੋ ਕੇ 5 ਨਵੰਬਰ, ਦਿਨ ਐਤਵਾਰ ਸਵੇਰੇ 7.30 ਵਜੇ (ਨਵੇਂ ਸਮੇਂ ਮੁਤਾਬਕ) ਭੋਗ ਪੈਣਗੇ। ਸੋਮਵਾਰ, 2 ਅਕਤੂਬਰ ਤੋਂ ਐਤਵਾਰ 22 ਅਕਤੂਬਰ ਤੱਕ ਪੰਥ ਪ੍ਰਸਿੱਧ ਢਾਡੀ ਜਥਾ ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲੇ ਸ਼ਾਮ ਦੇ ਦੀਵਾਨਾਂ ਵਿਚ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ ਜੀ। ਸ਼ੁੱਕਰਵਾਰ 13 ਅਕਤੂਬਰ ਤੋਂ ਵੀਰਵਾਰ 26 ਅਕਤੂਬਰ ਤੱਕ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਭਾਈ ਇਕਬਾਲ ਸਿੰਘ ਸ਼ਾਮ ਦੇ ਦੀਵਾਨਾਂ ਵਿਚ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਜੀ। 16 ਅਕਤੂਬਰ, ਸੋਮਵਾਰ ਤੋਂ 26 ਅਕਤੂਬਰ, ਐਤਵਾਰ ਤੱਕ ਭਾਈ ਮਨਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ, ਦਿੱਲੀ ਵਾਲੇ ਕੀਰਤਨ ਨਾਲ ਨਿਹਾਲ ਕਰਨਗੇ ਜੀ।

27, 28 ਤੇ 29 ਅਕਤੂਬਰ (ਸ਼ੁੱਕਰਵਾਰ ਤੋਂ ਐਤਵਾਰ) ਤੱਕ ਗਿਆਨੀ ਕੁਲਵੰਤ ਸਿੰਘ ਜੀ ਲੁਧਿਆਣੇ ਵਾਲੇ ਕਥਾ ਵਿਆਖਿਆ ਰਾਹੀਂ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਨਗੇ।

**ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ:** ਸਨਿਚਰਵਾਰ, ਅਕਤੂਬਰ 28 ਨੂੰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ। ਇਸ ਵਿਚ ਬੱਚੇ ਰਾਗਾਂ ਵਿਚ ਕੀਰਤਨ ਕਰਨਗੇ।

**ਵਿਸ਼ੇਸ਼ ਢਾਡੀ ਦਰਬਾਰ:** ਮੰਗਲਵਾਰ, 31 ਅਕਤੂਬਰ ਨੂੰ ਸ਼ਾਮ 6 ਤੋਂ ਰਾਤ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਸਮੇਤ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦਰਬਾਰ ਹੋਵੇਗਾ।

**ਆਤਿਸ਼ਬਾਜ਼ੀ:** ਨਗਰ ਕੀਰਤਨ ਦੀਆਂ ਖੁਸ਼ੀਆਂ ਵਿਚ ਸ਼ੁੱਕਰਵਾਰ, 3 ਨਵੰਬਰ ਨੂੰ ਰਾਤ 8 ਵਜੇ ਆਤਿਸ਼ਬਾਜ਼ੀ ਹੋਵੇਗੀ ਜੀ।

### ਸਨਿਚਰਵਾਰ, 4 ਨਵੰਬਰ ਦੇ ਪ੍ਰੋਗਰਾਮ

**ਅੰਮ੍ਰਿਤ ਸੰਚਾਰ:** ਸਵੇਰੇ 5 ਵਜੇ ਅੰਮ੍ਰਿਤ ਸੰਚਾਰ ਅਰੰਭ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣਾ ਨਾਂ ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਕੋਲ ਲਿਖਾ ਕੇ ਕੱਕਾਰ ਪ੍ਰਾਪਤ ਕਰ ਸਕਦੀਆਂ ਹਨ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ:** ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਵੇਰੇ 9 ਵਜੇ ਸਮੂਹ ਸੰਗਤ ਵੱਲੋਂ ਹੋਵੇਗੀ ਜੀ।

**ਸਨਮਾਨ ਸਮਾਰੋਹ:** ਸਵੇਰੇ 11 ਵਜੇ ਪੰਥ ਦੀ ਸਿਰਮੌਰ ਹਸਤੀ ਸ. ਦੀਦਾਰ ਸਿੰਘ ਬੈਂਸ ਦਾ ਗੋਲਡ ਮੈਡਲ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਪਰੰਤ ਹੋਰ ਪਤਵੰਤੇ ਸੱਜਣਾਂ ਦਾ ਵੀ ਸਨਮਾਨ ਕੀਤਾ ਜਾਵੇਗਾ।

**ਲੈਕਚਰ ਸੈਸ਼ਨ:** ਦਸਮੇਸ਼ ਹਾਲ ਵਿਚ ਬਾਅਦ ਦੁਪਹਿਰ 1 ਤੋਂ 4 ਵਜੇ ਤੱਕ ਲੈਕਚਰ ਸੈਸ਼ਨ ਹੋਵੇਗਾ ਜਿਸ ਵਿਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਸੱਦੇ 'ਤੇ ਇੰਡੀਆ ਤੋਂ ਡਾ. ਹਰਸ਼ਿੰਦਰ ਕੌਰ ਅਤੇ ਇੰਗਲੈਂਡ ਤੋਂ ਪਹੁੰਚ ਰਹੇ ਡਾ. ਇਕਤਿਦਾਰ ਚੀਮਾ ਵੀ ਹਿੱਸਾ ਲੈਣਗੇ।

**ਰੈਣ ਸਬਾਈ ਕੀਰਤਨ:** ਰੈਣ ਸਬਾਈ ਕੀਰਤਨ ਸ਼ਾਮ 6 ਤੋਂ ਰਾਤ ਇਕ ਵਜੇ ਤੱਕ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ ਜੀ।

### ਪਹੁੰਚ ਰਹੇ ਰਾਗੀ ਜਥੇ ਅਤੇ ਪ੍ਰਚਾਰਕ

ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਹਰਚਰਨ ਸਿੰਘ ਖਾਲਸਾ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ), ਭਾਈ ਮਨੋਹਰ ਸਿੰਘ ਦਿੱਲੀ ਵਾਲੇ, ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ ਅਤੇ ਭਾਈ ਮਹਿਲ ਸਿੰਘ ਦਾ ਕਵੀਸ਼ਰੀ ਜਥਾ ਸੰਗਤਾਂ ਨੂੰ ਨਿਹਾਲ ਕਰਨ ਲਈ ਪਹੁੰਚ ਰਹੇ ਹਨ ਜੀ।

**ਨੋਟ:** ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ ਨਿਯਤ ਜਗ੍ਹਾ ਉਤੇ ਹੀ ਕੀਤੀ ਜਾਵੇ ਜੀ। ਰਿਵਰ ਵੈਲੀ ਹਾਈ ਸਕੂਲ (801 EI Margarita Rd, Yuba City, CA 95993) ਤੋਂ ਗੁਰੂ ਘਰ ਲਈ ਸਵੇਰੇ 7 ਵਜੇ ਤੋਂ ਸ਼ਾਮ 6.30 ਵਜੇ ਤੱਕ ਮੁਫਤ ਬੱਸਾਂ ਦਾ ਪ੍ਰਬੰਧ ਹੋਵੇਗਾ।

ਹੈਂਡੀਕੈਪ ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁਮ ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ।**

### ਹੋਰ ਜਾਣਕਾਰੀ ਲਈ ਇਨ੍ਹਾਂ ਫੋਨ ਨੰਬਰਾਂ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ:

ਹੈਡ ਗ੍ਰੰਥੀ ਭਾਈ ਸਾਹਿਬ ਸਿੰਘ 530-673-9917
ਚੇਅਰਮੈਨ ਨਗਰ ਕੀਰਤਨ ਸ. ਗੁਰਨਾਮ ਸਿੰਘ ਪੰਮਾ 530-672-6444
ਪ੍ਰਧਾਨ ਸ. ਬਲਬੀਰ ਸਿੰਘ ਸੋਹਲ 530-672-9300
ਸੀਨੀਅਰ ਮੀਤ ਪ੍ਰਧਾਨ ਸ. ਬਲਰਾਜ ਸਿੰਘ ਢਿੱਲੋਂ 530-672-3979
ਮੀਤ ਪ੍ਰਧਾਨ ਸ. ਦਲਵੀਰ ਸਿੰਘ ਗਿੱਲ 530-713-4256
ਸੈਕਟਰੀ ਸ. ਹਰਮਨਦੀਪ ਸਿੰਘ ਸੰਧੂ 530-632-2799
ਸੀਨੀਅਰ ਮੀਤ ਸੈਕਟਰੀ ਸ. ਗੁਰਮੇਜ ਸਿੰਘ ਗਿੱਲ 530-671-3112
ਮੀਤ ਸੈਕਟਰੀ ਸ. ਪਲਵਿੰਦਰ ਸਿੰਘ ਮਾਹੀ 530-237-7074
ਖਜਾਨਚੀ ਸ. ਸੁਖਵਿੰਦਰ ਸਿੰਘ 530-713-2705
ਸੀਨੀਅਰ ਮੀਤ ਖਜਾਨਚੀ ਸ. ਹਰਭਜਨ ਸਿੰਘ ਢੇਰੀ 530-755-6011
ਮੀਤ ਖਜਾਨਚੀ ਸ. ਹਰਨਰਿੰਦਰਪਾਲ ਸਿੰਘ 530-672-2911

# ਗੁਰਦੁਆਰਾ ਸੈਨ ਹੋਜ਼ੇ ਦੀਆਂ ਸੰਗਤਾਂ ਨੇ ਬੰਦੀ ਛੋੜ ਦਿਵਸ ਉਤਸ਼ਾਹ ਨਾਲ ਮਨਾਇਆ

**ਸੈਨ ਹੋਜ਼ੇ (ਬਿਊਰੋ):** ਬੰਦੀ ਛੋੜ ਦਿਵਸ ਤੇ ਦੀਵਾਲੀ ਦਾ ਤਿਓਹਾਰ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਨੇ ਬੜੇ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਮਨਾਇਆ। ਬੇ ਏਰੀਆ 'ਚ ਇਹ ਸਥਾਨ ਖਿਚ ਦਾ ਕੇਂਦਰ ਬਣਿਆ ਰਿਹਾ। ਦੂਰ ਦੁਰਾਡੇ ਸ਼ਹਿਰਾਂ ਤੋਂ 20 ਹਜ਼ਾਰ ਤੋਂ ਵੱਧ ਸੰਗਤਾਂ ਗੁਰੂ ਘਰ ਨਤਮਸਤਕ ਹੋਈਆਂ।

ਸੈਨ ਹੋਜ਼ੇ ਦੀਆਂ ਉਚੀਆਂ ਪਹਾੜੀਆਂ 'ਤੇ ਸੁਸ਼ੋਭਿਤ ਗੁਰਦੁਆਰਾ ਸੈਨ ਹੋਜ਼ੇ ਸਜਾਈਆਂ ਲਾਈਟਾਂ ਨਾਲ ਜਗ ਮਗ ਜਗ ਮਗ ਕਰ ਰਿਹਾ ਸੀ। ਸਾਧ ਸੰਗਤ ਨੇ ਮੋਮਬੱਤੀਆਂ, ਦੀਵੇ ਜਗਾਏ ਤੇ ਗੁਰਬਾਣੀ ਸਰਵਣ ਕੀਤੀ। ਗੁਰੂ ਕੇ ਲੰਗਰ, ਛੋਲੇ ਭਠੂਰਿਆਂ, ਚਾਹ ਪਕੌੜਿਆਂ ਅਤੇ ਮਠਿਆਈਆਂ ਦਾ ਖੂਬ ਅਨੰਦ ਮਾਣਿਆ। ਜਸਵੀਰ ਸਿੰਘ ਪਵਾਰ, ਹਰਜਿੰਦਰ ਸਿੰਘ ਲੱਦੜ ਸਲੀਨਸ ਸੰਗਤ ਦੀ ਛੋਲੇ ਭਟੂਰਿਆਂ ਨਾਲ ਸੇਵਾ ਕਰਦੇ ਰਹੇ। ਜਰਨੈਲ ਸਿੰਘ, ਜਸਵੀਰ ਸਿੰਘ, ਹਰਜਿੰਦਰ ਸਿੰਘ ਨਿਝਰ, ਨੀਟੂ ਸਿੰਘ ਕਾਹਲੋਂ ਅਤੇ ਹੋਰ ਸੇਵਾਦਾਰ ਚਾਹ ਪਕੌੜੇ, ਮਠਿਆਈ ਦੀ ਸੇਵਾ ਵਿੱਚ ਜੁਟੇ ਰਹੇ।

ਕੁਲਦੀਪ ਸ਼ੇਰਗਿੱਲ, ਅੰਮ੍ਰਿਤਪਾਲ ਸਿੰਘ ਧਾਲੀਵਾਲ, ਟੋਨੀ ਪੁਰੇਵਾਲ ਅਤੇ ਹੋਰ ਸੇਵਾਦਾਰਾਂ ਨੇ ਗੁਰੂ ਕੇ ਲੰਗਰਾਂ ਦੀ ਸੇਵਾ ਕੀਤੀ। ਸਤਿੰਦਰ ਸਿੰਘ ਮੰਗਰ ਨੇ ਪ੍ਰਸ਼ਾਦ ਦੀ ਸੇਵਾ ਕੀਤੀ। ਖਾਲਸਾ ਸਕੂਲ ਦੇ ਸੇਵਾਦਾਰ ਮੋਮਬੱਤੀਆਂ/ਦੀਵੇ ਜਗਾਉਣ ਦੀ ਸੇਵਾ ਕਰਦੇ ਰਹੇ। ਇਹ ਪ੍ਰਵਾਹ ਰਾਤ 11 ਵਜੇ ਤਕ ਚਲਦਾ ਰਿਹਾ।





ਪੰਜਾਬ ਟਾਈਮਜ਼
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਫੋਨ: 847-359-0746

# ਭਾਰਤੀ ਲੋਕਾਂ ਨੂੰ ਪੈ ਰਹੀ ਹੈ ਪ੍ਰਦੂਸ਼ਣ ਦੀ ਸਭ ਤੋਂ ਵੱਧ ਮਾਰ

**ਨਵੀਂ ਦਿੱਲੀ:** ਪ੍ਰਦੂਸ਼ਣ ਕਾਰਨ ਵਿਸ਼ਵ ਵਿਚੋਂ ਸਭ ਤੋਂ ਵੱਧ ਮੌਤਾਂ ਭਾਰਤ ਵਿਚ ਹੋਈਆਂ ਹਨ। ਇਹ ਖੁਲਾਸਾ ਇਕ ਰਿਪੋਰਟ ਵਿਚ ਹੋਇਆ ਹੈ। ਲਾਂਸੇਟ ਜਰਨਲ ਵਿਚ ਪ੍ਰਕਾਸ਼ਿਤ ਇਕ ਸਰਵੇਖਣ ਮੁਤਾਬਕ ਸਾਲ 2015 ਵਿਚ ਦੂਸ਼ਿਤ ਹਵਾ, ਜਲ ਅਤੇ ਪ੍ਰਦੂਸ਼ਣ ਦੀਆਂ ਹੋਰ ਕਿਸਮਾਂ ਕਾਰਨ ਵਿਸ਼ਵ ਵਿਚੋਂ ਸਭ ਤੋਂ ਵੱਧ ਮੌਤਾਂ ਭਾਰਤ ਵਿਚ ਹੋਈਆਂ।


ਸਰਵੇਖਣ ਮੁਤਾਬਕ ਭਾਰਤ ਵਿਚ ਪ੍ਰਦੂਸ਼ਣ ਕਾਰਨ 25 ਲੱਖ ਜਾਨਾਂ ਗਈਆਂ। ਖੋਜਾਰਥੀਆਂ ਨੇ ਕਿਹਾ ਕਿ ਜ਼ਿਆਦਾਤਰ ਮੌਤਾਂ ਦਾ ਕਾਰਨ ਪ੍ਰਦੂਸ਼ਣ ਕਾਰਨ ਹੁੰਦੀਆਂ ਦਿਲ ਦੀਆਂ ਬਿਮਾਰੀਆਂ, ਦੌਰਾ, ਫੇਫੜਿਆਂ ਦਾ ਕੈਂਸਰ ਅਤੇ ਫੇਫੜਿਆਂ ਦੀਆਂ ਹੋਰ ਬਿਮਾਰੀਆਂ ਰਹੀਆਂ। ਸਰਵੇਖਣ ਮੁਤਾਬਕ ਹਵਾ ਦੇ ਪ੍ਰਦੂਸ਼ਣ ਕਾਰਨ 2015 ਵਿਚ ਵਿਸ਼ਵ ਵਿਚ ਸਭ ਤੋਂ ਵੱਧ 65 ਲੱਖ ਮੌਤਾਂ ਹੋਈਆਂ, ਜਦੋਂ ਕਿ ਦੂਸ਼ਿਤ ਪਾਣੀ ਨੇ 18 ਲੱਖ ਲੋਕਾਂ ਦੀ ਜਾਨ ਲਈ।

ਪ੍ਰਦੂਸ਼ਿਤ ਵਾਤਾਵਰਨ ਵਿਚ ਕੰਮ ਕਰਨ ਨਾਲ ਅੱਠ ਲੱਖ ਜਾਨਾਂ ਲਈ ਖਤਰਾ ਖੜ੍ਹਾ ਹੋਇਆ। ਨਵੀਂ ਦਿੱਲੀ ਦੇ 'ਇੰਡੀਅਨ ਇੰਸਟੀਚਿਊਟ ਆਫ ਤਕਨਾਲੋਜੀ' ਅਤੇ ਅਮਰੀਕਾ ਦੇ 'ਇਕੈਹਨ ਸਕੂਲ ਆਫ ਮੈਡੀਸਨ' ਦੇ ਖੋਜਾਰਥੀਆਂ ਦੀ ਸ਼ਮੂਲੀਅਤ ਵਾਲੇ ਇਸ ਸਰਵੇਖਣ ਵਿਚ ਪ੍ਰਦੂਸ਼ਣ ਨਾਲ ਸਬੰਧਤ 92 ਫੀਸਦੀ ਮੌਤਾਂ ਘੱਟ ਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਵਿਚ ਹੋਣ ਉਤੇ ਉਂਗਲ ਧਰੀ ਗਈ। ਤੇਜ਼ੀ ਨਾਲ ਸਨਅਤੀਕਰਨ ਵੱਲ ਵਧ ਰਹੇ ਭਾਰਤ, ਪਾਕਿਸਤਾਨ, ਚੀਨ, ਬੰਗਲਾਦੇਸ਼, ਮੈਡਗਾਸਕਰ ਅਤੇ ਕੀਨੀਆ ਵਰਗੇ ਮੁਲਕਾਂ ਵਿਚ ਹਰੇਕ ਚਾਰ ਵਿਚੋਂ ਇਕ ਮੌਤ ਦਾ ਕਾਰਨ ਪ੍ਰਦੂਸ਼ਣ ਹੈ।

2015 ਵਿਚ ਭਾਰਤ ਵਿਚ ਪ੍ਰਦੂਸ਼ਣ ਕਾਰਨ ਸਭ ਤੋਂ ਵੱਧ 25 ਲੱਖ ਮੌਤਾਂ ਹੋਈਆਂ, ਜਦੋਂ ਕਿ ਚੀਨ ਵਿਚ ਪ੍ਰਦੂਸ਼ਣ ਨੇ 18 ਲੱਖ ਜਾਨਾਂ ਲਈਆਂ। ਸਰਵੇਖਣ ਵਿਚ ਕਿਹਾ ਗਿਆ ਕਿ ਲੋਕ ਭਲਾਈ ਕਾਰਜਾਂ ਉਤੇ ਲੱਗਣ ਵਾਲੇ 40.6 ਖਰਬ ਅਮਰੀਕੀ ਡਾਲਰ ਹਰ ਸਾਲ ਪ੍ਰਦੂਸ਼ਣ ਦੇ ਲੇਖੇ ਲੱਗਦੇ ਹਨ, ਜੋ ਵਿਸ਼ਵ ਦੇ ਕੁੱਲ ਵਿੱਤੀ ਉਤਪਾਦਨ ਦਾ 6.2 ਫੀਸਦੀ ਦੇ ਬਰਾਬਰ ਬਣਦਾ ਹੈ। ਪ੍ਰਦੂਸ਼ਣ ਕਾਰਨ ਹਰ ਸਾਲ ਵਿਸ਼ਵ ਵਿਚ 90 ਲੱਖ ਮੌਤਾਂ ਹੁੰਦੀਆਂ ਹਨ, ਜੋ ਕੁੱਲ ਮੌਤਾਂ ਦਾ ਛੇ ਵਿਚੋਂ ਇਕ ਬਣਦਾ ਹੈ।

## ਦਿੱਲੀ 'ਚ ਪਟਾਕਿਆਂ ਕਾਰਨ ਪ੍ਰਦੂਸ਼ਣ ਪੰਜ ਗੁਣਾ ਵਧਿਆ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਦਿੱਲੀ ਵਿਚ ਪਟਾਕਿਆਂ ਕਾਰਨ ਹਵਾ ਦਾ ਪ੍ਰਦੂਸ਼ਣ ਸੁਰੱਖਿਅਤ ਹੱਦ ਤੋਂ ਪੰਜ ਗੁਣਾ ਵਧ ਰਿਹਾ। ਹਵਾ ਦੀ ਗੁਣਵੱਤਾ ਲਈ ਮੋਬਾਈਲ ਅਧਾਰਤ 'ਬਲੂਏਅਰ ਫਰੈਂਡ ਐਪ' ਵੱਲੋਂ ਕੀਤੇ ਸਰਵੇਖਣ ਮੁਤਾਬਕ ਦੀਵਾਲੀ ਵਾਲੇ ਦਿਨ ਆਨੰਦ ਵਿਹਾਰ ਵਿਚ ਹਵਾ ਦੀ ਗੁਣਵੱਤਾ ਵਾਲਾ ਸੂਚਕ ਅੰਕ (ਏ.ਕਯੂ.ਆਈ.) 553 ਉਤੇ ਪੁੱਜਿਆ, ਜੋ ਸੁਰੱਖਿਅਤ ਹੱਦ 51 ਤੋਂ 100 ਨਾਲੋਂ ਪੰਜ ਗੁਣਾ ਵੱਧ ਹੈ। ਪਸ਼ਚਿਮ ਵਿਹਾਰ ਵਿਚ ਇਹ ਪੱਧਰ 365, ਆਰ.ਕੇ. ਪੁਰਮ ਵਿਚ 286, ਫਰੀਦਾਬਾਦ ਤੇ ਦਵਾਰਕਾ ਵਿਚ ਕ੍ਰਮਵਾਰ 406 ਅਤੇ 254 ਰਿਹਾ।








# ਬੰਦੀ ਛੋੜ ਦਿਵਸ ਮੌਕੇ ਗੁਰੂ ਕੀ ਨਗਰੀ 'ਚ ਚੱਲਿਆ ਸ਼ਰਧਾ ਦਾ ਪ੍ਰਵਾਹ



**ਅੰਮ੍ਰਿਤਸਰ:** ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਤਿਉਹਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਪੁੱਜੇ ਲੱਖਾਂ ਸ਼ਰਧਾਲੂਆਂ ਵੱਲੋਂ ਅਥਾਹ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। 'ਦਾਲ ਰੋਟੀ ਘਰ ਦੀ ਦੀਵਾਲੀ ਅੰਬਰਸਰ ਦੀ' ਲੋਕ ਕਹਾਵਤ ਅਨੁਸਾਰ ਇਸ ਇਤਿਹਾਸਕ ਦਿਹਾੜੇ ਮੌਕੇ ਲੱਖਾਂ ਸ਼ਰਧਾਲੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਅਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰ ਕੇ ਗੁਰੂ ਦਰ 'ਤੇ ਸੀਸ ਨਿਵਾ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਸ਼ਾਮ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਐਲ.ਈ.ਡੀ. ਤਕਨੀਕ ਵਾਲੀ ਰੰਗ ਬਿਰੰਗੀਆਂ ਰੌਸ਼ਨੀਆਂ ਨਾਲ ਜਗਮਗ ਕਰਦੀ ਸੁੰਦਰ ਦੀਪਮਾਲਾ ਤੇ ਮਹਾਂਰਾਸ਼ਟਰ ਤੋਂ ਆਏ ਆਤਿਸ਼ਬਾਜ਼ਾਂ ਵੱਲੋਂ ਕੁਝ ਸਮਾਂ ਚਲਾਈ ਗਈ ਘੱਟ ਪ੍ਰਦੂਸ਼ਣ ਵਾਲੀ ਆਤਿਸ਼ਬਾਜ਼ੀ ਦਾ ਆਨੰਦ ਮਾਣਿਆ। ਬਿਜਲਈ ਦੀਪਮਾਲਾ ਦੇ ਨਾਲ-ਨਾਲ ਸ਼ਰਧਾਲੂਆਂ ਵੱਲੋਂ ਪਰਿਕਰਮਾ ਵਿਚ ਸਰੋਵਰ ਕਿਨਾਰੇ ਮਿੱਟੀ ਦੇ ਰਵਾਇਤੀ ਦੀਵਿਆਂ ਤੇ ਮੋਮਬੱਤੀਆਂ ਦੀ ਦੀਪਮਾਲਾ ਕਰ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਸ਼ਾਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਜਿਥੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ, ਉਥੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰਨਾਂ ਨੇ ਵੀ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਅਤੇ ਢਾਡੀ ਦਰਬਾਰ ਸਜਾਏ ਗਏ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਏ ਅੰਮ੍ਰਿਤ ਸੰਚਾਰ ਦੌਰਾਨ ਸੈਂਕੜੇ ਪ੍ਰਾਣੀ ਅੰਮ੍ਰਿਤ ਪਾਨ ਕਰ ਕੇ ਗੁਰੂ ਵਾਲੇ ਬਣੇ।

## ਜਥੇਦਾਰ ਗੁਰਬਚਨ ਸਿੰਘ ਵੱਲੋਂ ਕੌਮ ਦੇ ਨਾਂ ਸੰਦੇਸ਼ ਜਾਰੀ

ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦਾ ਵੱਡਾ ਕਾਰਨ, ਆਨੰਦ ਕਾਰਜ, ਜਨਮ-ਮਰਨ ਅਤੇ ਹੋਰ ਸਮਾਗਮ ਗੁਰਦੁਆਰਾ ਸਾਹਿਬਾਨ ਵਿਖੇ ਸਾਦੇ ਢੰਗ ਨਾਲ ਕੀਤੇ ਜਾਣ ਦੀ ਥਾਂ ਰੀਸੋ ਰੀਸੀ ਵਿੱਤੋਂ ਬਾਹਰੇ ਹੋ ਕੇ ਕੀਤੀ ਜਾ ਰਹੀ ਫਜ਼ੂਲ ਖਰਚੀ ਹੈ। ਉਨ੍ਹਾਂ ਕਿਹਾ ਕਿ ਮਹਿੰਗੇ ਹੋਟਲਾਂ 'ਚ ਸਮਾਗਮ ਕਰ ਕੇ ਕਰਜ਼ੇ ਚੁੱਕ ਕੇ ਕੀਤੀ ਜਾ ਰਹੀ ਫਜ਼ੂਲ ਖਰਚੀ ਨੂੰ ਬੰਦ ਕੀਤਾ ਜਾਵੇ। ਨਸ਼ਿਆਂ ਅਤੇ ਪਤਿਤਪੁਣੇ ਵਰਗੀਆਂ ਅਲਾਮਤਾਂ ਨੂੰ ਰੋਕਣ ਲਈ ਮਾਪਿਆਂ ਦੀ ਜ਼ਿੰਮੇਵਾਰੀ ਨਿਰਧਾਰਤ ਕਰਦਿਆਂ ਕਿਹਾ ਕਿ ਉਹ ਬੱਚਿਆਂ ਨੂੰ ਗੁਰੂ ਸਾਹਿਬਾਨ ਦੀਆਂ ਸਾਖੀਆਂ ਅਤੇ ਸਿੱਖ ਯੋਧਿਆਂ ਦਾ ਇਤਿਹਾਸ ਸੁਣਾ ਕੇ ਉਨ੍ਹਾਂ ਅੰਦਰ ਸਿੱਖੀ ਜਜ਼ਬਾ ਪ੍ਰਫੁੱਲਤ ਕਰਨ। ਜਥੇਦਾਰ ਨੇ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਆਪਣੇ ਪਿੰਡਾਂ ਵਿਚੋਂ ਸ਼ਰਾਬ ਦੇ ਠੇਕੇ ਚੁਕਵਾਉਣ ਲਈ ਸਰਬਸੰਮਤੀ ਨਾਲ ਮਤੇ ਪਾਸ ਕਰ ਕੇ ਪੰਜਾਬ ਦੇ ਸਬੰਧਤ ਵਿਭਾਗ ਨੂੰ ਭੇਜਣ ਅਤੇ ਇਹ ਮਤੇ ਪਾਸ ਕਰਵਾਉਣ ਲਈ ਮਾਤਾਵਾਂ-ਭੈਣਾਂ ਤੇ ਸਿੱਖ ਸੰਗਤ ਅੱਗੇ ਆਵੇ। ਕੇਂਦਰ ਅਤੇ ਪੰਜਾਬ ਸਰਕਾਰ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਸਜ਼ਾ ਪੂਰੀ ਕਰ ਚੁੱਕੇ ਬੇਕਸੂਰ ਸਿੱਖ ਕੈਦੀਆਂ ਨੂੰ ਤੁਰਤ ਰਿਹਾਅ ਕਰਨ ਦੀ ਮੰਗ ਕਰਦਿਆਂ ਉਨ੍ਹਾਂ ਪੰਥਕ ਜਥੇਬੰਦੀਆਂ ਨੂੰ ਬੇਲੋੜੇ ਮੁੱਦਿਆਂ ਉਤੇ ਆਪਸੀ ਟਕਰਾਅ ਤੇ ਭਰਾ-ਮਾਰੂ ਜੰਗ ਨੂੰ ਛੱਡ ਕੇ ਪੰਥਕ ਏਕਤਾ ਨਾਲ ਆਪਣੀ ਸ਼ਕਤੀ ਦਾ ਰੁਖ ਪੰਥਕ ਦੁਸ਼ਮਣਾਂ ਵੱਲ ਕਰਨ ਦਾ ਵੀ ਸੱਦਾ ਦਿੱਤਾ।

## ਗੁਰੂ ਕੀਆਂ ਲਾਡਲੀਆਂ ਫੌਜਾਂ ਨੇ ਵਿਖਾਏ ਜੌਹਰ

**ਅੰਮ੍ਰਿਤਸਰ:** ਬੰਦੀ ਛੋੜ ਦਿਵਸ ਨੂੰ ਸਮਰਪਤ ਗੁਰੂ ਕੀਆਂ ਲਾਡਲੀਆਂ ਫੌਜਾਂ ਵੱਲੋਂ ਖਾਲਸਈ ਜਾਹੋ ਜਲਾਲ ਨਾਲ ਮਹੱਲਾ ਸਜਾਉਂਦਿਆਂ ਘੋੜ ਸਵਾਰੀ ਤੇ ਨੇਜ਼ੇਬਾਜ਼ੀ ਦੇ ਹੈਰਤ-ਅੰਗੇਜ਼ ਕਰਤਬ ਵਿਖਾ ਕੇ ਪੁਰਾਤਨ ਸਿੰਘਾਂ ਦੀ ਸੂਰਬੀਰਤਾ ਦੀ ਝਲਕ ਪੇਸ਼ ਕੀਤੀ। ਇਸ ਮਹੱਲੇ ਵਿਚ ਘੋੜਿਆਂ ਅਤੇ ਹਾਥੀਆਂ ਉਤੇ ਸਵਾਰ ਹੋਏ ਨਿਹੰਗ ਸਿੰਘ ਜੈਕਾਰੇ ਗੁੰਜਾਉਂਦੇ ਹੋਏ ਸ਼ਾਮਲ ਹੋਏ। ਇਸ ਮੌਕੇ ਨਿਹੰਗ ਸਿੰਘਾਂ ਨੇ ਦੋ-ਦੋ ਤਿੰਨ-ਤਿੰਨ ਘੋੜਿਆਂ ਦੀ ਇਕੋ ਸਮੇਂ ਤੇਜ਼ ਰਫਤਾਰ ਸਵਾਰੀ ਕਰਦਿਆਂ ਜਦੋਂ ਨੇਜ਼ੇਬਾਜ਼ੀ ਦੇ ਜੌਹਰ ਦਿਖਾਏ ਤਾਂ ਮੈਦਾਨ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਵਾਰ-ਵਾਰ ਗੂੰਜਦਾ ਰਿਹਾ। ਜ਼ਿਕਰਯੋਗ ਹੈ ਕਿ ਪੁਰਾਤਨ ਸਮਿਆਂ ਤੋਂ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਸਮਾਗਮਾਂ ਵਿਚ ਹਿੱਸਾ ਲੈਣ ਤੋਂ ਬਾਅਦ ਨਿਹੰਗ ਸਿੰਘਾਂ ਵੱਲੋਂ ਗੁਰੂ ਨਗਰੀ ਵਿਖੇ ਦੀਵਾਲੀ ਦੇ ਅਗਲੇ ਦਿਨ ਮਹੱਲਾ ਸਜਾਇਆ ਜਾਂਦਾ ਹੈ ਤੇ ਖੁੱਲ੍ਹੇ ਮੈਦਾਨ ਵਿਚ ਘੋੜ ਦੌੜਾਂ ਤੇ ਨੇਜ਼ੇਬਾਜ਼ੀ ਦੇ ਕਰਤਬ ਦਿਖਾਏ ਜਾਂਦੇ ਹਨ।



# ਟਰੰਪ ਨੇ ਵ੍ਹਾਈਟ ਹਾਊਸ 'ਚ ਭਾਰਤੀ ਭਾਈਚਾਰੇ ਨਾਲ ਮਨਾਈ ਦੀਵਾਲੀ



**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਵ੍ਹਾਈਟ ਹਾਊਸ ਵਿਚ ਆਪਣੀ ਪਹਿਲੀ ਦੀਵਾਲੀ ਮਨਾਈ।

ਟਰੰਪ ਨੇ ਕਿਹਾ ਕਿ ਕਈ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਭਾਰਤੀ ਅਮਰੀਕੀ ਭਾਈਚਾਰੇ ਦੇ ਨੇਤਾਵਾਂ ਨਾਲ ਦੀਵਾਲੀ ਮਨਾ ਕੇ ਕਾਫੀ ਸਨਮਾਨਤ ਮਹਿਸੂਸ ਕਰ ਰਿਹਾ ਹਾਂ। ਇਸ ਦੌਰਾਨ ਟਰੰਪ ਨੇ ਓਵਲ ਦਫਤਰ 'ਚ ਦੀਵਾਲੀ ਮਨਾਏ ਜਾਣ ਦੀ ਵੀਡੀਓ ਸਾਂਝੀ ਕਰਦੇ ਹੋਏ ਫੇਸਬੁੱਕ 'ਤੇ ਪੋਸਟ ਲਿਖਿਆ ਕਿ ਜਦ ਅਸੀਂ ਦੀਵਾਲੀ ਮਨਾਉਂਦੇ ਹਾਂ, ਤਾਂ ਸਾਨੂੰ ਖਾਸ ਤੌਰ ਉਤੇ ਭਾਰਤ ਦੇ ਲੋਕਾਂ ਦੀ ਯਾਦ ਆਉਂਦੀ ਹੈ, ਜਿਨ੍ਹਾਂ ਨੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਨਿਰਮਾਣ ਕੀਤਾ ਹੈ।

# ਸਿੱਖ ਨੌਜਵਾਨ ਦੇ ਕਤਲ ਬਾਰੇ ਮੁੜ ਜਾਂਚ ਰਿਪੋਰਟ ਮੰਗੀ

**ਨਵੀਂ ਦਿੱਲੀ:** ਦਿੱਲੀ ਘੱਟ ਗਿਣਤੀ ਕਮਿਸ਼ਨ ਨੇ ਦਿੱਲੀ ਪੁਲਿਸ ਨੂੰ ਪੱਤਰ ਲਿਖ ਕੇ ਸਿਗਰਟ ਪੀਣ ਤੋਂ ਰੋਕਣ ਕਾਰਨ ਹੋਏ ਝਗੜੇ ਵਿਚ ਮਾਰੇ ਗਏ ਸਿੱਖ ਨੌਜਵਾਨ ਦੇ ਮਾਮਲੇ ਬਾਰੇ ਰਿਪੋਰਟ ਤਲਬ ਕੀਤੀ ਹੈ। ਕਮਿਸ਼ਨ ਦੇ ਮੈਂਬਰ ਕਰਤਾਰ ਸਿੰਘ ਕੋਛੜ ਨੇ 16 ਅਕਤੂਬਰ ਨੂੰ ਪੁਲਿਸ ਕਮਿਸ਼ਨਰ ਅਮੂਲਿਆ ਪਾਟਨਿਕ ਨੂੰ ਦੂਜੀ ਵਾਰ ਪੱਤਰ ਨੰਬਰ 1225/2017 ਭੇਜਿਆ ਤੇ ਇਸ ਕਾਂਡ ਬਾਰੇ ਜਾਂਚ ਰਿਪੋਰਟ ਤਲਬ ਕੀਤੀ ਹੈ। ਸ੍ਰੀ ਕੋਛੜ ਨੇ ਇਸ ਤੋਂ ਪਹਿਲਾਂ 21 ਸਤੰਬਰ ਨੂੰ ਇਸ ਵਾਰਦਾਤ ਬਾਰੇ ਦਿੱਲੀ ਪੁਲਿਸ ਤੋਂ ਰਿਪੋਰਟ ਮੰਗੀ ਸੀ ਪਰ ਪੁਲਿਸ ਨੇ ਕੋਈ ਹੁੰਗਾਰਾ ਨਹੀਂ ਭਰਿਆ ਤਾਂ ਉਨ੍ਹਾਂ ਦੂਜਾ ਪੱਤਰ ਭੇਜਿਆ।

ਉਨ੍ਹਾਂ ਕਮਿਸ਼ਨਰ ਨੂੰ ਕਿਹਾ ਕਿ ਇਸ ਘਟਨਾ ਬਾਰੇ ਜਿੰਨੀ ਛੇਤੀ ਹੋ ਸਕੇ ਰਿਪੋਰਟ ਭੇਜੀ ਜਾਵੇ। ਬਠਿੰਡਾ ਦੇ ਮੂਲ ਵਾਸੀ 21 ਸਾਲਾਂ ਗੁਰਪ੍ਰੀਤ ਸਿੰਘ ਦਾ ਵਕੀਲ ਰੋਹਿਤ ਕੁਮਾਰ ਮਹੰਤਾ ਨਾਲ ਇਸ ਗੱਲੋਂ ਤਕਰਾਰ ਹੋ ਗਿਆ ਸੀ ਕਿ ਉਹ ਸਿਗਰਟ ਦਾ ਧੂੰਆਂ ਗੁਰਪ੍ਰੀਤ ਤੇ ਉਸ ਦੇ ਸਾਥੀ ਮਨਿੰਦਰ ਸਿੰਘ ਵੱਲ ਸੁੱਟ ਰਿਹਾ ਸੀ। ਗੁਰਪ੍ਰੀਤ ਫੋਟੋਗ੍ਰਾਫੀ ਦਾ ਵਿਦਿਆਰਥੀ ਸੀ, ਜੋ ਮਰੀਜ਼ਾਂ ਬਾਰੇ ਦਸਤਾਵੇਜ਼ੀ ਫਿਲਮ ਬਣਾਉਣ ਲਈ ਏਮਜ਼ ਨੇੜੇ ਗਿਆ ਹੋਇਆ ਸੀ।

# ਬੰਦੀ ਛੋੜ ਦਿਵਸ ਮੌਕੇ ਮੁਸਤੈਦੀ ਨਾਲ ਟਲਿਆ ਟਕਰਾਅ

**ਅੰਮ੍ਰਿਤਸਰ:** ਸਰਬੱਤ ਖਾਲਸਾ ਵੱਲੋਂ ਥਾਪੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਬੰਦੀ ਛੋੜ ਦਿਵਸ ਮੌਕੇ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਦੇ ਐਲਾਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਤੇ ਪ੍ਰਸ਼ਾਸਨ ਵੱਲੋਂ ਕੀਤੀ ਸਖਤੀ ਕਾਰਨ ਦੋਵਾਂ ਧਿਰਾਂ ਵਿਚ ਟਕਰਾਅ ਟਲ ਗਿਆ। ਯਾਦ ਰਹੇ ਕਿ ਅਜੇ ਕੁਝ ਦਿਨ ਪਹਿਲਾਂ ਹੀ ਗੁਰਦੁਆਰਾ ਛੋਟਾ ਘੱਲੂਘਾਰਾ ਮਾਮਲੇ ਵਿਚ ਮਾਸਟਰ ਜੌਹਰ ਸਿੰਘ ਨੂੰ ਸਜ਼ਾ ਸੁਣਾਉਣ ਦੇ ਮਾਮਲੇ ਉਤੇ ਮੁਤਵਾਜ਼ੀ ਜਥੇਦਾਰਾਂ ਦੇ ਹਮਾਇਤੀਆਂ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦਰਮਿਆਨ ਹਿੰਸਕ ਟਕਰਾਅ ਹੋਇਆ ਸੀ।

ਇਸ ਕਾਰਨ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਖਤ ਤਾੜਨਾ ਕਰਦਿਆਂ ਕਿਹਾ ਸੀ ਕਿ ਜੇਕਰ ਬੰਦੀ ਛੋੜ ਦਿਵਸ ਮੌਕੇ ਕੋਈ ਹੁਲੜਬਾਜ਼ੀ ਹੋਈ ਤਾਂ ਉਸ ਲਈ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ। ਦੋ ਸਦੀਆਂ ਤੋਂ ਚਲੀ ਆ ਰਹੀ ਪਰੰਪਰਾ ਅਨੁਸਾਰ ਬੰਦੀ ਛੋੜ ਦਿਵਸ ਮੌਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਸਿੱਖ ਕੌਮ ਦੇ ਨਾਂ ਦਰਸ਼ਨੀ ਡਿਓੜੀ ਤੋਂ ਸੰਦੇਸ਼ ਜਾਰੀ ਕੀਤਾ ਜਾਂਦਾ ਹੈ। ਇਸ ਵਾਰ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਵੀ ਆਪਣਾ ਸੰਦੇਸ਼ ਜਾਰੀ ਕਰਨ ਨੂੰ ਲੈ ਕੇ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਕਾਫੀ ਚਿੰਤਤ ਸਨ। ਜਿਸ ਨੂੰ ਟਾਲਣ ਲਈ ਟਾਸਕ ਫੋਰਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਮੂਹ ਅਧਿਕਾਰੀ ਤੇ ਕਰਮਚਾਰੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਤਾਇਨਾਤ ਕੀਤੇ ਗਏ ਸਨ। ਸ਼੍ਰੋਮਣੀ ਕਮੇਟੀ ਕਿਸੇ ਸੰਭਾਵੀ ਟਕਰਾਅ ਨੂੰ ਰੋਕਣ ਲਈ ਪੂਰੀ ਵਾਹ ਲਾ ਰਹੀ ਸੀ, ਦੂਜੇ ਪਾਸੇ ਪੁਲਿਸ ਨੇ ਦੋ ਮੁਤਵਾਜ਼ੀ ਜਥੇਦਾਰਾਂ ਨੂੰ ਇਕ ਦਿਨ ਪਹਿਲਾਂ ਉਨ੍ਹਾਂ ਦੇ ਘਰਾਂ 'ਚ ਹੀ ਨਜ਼ਰਬੰਦ ਕਰ ਦਿੱਤਾ ਸੀ।

ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੂੰ ਪੁਲਿਸ ਨੇ ਉਨ੍ਹਾਂ ਦੀ ਰਿਹਾਇਸ਼ ਗੁਰਦੁਆਰਾ ਜੰਡਾਲੀਸਰ ਸਾਹਿਬ ਵਿਖੇ ਨਜ਼ਰਬੰਦ ਕਰ ਲਿਆ। 18 ਅਕਤੂਬਰ ਦੀ ਰਾਤ ਨੂੰ ਹੀ ਐਸ.ਪੀ. ਬਠਿੰਡਾ ਦੀ ਅਗਵਾਈ 'ਚ ਪੁਲਿਸ ਨੇ ਗੁਰਦੁਆਰਾ ਜੰਡਾਲੀਸਰ ਸਾਹਿਬ, ਕੋਟਸ਼ਮੀਰ ਤੋਂ ਨਿਕਲਦੇ ਸਾਰੇ ਰਾਹ ਬੰਦ ਕਰ ਦਿੱਤੇ ਸਨ। 19 ਅਕਤੂਬਰ ਨੂੰ ਦੁਪਹਿਰ 12 ਕੁ ਵਜੇ ਜਥੇਦਾਰ ਦਾਦੂਵਾਲ ਜਿਉਂ ਹੀ ਕਾਫਲਾ ਲੈ ਕੇ ਨਿਕਲੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ। ਸਰਕਾਰ ਵੱਲੋਂ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਖੁਫੀਆ ਪੁਲਿਸ ਦੇ ਸੈਂਕੜੇ ਉਚ ਅਧਿਕਾਰੀ ਤੇ ਕਰਮਚਾਰੀ ਵੀ ਸਾਦੇ ਕੱਪੜਿਆਂ ਵਿਚ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਤਾਇਨਾਤ ਕੀਤੇ ਗਏ ਸਨ ਤੇ ਗਿਆਨੀ ਗੁਰਬਚਨ ਸਿੰਘ ਨੂੰ ਟਾਸਕ ਫੋਰਸ ਦੀ ਥਾਂ ਆਪਣੀ ਸੁਰੱਖਿਆ ਛਤਰੀ ਪ੍ਰਦਾਨ ਕੀਤੀ ਹੋਈ ਸੀ।

ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਪਹੁਵਿੰਡ ਵਿਚ ਬਾਬਾ ਦੀਪ ਸਿੰਘ ਜੀ ਦੇ ਗੁਰਦੁਆਰੇ ਵਿਚ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਭਾਈ ਧਿਆਨ ਸਿੰਘ ਮੰਡ ਨੇ ਆਪਣੇ ਸੰਦੇਸ਼ 'ਚ ਕਿਹਾ ਕਿ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਮਹਾਨ ਤਖਤਾਂ ਤੋਂ ਪੰਥ ਦੀਆਂ ਭਾਵਨਾਵਾਂ ਖਿਲਾਫ ਅਤੇ ਡੇਰੇਦਾਰਾਂ ਦੇ ਹੱਕ ਵਿਚ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਗੁਰਧਾਮਾਂ ਤੇ ਤਖਤਾਂ ਨੂੰ ਆਜ਼ਾਦ ਕਰਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਬੱਚਿਆਂ ਨੂੰ ਬਾਣੀ ਤੇ ਬਾਣੇ ਦੇ ਧਾਰਨੀ ਬਣਾਉਣ ਦਾ ਸੱਦਾ ਦਿੱਤਾ।



## ਸ਼੍ਰੋਮਣੀ ਕਮੇਟੀ ਨੇ ਮਰਿਆਦਾ ਭੰਗ ਕੀਤੀ: ਮੰਡ

**ਤਲਵੰਡੀ ਸਾਬੋ:** ਸਰਬੱਤ ਖਾਲਸਾ ਵੱਲੋਂ ਥਾਪੇ ਗਏ ਮੁਤਵਾਜ਼ੀ ਜਥੇਦਾਰਾਂ ਨੇ ਕਿਹਾ ਹੈ ਕਿ ਬੰਦੀ ਛੋੜ ਦਿਵਸ ਮੌਕੇ ਸਿੱਖ ਕੌਮ ਉਪਰ ਆਪਣਾ ਜਬਰੀ ਸੰਦੇਸ਼ ਥੋਪਣ ਵਾਸਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਆਪਣੀ ਸੁਰੱਖਿਆ ਲਈ ਪੁਲਿਸ ਵਾੜ ਕੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਮਰਿਆਦਾ ਨੂੰ ਭੰਗ ਕੀਤਾ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਕੌਮ ਨੂੰ ਜਵਾਬ ਦੇਣ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਅਤੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਜਿਹੜੇ ਲੋਕ ਜੂਨ 1984 ਵਿਚ ਕਾਂਗਰਸ ਨੂੰ ਦਰਬਾਰ ਸਾਹਿਬ ਵਿਚ ਫੌਜਾਂ ਭੇਜਣ ਦਾ ਦੋਸ਼ੀ ਕਹਿ ਕੇ ਭੰਡਦੇ ਹੋਏ ਥੱਕਦੇ ਨਹੀਂ ਸਨ, ਉਨ੍ਹਾਂ ਲੋਕਾਂ ਨੇ ਹੀ ਹੁਣ ਕਾਂਗਰਸ ਸਰਕਾਰ ਤੋਂ ਆਪਣੀ ਸੁਰੱਖਿਆ ਲਈ ਪੁਲਿਸ ਫੋਰਸ ਦਰਬਾਰ ਸਾਹਿਬ ਵਿਚ ਵਾੜ ਕੇ ਗੁਰੂ ਘਰ ਦੀ ਮਰਿਆਦਾ ਭੰਗ ਕੀਤੀ ਹੈ।

## ਅਕਾਲ ਤਖਤ ਤੋਂ ਜਾਰੀ ਸੰਦੇਸ਼ ਰਸਮੀ ਕਾਰਵਾਈ: ਰਾਜੋਆਣਾ

**ਪਟਿਆਲਾ:** ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਇਸ ਗੱਲੋਂ ਖਫਾ ਹਨ ਕਿ ਪੰਥਕ/ਧਾਰਮਿਕ ਆਗੂ ਵੀ ਰਾਜਨੀਤਕ ਨੇਤਾਵਾਂ ਵਾਂਗ ਆਪਣੇ ਵਾਅਦਿਆਂ 'ਤੇ ਖਰੇ ਨਹੀਂ ਉਤਰਦੇ। ਬੰਦੀ ਛੋੜ ਦਿਵਸ ਮੌਕੇ ਅਕਾਲ ਤਖਤ ਤੋਂ ਹਰ ਸਾਲ ਪੜ੍ਹੇ ਜਾਣ ਵਾਲੇ ਸੰਦੇਸ਼ ਨੂੰ ਉਨ੍ਹਾਂ ਸਿਰਫ ਰਸਮੀ ਕਾਰਵਾਈ ਹੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸੰਦੇਸ਼ ਵਿਚ ਹਰ ਵਾਰ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਕਰਨ ਦੀ ਗੱਲ ਵੀ ਆਖੀ ਜਾਂਦੀ ਹੈ ਜਦਕਿ ਅਸਲ 'ਚ ਅਜਿਹਾ ਨਹੀਂ ਕੀਤਾ ਜਾਂਦਾ। ਉਨ੍ਹਾਂ ਨੇ ਇਹ ਪ੍ਰਗਟਾਵਾ ਆਪਣੀ ਭੈਣ ਬੀਬੀ ਕਮਲਦੀਪ ਕੌਰ ਰਾਜੋਆਣਾ ਦੇ ਹੱਥ ਮੀਡੀਆ ਲਈ ਭੇਜੇ ਗਏ ਇਕ ਪੱਤਰ ਵਿਚ ਕੀਤਾ।

# ਚੋਣ ਵਾਅਦਿਆਂ ਤੋਂ ਖਹਿੜਾ ਛੁਡਾਉਣ ਵਿਚ ਜੁਟੀ ਕੈਪਟਨ ਸਰਕਾਰ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਚੋਣ ਵਾਅਦੇ ਨਿਭਾਉਣ ਤੋਂ ਭੱਜਣ ਲਈ ਜੁਗਤਾਂ ਘੜਨ ਵਿਚ ਦਿਨ ਰਾਤ ਜੁਟੀ ਹੋਈ ਹੈ। ਪਤਾ ਲੱਗਾ ਹੈ ਕਿ ਸਰਕਾਰ ਨੇ ਪੂਰੀ ਅਫਸਰਸ਼ਾਹੀ ਨੂੰ ਇਸ ਕੰਮ ਵਿਚ ਲਾਇਆ ਹੋਇਆ ਹੈ ਕਿ ਚੋਣ ਵਾਅਦਿਆਂ ਨੂੰ 'ਨਰਮ' ਕਰਨ ਲਈ ਸੁਝਾਅ ਦੇਣ। ਇਸੇ ਰਣਨੀਤੀ ਤਹਿਤ ਸਰਕਾਰ ਨੇ ਨੌਜਵਾਨਾਂ ਨੂੰ ਨੌਕਰੀਆਂ ਤੇ ਮੁਬਾਇਲ ਫੋਨ ਦੇਣ ਲਈ ਫਾਰਮ ਮੁੜ ਭਰਵਾਉਣ ਦਾ ਤੋੜ ਲੱਭਿਆ। ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੀ ਥਾਂ ਰੋਜ਼ਗਾਰ ਮੇਲਿਆਂ ਰਾਹੀਂ ਮਾਮੂਲੀ ਤਨਖਾਹ 'ਤੇ ਨਿੱਜੀ ਕੰਪਨੀਆਂ ਦੇ ਗਲ ਪਾ ਦਿੱਤਾ। ਦੱਸ ਦਈਏ ਕਿ ਕਾਂਗਰਸ ਨੇ ਹਰ ਵਾਅਦੇ ਲਈ ਸਮਾਂ ਤੈਅ ਕੀਤਾ ਸੀ ਤੇ ਕਿਹਾ ਸੀ ਕਿ ਸਰਕਾਰ ਬਣਨ ਦੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਵਾਅਦਿਆਂ 'ਤੇ ਫੁੱਲ ਚੜ੍ਹਾ ਦਿੱਤੇ ਜਾਣਗੇ ਪਰ ਛੇ ਮਹੀਨਿਆਂ ਦਾ ਸਮਾਂ ਬੀਤ ਜਾਣ ਪਿੱਛੋਂ ਵੀ ਸਰਕਾਰ ਵਾਰ-ਵਾਰ ਨੋਟੀਫਿਕੇਸ਼ਨ ਜਾਰੀ ਕਰਨ ਤੱਕ ਹੀ ਸੀਮਤ ਰਹੀ ਹੈ।

ਸਰਕਾਰ ਨੇ ਚੋਣ ਮੈਨੀਫੈਸਟੋ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹਰ ਕਿਸਮ ਦੇ ਕਰਜ਼ੇ ਨੂੰ ਮੁਆਫ ਕਰਨ, ਮੁਫਤ ਬਿਜਲੀ ਜਾਰੀ ਰੱਖਣ, ਫਸਲੀ ਵਿਭਿੰਨਤਾ ਲਿਆਉਣ, ਫਸਲਾਂ ਅਤੇ ਸਿਹਤ ਦਾ ਮੁਫਤ ਬੀਮਾ ਕਰਨ, ਡੇਅਰੀ ਕਿੱਤੇ ਨੂੰ ਵਿਕਸਿਤ ਕਰਨ, ਘਰ ਦੇ ਇਕ ਮੈਂਬਰ ਨੂੰ ਰੁਜ਼ਗਾਰ ਦੇਣ ਅਤੇ ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦੇਣ ਦੇ ਵਾਅਦੇ ਕੀਤੇ ਸਨ। ਸਾਰਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਸੁੰਗੜ ਕੇ ਸਿਰਫ ਸੀਮਾਂਤਕ (ਢਾਈ ਏਕੜ ਤੱਕ) ਅਤੇ ਛੋਟੇ (ਢਾਈ ਤੋਂ ਪੰਜ ਏਕੜ ਤੱਕ ਵਾਲੇ) ਕਿਸਾਨ ਪਰਿਵਾਰਾਂ ਦੇ 31 ਮਾਰਚ 2017 ਤੱਕ ਦੇ ਬੈਂਕਾਂ ਤੋਂ ਲਏ ਮਹਿਜ਼ 2 ਲੱਖ ਰੁਪਏ ਦੇ ਫਸਲੀ ਕਰਜ਼ੇ ਅਤੇ ਪਹਿਲੀ ਅਪਰੈਲ 2017 ਤੋਂ ਬੈਂਕ ਵਿਆਜ ਮੁਆਫ ਕਰਨ ਤੱਕ ਰਹਿ ਗਿਆ ਹੈ ਜਦੋਂਕਿ ਖੇਤ ਮਜ਼ਦੂਰਾਂ ਦੀ ਕਰਜ਼ਾ ਮੁਆਫੀ ਬਾਰੇ ਕਮੇਟੀ ਬਣਾ ਕੇ ਚੁੱਪ ਵੱਟ ਲਈ ਗਈ ਹੈ।

ਸਹਿਕਾਰੀ, ਕੌਮੀਕ੍ਰਿਤ ਤੇ ਪ੍ਰਾਈਵੇਟ ਬੈਂਕਾਂ ਦੇ ਖਾਤਿਆਂ ਮੁਤਾਬਕ 31 ਮਾਰਚ, 2017 ਤੱਕ ਸੂਬੇ ਦੇ ਕਿਸਾਨਾਂ ਸਿਰ 59,620 ਕਰੋੜ ਰੁਪਏ ਫਸਲੀ ਕਰਜ਼ਾ ਹੈ। ਦੋ ਲੱਖ ਰੁਪਏ ਤੱਕ ਦੇ ਫਸਲੀ ਕਰਜ਼ੇ ਵਾਲੇ ਸੀਮਾਂਤ ਕਿਸਾਨਾਂ (ਢਾਈ ਏਕੜ ਤੱਕ) ਦੇ 4,25,284 ਖਾਤੇ ਹਨ, ਜਿਨ੍ਹਾਂ ਸਿਰ ਲਗਭਗ 2747 ਕਰੋੜ ਰੁਪਏ ਕਰਜ਼ਾ ਹੈ। ਦੋ ਲੱਖ ਰੁਪਏ ਤਕ ਫਸਲੀ ਕਰਜ਼ੇ ਵਾਲੇ ਛੋਟੇ ਕਿਸਾਨਾਂ (ਭਾਵ ਪੰਜ ਏਕੜ ਤੱਕ) ਵਾਲਿਆਂ ਦੇ 4,50,585 ਬੈਂਕ ਖਾਤੇ ਹਨ। ਇਨ੍ਹਾਂ ਸਿਰ ਤਕਰੀਬਨ 3353 ਕਰੋੜ ਰੁਪਏ ਕਰਜ਼ਾ ਹੈ। ਦੋ ਲੱਖ ਤੋਂ ਪੰਜ ਲੱਖ ਰੁਪਏ ਤਕ ਦੇ ਕਰਜ਼ੇ ਵਾਲੇ ਸੀਮਾਂਤ ਕਿਸਾਨਾਂ ਦੇ 1,10,131 ਅਤੇ ਪੰਜ ਲੱਖ ਰੁਪਏ ਤੋਂ ਵੱਧ ਫਸਲੀ ਕਰਜ਼ੇ ਵਾਲੇ 35877 ਖਾਤੇ ਹਨ। ਇਨ੍ਹਾਂ 1,46,000 ਖਾਤਾਧਾਰਕ ਸੀਮਾਂਤ ਕਿਸਾਨਾਂ ਨੂੰ ਵੀ ਦੋ ਲੱਖ ਰੁਪਏ ਤਕ ਦੀ ਮੁਆਫ਼ੀ ਦਾ ਲਾਭ ਮਿਲੇਗਾ ਤਾਂ ਤਕਰੀਬਨ 2920 ਕਰੋੜ ਰੁਪਏ ਮੁਆਫ ਹੋਣਗੇ।



## ਪੈਸੇ ਦੇ ਜੁਗਾੜ ਲਈ ਹੁਣ ਕਰਜ਼ੇ ਦੀ ਤਿਆਰੀ

**ਜਲੰਧਰ:** ਪੰਜਾਬ ਸਰਕਾਰ ਨੂੰ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਲਈ ਜਦ ਕਿਧਰੋਂ ਵੀ ਧੇਲਾ ਨਹੀਂ ਮਿਲਿਆ ਤਾਂ ਉਸ ਨੇ ਅਕਾਲੀ ਸਰਕਾਰ ਦੇ ਕਦਮ ਚਿੰਨ੍ਹਾਂ ਉਪਰ ਚਲਦਿਆਂ ਮੰਡੀ ਬੋਰਡ ਦੀ ਆਮਦਨ ਹੀ ਗਹਿਣੇ ਧਰਨ ਦਾ ਫੈਸਲਾ ਕਰ ਲਿਆ ਹੈ ਤੇ ਇਸ ਮਕਸਦ ਲਈ ਪੇਂਡੂ ਵਿਕਾਸ ਫੰਡ ਕਾਨੂੰਨ 1987 ਅਤੇ ਖੇਤੀ ਉਤਪਾਦਨ ਮੰਡੀ ਕਾਨੂੰਨ 1961 ਵਿਚ ਸੋਧ ਕਰਨ ਦਾ ਫੈਸਲਾ ਲਿਆ ਹੈ। ਪੰਜਾਬ ਸਰਕਾਰ ਨੇ ਸਾਢੇ 10 ਲੱਖ ਛੋਟੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ ਤੇ ਨੋਟੀਫਿਕੇਸ਼ਨ ਮੁਤਾਬਕ ਢਾਈ ਏਕੜ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਦਾ ਸਾਰਾ ਕਰਜ਼ਾ ਤੇ ਪੰਜ ਏਕੜ ਤੱਕ ਮਾਲਕੀ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ।

ਕੇਂਦਰ ਸਰਕਾਰ ਕੋਲੋਂ ਰਾਜ ਦੇ ਹੱਦ ਕਰਜ਼ੇ 'ਚ ਵਾਧਾ ਕਰਵਾਉਣ ਵਿਚ ਅਸਫਲ ਰਹਿਣ ਬਾਅਦ ਸਰਕਾਰ ਨੇ ਮੰਡੀ ਬੋਰਡ ਦੀ ਆਮਦਨ ਹੀ ਗਹਿਣੇ ਧਰਨ ਦਾ ਅੱਕ ਚੱਬਿਆ ਹੈ। ਮੰਡੀ ਬੋਰਡ ਦੀ ਹਰ ਛਿਮਾਹੀ 3600 ਕਰੋੜ ਰੁਪਏ ਦੇ ਕਰੀਬ ਫਸਲਾਂ ਦੀ ਖਰੀਦ ਤੋਂ ਆਮਦਨ ਹੁੰਦੀ ਹੈ। ਇਸ ਵੇਲੇ ਮੰਡੀ ਫੀਸ ਅਤੇ ਪੇਂਡੂ ਵਿਕਾਸ ਫੰਡ 2 ਫੀਸਦੀ ਸੀ, ਪਰ ਪੰਜਾਬ ਸਰਕਾਰ ਨੇ ਫੈਸਲਾ ਕਰ ਕੇ ਇਕ ਫੀਸਦੀ ਵਾਲਾ ਕਰ ਕੇ 3.3 ਫੀਸਦੀ ਕਰ ਦਿੱਤਾ ਹੈ ਤੇ ਇਹ ਫੀਸ ਖਰੀਦਦਾਰ ਵਲੋਂ ਦਿੱਤੀ ਜਾਂਦੀ ਹੈ। ਦੱਸ ਦਈਏ ਕਿ ਝੋਨੇ ਤੇ ਕਣਕ ਦੀ ਵੱਡੇ ਪੱਧਰ 'ਤੇ ਖਰੀਦਦਾਰ ਕੇਂਦਰ ਸਰਕਾਰ ਹੈ ਤੇ ਕੇਂਦਰ ਸਰਕਾਰ ਇਕਤਰਫਾ ਤੌਰ 'ਤੇ ਫੀਸ ਵਿਚ ਵਾਧੇ ਖਿਲਾਫ ਸਖਤ ਇਤਰਾਜ਼ ਵੀ ਉਠਾ ਚੁੱਕੀ ਹੈ। ਰਾਜ ਸਰਕਾਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਮਿਥੀ ਉਧਾਰ ਹੱਦ 'ਚ ਵਾਧਾ ਕਰਨ ਲਈ ਤਿਆਰ ਨਹੀਂ ਹੈ, ਇਸ ਕਰ ਕੇ ਮੰਡੀ ਬੋਰਡ ਦੀ ਆਮਦਨ ਗਹਿਣੇ ਧਰਨ ਵਰਗਾ ਕਦਮ ਚੁੱਕਣਾ ਪੈ ਰਿਹਾ ਹੈ। ਕੇਂਦਰ ਵੱਲੋਂ ਮਿਥੀ ਕਰਜ਼ਾ ਹੱਦ ਪੰਜਾਬ ਸਰਕਾਰ ਪਹਿਲਾਂ ਹੀ ਪੂਰੀ ਕਰ ਚੁੱਕੀ ਹੈ। ਮੰਡੀ ਬੋਰਡ 152 ਮਾਰਕਿਟ ਕਮੇਟੀਆਂ ਰਾਹੀਂ ਇਹ ਫੀਸ ਉਗਰਾਉਂਦਾ ਹੈ।

## ਕਰਜ਼ਾ ਮੁਆਫੀ ਵਿਚ ਕਈ ਘੁੰਡੀਆਂ ਰੱਖ ਗਈ ਸਰਕਾਰ

**ਜਲੰਧਰ:** ਕਰਜ਼ ਮੁਆਫੀ ਬਾਰੇ ਤਾਜ਼ਾ ਨੋਟੀਫਿਕੇਸ਼ਨ ਨੇ ਮੁਆਫੀ ਦੇ ਹੱਕਦਾਰ ਕਿਸਾਨਾਂ ਨੂੰ ਬੜੀ ਭੁਲੇਖਾ ਪਾਊ ਸਥਿਤੀ ਵਿਚ ਪਾ ਦਿੱਤਾ ਹੈ। ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਢਾਈ ਏਕੜ ਤੱਕ ਮਾਲਕੀ ਵਾਲੇ ਕਿਸਾਨਾਂ ਦੇ ਕੁੱਲ ਕਰਜ਼ੇ ਵਿਚੋਂ ਦੋ ਲੱਖ ਰੁਪਏ ਤੱਕ ਮੁਆਫ ਹੋਣਗੇ, ਪਰ ਇਸ ਤੋਂ ਅੱਗੇ ਨੋਟੀਫਿਕੇਸ਼ਨ ਦੀ ਧਾਰਾ 5.2 ਵਿਚ ਬੜੇ ਭੁਲੇਖਾ ਪਾਊ ਢੰਗ ਨਾਲ ਲਿਖਿਆ ਹੈ ਕਿ ਢਾਈ ਤੋਂ ਪੰਜ ਏਕੜ ਮਾਲਕੀ ਵਾਲੇ ਛੋਟੇ ਕਿਸਾਨ ਜਿਨ੍ਹਾਂ ਦਾ ਕੁੱਲ ਫਸਲੀ ਕਰਜ਼ਾ 2 ਲੱਖ ਰੁਪਏ ਤੱਕ ਹੋਵੇਗਾ, ਨੂੰ ਕਰਜ਼ਾ ਮੁਆਫੀ ਦੀ ਰਾਹਤ ਮਿਲੇਗੀ। ਇਸ ਬਾਰੇ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਦਾ ਸਪੱਸ਼ਟ ਜਵਾਬ ਸੀ ਕਿ ਢਾਈ ਏਕੜ ਤੱਕ ਵਾਲੇ



ਹਰ ਕਿਸਾਨ ਦਾ 2 ਲੱਖ ਰੁਪਏ ਮੁਆਫ ਹੋਵੇਗਾ, ਪਰ ਢਾਈ ਤੋਂ ਪੰਜ ਏਕੜ ਮਾਲਕੀ ਵਾਲੇ ਉਨ੍ਹਾਂ ਕਿਸਾਨਾਂ ਦਾ ਹੀ 2 ਲੱਖ ਤੱਕ ਕਰਜ਼ਾ ਮੁਆਫ ਹੋਵੇਗਾ, ਜਿਨ੍ਹਾਂ ਸਿਰ ਕੁੱਲ ਕਰਜ਼ਾ 2 ਲੱਖ ਰੁਪਏ ਤੱਕ ਹੋਵੇਗਾ, ਜਿਨ੍ਹਾਂ ਕਿਸਾਨਾਂ ਸਿਰ ਕਰਜ਼ਾ ਦੋ ਲੱਖ ਤੋਂ ਵੱਧ ਹੋਵੇਗਾ, ਉਨ੍ਹਾਂ ਦਾ ਕੋਈ ਕਰਜ਼ਾ ਮੁਆਫ ਨਹੀਂ ਹੋਵੇਗਾ। ਇਸ ਦਾ ਭਾਵ ਹੈ ਕਿ ਦੋ ਲੱਖ ਤੋਂ ਪੰਜ ਰੁਪਏ ਵੱਧ ਕਰਜ਼ੇ ਵਾਲੇ ਕਿਸਾਨ ਦਾ ਧੇਲਾ ਵੀ ਮੁਆਫ ਨਹੀਂ ਹੋਵੇਗਾ। ਸਰਕਾਰੀ ਅਧਿਕਾਰੀਆਂ ਵੱਲੋਂ ਪਾਈ ਗਈ ਇਸ ਧਾਰਾ ਨਾਲ ਸੀਮਾਂਤ ਤੇ ਛੋਟੇ ਕਿਸਾਨਾਂ ਦੇ ਮੁਆਫ ਕੀਤੀ ਜਾਣ ਵਾਲੀ ਰਾਸ਼ੀ ਸੁੰਗੜ ਕੇ 6 ਹਜ਼ਾਰ ਕਰੋੜ ਰੁਪਏ ਦੇ ਨੇੜੇ-ਤੇੜੇ ਰਹਿ ਜਾਵੇਗੀ। ਪੰਜਾਬ ਸਰਕਾਰ ਨੇ ਸਵਾ ਦਸ ਲੱਖ ਦੇ ਕਰੀਬ ਸੀਮਾਂਤ ਤੇ ਛੋਟੇ ਕਿਸਾਨਾਂ ਦਾ 9500 ਕਰੋੜ ਰੁਪਏ ਦੇ ਕਰੀਬ ਕਰਜ਼ਾ ਮੁਆਫ ਕਰਨ ਬਾਰੇ ਕਿਹਾ ਸੀ। ਇਕ ਸੀਨੀਅਰ ਅਧਿਕਾਰੀ ਮੁਤਾਬਕ 9500 ਕਰੋੜ ਰੁਪਏ ਵਿਚੋਂ 4500 ਕਰੋੜ ਰੁਪਏ ਤਾਂ ਢਾਈ ਏਕੜ ਮਾਲਕੀ ਵਾਲੇ ਸੀਮਾਂਤ ਕਿਸਾਨਾਂ ਦਾ ਕਰਜ਼ਾ ਮੁਆਫ ਹੋਣ ਵਾਲੀ ਰਕਮ ਹੈ। ਬਾਕੀ 5 ਹਜ਼ਾਰ ਕਰੋੜ ਰੁਪਏ ਜੋ ਛੋਟੇ ਕਿਸਾਨਾਂ ਦੇ ਮੁਆਫ ਕਰਨ ਦਾ ਐਲਾਨ ਕੀਤਾ ਸੀ, ਉਹ ਤਾਂ ਨਵੀਂ ਧਾਰਾ ਰਾਹੀਂ ਵੱਟੇ ਖਾਤੇ ਹੀ ਪਾ ਦਿੱਤੇ ਗਏ ਹਨ। ਇਸ ਅਧਿਕਾਰੀ ਦਾ ਕਹਿਣਾ ਹੈ ਕਿ ਢਾਈ ਤੋਂ ਪੰਜ ਏਕੜ ਮਾਲਕੀ ਵਾਲੇ ਕਿਸਾਨ ਵੱਡੇ ਪੱਧਰ 'ਤੇ ਜ਼ਮੀਨ ਠੇਕੇ ਉਪਰ ਲੈ ਕੇ ਖੇਤੀ ਕਰਨ ਵਾਲੇ ਹਨ ਤੇ ਉਨ੍ਹਾਂ ਵਿਚੋਂ ਸਹਿਕਾਰੀ ਤੇ ਸਰਕਾਰੀ ਬੈਂਕਾਂ ਤੇ ਸਹਿਕਾਰੀ ਸਭਾਵਾਂ ਤੋਂ ਲਿਆ ਕਰਜ਼ਾ ਕਿਸੇ ਦਾ ਵੀ ਦੋ ਲੱਖ ਰੁਪਏ ਤੋਂ ਘੱਟ ਨਹੀਂ ਹੋਵੇਗਾ। ਨੋਟੀਫਿਕੇਸ਼ਨ ਵਿਚ ਇਕ ਹੋਰ ਬੜੀ ਅਜੀਬ ਗੱਲ ਕੀਤੀ ਹੈ, ਜਦ ਕਰਜ਼ਾ ਮੁਆਫ ਕਰਨਾ ਹੈ ਤਾਂ ਸਿਰਫ ਫਸਲੀ ਕਰਜ਼ਾ ਹੀ ਮੁਆਫ ਹੋਣਾ ਹੈ, ਪਰ ਜਦ ਪੰਜ ਏਕੜ ਤੱਕ ਜ਼ਮੀਨ ਵਾਲੇ ਕਿਸਾਨਾਂ ਸਿਰ ਕਰਜ਼ਾ ਦੇਖਣਾ ਹੈ ਤਾਂ ਸਾਰਾ ਕਰਜ਼ਾ (ਫਸਲੀ ਤੇ ਹੋਰ ਕੰਮਾਂ ਲਈ) ਇਕੱਠਾ ਗਿਣਿਆ ਜਾਣਾ ਹੈ। ਮੋਟੇ ਹਿਸਾਬ ਮੁਤਾਬਕ ਪਾਈ ਇਸ ਘੁੰਡੀ ਕਾਰਨ ਕਰਜ਼ਾ ਮੁਆਫੀ ਲਈ ਹੱਕਦਾਰ ਛੋਟੇ ਕਿਸਾਨਾਂ ਦੀ ਗਿਣਤੀ ਤਾਂ ਬਹੁਤ ਥੋੜ੍ਹੀ ਰਹਿ ਜਾਵੇਗੀ।

# ਕਰਜ਼ਾ ਰਾਹਤ ਲਈ ਖੁਦਕੁਸ਼ੀ ਪੀੜਤ ਪਰਿਵਾਰਾਂ ਵਿਚ ਭੰਬਲਭੂਸਾ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਖੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦੇ ਕੀਤੇ ਐਲਾਨ ਦੇ ਬਾਵਜੂਦ ਪੀੜਤ ਪਰਿਵਾਰ ਕਸੂਤੀ ਸਥਿਤੀ ਵਿਚ ਫਸੇ ਮਹਿਸੂਸ ਕਰ ਰਹੇ ਹਨ।

ਬੈਂਕਾਂ ਨੇ ਝੋਨੇ ਅਤੇ ਨਰਮੇ ਦਾ ਸੀਜ਼ਨ ਆਉਂਦਿਆਂ ਹੀ ਪੀੜਤ ਪਰਿਵਾਰਾਂ ਨੂੰ ਮੁੜ ਨੋਟਿਸ ਭੇਜ ਕੇ ਕਰਜ਼ੇ ਦੀ ਰਕਮ ਵਿਆਜ ਸਮੇਤ ਭਰਨ ਜਾਂ ਅਦਾਲਤੀ ਪ੍ਰਕਿਰਿਆ ਦਾ ਸਾਹਮਣਾ ਕਰਨ ਦੇ ਨੋਟਿਸ ਭੇਜ ਦਿੱਤੇ ਹਨ। ਗੌਰਤਲਬ ਹੈ ਕਿ ਸਰਕਾਰ ਨੇ ਕਿਸਾਨਾਂ ਦੇ ਦੋ ਲੱਖ ਰੁਪਏ ਤੱਕ ਦੇ ਫਸਲੀ ਕਰਜ਼ੇ ਬਾਰੇ ਨੋਟੀਫਿਕੇਸ਼ਨ ਕਰ ਦਿੱਤਾ ਹੈ ਪਰ ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਕਰਜ਼ੇ ਸਬੰਧੀ ਖਦਸ਼ੇ ਬਰਕਰਾਰ ਹਨ।

ਸਰਕਾਰ ਵੱਲੋਂ ਬੈਂਕਾਂ ਨੂੰ ਸਪੱਸ਼ਟ ਨਿਰਦੇਸ਼ ਨਾ ਜਾਣ ਕਾਰਨ ਖੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਨੂੰ ਭੇਜੇ ਨੋਟਿਸਾਂ ਵਿਚ ਉਨ੍ਹਾਂ ਨੂੰ ਡਿਫਾਲਟਰ ਕਰਾਰ ਦਿੰਦਿਆਂ ਵਿਆਜ ਸਮੇਤ ਪੂਰਾ ਪੈਸਾ ਭਰਨ ਲਈ ਕਿਹਾ ਗਿਆ ਹੈ। ਸਾਉਣੀ ਦੀ ਫਸਲ ਦਾ ਹਵਾਲਾ ਦਿੰਦਿਆਂ ਪੈਸੇ ਦਾ ਤੁਰਤ ਪ੍ਰਬੰਧ ਕਰਨ ਜਾਂ ਫਿਰ ਅਦਾਲਤੀ ਪ੍ਰਕਿਰਿਆ ਦਾ ਸਾਹਮਣਾ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਅਦਾਲਤੀ ਮੁਕੱਦਮੇ ਦਾ ਪੂਰਾ ਖਰਚਾ ਵੀ ਸਬੰਧਤ



ਕਰਜ਼ਦਾਰ ਤੋਂ ਵਸੂਲਣ ਬਾਰੇ ਲਿਖਿਆ ਗਿਆ ਹੈ। ਕਈਆਂ ਨੂੰ ਮਿਲੇ ਨੋਟਿਸਾਂ ਉਤੇ 29 ਸਤੰਬਰ 2017 ਦੀ ਤਰੀਕ ਪਾਈ ਹੋਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਪਰਿਵਾਰਾਂ ਵਿਚ ਪਿੱਛੇ ਰਹਿ ਗਈਆਂ ਵਿਧਵਾਵਾਂ ਅਤੇ ਬੱਚੇ ਕਰਜ਼ਾ ਮੁਆਫੀ ਦੇ ਐਲਾਨਾਂ ਉਤੇ ਅਮਲ ਹੋਣ ਜਾਂ ਨਾ ਹੋਣ ਸਬੰਧੀ ਉਲਝਣ ਵਿਚ ਹਨ। ਗੁਰਦਾਸਪੁਰ ਜ਼ਿਮਨੀ ਚੋਣ ਦੇ ਨਤੀਜੇ ਤੋਂ ਦੂਜੇ ਹੀ ਦਿਨ ਮੁੱਖ ਮੰਤਰੀ ਨੇ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਤੋਂ ਬਾਅਦ ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਮਸਲੇ ਸਮਾਂਬੱਧ ਰੂਪ ਵਿਚ ਹੱਲ ਕਰਨ ਦਾ ਹੁਕਮ ਦਿੱਤਾ ਸੀ।

ਇਸ ਵਿਚ ਵਿਧਾਨ ਸਭਾ ਵਿਚ 19 ਜੂਨ ਨੂੰ ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਸਹਾਇਤਾ ਰਾਸ਼ੀ 3 ਲੱਖ ਤੋਂ ਵਧਾ ਕੇ 5 ਲੱਖ ਰੁਪਏ ਕਰਨ ਨੂੰ ਅਮਲੀ ਰੂਪ ਵਿਚ ਲਾਗੂ ਕਰਨਾ ਵੀ ਸ਼ਾਮਲ ਹੈ। ਡਿਪਟੀ ਕਮਿਸ਼ਨਰਾਂ ਨੂੰ ਹਰ ਮਹੀਨੇ ਦੀ ਪੰਜ ਤਰੀਕ ਨੂੰ ਅਜਿਹੀਆਂ ਅਰਜ਼ੀਆਂ ਦੇ ਨਿਬੇੜੇ ਲਈ ਮੀਟਿੰਗ ਵਾਸਤੇ ਵੀ ਕਿਹਾ ਸੀ। ਮੁੱਖ ਮੰਤਰੀ ਨੇ ਵਿਧਾਨ ਸਭਾ ਵਿਚ ਹੀ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ। ਗੌਰਤਲਬ ਹੈ ਕਿ ਸਰਕਾਰ ਨੇ ਸੀਮਾਂਤ ਅਤੇ ਛੋਟੇ ਕਿਸਾਨਾਂ ਦਾ ਸੰਸਥਾਗਤ ਭਾਵ ਬੈਂਕਾਂ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਹੈ ਪਰ ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਕਰਜ਼ੇ ਮੁਆਫੀ ਵਿਚ ਸੰਸਥਾਗਤ ਤੋਂ ਬਿਨਾਂ ਸ਼ਾਹੂਕਾਰਾ ਕਰਜ਼ਾ ਵੀ ਸ਼ਾਮਲ ਹੋਵੇਗਾ।

ਇਨ੍ਹਾਂ ਪਰਿਵਾਰਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਸਬੰਧੀ ਸਰਕਾਰ ਨੇ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿਚ ਵਿਧਾਨ ਸਭਾ ਦੀ ਕਮੇਟੀ ਕਾਇਮ ਕਰ ਦਿੱਤੀ ਸੀ। ਕਮੇਟੀ ਦੀ ਰਿਪੋਰਟ ਨਵੰਬਰ ਦੇ ਅਖੀਰ ਵਿਚ ਆਉਣ ਦੀ ਉਮੀਦ ਹੈ।

# ਗੁਰਦਾਸਪੁਰ ਜ਼ਿਮਨੀ ਚੋਣ ਸਮੇਂ ਲਿਖਤੀ ਵਾਅਦੇ ਤੋਂ ਵੀ ਮੁੱਕਰੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਗੁਰਦਾਸਪੁਰ ਜ਼ਿਮਨੀ ਚੋਣ ਪ੍ਰਕਿਰਿਆ ਦੌਰਾਨ ਲਿਖਤੀ ਵਾਅਦਾ ਕਰ ਕੇ ਦੀਵਾਲੀ ਮੌਕੇ ਮੁਲਾਜ਼ਮਾਂ ਨੂੰ ਡੀਏ ਦੀ ਕਿਸ਼ਤ ਦੇਣ ਤੋਂ ਮੁੱਕਰੀ ਹੈ। ਇਹ ਖੁਲਾਸਾ ਮੁੱਖ ਮੰਤਰੀ ਦਫਤਰ ਵੱਲੋਂ ਚਾਰ ਅਕਤੂਬਰ ਨੂੰ ਸਿੰਜਾਈ ਤੇ ਊਰਜਾ ਮੰਤਰੀ ਰਾਣਾ ਗੁਰਜੀਤ ਸਿੰਘ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਵਫਦ ਦੀ ਮੀਟਿੰਗ ਤੋਂ ਬਾਅਦ ਤਿਆਰ ਕੀਤੇ ਵੇਰਵਿਆਂ ਤੋਂ ਹੋਇਆ ਹੈ।

ਸੂਤਰਾਂ ਅਨੁਸਾਰ ਮੰਤਰੀ ਸ੍ਰੀ ਰਾਣਾ ਨਾਲ ਮੁਲਾਜ਼ਮ ਫੈਡਰੇਸ਼ਨ ਦੇ ਵਫਦ ਦੀ ਮੀਟਿੰਗ ਦੌਰਾਨ ਜਦੋਂ ਹੋਰ ਮੰਗਾਂ ਤੋਂ ਇਲਾਵਾ ਮੁਲਾਜ਼ਮਾਂ ਦੀਆਂ ਪਹਿਲੀ ਜਨਵਰੀ 2017 ਅਤੇ ਪਹਿਲੀ ਜੁਲਾਈ 2017 ਤੋਂ ਬਕਾਇਆ ਡੀਏ ਦੀਆਂ ਦੋ ਕਿਸ਼ਤਾਂ ਦੇਣ ਦਾ ਮੁੱਦਾ ਉਠਿਆ ਤਾਂ ਇਸ ਉਪਰ ਗੰਭੀਰਤਾ ਨਾਲ ਚਰਚਾ ਹੋਈ। ਸਰਕਾਰੀ ਧਿਰ ਵੱਲੋਂ ਦੱਸਿਆ ਗਿਆ ਕਿ ਸਰਕਾਰ ਭਾਰੀ ਵਿੱਤੀ ਸੰਕਟ ਵਿਚੋਂ ਲੰਘ ਰਹੀ ਹੈ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਜਾਰੀ ਕਰਨ ਲਈ ਵੀ ਇਕ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈਣਾ ਪਿਆ ਹੈ। ਵਫਦ ਵੱਲੋਂ ਆਪਣੇ ਤਰਕ ਰੱਖਣ ਤੋਂ ਬਾਅਦ ਸਰਕਾਰੀ ਧਿਰ ਨੇ ਦੀਵਾਲੀ ਮੌਕੇ ਪਹਿਲੀ ਜਨਵਰੀ 2017 ਤੋਂ ਬਣਦੀ ਡੀਏ ਦੀ ਕਿਸ਼ਤ ਦੇਣ ਦੀ 'ਵੱਖਰੀ ਤਰ੍ਹਾਂ' ਦੀ ਤਜਵੀਜ਼ ਪੇਸ਼ ਕੀਤੀ ਸੀ। ਅਧਿਕਾਰੀਆਂ ਨੇ ਤਜਵੀਜ਼ ਰੱਖੀ ਸੀ ਕਿ ਦੀਵਾਲੀ ਮੌਕੇ ਡੀਏ ਦੀ ਇਕ ਕਿਸ਼ਤ ਚਾਲੂ ਮਹੀਨੇ ਤੋਂ ਦਿੱਤੀ ਜਾ ਸਕਦੀ ਹੈ ਜਦਕਿ ਇਸ ਕਿਸ਼ਤ ਦਾ ਪਹਿਲੀ ਜਨਵਰੀ 2017 ਤੋਂ ਬਕਾਇਆ ਮੁਲਾਜ਼ਮਾਂ ਦੇ ਜੀ.ਪੀ.ਐਫ. ਤੇ ਸੀ.ਪੀ.ਐਫ. ਵਿਚ ਜਮ੍ਹਾਂ ਕਰ ਦਿੱਤਾ ਜਾਵੇਗਾ।

ਸੂਤਰਾਂ ਅਨੁਸਾਰ ਮੀਟਿੰਗ ਵਿਚ ਸਰਕਾਰੀ ਧਿਰ ਨੇ ਮੁੱਢਲੀ ਤਨਖਾਹ ਵਿਚ ਸਰਕਾਰੀ ਭੱਤਾ ਜੋੜ ਕੇ ਤਨਖਾਹ ਮਿਥਣ ਤੇ ਅੰਤਰਿਮ ਸਹਾਇਤਾ ਦੇਣ ਦੀਆਂ ਮੰਗਾਂ ਸਬੰਧੀ ਵਫਦ ਨੂੰ ਉਡੀਕ ਕਰਨ ਲਈ ਕਿਹਾ ਸੀ। ਕਾਬਲੇਗੌਰ ਹੈ ਕਿ ਰਾਣਾ ਗੁਰਜੀਤ ਸਿੰਘ ਨੇ ਚੋਣ ਦੌਰਾਨ ਮੁਲਾਜ਼ਮਾਂ ਨੂੰ ਦੀਵਾਲੀ 'ਤੇ ਤੋਹਫਾ ਦੇਣ ਦਾ ਭਰੋਸਾ ਦਿੱਤਾ ਸੀ।

## ਮੁਫਤ ਬਿਜਲੀ: ਵਿੱਤ ਮੰਤਰੀ ਮਨਪ੍ਰੀਤ ਵੀ ਕੈਪਟਨ ਦੇ ਆਖੇ ਨਾ ਲੱਗੇ

**ਮੁਕਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਰਦੇ-ਪੁੱਜਦੇ ਕਿਸਾਨਾਂ ਨੂੰ ਮੁਫਤ ਬਿਜਲੀ ਸਹੂਲਤ ਨਾ ਲੈਣ ਦੀ ਕੀਤੀ ਅਪੀਲ ਨੂੰ ਉਨ੍ਹਾਂ ਦੇ ਹੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਅਣਸੁਣੀ ਕਰ ਦਿੱਤਾ ਹੈ। ਸ੍ਰੀ ਬਾਦਲ ਆਪਣੇ ਜੱਦੀ ਪਿੰਡ ਬਾਦਲ ਵਿਚ ਦੋ ਟਿਊਬਵੈੱਲਾਂ ਉਤੇ ਮੁਫਤ ਬਿਜਲੀ ਦੀ ਸਹੂਲਤ ਲੈ ਰਹੇ ਹਨ।

ਵਿੱਤ ਮੰਤਰੀ ਦੀ ਇਹ ਕਾਰਵਾਈ ਮੁੱਖ ਮੰਤਰੀ ਦੀ ਅਪੀਲ ਦੇ ਹੀ ਨਹੀਂ, ਸਗੋਂ ਖੁਦ ਉਨ੍ਹਾਂ ਵੱਲੋਂ ਸਰਕਾਰੀ ਖਰਚੇ ਘਟਾਉਣ ਦੀ ਕੀਤੀ ਪਹਿਲਕਦਮੀ ਦੇ ਵੀ ਉਲਟ ਹੈ। ਗੌਰਤਲਬ ਹੈ ਕਿ ਖਰਚੇ ਘਟਾਉਣ ਦੀ ਆਪਣੀ ਮੁਹਿੰਮ ਤਹਿਤ ਵਿੱਤ ਮੰਤਰੀ ਨੇ ਦਫਤਰ ਵਿਚ ਮਿਲਣ ਆਉਣ ਵਾਲੇ ਲੋਕਾਂ ਨੂੰ ਚਾਹ ਤੱਕ ਪਿਆਉਣੀ



ਬੰਦ ਕੀਤੀ ਹੋਈ ਹੈ। ਉਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਤਾਇਆ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਦੀ ਮਰਹੂਮ ਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਾਵਾਂ ਉਤੇ ਪਿੰਡ ਬਾਦਲ ਵਿਚ ਚੱਲਦੇ ਤਿੰਨ ਟਿਊਬਵੈੱਲਾਂ ਉਤੇ ਵੀ ਬਿਜਲੀ ਸਬਸਿਡੀ ਲਈ ਜਾ ਰਹੀ ਹੈ। ਪਾਵਰਕੌਮ ਨੇ ਸੂਚਨਾ ਅਧਿਕਾਰ ਤਹਿਤ ਦਿੱਤੀ ਜਾਣਕਾਰੀ ਵਿਚ ਦੱਸਿਆ ਹੈ ਕਿ ਪਿੰਡ ਬਾਦਲ ਵਿਚ ਮੁਫਤ ਬਿਜਲੀ ਵਾਲੇ 225 ਟਿਊਬਵੈੱਲ ਹਨ ਤੇ ਹਾਲੇ ਕਿਸੇ ਲਈ ਮੁਫਤ ਬਿਜਲੀ ਨਹੀਂ ਛੱਡੀ ਗਈ। ਦੋ ਮੁਫਤ ਕੁਨੈਕਸ਼ਨ ਮਨਪ੍ਰੀਤ ਸਿੰਘ ਬਾਦਲ ਅਤੇ ਇਕ-ਇਕ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਸੁਰਿੰਦਰ ਕੌਰ ਬਾਦਲ ਦੇ ਨਾਂ 'ਤੇ ਚੱਲ ਰਹੇ ਹਨ। ਸੂਤਰਾਂ ਮੁਤਾਬਕ ਵਿੱਤ ਮੰਤਰੀ ਵੱਲੋਂ 2007 ਤੋਂ 12-15 ਲੱਖ ਰੁਪਏ ਦੀ ਬਿਜਲੀ ਸਬਸਿਡੀ ਲਈ ਗਈ ਹੈ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੁਲਿਸ ਦੀ ਤਾਇਨਾਤੀ 'ਤੇ ਕਸੂਤੀ ਫਸੀ ਸ਼੍ਰੋਮਣੀ ਕਮੇਟੀ

**ਚੰਡੀਗੜ੍ਹ:** ਬੰਦੀ ਛੋੜ ਦਿਵਸ ਮੌਕੇ ਸੁਰੱਖਿਆ ਲਈ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਪੰਜਾਬ ਪੁਲਿਸ ਦੀ ਤਾਇਨਾਤੀ 'ਤੇ ਸ਼੍ਰੋਮਣੀ ਕਮੇਟੀ ਉਪਰ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਇਹ ਸੁਰੱਖਿਆ ਪ੍ਰਬੰਧ ਸ੍ਰੀ ਅਕਾਲ ਤਖਤ ਤੋਂ ਗਿਆਨੀ ਗੁਰਬਚਨ ਸਿੰਘ ਵੱਲੋਂ ਸੰਗਤ ਨੂੰ ਸੰਦੇਸ਼ ਦੇਣ ਸਮੇਂ ਕੀਤੇ ਗਏ ਸਨ ਕਿਉਂਕਿ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਮੁਤਵਾਜ਼ੀ ਜਥੇਦਾਰਾਂ ਨੇ ਵੀ ਸੰਦੇਸ਼ ਦੇਣ ਦਾ ਐਲਾਨ ਕੀਤਾ ਹੋਇਆ ਸੀ।

ਮੁਤਵਾਜ਼ੀ ਜਥੇਦਾਰਾਂ ਨੇ ਕਿਹਾ ਹੈ ਕਿ ਬੰਦੀ ਛੋੜ ਦਿਵਸ ਮੌਕੇ ਸਿੱਖ ਕੌਮ ਉਪਰ ਆਪਣਾ ਜਬਰੀ ਸੰਦੇਸ਼ ਥੋਪਣ ਵਾਸਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਆਪਣੀ ਸੁਰੱਖਿਆ ਲਈ ਪੁਲਿਸ ਵਾੜ ਕੇ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ



ਬਡੂੰਗਰ ਨੇ ਮਰਿਆਦਾ ਨੂੰ ਭੰਗ ਕੀਤਾ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਕੌਮ ਨੂੰ ਜਵਾਬ ਦੇਣ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਜਿਹੜੇ ਲੋਕ ਜੂਨ 1984 ਵਿਚ ਕਾਂਗਰਸ ਨੂੰ ਦਰਬਾਰ ਸਾਹਿਬ ਵਿਚ ਫੌਜਾਂ ਭੇਜਣ ਦਾ ਦੋਸ਼ੀ ਕਹਿ ਕੇ ਭੰਡਦੇ ਹੋਏ ਥੱਕਦੇ ਨਹੀਂ ਸਨ, ਉਨ੍ਹਾਂ ਲੋਕਾਂ ਨੇ ਹੀ ਹੁਣ ਕਾਂਗਰਸ ਸਰਕਾਰ ਤੋਂ ਆਪਣੀ ਸੁਰੱਖਿਆ ਲਈ ਪੁਲਿਸ ਫੋਰਸ ਦਰਬਾਰ ਸਾਹਿਬ ਵਿਚ ਵਾੜ ਕੇ ਗੁਰੂ ਘਰ ਦੀ ਮਰਿਆਦਾ ਭੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕੈਪਟਨ ਸਰਕਾਰ ਨੇ ਬਾਦਲਾਂ ਨਾਲ ਸਬੰਧਤ ਆਗੂਆਂ ਨੂੰ ਸੁਰੱਖਿਆ ਦਿੱਤੀ, ਉਸ ਤੋਂ ਕੈਪਟਨ ਅਮਰਿੰਦਰ ਸਿੰਘ ਤੇ ਬਾਦਲਾਂ ਦੀ ਦੋਸਤੀ ਜੱਗ ਜ਼ਾਹਰ ਹੋਈ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਤਾੜਨਾ ਕਰਦਿਆਂ ਸਿੱਖਾਂ ਉਪਰ ਗੁਰਧਾਮਾਂ ਦੇ ਦਰਸ਼ਨ ਇਸ਼ਨਾਨ ਕਰਨ 'ਤੇ ਪਾਬੰਦੀਆਂ ਲਾਉਣ ਤੋਂ ਗੁਰੇਜ਼ ਕਰਨ ਲਈ ਕਿਹਾ।

## ਮਾਇਆਵਤੀ ਵੱਲੋਂ ਹਿੰਦੂ ਧਰਮ ਛੱਡਣ ਦੀ ਧਮਕੀ

**ਆਜ਼ਮਗੜ੍ਹ:** ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਭਾਜਪਾ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਸ ਨੇ ਦਲਿਤਾਂ, ਆਦਿ ਵਾਸੀਆਂ ਤੇ ਪਛੜਿਆਂ ਬਾਰੇ ਆਪਣੀ ਸੋਚ ਨਹੀਂ ਬਦਲੀ ਤਾਂ ਉਹ ਹਿੰਦੂ ਧਰਮ ਛੱਡ ਕੇ ਬੋਧ ਧਰਮ ਅਪਣਾ ਲਵੇਗੀ। ਮਾਇਆਵਤੀ ਨੇ ਪਾਰਟੀ ਦੀ ਰੈਲੀ ਵਿਚ ਕਿਹਾ ਕਿ ਬਾਬਾ ਸਾਹਿਬ ਅੰਬੇਦਕਰ ਨੇ ਹਿੰਦੂ ਧਰਮ ਦੀ ਵਰਣ ਵਿਵਸਥਾ ਤਹਿਤ ਦਲਿਤਾਂ ਤੇ ਦੱਬੇ ਕੁਚਲੇ ਲੋਕਾਂ ਨਾਲ ਭੇਦਭਾਵ ਖਤਮ ਕਰਨ ਲਈ ਤਤਕਾਲੀ ਧਰਮ ਗੁਰੂਆਂ ਨੂੰ ਬੇਨਤੀ ਕੀਤੀ ਸੀ, ਜੋ ਨਹੀਂ ਹੋਇਆ। ਇਸੇ ਕਾਰਨ ਉਨ੍ਹਾਂ ਹਿੰਦੂ ਧਰਮ ਤਿਆਗ ਕੇ ਬੋਧ ਧਰਮ ਅਪਣਾ ਲਿਆ ਸੀ। ਇਸ ਦੇ ਬਾਵਜੂਦ ਹਿੰਦੂ ਧਰਮ ਨੇ ਆਪਣੀਆਂ ਕਮੀਆਂ ਨੂੰ ਦੂਰ ਨਹੀਂ ਕੀਤਾ।

## ਕਣਕ ਦੇ ਭਾਅ 'ਚ ਮਾਮੂਲੀ ਵਾਧੇ ਤੋਂ ਕੈਪਟਨ ਨਾਰਾਜ਼

**ਨਵੀਂ ਦਿੱਲੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਕਣਕ ਅਤੇ ਦਾਲਾਂ ਦੇ ਭਾਅ ਵਿਚ ਕੀਤੇ ਵਾਧੇ ਨੂੰ ਨਾਕਾਫੀ ਦੱਸਦਿਆਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਦੀ ਤਰਜ਼ 'ਤੇ ਮੁੜ ਫੈਸਲਾ ਵਿਚਾਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 110 ਰੁਪਏ ਕੁਇੰਟਲ ਅਤੇ ਦਾਲਾਂ ਦੇ ਭਾਅ ਦਾ ਵਾਧਾ ਇਨ੍ਹਾਂ ਫਸਲਾਂ ਦੇ ਉਤਪਾਦਨ ਨੂੰ ਵਧਾਉਣ ਅਤੇ ਕੀਮਤਾਂ ਨੂੰ ਠੱਲ੍ਹ ਪਾਉਣ ਦੇ ਉਦੇਸ਼ ਦੀ ਪ੍ਰਾਪਤੀ ਵਿਚ ਕੋਈ ਮਦਦ ਨਹੀਂ ਕਰੇਗਾ।

## ਮੋਦੀ ਸਰਕਾਰ ਕਸ਼ਮੀਰ 'ਚ ਸੁਲ੍ਹਾ ਸਫਾਈ ਵਾਲੇ ਰਾਹ ਪਈ

*(ਸਫਾ ਇਕ ਦੀ ਬਾਕੀ)*

ਦਹਿਸ਼ਤ-ਵਿਰੋਧੀ ਉਪਰੇਸ਼ਨਾਂ ਦੀ ਲਗਾਤਾਰਤਾ ਅਤੇ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਵੱਲੋਂ ਵੱਖਵਾਦੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਦੇ ਘਰਾਂ ਤੇ ਟਿਕਾਣਿਆਂ ਉਪਰ ਛਾਪਿਆਂ ਦੇ ਸਿਲਸਿਲੇ ਨੇ ਇਹ ਪ੍ਰਭਾਵ ਖੜ੍ਹਾ ਕਰ ਦਿੱਤਾ ਸੀ ਕਿ ਮੋਦੀ ਸਰਕਾਰ, ਵਾਦੀ ਵਿਚ ਕਿਸੇ ਨੂੰ ਗਲੇ ਲਗਾਉਣ ਦੇ ਹੱਕ ਵਿਚ ਨਹੀਂ। ਮੋਦੀ ਦੀ ਨੀਤੀ ਕਾਰਨ ਵਾਦੀ ਵਿਚ ਹਾਲਾਤ ਹੋਰ ਵਿਗੜ ਗਏ।

ਯਾਦ ਰਹੇ ਕਿ 15 ਅਗਸਤ ਨੂੰ ਲਾਲ ਕਿਲ੍ਹੇ ਤੋਂ ਆਪਣੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਸੀ ਕਿ ਕਸ਼ਮੀਰ ਸਮੱਸਿਆ ਦਾ ਹੱਲ 'ਨਾ ਤਾਂ ਗੋਲੀ ਨਾਲ ਤੇ ਨਾ ਹੀ ਗਾਲੀ' ਨਾਲ ਨਿਕਲੇਗਾ। ਇਸ ਐਲਾਨ ਦੇ ਤਕਰੀਬਨ ਤਿੰਨ ਮਹੀਨੇ ਬਾਅਦ ਇਸ ਉਤੇ ਅਮਲ ਕਰਨ ਦੀ ਰਣਨੀਤੀ ਬਣਾਈ ਹੈ। ਦਿਨੇਸ਼ਵਰ ਸ਼ਰਮਾ ਨੂੰ ਵਾਰਤਾਕਾਰ ਨਿਯੁਕਤ ਕਰਦਿਆਂ ਅਖਤਿਆਰ ਦਿੱਤੇ ਹਨ ਕਿ ਉਹ ਕਸ਼ਮੀਰ ਵਾਦੀ ਵਿਚਲੀਆਂ ਸਾਰੀਆਂ ਧਿਰਾਂ ਨਾਲ ਗੱਲਬਾਤ ਕਰੇ।

ਕੇਂਦਰ ਸਰਕਾਰ ਨੇ ਕਸ਼ਮੀਰ ਦੇ ਆਮ ਲੋਕਾਂ ਤੇ ਸਿਆਸੀ ਧਿਰਾਂ ਦੀ ਗੱਲਬਾਤ ਸ਼ੁਰੂ ਦੀ ਮੰਗ ਉਤੇ ਗੌਰ ਕਰਨਾ ਵਾਜਬ ਸਮਝਿਆ। ਵਾਦੀ ਦੀਆਂ ਸਿਆਸੀ ਧਿਰਾਂ ਮਹਿਸੂਸ ਕਰਦੀਆਂ ਸਨ ਕਿ ਕੇਂਦਰ ਸਰਕਾਰ, ਕਸ਼ਮੀਰ ਵਿਚ ਦਮਨਕਾਰੀ ਨੀਤੀਆਂ ਉਤੇ ਚੱਲ ਰਹੀ ਹੈ ਅਤੇ ਲੋਕਾਂ ਨਾਲ ਰਾਬਤਾ ਬਣਾਉਣ ਦੇ ਰੌਂਅ ਵਿਚ ਨਹੀਂ।

## ਪ੍ਰਧਾਨ ਮੰਤਰੀ ਮੋਦੀ ਤੇ ਗਨੀ ਵੱਲੋਂ ਅਤਿਵਾਦ ਦੇ ਖਾਤਮੇ ਦਾ ਪ੍ਰਣ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੇ ਅਤਿਵਾਦ ਦੇ ਖਾਤਮੇ ਲਈ ਆਪਣਾ ਦ੍ਰਿੜ੍ਹ ਇਰਾਦਾ ਜ਼ਾਹਰ ਕੀਤਾ ਹੈ। ਦੋਵਾਂ ਨੇਤਾਵਾਂ ਨੇ ਅਫਗਾਨਿਸਤਾਨ ਦੇ ਹਜ਼ਾਰਾਂ ਸੈਨਿਕ ਅਤੇ ਸੁਰੱਖਿਆ ਮੁਲਾਜ਼ਮਾਂ ਨੂੰ ਸਿਖਲਾਈ ਦੇਣ ਸਮੇਤ ਰੱਖਿਆ ਤੇ ਸੁਰੱਖਿਆ ਖੇਤਰ ਵਿਚ ਭਾਰਤ ਵੱਲੋਂ ਦਿੱਤੀ ਹਮਾਇਤ ਦਾ ਹਾਂ-ਪੱਖੀ ਮੁਲਾਂਕਣ ਵੀ ਕੀਤਾ ਅਤੇ ਭਾਰਤ ਅਫਗਾਨਿਸਤਾਨ ਦੀਆਂ ਰੱਖਿਆ ਅਤੇ ਪੁਲਿਸ ਬਲਾਂ ਦੀਆਂ ਲੋੜਾਂ ਮੁਤਾਬਕ ਹੋਰ ਸਹਾਇਤਾ ਦੇਣ ਲਈ ਵੀ ਸਹਿਮਤ ਹੋ ਗਿਆ। ਪਾਕਿਸਤਾਨ ਦਾ ਸਪੱਸ਼ਟ ਜ਼ਿਕਰ ਕਰਦਿਆਂ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਮੀਟਿੰਗ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਕਿਸੇ ਅਰਥ



ਭਰਪੂਰ ਪ੍ਰਗਤੀ ਅਤੇ ਸਥਾਈ ਸ਼ਾਂਤੀ ਲਈ ਹਿੰਸਾ ਤੇ ਅਤਿਵਾਦ ਦੀ ਨਿੰਦਾ ਕੀਤੀ ਜਾਵੇ ਅਤੇ ਅਤਿਵਾਦੀਆਂ ਲਈ ਸਰਹੱਦ ਪਾਰ ਸੁਰੱਖਿਅਤ ਪਨਾਹਗਾਹਾਂ ਨੂੰ ਬੰਦ ਕਰਨਾ ਜ਼ਰੂਰੀ ਹੈ। ਲੰਬੀ ਚੌੜੀ ਗੱਲਬਾਤ ਦੌਰਾਨ ਅਫਗਾਨਿਸਤਾਨ 'ਤੇ ਠੋਸੇ ਅਤਿਵਾਦ ਖਿਲਾਫ਼ ਲੜ ਰਹੇ ਅਫਗਾਨ ਸੁਰੱਖਿਆ ਬਲਾਂ ਦੀ ਬਹਾਦਰੀ ਦੀ ਸ਼ਲਾਘਾ ਕੀਤੀ ਗਈ।

## ਦੋ ਪੰਜਾਬੀਆਂ 'ਤੇ ਛੇੜਛਾੜ ਦੇ ਦੋਸ਼ ਆਇਦ

**ਸਿੰਗਾਪੁਰ:** ਅਦਾਲਤ ਨੇ ਔਰਤਾਂ ਨਾਲ ਛੇੜ-ਛਾੜ ਦੇ ਮਾਮਲੇ ਵਿਚ ਦੋ ਪੰਜਾਬੀਆਂ ਖਿਲਾਫ਼ ਦੋਸ਼ ਆਇਦ ਕੀਤੇ ਹਨ। ਇਨ੍ਹਾਂ ਨੂੰ ਦੋ ਸਾਲ ਦੀ ਕੈਦ, ਜੁਰਮਾਨਾ ਜਾਂ ਬੈਂਤ ਮਾਰੇ ਜਾਣ ਦੀ ਸਜ਼ਾ ਹੋ ਸਕਦੀ ਹੈ।

'ਦਿ ਸਟ੍ਰੇਟਸ ਟਾਈਮਜ਼' ਦੀ ਰਿਪੋਰਟ ਮੁਤਾਬਕ, 30 ਵਰ੍ਹਿਆਂ ਦੇ ਬਲਵਿੰਦਰ ਸਿੰਘ ਨੇ ਔਰਚਰਡ ਟਾਵਰਜ਼ ਦੇ ਇਕ ਪੱਬ ਵਿਚ 37 ਸਾਲਾ ਔਰਤ ਨਾਲ ਛੇੜ-ਛੇੜ ਕੀਤੀ ਸੀ। ਇਸੇ ਤਰ੍ਹਾਂ ਜਗਜੀਤ ਸਿੰਘ (31) ਨੇ 2 ਅਗਸਤ ਨੂੰ ਖਰੀਦੋ ਫਰੋਖਤ ਵਾਲੇ ਇਸ ਕੇਂਦਰ ਵਿਚ ਰਾਤ ਨੂੰ 10.50 ਅਤੇ 11.10 ਵਜੇ 24 ਅਤੇ 41 ਸਾਲ ਦੀਆਂ ਦੋ ਬੀਬੀਆਂ ਨਾਲ ਛੇੜ-ਛਾੜ ਕੀਤੀ। ਅਦਾਲਤ ਨੇ ਇਸ ਕੇਸ ਨੂੰ ਅਗਲੇ ਮਹੀਨੇ ਤੱਕ ਮੁਲਤਵੀ ਕਰ ਦਿੱਤਾ ਹੈ। ਸਿੰਗਾਪੁਰ ਦੇ ਛੇ ਹੋਰ ਨਾਗਰਿਕਾਂ ਅਤੇ ਇਨ੍ਹਾਂ ਦੋਹਾਂ ਖਿਲਾਫ਼ ਛੇੜ-ਛਾੜ ਦੇ ਦੋਸ਼ ਆਇਦ ਕੀਤੇ ਗਏ।

## ਹੁਣ ਕੈਪਟਨ ਸਰਕਾਰ 'ਅੱਛੇ ਦਿਨ' ਦਿਖਾਉਣ ਦੇ ਰਾਹ

*(ਸਫਾ ਇਕ ਦੀ ਬਾਕੀ)*

ਵਿੱਤੀ ਸੰਕਟ ਦੇ ਟਾਕਰੇ ਲਈ ਵੱਖ-ਵੱਖ ਸਰੋਤਾਂ ਤੋਂ ਕਰਜ਼ਾ ਲੈਣ ਦੀ ਸੀਮਾ ਵਧਾਉਣ ਵਾਸਤੇ ਕੇਂਦਰ ਸਰਕਾਰ ਨੂੰ ਰਾਜ਼ੀ ਕਰ ਲਵੇਗੀ, ਪਰ ਕੇਂਦਰ ਸਰਕਾਰ ਨੇ ਉਸ ਨੂੰ ਪੱਲਾ ਨਹੀਂ ਫੜਾਇਆ। ਲਿਹਾਜ਼ਾ, ਰਾਜ ਸਰਕਾਰ ਨੂੰ ਮਸਲੇ ਦਾ ਹੱਲ ਆਪ ਹੀ ਲੱਭਣਾ ਪਿਆ।

ਲੋਕਾਂ ਵਿਚ ਰੋਸ ਇਸ ਗੱਲ ਹੈ ਕਿ ਕਾਂਗਰਸ ਨੂੰ ਪੰਜਾਬ ਦੀ ਵਿੱਤੀ ਹਾਲਤ ਦਾ ਪਹਿਲਾਂ ਹੀ ਪਤਾ ਸੀ। ਇਸ ਦੇ ਬਾਵਜੂਦ ਉਸ ਨੇ ਅਜਿਹੇ ਵਾਅਦੇ ਕਿਉਂ ਕੀਤੇ ਜੋ ਉਸ ਦੇ ਵੱਸ ਦੀ ਗੱਲ ਹੀ ਨਹੀਂ ਸਨ। ਦੱਸ ਦਈਏ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ 2909.42 ਕਰੋੜ ਰੁਪਏ ਸਬਸਿਡੀ ਦੇ ਪਾਵਰਕੌਮ ਨੂੰ ਅਦਾ ਨਹੀਂ ਕੀਤੇ ਗਏ, ਜਿਸ ਕਰ ਕੇ ਸਾਲ 2017-18 ਦੀ ਸਬਸਿਡੀ ਪਾ ਕੇ ਸਬਸਿਡੀ ਬਿਲ ਵਧ ਕੇ 10917 ਕਰੋੜ ਰੁਪਏ ਹੋ ਗਿਆ ਹੈ। ਅਦਾਇਗੀ ਪਛੜਨ ਕਾਰਨ 491 ਕਰੋੜ ਰੁਪਏ ਦਾ ਵਿਆਜ ਵੀ ਦੇਣਾ ਪਵੇਗਾ।

ਸਨਅਤਾਂ ਨੂੰ 5 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਦਿੱਤੀ ਜਾਣ ਵਾਲੀ ਬਿਜਲੀ ਪਹਿਲੀ ਨਵੰਬਰ ਤੋਂ ਲਾਗੂ ਹੋਵੇਗੀ ਅਤੇ ਉਸ ਦਾ ਸਰਕਾਰ ਨੂੰ 1150 ਕਰੋੜ ਰੁਪਏ ਤੋਂ ਵੱਧ ਦਾ ਬੋਝ ਉਠਾਉਣਾ ਪਵੇਗਾ। ਅਸਲ ਵਿਚ, ਖਾਲੀ ਖਜ਼ਾਨਾ ਤੇ ਚੋਣ ਵਾਅਦੇ ਕੈਪਟਨ ਸਰਕਾਰ ਲਈ ਸਿਰਦਰਦੀ ਬਣੇ ਹੋਏ ਹਨ। ਮੁਆਫੀ ਦੀ ਝਾਕ ਵਿਚ ਕਿਸਾਨਾਂ ਨੇ ਕਰਜ਼ੇ ਮੋੜਨੇ ਬੰਦ ਕਰ ਦਿੱਤੇ ਹਨ। ਜਦੋਂ ਪੰਜਾਬ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਨੇ ਕਰਜ਼ਾ ਮੁਆਫੀ ਦੇ ਐਲਾਨ ਕੀਤੇ ਤਾਂ ਨਿਯਮਤ ਕਿਸ਼ਤਾਂ ਭਰਨ ਵਾਲੇ ਕਿਸਾਨਾਂ ਨੇ ਵੀ ਕਿਸ਼ਤਾਂ ਭਰਨੀਆਂ ਬੰਦ ਕਰ ਦਿੱਤੀਆਂ। ਕੈਪਟਨ ਸਰਕਾਰ ਨੇ ਹੁਣ ਸਪਸ਼ਟ ਕੀਤਾ ਹੈ ਕਿ ਕਰਜ਼ਾ ਮੁਆਫੀ ਵਿਚ 'ਲੰਮੇ ਸਮੇਂ ਦੇ ਕਰਜ਼ੇ' ਸ਼ਾਮਲ ਨਹੀਂ ਹਨ, ਜਿਸ ਦਾ ਮਤਲਬ ਹੈ ਕਿ ਖੇਤੀ ਵਿਕਾਸ ਬੈਂਕਾਂ ਤੋਂ ਕਰਜ਼ਾ ਲੈਣ ਵਾਲੇ ਕਿਸਾਨ 'ਕਰਜ਼ਾ ਮੁਆਫੀ' ਦੇ ਘੇਰੇ ਵਿਚ ਨਹੀਂ ਆਉਂਦੇ ਹਨ। ਪਤਾ ਲੱਗਾ ਹੈ ਕਿ ਪਹਿਲੀ ਅਕਤੂਬਰ 2016 ਨੂੰ ਪੰਜਾਬ ਵਿਚ ਖੇਤੀ ਵਿਕਾਸ ਬੈਂਕਾਂ ਦੇ ਡਿਫਾਲਟਰ ਕਿਸਾਨਾਂ ਦੀ ਗਿਣਤੀ 59,950 ਸੀ, ਜਿਨ੍ਹਾਂ ਸਿਰ 652 ਕਰੋੜ ਦਾ ਕਰਜ਼ਾ ਸੀ। ਹੁਣ ਇਨ੍ਹਾਂ ਬੈਂਕਾਂ ਦੇ ਡਿਫਾਲਟਰ ਕਿਸਾਨਾਂ ਦੀ ਗਿਣਤੀ ਵੱਧ ਕੇ 93,778 ਹੋ ਗਈ ਹੈ, ਜਿਨ੍ਹਾਂ ਸਿਰ ਕਰਜ਼ਾ ਵਧ ਕੇ 1440 ਕਰੋੜ ਰੁਪਏ ਹੋ ਗਿਆ ਹੈ। ਪੰਜਾਬ ਦੇ ਖੇਤੀ ਵਿਕਾਸ ਬੈਂਕਾਂ ਦੀ ਕਰਜ਼ਾ ਮੁਆਫੀ ਨੇ ਚੂਲ ਹਿਲਾ ਕੇ ਰੱਖ ਦਿੱਤੀ ਹੈ।

## ਸਵੈ-ਨਿਰਣੇ ਬਾਰੇ ਬਿਆਨ ਉਤੇ ਭਖੀ ਸਿਆਸਤ

*(ਸਫਾ ਇਕ ਦੀ ਬਾਕੀ)*

ਦੇ ਚੇਅਰਮੈਨ ਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਤੇ ਭਾਰਤ ਵਿਚ ਵੱਸਦੇ ਲੋਕਾਂ ਨੇ ਕਦੇ ਵੀ ਵੱਖਰੇ ਦੇਸ਼ ਦੀ ਮੰਗ ਨਹੀਂ ਕੀਤੀ, ਜੋ ਸਿਰਫ ਵਿਦੇਸ਼ਾਂ ਵਿਚ ਵੱਸਦੇ ਕੁਝ ਸਿੱਖਾਂ ਦੇ ਦਿਮਾਗ ਦੀ ਹੀ ਉਪਜ ਹੈ। ਉਹ ਭਾਰਤ ਦੀ ਅਖੰਡਤਾ ਵਿਚ ਯਕੀਨ ਰੱਖਦੇ ਹਨ ਤੇ ਮਸਲੇ ਸੰਵਿਧਾਨਕ ਤਰੀਕੇ ਨਾਲ ਸੁਲਝਾਉਣਾ ਚਾਹੁੰਦੇ ਹਨ। ਤਰਲੋਚਨ ਸਿੰਘ ਨੇ ਕਿਹਾ ਕਿ ਭਾਰਤ ਵਿਚ ਚੋਣਾਂ ਹੁੰਦੀਆਂ ਹਨ ਤੇ ਸਿੱਖ ਉਨ੍ਹਾਂ ਵਿਚ ਹਿੱਸਾ ਲੈਂਦੇ ਹਨ ਤੇ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕਿਊਬੈਕ ਸਰਕਾਰ ਵੱਲੋਂ ਨਕਾਬ ਖਿਲਾਫ ਮਤਾ ਪਾਸ

**ਟੋਰਾਂਟੋ:** ਕੈਨੇਡਾ ਦੇ ਪੂਰਬੀ ਸੂਬੇ ਕਿਊਬੈਕ ਦੀ ਸਰਕਾਰ ਨੇ ਆਖਰ ਵਿਵਾਦਤ ਨਕਾਬ ਵਿਰੋਧੀ ਮਤਾ ਪਾਸ ਕਰ ਦਿੱਤਾ ਹੈ। ਸੱਤਾਧਾਰੀ ਲਿਬਰਲ ਸਰਕਾਰ ਦੇ ਇਸ 'ਬਿੱਲ-



62' ਨੂੰ ਵਿਰੋਧੀ ਪਾਰਟੀਆਂ ਦੀ ਅਸਹਿਮਤੀ ਵੀ ਨਹੀਂ ਰੋਕ ਸਕੀ ਪਰ ਇਸ ਮਤੇ ਨੂੰ ਕਾਨੂੰਨ ਬਣਨ ਤੱਕ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਦੇ ਕਾਨੂੰਨ ਬਣਨ ਬਾਅਦ ਨਕਾਬ ਜਾਂ ਬੁਰਕਾਧਾਰੀ ਔਰਤਾਂ ਨੂੰ ਬੱਸਾਂ, ਲਾਇਬਰੇਰੀਆਂ, ਹਸਪਤਾਲਾਂ ਜਾਂ ਸਕੂਲਾਂ ਵਿਚ ਸੇਵਾਵਾਂ ਲੈਣ ਸਮੇਂ ਆਪਣਾ ਚਿਹਰਾ ਨੰਗਾ ਰੱਖਣਾ ਜ਼ਰੂਰੀ ਹੋਵੇਗਾ। ਸੂਬਾਈ ਨਿਆਂ ਮੰਤਰੀ ਸਟੈਫਨੀ ਵੇਲੀ ਨੇ ਸਪੱਸ਼ਟ ਕੀਤਾ ਕਿ ਸਰਕਾਰੀ ਸੇਵਾਵਾਂ ਲੈਣ ਲਈ ਮੂੰਹ ਨੰਗਾ ਰੱਖਣਾ ਇਸ ਕਾਨੂੰਨ ਦੀ ਸ਼ਰਤ ਹੈ। ਇਸ ਨਾਲ ਕਿਸੇ ਧਰਮ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਸਗੋਂ ਇਹ ਸ਼ਨਾਖਤ ਤੇ ਸੁਰੱਖਿਆ ਦਾ ਮਾਮਲਾ ਹੈ। ਮੁੱਖ ਮੰਤਰੀ ਫਿਲਿਪ ਕੌਲਾਰਡ ਨੇ ਕਿਹਾ, 'ਸਾਨੂੰ ਇਕ ਆਜ਼ਾਦ ਸਮਾਜ ਵਿਚ ਵਿਚਰਦੇ ਹੋਏ ਇਕ ਦੂਜੇ ਦਾ ਚਿਹਰਾ ਦਿਖਣਾ ਚਾਹੀਦਾ ਹੈ।' ਵਿਰੋਧੀ ਪਾਰਟੀਆਂ ਅਤੇ ਲੋਕ ਹੱਕੀ ਵਕੀਲਾਂ ਨੇ ਇਸ ਬਿੱਲ ਨੂੰ ਪੱਖਪਾਤੀ ਦੱਸਿਆ ਹੈ।

ਵਰਲਡ ਸਿੱਖ ਸੰਸਥਾ ਦੇ ਪ੍ਰਧਾਨ ਮੁਖਬੀਰ ਸਿੰਘ ਨੇ ਕਿਹਾ ਕਿ ਇਸ ਮਤੇ ਦੀ ਕਾਨੂੰਨੀ ਤੌਰ 'ਤੇ ਖਿਲਾਫ਼ਤ ਕੀਤੀ ਜਾਵੇਗੀ ਅਤੇ ਸਰਕਾਰ ਨੂੰ ਇਹ ਬਿੱਲ ਵਾਪਸ ਲੈਣਾ ਪਵੇਗਾ। ਡੈਮੋਕਰੈਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਇਹ ਕਾਨੂੰਨ ਮੁਢਲੇ ਸਿਧਾਂਤਾਂ ਤੇ ਮਨੁੱਖੀ ਹੱਕਾਂ ਦੀ ਸਿੱਧੀ ਉਲੰਘਣਾ ਹੈ ਤੇ ਲੋਕਾਂ ਦੇ ਪਹਿਰਾਵੇ ਨਿਸ਼ਚਤ ਕਰਨਾ ਹਕੂਮਤ ਦਾ ਕੰਮ ਨਹੀਂ।

# ਪਨਾਮਾ ਪੇਪਰਜ਼ ਲੀਕ ਕਰਨ ਵਾਲੀ ਪੱਤਰਕਾਰ ਬੰਬ ਧਮਾਕੇ 'ਚ ਹਲਾਕ

**ਵਲੇਤਾ:** ਮਾਲਟਾ ਦੇ ਵਿਦੇਸ਼ੀ ਕਰ ਪਨਾਹਗਾਰਾਂ ਬਾਰੇ ਖੁਲਾਸੇ ਕਰਨ ਵਾਲੀ ਖੋਜੀ ਪੱਤਰਕਾਰ ਦੀ ਕਾਰ ਧਮਾਕੇ ਵਿਚ ਮੌਤ ਹੋ ਗਈ ਹੈ। ਉਸ ਨੇ ਲੀਕ ਹੋਏ ਪਨਾਮਾ ਪੇਪਰਜ਼ ਜ਼ਰੀਏ ਚੋਰੀ ਲਈ ਦੂਜੇ ਦੇਸ਼ਾਂ ਵਿਚ ਪਨਾਹਗਾਹਾਂ ਬਾਰੇ ਖੁਲਾਸਾ ਕੀਤਾ ਸੀ। ਪ੍ਰਧਾਨ ਮੰਤਰੀ ਜੋਸਫ਼ ਮਸਕਟ ਨੇ ਦੱਸਿਆ ਕਿ 53 ਸਾਲਾ ਡੇਫਨੇ ਕਰੂਆਨਾ ਗਲੀਜ਼ੀਆ ਮਾਲਟਾ ਦੇ ਵੱਡੇ ਸ਼ਹਿਰ ਮੋਸਟਾ ਵਿਚਲੇ ਆਪਣੇ ਘਰ ਵਿਚੋਂ ਨਿਕਲੀ ਸੀ ਕਿ ਬੰਬ ਧਮਾਕਾ ਹੋ ਗਿਆ। ਇਸ ਨਾਲ ਉਸ ਦੀ ਕਾਰ ਦੇ ਪਰਖੱਚੇ ਉਡ ਗਏ। ਮਸਕਟ ਨੇ ਕਿਹਾ ਕਿ ਪੱਤਰਕਾਰ ਦੀ ਮੌਤ ਅਤਿਵਾਦੀ ਹਮਲਾ ਹੈ ਜੋ ਲੋਕਾਂ ਦੀ ਆਜ਼ਾਦੀ 'ਤੇ ਵੀ ਵੱਡਾ ਹਮਲਾ ਹੈ। ਉਨ੍ਹਾਂ ਪੱਤਰਕਾਰ ਦੇ ਕਤਲ ਦੀ ਨਿੰਦਾ ਕਰਦੇ ਹੋਏ ਕਿਹਾ ਹੈ, "ਇਹ ਪੱਤਰਕਾਰ ਸਿਆਸੀ ਤੇ ਵਿਅਕਤੀਗਤ ਤੌਰ ਉਤੇ ਮੇਰੀ ਕੱਟੜ ਅਲੋਚਕ ਸੀ ਪਰ ਮੈਂ ਉਸ ਦੇ ਕਤਲ ਦੀ ਨਿੰਦਾ ਕਰਦਾ ਹਾਂ।"

ਇਸ ਮਹਿਲਾ ਪੱਤਰਕਾਰ ਨੇ ਸਾਲ 2016 'ਚ ਲੀਕ ਹੋਏ ਪਨਾਮਾ ਪੇਪਰਜ਼ ਵਿਚ ਮਾਲਟਾ ਦੇ ਸਬੰਧਾਂ ਬਾਰੇ ਲਿਖਿਆ ਸੀ। ਉਨ੍ਹਾਂ ਲਿਖਿਆ ਸੀ ਕਿ ਮਸਕਟ ਦੀ ਪਤਨੀ ਤੇ ਸਰਕਾਰ ਦੇ ਚੀਫ ਆਫ ਸਟਾਫ ਅਜ਼ਰਬੇਜਾਨ ਤੋਂ ਧਨ ਦੇਣ ਲਈ ਪਨਾਮਾ 'ਚ ਵਿਦੇਸ਼ੀ ਕੰਪਨੀ ਸੀ। ਕਾਨੂੰਨ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਡੇਫਨੇ ਨੇ ਦੋ ਹਫਤੇ ਪਹਿਲਾਂ ਪੁਲਿਸ ਨੂੰ ਸ਼ਿਕਾਇਤ ਦਰਜ਼ ਕਰਵਾਈ ਸੀ ਕਿ ਉਸ ਨੂੰ ਧਮਕੀਆਂ ਮਿਲ ਰਹੀਆਂ ਹਨ।

# ਪੰਜਾਬ ਦੇ ਗਰੀਬ ਪੇਂਡੂਆਂ ਦੀ ਮਦਦ ਲਈ ਪਰਵਾਸੀਆਂ ਵਲੋਂ ਸਾਰਥਕ ਉਪਰਾਲਾ

**ਸ਼ਿਕਾਗੋ (ਬਿਊਰੋ):** ਅਮਰੀਕਾ ਦੇ ਪੰਜਾਬੀ ਪਰਵਾਸੀਆਂ ਨੇ ਪੰਜਾਬ ਦੇ ਪਿੰਡਾਂ ਵਿਚ ਵਸਦੇ ਗਰੀਬ ਤੇ ਲੋੜਵੰਦ ਲੋਕਾਂ ਦੀ ਮਦਦ ਲਈ ਇਕ ਨਿਵੇਕਲਾ ਤੇ ਸਾਰਥਕ ਉਪਰਾਲਾ ਅਰੰਭਿਆ ਹੈ। ਇਸ ਉਪਰਾਲੇ ਦਾ ਉਦਮ ਪੰਜਾਬ ਦੇ ਪਿੰਡਾਂ ਦੇ ਗਰੀਬ ਪਰਿਵਾਰਾਂ ਦੀ ਮਦਦ ਕਰਨ ਦੇ ਮਨੋਰਥ ਨਾਲ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਨਾਂ ਦੀ ਗੈਰ ਮੁਨਾਫਾ ਜਥੇਬੰਦੀ ਨੇ ਕੀਤਾ ਹੈ। ਜਥੇਬੰਦੀ ਦੇ ਇਕ ਮੋਹਰੀ ਆਗੂ ਸ਼ਿਕਾਗੋ ਤੋਂ ਭੁਪਿੰਦਰ ਸਿੰਘ (ਬਬ) ਹੁੰਦਲ ਨੇ ਦੱਸਿਆ ਕਿ ਜਥੇਬੰਦੀ ਵਲੋਂ ਕਿਸੇ ਤੋਂ ਕੋਈ ਸਿੱਧੀ ਮਾਲੀ ਮਦਦ ਨਹੀਂ ਮੰਗੀ ਜਾਂਦੀ ਅਤੇ ਇਸ ਵਲੋਂ ਪਰਵਾਸੀ ਪੰਜਾਬੀਆਂ ਨੂੰ ਆਪਣਾ ਪਿੰਡ ਯਾਨਿ 'ਮੇਰਾ ਪਿੰਡ' ਅਪਨਾ ਕੇ ਗਰੀਬ ਪਰਿਵਾਰਾਂ ਦੀ ਮਦਦ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਸ ਉਪਰਾਲੇ ਤਹਿਤ ਗਰੀਬ ਵਿਧਵਾਵਾਂ, ਗਰੀਬੀ ਨਾਲ ਜੂਝ ਰਹੇ ਬੇਜ਼ਮੀਨੇ ਅਤੇ ਬਹੁਤ ਘੱਟ ਜ਼ਮੀਨ ਵਾਲੇ ਉਨ੍ਹਾਂ ਕਿਸਾਨ ਪਰਿਵਾਰਾਂ ਦੀ ਮਦਦ ਕੀਤੀ ਜਾਂਦੀ ਹੈ, ਜਿਨ੍ਹਾਂ ਦਾ ਖੇਤੀ ਆਮਦਨ ਤੋਂ ਇਲਾਵਾ ਹੋਰ ਕੋਈ ਸਾਧਨ ਨਹੀਂ ਹੈ। ਉਨ੍ਹਾਂ ਦੀਆਂ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ, ਬੱਚਿਆਂ ਨੂੰ ਪਾਲਣ ਅਤੇ ਉਨ੍ਹਾਂ ਦੀ ਪੜ੍ਹਾਈ ਦੇ ਖਰਚੇ ਪੂਰੇ ਕਰਨ ਲਈ ਖੇਤ ਮਜ਼ਦੂਰੀ ਤੋਂ ਇਲਾਵਾ ਆਮਦਨ ਦਾ ਹੋਰ ਕੋਈ ਸਾਧਨ ਨਹੀਂ ਹੈ। ਇਸ ਉਪਰਾਲੇ ਤਹਿਤ ਬੱਚਿਆਂ ਦੀ ਉਚੇਰੀ ਪੜ੍ਹਾਈ ਲਈ ਮਦਦ ਤੋਂ ਇਲਾਵਾ ਵਿਧਵਾਵਾਂ, ਅੰਗਹੀਣਾਂ, ਬਜ਼ੁਰਗਾਂ ਅਤੇ ਕਰਜ਼ਿਆਂ ਨਾਲ ਜੂਝ ਰਹੇ ਕਿਸਾਨਾਂ ਦੀ ਮਦਦ ਕੀਤੀ ਜਾਂਦੀ ਹੈ।

ਜਥੇਬੰਦੀ ਪੰਜਾਬੀ ਪਰਵਾਸੀਆਂ ਅਤੇ ਪੰਜਾਬ ਦੇ ਉਨ੍ਹਾਂ ਹਮਦਰਦੀਆਂ ਨੇ ਰਲ ਕੇ ਖੜ੍ਹੀ ਕੀਤੀ ਹੈ ਜੋ ਉਨ੍ਹਾਂ ਪਰਿਵਾਰਾਂ ਦੀ ਮਦਦ ਕਰਨੀ ਚਾਹੁੰਦੇ ਹਨ ਜੋ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਜੂਝ ਰਹੇ ਹਨ ਅਤੇ ਇੱਜਤ-ਮਾਣ ਦੀ ਜ਼ਿੰਦਗੀ ਜਿਉਣਾ ਚਾਹੁੰਦੇ ਹਨ। ਇਸ ਤੋਂ ਇਲਾਵਾ ਉਹ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਵੀ ਆਪਣੀ ਜ਼ਿੰਦਗੀ ਦੇ ਸੁਪਨੇ ਪੂਰੇ ਕਰਨ ਵਿਚ ਮਦਦ ਕਰਨੀ ਚਾਹੁੰਦੇ ਹਨ।

ਸ੍ਰੀ ਹੁੰਦਲ ਨੇ ਦੱਸਿਆ ਕਿ ਇਸ ਉਪਰਾਲੇ ਦਾ ਲਾਭ ਲੈਣ ਵਾਲਿਆਂ ਦੀ ਚੋਣ ਅਤੇ ਮਦਦ ਦੇਣ ਦੇ ਤਰੀਕੇ ਨੂੰ ਇਸ ਤਰ੍ਹਾਂ ਨਾਲ ਵਿਉਂਤਿਆ ਗਿਆ ਹੈ ਕਿ ਮਦਦ ਕਿਸੇ ਤੀਜੀ ਧਿਰ ਨੂੰ ਵਿਚ ਲਏ ਬਿਨਾ ਲੋੜਵੰਦ ਪਰਿਵਾਰਾਂ ਤੱਕ ਹੀ ਪਹੁੰਚੇ। ਇਹ ਸਿਸਟਮ ਪਿਛਲੇ ਦੋ ਸਾਲਾਂ ਤੋਂ ਬਹੁਤ ਹੀ ਪ੍ਰਭਾਵਕਾਰੀ ਢੰਗ ਨਾਲ ਚੱਲ ਰਿਹਾ ਹੈ ਅਤੇ ਕੁਝ ਪਿੰਡਾਂ ਦੇ ਸੌ ਤੋਂ ਵੱਧ ਪਰਿਵਾਰ ਇਸ ਉਪਰਾਲੇ ਤਹਿਤ ਮਦਦ ਹਾਸਲ ਕਰ ਰਹੇ ਹਨ। ਪਰਵਾਸੀਆਂ ਨੇ ਆਪਣੇ ਹੋਰ 17 ਪਿੰਡਾਂ ਨੂੰ ਅਪਨਾ ਲਿਆ ਹੈ ਅਤੇ ਮਹੀਨੇਵਾਰ ਮਦਦ ਦੋ-ਤਿੰਨ ਮਹੀਨਿਆਂ ਅੰਦਰ ਪਹੁੰਚਣ ਲੱਗ ਜਾਵੇਗੀ। ਉਨ੍ਹਾਂ ਆਖਿਆ ਕਿ ਇਸ ਉਦਮ ਤਹਿਤ ਪੈਸਾ ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਦੀ ਤਰਫੋਂ ਨਹੀਂ ਮੰਗਿਆ ਜਾਂਦਾ। ਹੋਰ ਜਾਣਕਾਰੀ ਲਈ ਸ੍ਰੀ ਹੁੰਦਲ ਨਾਲ ਫੋਨ: 630-802-2179 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਸਰਪੰਚ ਦਾ ਤੁਗਲਕੀ ਫਰਮਾਨ: ਬੰਦੇ ਤੋਂ ਥੁੱਕ ਚਟਵਾਇਆ

**ਪਟਨਾ:** ਬਿਹਾਰ ਦੇ ਨਲੰਦਾ ਜ਼ਿਲ੍ਹੇ ਦੇ ਅਜਨੌਰਾ ਪਿੰਡ ਵਿਚ ਅਜੇਪੁਰ ਪੰਚਾਇਤ ਦੇ ਸਰਪੰਚ ਦਿਆਨੰਦ ਮਾਂਝੀ ਤੇ ਪਿੰਡ ਦੇ ਤਕੜੇ ਲੋਕਾਂ ਨੇ ਇਕ ਤੁਗਲਕੀ ਫਰਮਾਨ ਜਾਰੀ ਕਰ ਕੇ ਮਨੁੱਖਤਾ ਤੇ ਕਾਨੂੰਨ ਦਾ ਖੁੱਲ੍ਹੇਆਮ ਮਜ਼ਾਕ ਉਡਾਇਆ। ਪੰਚਾਇਤ ਨੇ ਇਕ ਵਿਅਕਤੀ ਨੂੰ ਨਾ ਸਿਰਫ ਜ਼ਮੀਨ 'ਤੇ ਥੁੱਕ ਚਟਾਇਆ ਬਲਕਿ ਔਰਤਾਂ ਤੋਂ ਚੱਪਲਾਂ ਨਾਲ ਮਾਰ ਵੀ ਪਵਾਈ। ਇਸ ਸਬੰਧੀ ਵੀਡੀਓ ਵੀ ਵਾਇਰਲ ਹੋ ਰਹੀ ਹੈ।

ਦਰਅਸਲ, ਮਹੇਸ਼ ਠਾਕੁਰ ਕਿਸੇ ਕੰਮ ਤੋਂ ਪਿੰਡ ਦੇ ਸੁਰੇਂਦਰ ਯਾਦਵ ਦੇ ਘਰ ਬਿਨਾਂ ਪੁੱਛੇ ਅੰਦਰ ਚਲਾ ਗਿਆ। ਫਿਰ ਪਿੰਡ 'ਚ ਪੰਚਾਇਤ ਬੁਲਾ ਕੇ ਸਰਪੰਚ ਨੇ ਨਾ ਸਿਰਫ ਤੁਗਲਕੀ ਫਰਮਾਨ ਜਾਰੀ ਕੀਤਾ ਬਲਕਿ ਆਪਣੇ ਅਹੁਦੇ ਦੀ ਗਲਤ ਵਰਤੋਂ ਕੀਤੀ। ਇਸ ਮਾਮਲੇ ਵਿਚ ਸਰਪੰਚ ਤੇ ਉਸ ਦੇ ਅੱਠ ਸਮਰਥਕਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਬਿਹਾਰ ਵਿਚ ਪਹਿਲਾਂ ਵੀ ਜਾਤੀ ਅਧਾਰਤ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ।


## Matrimonials

### ਲੜਕੀ ਦੀ ਲੋੜ ਹੈ

ਕੈਨੇਡੀਅਨ ਸਿਟੀਜ਼ਨ ਗੁਰ ਸਿੱਖ ਅੰਮ੍ਰਿਤਧਾਰੀ ਤਲਾਕਸ਼ੁਦਾ ਵੈਲ ਸੈਟਲਡ, ਗਰੈਜੂਏਟ ਜੱਟ ਲੜਕੇ, ਉਮਰ 31 ਸਾਲ, 5'-10" ਲਈ ਮਾਲਵਾ ਖੇਤਰ ਤੋਂ ਪੜ੍ਹੀ ਲਿਖੀ ਕੈਨੇਡੀਅਨ/ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਸਟੱਡੀ ਜਾਂ ਵਰਕ ਪਰਮਿਟ 'ਤੇ ਆਈ ਲੜਕੀ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ, ਫੋਨ: 236-880-2757 43-46

Looking for a suitable girl for 31 yrs, 5'-10" Ramgarhia Sikh boy on H1 Visa, working in a very reputed IT company in San Jose, California. Caste No Bar. Please contact: psingh03850@gmail.com or 512-806-4053 k Singh 41-44

Wanted Suitable US citizen/ green card holder girl for Sikh Khatri 28, 5'-11" Network Engineer, turbaned, non-drinker boy of well settled, educated family. Contact +1 929 305 9876 43

ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਫੋਨ: 847-359-0746

**Boy Wanted**

**Brother-in-law Seeks Match for Punjabi Girl (Visiting Chicago), never married 42 years, 5'-3", beautiful, educated girl worked- JC Penney-Air France-Wealth Management firm. Parents Doctors Practicing Medicine New Delhi.**
**Boy must be educated and well settled.**
**Call Mr./Mrs. Saluja (630) 351-2121**
**or E-mail bio data/photo Saluja868@yahoo.com** 39-46


# ਬੰਬ ਨਾ ਸੁੰਘਣ 'ਤੇ ਕੁੱਤਾ ਨੌਕਰੀ ਤੋਂ ਬਰਖਾਸਤ

**ਵਾਸ਼ਿੰਗਟਨ:** ਲੁਲੁ ਨਾਂ ਦੇ ਕੁੱਤੇ ਨੂੰ ਸੀ. ਆਈ. ਏ. ਨੇ ਬੰਬ ਸਕਵੈਡ ਟੀਮ ਤੋਂ ਬਾਹਰ ਕਰ ਦਿੱਤਾ ਹੈ। ਇਸ ਕੁੱਤੇ ਨੂੰ ਕਈ ਹਫਤਿਆਂ ਤੋਂ ਬੰਬ ਸੁੰਘਣ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਸੀ। ਅਮਰੀਕਾ ਦੀ ਖੁਫੀਆ ਏਜੰਸੀ ਨੇ ਬਿਆਨ 'ਚ ਕਿਹਾ ਕਿ ਕੁਝ ਹਫਤਿਆਂ ਦੀ ਟ੍ਰੇਨਿੰਗ ਪਿਛੋਂ ਲੁਲੁ ਨੇ ਇਸ ਗੱਲ ਦੇ ਇਸ਼ਾਰੇ ਦਿੱਤੇ ਸਨ ਕਿ ਉਹ ਬੰਬ ਦਾ ਪਤਾ ਲਾਉਣ 'ਚ ਰੁਚੀ ਨਹੀਂ ਰੱਖਦਾ।

ਸੀ.ਆਈ.ਏ. ਨੇ ਲੁਲੁ ਦੀ ਫੋਟੋ ਨਾਲ ਟਵੀਟ ਕਰ ਕੇ ਉਸ ਨੂੰ ਨੌਕਰੀ 'ਤੇ ਨਾ ਰੱਖਣ ਦੀ ਜਾਣਕਾਰੀ ਦਿੱਤੀ। ਸੀ.ਆਈ.ਏ. ਨੇ ਆਪਣੇ ਟਵਿਟਰ ਅਕਾਊਂਟ ਤੋਂ ਲਗਾਤਾਰ ਕਈ ਟਵੀਟ ਕਰ ਕੇ ਇਸ ਬਾਰੇ ਦੱਸਿਆ। ਇਸ ਵਿਚ ਕਿਹਾ ਗਿਆ ਹੈ ਕਿ ਕਈ ਵਾਰ ਵਿਸਫੋਟਕ ਬਾਰੇ ਸਾਫ-ਸਾਫ ਇਸ਼ਾਰੇ ਕਰਨ ਦੇ ਬਾਵਜੂਦ ਵੀ ਲੁਲੁ ਬੰਬ ਦਾ ਪਤਾ ਲਾਉਣ ਵਿਚ ਅਸਮਰਥ ਰਿਹਾ।

# ਪਾਬਲੋ ਨੇਰੂਦਾ ਦੀ ਮੌਤ ਬਾਰੇ ਨਵਾਂ ਖੁਲਾਸਾ

**ਸਾਂਤਿਆਗੋ:** ਕੌਮਾਂਤਰੀ ਸਾਇੰਸਦਾਨਾਂ ਦੀ ਇਕ ਟੀਮ ਨੇ ਨੋਬੇਲ ਪੁਰਸਕਾਰ ਜੇਤੂ ਕਵੀ ਪਾਬਲੋ ਨੇਰੂਦਾ ਦੀ ਮੌਤ ਦੇ ਸਰਕਾਰੀ ਕਾਰਨਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮੌਤ ਕੈਂਸਰ ਜਾਂ ਕੁਪੋਸ਼ਣ ਕਾਰਨ ਨਹੀਂ ਹੋਈ ਸੀ। ਮਾਹਿਰਾਂ ਨੇ ਇਸ ਕਵੀ ਅਤੇ ਕਮਿਊਨਿਸਟ ਪਾਰਟੀ ਦੇ ਸਿਆਸਤਦਾਨ ਦੀ ਮੌਤ ਦੇ ਕਾਰਨਾਂ ਜਾਂ ਚਿਲੀ ਵਿਚ 1973 ਵਿਚ ਫੌਜ ਵੱਲੋਂ ਰਾਜ-ਪਲਟੇ ਬਾਅਦ ਜਨਰਲ ਅਗਸਤੋ ਪਿਨੋਚੇ ਦੇ



ਏਜੰਟਾਂ ਵੱਲੋਂ ਹੱਤਿਆ ਕਰਨ ਬਾਰੇ ਕੁਝ ਨਹੀਂ ਦੱਸਿਆ ਗਿਆ। ਪੈਨਲ ਮੈਂਬਰਾਂ ਨੇ ਕਿਹਾ ਕਿ ਉਹ ਰੋਗਜਨਕ ਬੈਕਟੀਰੀਆ ਦੀ ਸ਼ਨਾਖ਼ਤ ਜਾਰੀ ਰੱਖਣਗੇ ਜੋ ਨੇਰੂਦਾ ਦੀ ਮੌਤ ਦਾ ਕਾਰਨ ਹੋ ਸਕਦੇ ਹਨ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਵਿਚ ਤੀਜੀ ਧਿਰ ਸ਼ਾਮਲ ਸੀ। ਦੱਸਣਯੋਗ ਹੈ ਕਿ ਇਸ ਕਵੀ, ਜਿਸ ਦੀ ਉਮਰ 69 ਸਾਲ ਸੀ ਅਤੇ ਉਹ ਗਦੂਦਾਂ ਦੇ ਕੈਂਸਰ ਤੋਂ ਪੀੜਤ ਸੀ, ਦੀ ਚਿਲੀ ਦੇ ਰਾਜ-ਪਲਟੇ ਦੀ ਗੜਬੜ ਵਿਚ ਮੌਤ ਹੋ ਗਈ ਸੀ।


## ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਤੰਦੂਰੀਏ ਕੁੱਕ ਦੀ ਫੌਰੀ ਲੋੜ ਹੈ

ਮਿਲਵਾਕੀ (ਵਿਸਕਾਨਸਿਨ) ਵਿਚ ਬਾਲੀਵੁੱਡ ਗਰਿਲ ਅਤੇ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਤੰਦੂਰੀਏ ਕੁੱਕ ਦੀ ਫੌਰੀ ਲੋੜ ਹੈ।
ਰਿਹਾਇਸ਼, ਟਰਾਂਸਪੋਰਟੇਸ਼ਨ ਤੇ ਖਾਣਾ ਮੁਫਤ
ਸੰਪਰਕ ਕਰੋ, ਮਨਜੀਤ ਸਿੰਘ
ਫੋਨ: 262-894-0913
43-44

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA




*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**
**7021 Village Park Way, Dublin, CA 94568**
Email: Homeomedicine@yahoo.com

# ਜਥੇਦਾਰ ਵੱਲੋਂ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਦਾ ਬਾਈਕਾਟ

**ਅੰਮ੍ਰਿਤਸਰ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਰ.ਐਸ.ਐਸ. ਨਾਲ ਸਬੰਧਤ ਰਾਸ਼ਟਰੀ ਸਿੱਖ ਸੰਗਤ ਵੱਲੋਂ 25 ਅਕਤੂਬਰ ਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਕਰਵਾਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ ਵਿਚ ਸਿੱਖਾਂ ਨੂੰ ਸ਼ਾਮਲ ਹੋਣ ਤੋਂ ਵਰਜ ਦਿੱਤਾ।



ਜਥੇਦਾਰ ਨੇ ਕਿਹਾ ਕਿ ਇਸ ਸਬੰਧੀ ਜੁਲਾਈ 2004 ਵਿਚ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤਾ ਗਿਆ ਸੰਦੇਸ਼ ਅੱਜ ਵੀ ਜਿਉਂ ਦਾ ਤਿਉਂ ਕਾਇਮ ਹੈ ਅਤੇ ਸਿੱਖ ਕੌਮ ਇਸ ਉਪਰ ਪਹਿਰਾ ਦੇਵੇ। ਇਸ ਹੁਕਮ ਤੋਂ ਸਪੱਸ਼ਟ ਹੈ ਕਿ ਅਕਾਲ ਤਖਤ ਵੱਲੋਂ ਸ਼ੱਕੀ ਕਿਰਦਾਰ ਵਾਲੀਆਂ ਕਰਾਰ ਦਿੱਤੀਆਂ ਜਥੇਬੰਦੀਆਂ ਅਤੇ ਵਿਅਕਤੀਆਂ ਆਦਿ ਨੂੰ ਕਿਸੇ ਵੀ ਤਰ੍ਹਾਂ ਸਿੱਖ ਕੌਮ ਵੱਲੋਂ ਸਹਿਯੋਗ ਨਹੀਂ ਦਿੱਤਾ ਜਾ ਸਕਦਾ। ਗੁਰੂ ਸਾਹਿਬਾਨ ਨੇ ਸਾਰੀ ਲੋਕਾਈ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਕਿਸੇ ਵੀ ਦੂਜੇ ਧਰਮ ਦੇ ਧਾਰਮਿਕ ਵਿਸ਼ਵਾਸ, ਮਰਿਆਦਾ ਤੇ ਇਤਿਹਾਸ ਵਿਚ ਦਖਲਅੰਦਾਜ਼ੀ ਨਹੀਂ ਕਰਦਾ ਅਤੇ ਨਾ ਹੀ ਕਿਸੇ ਧਰਮ ਦੀ ਸਿੱਖ ਧਰਮ ਵਿੱਚ ਦਖਲਅੰਦਾਜ਼ੀ ਨੂੰ ਬਰਦਾਸ਼ਤ ਕਰਦਾ ਹੈ। ਸਿੱਖ ਇਤਿਹਾਸ ਨੂੰ ਕਿਸੇ ਹੋਰ ਧਰਮ ਵਿਚ ਰਲਗੱਡ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਸਿੱਖ ਇਕ ਵੱਖਰੀ ਕੌਮ ਹੈ, ਜਿਸ ਦੀ ਵੱਖਰੀ ਪਛਾਣ ਹੈ ਤੇ ਇਸ ਦਾ ਵਿਲੱਖਣ ਇਤਿਹਾਸ ਹੈ। ਦੱਸਣਯੋਗ ਹੈ ਕਿ 2004 ਵਿਚ ਰਾਸ਼ਟਰੀ ਸਿੱਖ ਸੰਗਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਇਕ ਯਾਤਰਾ ਕਰਾਈ ਗਈ ਸੀ, ਜਿਸ ਦਾ ਸਿੱਖ ਕੌਮ ਵੱਲੋਂ ਵਿਰੋਧ ਕੀਤੇ ਜਾਣ ਮਗਰੋਂ ਪੰਜ ਸਿੰਘ ਸਾਹਿਬਾਨ ਵੱਲੋਂ ਰਾਸ਼ਟਰੀ ਸਿੱਖ ਸੰਗਤ ਨੂੰ ਸਹਿਯੋਗ ਨਾ ਦੇਣ ਦਾ ਆਦੇਸ਼ ਦਿੱਤਾ ਸੀ। ਇਹ ਆਦੇਸ਼ ਜਾਰੀ ਕਰਨ ਵਾਲੇ ਪੰਜ ਸਿੰਘ ਸਾਹਿਬਾਨ ਵਿਚ ਉਸ ਵੇਲੇ ਗਿਆਨੀ ਗੁਰਬਚਨ ਸਿੰਘ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਸ਼ਾਮਲ ਸਨ। ਉਸ ਵੇਲੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਨ। ਇਸ ਸੰਦੇਸ਼ 'ਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਵੀ ਦਸਤਖਤ ਕੀਤੇ ਗਏ ਸਨ।ਯਾਦ ਰਹੇ ਕਿ ਰਾਸ਼ਟਰੀ ਸਿੱਖ ਸੰਗਤ ਵੱਲੋਂ ਪ੍ਰਕਾਸ਼ਿਤ ਸੱਦਾ ਪੱਤਰ ਵਿਚ ਸਮਾਗਮ ਦੀ ਪ੍ਰਧਾਨਗੀ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਸੌਂਪੀ ਗਈ ਸੀ। ਸਮਾਗਮ ਦੇ ਮੁੱਖ ਵਕਤਾ ਆਰ.ਐਸ.ਐਸ. ਦੇ ਮੁਖੀ ਡਾ. ਮੋਹਨ ਰਾਓ ਭਾਗਵਤ ਸਨ। ਮੁੱਖ ਮਹਿਮਾਨ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਅਤੇ ਨਿਰਮਲ ਅਖਾੜਾ ਹਰਿਦੁਆਰ ਦੇ ਮਹੰਤ ਸੰਤ ਗਿਆਨ ਸਨ।

### ਸੰਘ ਨੇ ਸਿੱਖੀ ਨੂੰ ਵੱਖਰਾ ਧਰਮ ਮੰਨਿਆ

**ਜਲੰਧਰ:** ਪੰਥਕ ਧਿਰਾਂ ਵੱਲੋਂ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਦੇ ਬਾਈਕਾਟ ਦਾ ਸੱਦਾ ਦਿੱਤੇ ਜਾਣ ਦੌਰਾਨ ਆਰ.ਐਸ.ਐਸ. ਨੇ ਸਪੱਸ਼ਟ ਕੀਤਾ ਹੈ ਕਿ ਉਹ ਹਮੇਸ਼ਾ ਸਿੱਖਾਂ ਦੀ ਵੱਖਰੀ ਪਛਾਣ ਤੇ ਸਿੱਖੀ ਨੂੰ ਵੱਖਰੇ ਧਰਮ ਵਜੋਂ ਮੰਨਦੀ ਆ ਰਹੀ ਹੈ। ਸੰਘ ਦੇ ਪ੍ਰਚਾਰ ਪ੍ਰਮੁੱਖ ਰਾਮ ਗੋਪਾਲ ਵੱਲੋਂ ਜਾਰੀ ਪੰਜਾਬ ਪ੍ਰਧਾਨ ਬ੍ਰਿਜਭੂਸ਼ਣ ਸਿੰਘ ਬੇਦੀ ਦੇ ਬਿਆਨ ਮੁਤਾਬਕ ਸੰਘ ਦਾ ਦ੍ਰਿਸ਼ਟੀਕੋਣ ਸਿੱਖਾਂ ਬਾਰੇ ਬੜਾ ਸਪੱਸ਼ਟ ਹੈ। ਸੰਨ 2001 ਵਿਚ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਤਤਕਾਲੀ ਉਪ ਚੇਅਰਮੈਨ ਤਰਲੋਚਨ ਸਿੰਘ ਅਤੇ ਸੰਘ ਦੇ ਤਤਕਾਲੀ ਬੁਲਾਰੇ ਮਾਧਵ ਗੋਬਿੰਦ ਵੈਦਯਾ ਦਰਮਿਆਨ ਮੀਟਿੰਗ ਹੋਈ ਸੀ, ਜਿਸ ਬਾਅਦ ਸੰਘ ਨੇ ਤਰਲੋਚਨ ਸਿੰਘ ਨੂੰ ਲਿਖਤੀ ਰੂਪ ਵਿਚ ਦਿੱਤਾ ਸੀ ਕਿ ਸਿੱਖ ਵੀ ਜੈਨ ਤੇ ਬੁੱਧ ਧਰਮ ਵਾਂਗ ਮਾਨਤਾ ਪ੍ਰਾਪਤ ਧਰਮ ਹੈ। ਸ੍ਰੀ ਬੇਦੀ ਨੇ ਕਿਹਾ ਕਿ ਸੰਘ ਮੁੜ ਸਪੱਸ਼ਟ ਕਰ ਰਿਹਾ ਹੈ ਕਿ ਭਾਰਤ ਦੇ ਦੂਜੇ ਧਰਮਾਂ ਵਾਂਗ ਸਿੱਖ ਮਾਨਤਾ ਪ੍ਰਾਪਤ ਧਰਮ ਹੈ ਅਤੇ ਸੰਘ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰਬਾਣੀ ਪ੍ਰਤੀ ਪੂਰੀ ਸ਼ਰਧਾ ਤੇ ਵਿਸ਼ਵਾਸ ਹੈ। ਸੰਘ ਗੁਰਬਾਣੀ ਦੇ ਦੁਨੀਆਂ ਭਰ ਵਿਚ ਪ੍ਰਚਾਰ ਤੇ ਪਾਸਾਰ ਵਿੱਚ ਹਮੇਸ਼ਾ ਸਹਿਯੋਗੀ ਰਿਹਾ ਹੈ। ਇਸ ਲਈ ਸੰਘ ਸਿੱਖ ਗੁਰੂਆਂ ਦੇ ਪ੍ਰਕਾਸ਼ ਉਤਸਵ ਅਤੇ ਸਿੱਖ ਧਰਮ ਨਾਲ ਸਬੰਧਤ ਹੋਰ ਸਾਰੇ ਪੁਰਬ ਤੇ ਤਿਉਹਾਰ ਮਨਾਉਂਦਾ ਆ ਰਿਹਾ ਹੈ।

# ਆਂਗਨਵਾੜੀ ਵਰਕਰਾਂ ਵੱਲੋਂ ਕੈਪਟਨ ਸਰਕਾਰ ਉਤੇ ਚੜ੍ਹਾਈ



**ਪਟਿਆਲਾ:** ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਲਈ ਪੰਜਾਬ ਭਰ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੀਆਂ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀ ਪੁਲਿਸ ਵੱਲੋਂ ਰੇਲਵੇ ਸਟੇਸ਼ਨ ਨੇੜੇ ਹੀ ਘੇਰਾਬੰਦੀ ਕਰ ਲਈ ਗਈ। ਆਪਣੀਆਂ ਮੰਗਾਂ ਲਈ ਇਥੇ ਪੁੱਜੀਆਂ ਇਨ੍ਹਾਂ ਮਹਿਲਾਵਾਂ ਨੇ ਜਦੋਂ ਦੁਪਹਿਰ ਢਲਣ 'ਤੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਵਹੀਰਾਂ ਘੱਤਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਉਨ੍ਹਾਂ ਨੂੰ ਅਜਿਹਾ ਨਹੀਂ ਕਰਨ ਦਿੱਤਾ। ਇਸ ਦੌਰਾਨ ਪੁਲਿਸ ਵੱਲੋਂ ਪ੍ਰਦਨਸ਼ਕਾਰੀਆਂ ਦੀ ਖਿੱਚ ਧੂਹ ਵੀ ਕੀਤੀ ਗਈ। ਦੇਰ ਸ਼ਾਮ ਪ੍ਰਦਰਸ਼ਕਾਰੀ ਧਿਰ ਨੇ ਐਲਾਨ ਕੀਤਾ ਕਿ ਜਦੋਂ ਤੱਕ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਉਨ੍ਹਾਂ ਦੀ ਗੱਲਬਾਤ ਵਾਸਤੇ ਸਮਾਂ ਤੈਅ ਨਹੀਂ ਹੁੰਦਾ, ਉਦੋਂ ਤੱਕ ਉਹ ਅਮਰਿੰਦਰ ਸਿੰਘ ਦੇ ਸ਼ਹਿਰ ਵਿਚ ਹੀ ਡੇਰੇ ਲਾ ਕੇ ਰੱਖਣਗੀਆਂ। ਇਸ ਰੋਸ ਪ੍ਰਦਰਸ਼ਨ ਦੇ ਮੱਦੇਨਜ਼ਰ ਪੁਲਿਸ ਨੇ ਮੁੱਖ ਮੰਤਰੀ ਦੀ ਰਿਹਾਇਸ਼ ਦੁਆਲੇ ਪਹਿਲਾਂ ਹੀ ਸਖਤ ਪਹਿਰਾ ਲਗਾ ਦਿੱਤਾ ਸੀ। ਉਧਰ, ਆਂਗਨਵਾੜੀ ਮੁਲਾਜ਼ਮ ਯੂਨੀਅਨ, ਪੰਜਾਬ ਸੀਟੂ ਦੇ ਸੱਦੇ ਉਤੇ ਪੰਜਾਬ ਭਰ ਵਿਚੋਂ ਪੁੱਜ ਰਹੀਆਂ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਰੇਲਵੇ ਸਟੇਸ਼ਨ ਤੋਂ ਬਾਹਰ ਆਉਂਦਿਆਂ ਹੀ ਪੁਲਿਸ ਬੱਸ ਸਟੈਂਡ ਨੇੜਲੇ ਓਵਰ ਬ੍ਰਿਜ ਹੇਠਾਂ ਘੇਰੇ ਵਿਚ ਲੈ ਲੈਂਦੀ ਰਹੀ।

ਇਸ ਦੌਰਾਨ ਐਸ.ਡੀ.ਐਮ. ਵੀ ਪ੍ਰਦਰਸ਼ਨਕਾਰੀਆਂ ਤੋਂ ਮੰਗ ਪੱਤਰ ਲੈਣ ਗਏ ਪਰ ਅੱਗਿਓਂ ਦੋ ਟੁੱਕ ਜਵਾਬ ਮਿਲਿਆ ਕਿ ਜਥੇਬੰਦੀ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਨਾਲ ਗੱਲਬਾਤ ਦਾ ਸਮਾਂ ਤੈਅ ਹੋਏ ਬਗੈਰ ਹੋਰ ਕੁਝ ਵਿਚਾਰਿਆ ਨਹੀਂ ਜਾਵੇਗਾ।

ਦੁਪਹਿਰ ਬਾਅਦ ਉਨ੍ਹਾਂ ਨੇ ਪੁਲਿਸ ਘੇਰਾਬੰਦੀ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤੇ ਮਹਿਲਾ ਪੁਲਿਸ ਦੀ ਇਕ ਵੱਡੀ ਟੁਕੜੀ ਨੂੰ ਪਿੱਛੇ ਧੱਕ ਦਿੱਤਾ। ਇਸ ਤੋਂ ਬਾਅਦ ਪੁਰਸ਼ ਪੁਲਿਸ ਮੁਲਾਜ਼ਮਾਂ ਨੇ ਪ੍ਰਦਸ਼ਨਕਾਰੀਆਂ ਨੂੰ ਘੇਰੇ ਵਿਚ ਲੈ ਕੇ ਮੁੜ ਪੁਲ ਹੇਠਾਂ ਧੱਕ ਦਿੱਤਾ।

# ਹੁਣ ਨਸ਼ਾ ਤਸਕਰੀ ਵਿਚ ਵੀ ਬੋਲਣ ਲੱਗਾ ਲੰਗਾਹ ਦਾ ਨਾਂ

**ਚੰਡੀਗੜ੍ਹ:** ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਵਿਰੁੱਧ ਪੁਲਿਸ ਵੱਲੋਂ ਐਨ.ਡੀ.ਪੀ.ਐਸ. ਐਕਟ (ਅਫੀਮ ਰੱਖਣ) ਦੇ ਦੋਸ਼ਾਂ ਤਹਿਤ ਫੌਜਦਾਰੀ ਕੇਸ ਦਰਜ ਕੀਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਇਕ ਪੁਲਿਸ ਅਫਸਰ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਉਤੇ ਦੱਸਿਆ ਕਿ ਲੰਗਾਹ ਵਿਰੁੱਧ 18, 61, 59 ਅਤੇ 68 ਐਨ.ਡੀ.ਪੀ.ਐਸ. ਐਕਟ ਦੇ ਦੋਸ਼ਾਂ ਦੀ ਪੜਤਾਲ ਚੱਲ ਰਹੀ ਹੈ। ਇਸ ਮਾਮਲੇ ਸਬੰਧੀ ਪੀੜਤ ਧਿਰ ਕਲਾਨੌਰ ਵਾਸੀ ਸੰਦੀਪ ਕੁਮਾਰ, ਜਿਸ ਖਿਲਾਫ਼ ਲੰਗਾਹ ਨੇ ਅਕਾਲੀ-ਭਾਜਪਾ ਹਕੂਮਤ ਵੇਲੇ ਅੱਧਾ ਕਿੱਲੋ ਅਫੀਮ ਰੱਖਣ ਦਾ ਕੇਸ ਦਰਜ ਕਰਾਇਆ ਸੀ, ਨੇ ਪੁਲਿਸ ਤੱਕ ਪਹੁੰਚ ਕੀਤੀ ਹੈ।



ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ ਉਤੇ ਆਧਾਰਤ ਕਮਿਸ਼ਨ ਨੇ ਸੰਦੀਪ ਕੁਮਾਰ ਖਿਲਾਫ਼ ਦਰਜ ਕੇਸ ਝੂਠਾ ਤੇ ਸਿਆਸਤ ਤੋਂ ਪ੍ਰੇਰਿਤ ਹੋਣ ਦੇ ਤੱਥ ਸਾਹਮਣੇ ਲਿਆਂਦੇ ਹਨ। ਇਹ ਕੇਸ 29 ਅਕਤੂਬਰ 2015 ਨੂੰ ਦਰਜ ਕੀਤਾ ਗਿਆ ਸੀ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੇਸ ਝੂਠਾ ਸਾਬਤ ਹੁੰਦਾ ਹੈ ਤਾਂ ਤਫਤੀਸ਼ ਅਫਸਰ ਅਤੇ ਸਾਜ਼ਿਸ਼ ਘੜਨ ਵਾਲੇ ਖਿਲਾਫ਼ ਇਨ੍ਹਾਂ ਧਾਰਾਵਾਂ ਤਹਿਤ ਹੀ ਕੇਸ ਦਰਜ ਕੀਤੇ ਜਾਣ ਦਾ ਕਾਨੂੰਨੀ ਪ੍ਰਬੰਧ ਹੈ ਤੇ ਬਰਾਮਦ ਨਸ਼ੀਲਾ ਪਦਾਰਥ ਵੀ ਸਾਜ਼ਿਸ਼ ਘੜਨ ਵਾਲੇ ਉਤੇ ਹੀ ਪਾਇਆ ਜਾ ਸਕਦਾ ਹੈ।

ਇਸ ਮਾਮਲੇ ਦਾ ਇਕ ਪੱਖ ਇਹ ਵੀ ਹੈ ਕਿ ਸੰਦੀਪ ਕੁਮਾਰ ਖਿਲਾਫ਼ ਦਰਜ ਕੇਸ ਦਾ ਤਫਤੀਸ਼ੀ ਅਧਿਕਾਰੀ ਸੱਤਪਾਲ ਕਾਂਗਰਸ ਸਰਕਾਰ ਆਉਣ ਤੋਂ ਬਾਅਦ ਅਗਾਊਂ ਸੇਵਾ ਮੁਕਤੀ ਲੈ ਗਿਆ ਸੀ। ਸੱਤਪਾਲ ਨਾਮੀ ਪੁਲਿਸ ਇੰਸਪੈਕਟਰ ਨੂੰ ਸੁੱਚਾ ਸਿੰਘ ਲੰਗਾਹ ਦਾ ਕਰੀਬੀ ਮੰਨਿਆ ਜਾ ਰਿਹਾ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਧਾ ਕਿੱਲੋ ਅਫੀਮ ਦਾ ਮਾਮਲਾ ਲੰਗਾਹ ਅਤੇ ਸੱਤਪਾਲ ਖਿਲਾਫ਼ ਦਰਜ ਕੀਤੇ ਜਾਣ ਸਬੰਧੀ ਹਾਲ ਦੀ ਘੜੀ ਜਾਂਚ ਕੀਤੀ ਜਾ ਰਹੀ ਹੈ। ਉਧਰ, ਸੂਤਰਾਂ ਮੁਤਾਬਕ ਜਬਰ ਜਨਾਹ ਦੇ ਦੋਸ਼ਾਂ ਤਹਿਤ ਜੇਲ੍ਹ ਵਿਚ ਬੰਦ ਇਸ ਅਕਾਲੀ ਆਗੂ ਵਿਰੁੱਧ ਪੁਲਿਸ ਵੱਲੋਂ ਹੋਰ ਕੇਸ ਦਰਜ ਕਰਨ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਦੀ ਇਕ ਮਹਿਲਾ ਕਰਮਚਾਰੀ ਵੱਲੋਂ ਸੁੱਚਾ ਸਿੰਘ ਲੰਗਾਹ 'ਤੇ ਬਲਾਤਕਾਰ ਦੇ ਦੋਸ਼ ਲਾਉਣ ਤੋਂ ਬਾਅਦ ਪੁਲਿਸ ਨੇ ਕੇਸ ਦਰਜ ਕੀਤਾ ਸੀ ।

# ਸਰਕਾਰੀ ਜਾਇਦਾਦਾਂ ਉਤੇ ਆਪਣਿਆਂ ਦਾ ਕਬਜ਼ਾ

**ਚੰਡੀਗੜ੍ਹ:** ਪੰਜਾਬ ਵਿਚ ਕਈ ਸਰਕਾਰੀ ਜਾਇਦਾਦਾਂ ਉਤੇ ਸੀਨੀਅਰ ਅਧਿਕਾਰੀਆਂ ਅਤੇ ਕਈ ਵਿਭਾਗਾਂ ਦਾ ਵਰ੍ਹਿਆਂ ਤੋਂ ਕਬਜ਼ਾ ਚਲਿਆ ਆ ਰਿਹਾ ਹੈ। ਸੂਬਾ ਸਰਕਾਰ ਵੱਲੋਂ ਤਿਆਰ ਕੀਤੀ ਗਈ ਸੂਚੀ 'ਚ ਇਹ ਖੁਲਾਸਾ ਹੋਇਆ ਹੈ। ਕਈ ਵਿਭਾਗਾਂ ਨੇ ਤਾਂ ਲੱਖਾਂ ਰੁਪਏ ਵਿਚ ਬਣਦਾ ਕਿਰਾਇਆ ਵੀ ਅਦਾ ਨਹੀਂ ਕੀਤਾ ਹੈ। ਜ਼ਿਆਦਾਤਰ ਕੇਸਾਂ ਵਿਚ ਪੁਲਿਸ ਵਿਭਾਗ ਸਰਕਾਰੀ ਜਾਇਦਾਦਾਂ ਉਤੇ ਕਾਬਜ਼ ਹੈ ਅਤੇ ਇਨ੍ਹਾਂ 'ਚੋਂ ਕੁਝ ਤਾਂ ਪਿਛਲੇ 30 ਸਾਲਾਂ ਤੋਂ ਉਥੇ ਟਿਕੇ ਹੋਏ ਹਨ। ਮੁੱਖ ਸਕੱਤਰ ਦੇ ਦਫਤਰ ਵੱਲੋਂ ਮੰਗੀ ਗਈ ਜਾਣਕਾਰੀ ਦੇ ਆਧਾਰ 'ਤੇ ਪਤਾ ਲੱਗਿਆ ਕਿ ਵੱਖ-ਵੱਖ ਵਿਭਾਗਾਂ ਨੇ 150 ਤੋਂ ਵੱਧ ਥਾਵਾਂ ਉਤੇ ਕਬਜ਼ੇ ਕੀਤੇ ਹੋਏ ਹਨ। ਪੀ.ਡਬਲਿਊ.ਡੀ. ਦੀ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਚੰਡੀਗੜ੍ਹ ਦੇ ਸੈਕਟਰ-39 ਅਤੇ ਅੰਮ੍ਰਿਤਸਰ ਦੀ ਟੇਲਰ ਰੋਡ ਉਤੇ ਸਥਿਤ ਸਰਕਾਰੀ ਰਿਹਾਇਸ਼ ਵਿਚ ਆਈ.ਏ.ਐਸ., ਪੁਲਿਸ ਅਤੇ ਪੀ.ਸੀ.ਐਸ. ਅਧਿਕਾਰੀ ਠਹਿਰੇ ਹੋਏ ਹਨ ਅਤੇ ਉਨ੍ਹਾਂ ਪਿਛਲੇ ਦੋ ਸਾਲਾਂ ਤੋਂ ਕਿਰਾਇਆ ਨਹੀਂ ਭਰਿਆ ਹੈ। ਵਿਭਾਗ ਨੇ ਲੱਖਾਂ ਵਿਚ ਬਣਦਾ ਕਿਰਾਇਆ ਵਸੂਲਣ ਦੇ ਹੁਕਮ ਦਿੱਤੇ ਹਨ। ਬਠਿੰਡਾ ਦੇ ਪੀ.ਡਬਲਿਊ.ਡੀ. ਰੈਸਟ ਹਾਊਸ ਤੇ ਬਠਿੰਡਾ ਦੇ ਆਈ.ਜੀ. ਦਫਤਰ ਵੱਲੋਂ ਪਿਛਲੇ 11 ਸਾਲਾਂ ਤੋਂ ਕਬਜ਼ਾ ਕੀਤਾ ਹੋਇਆ ਹੈ ਜਿਸ ਦਾ ਕਿਰਾਇਆ 1.69 ਕਰੋੜ ਰੁਪਏ ਬਕਾਇਆ ਪਿਆ ਹੈ। ਲੁਧਿਆਣਾ ਦੇ ਸਿਵਲ ਲਾਈਨਜ਼ ਵਿਚ ਪੈਂਦੇ ਪੀ.ਡਬਲਿਊ.ਡੀ. ਰੈਸਟ ਹਾਊਸ ਵਿਚ ਵੀ ਲੁਧਿਆਣਾ ਰੇਂਜ ਦੇ ਡੀ.ਆਈ.ਜੀ. ਦੀ ਰਿਹਾਇਸ਼ ਹੈ।

# ਮੋਦੀ ਸਰਕਾਰ ਦੀ ਦੇਸ਼ ਭਗਤੀ 'ਤੇ ਸੁਪਰੀਮ ਕੋਰਟ ਨੇ ਕੀਤੇ ਸਵਾਲ

**ਨਵੀਂ ਦਿੱਲੀ:** ਦੇਸ਼ ਭਰ ਦੇ ਸਿਨਮਿਆਂ ਵਿਚ ਕੌਮੀ ਤਰਾਨਾ ਵਜਾਏ ਜਾਣ ਸਬੰਧੀ ਆਪਣੇ ਪਹਿਲੇ ਹੁਕਮਾਂ ਵਿਚ ਸੋਧ ਕਰਦਿਆਂ ਸੁਪਰੀਮ ਕੋਰਟ ਨੇ ਸਾਫ ਕੀਤਾ ਕਿ ਲੋਕਾਂ ਨੂੰ ਆਪਣੀ ਕੌਮਪ੍ਰਸਤੀ ਸਾਬਤ ਕਰਨ ਲਈ ਕੌਮੀ ਤਰਾਨਾ ਗਾਏ ਜਾਣ ਸਮੇਂ ਖੜ੍ਹੇ ਹੋਣ ਦੀ ਲੋੜ ਨਹੀਂ ਹੈ ਤੇ ਉਨ੍ਹਾਂ ਨੂੰ 'ਆਪਣੀਆਂ ਬਾਹਾਂ 'ਤੇ ਦੇਸ਼ ਭਗਤੀ ਦਾ ਬੋਝ' ਚੁੱਕਣ ਦੀ ਵੀ ਜ਼ਰੂਰਤ ਨਹੀਂ ਹੈ। ਨਾਲ ਹੀ ਅਦਾਲਤ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਸਿਨਮਿਆਂ ਵਿਚ ਫਿਲਮ ਤੋਂ ਪਹਿਲਾਂ ਕੌਮੀ ਤਰਾਨਾ ਵਜਾਉਣ ਸਬੰਧੀ ਨਿਯਮ ਤੈਅ ਕਰਨ ਵਾਸਤੇ ਨੈਸ਼ਨਲ ਫਲੈਗ ਕੋਡ ਵਿਚ ਤਰਮੀਮ ਲਈ ਵਿਚਾਰ ਕਰੇ।

### ਕੌਮੀ ਤਰਾਨੇ ਬਾਰੇ ਦੇਸ਼ ਭਗਤੀ ਸਾਬਤ ਕਰਨ ਦੀ ਲੋੜ ਨਹੀਂ



ਬੈਂਚ ਨੇ ਇਹ ਵੀ ਆਖਿਆ ਕਿ ਜੇ ਕੋਈ ਵਿਅਕਤੀ ਕੌਮੀ ਤਰਾਨਾ 'ਜਨ ਗਨ ਮਨ' ਗਾਏ ਜਾਣ ਸਮੇਂ ਖੜ੍ਹਾ ਨਹੀਂ ਹੁੰਦਾ ਤਾਂ ਇਸ ਸਾਬਤ ਨਹੀਂ ਹੁੰਦਾ ਕਿ ਉਹ 'ਘੱਟ ਦੇਸ਼ ਭਗਤ' ਹੈ। ਅਦਾਲਤ ਨੇ ਹੋਰ ਵੱਡੀ ਟਿੱਪਣੀ ਕਰਦਿਆਂ ਕਿਹਾ, "ਅਗਲੀ ਵਾਰ ਸਰਕਾਰ ਆਖੇਗੀ ਕਿ ਲੋਕ ਸਿਨਮਿਆਂ ਵਿਚ ਟੀ-ਸ਼ਰਟਾਂ ਤੇ ਨਿੱਕਰਾਂ ਨਾ ਪਾ ਕੇ ਆਉਣ, ਕਿਉਂਕਿ ਇਸ ਨਾਲ ਕੌਮੀ ਤਰਾਨੇ ਦਾ ਅਨਾਦਰ ਹੋਵੇਗਾ।"

ਅਦਾਲਤ ਨੇ ਸਾਫ ਕੀਤਾ ਕਿ ਉਹ ਸਰਕਾਰ ਨੂੰ 'ਆਪਣੇ (ਅਦਾਲਤ ਦੇ) ਮੋਢੇ ਉਤੇ ਰੱਖ ਕੇ ਬੰਦੂਕ ਚਲਾਉਣ' ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਸਰਕਾਰ ਨੂੰ ਸਿਨਮਿਆਂ ਵਿਚ ਕੌਮੀ ਤਰਾਨੇ ਲਈ ਖ਼ੁਦ ਨਿਯਮ ਬਣਾਉਣੇ ਹੋਣਗੇ। ਅਦਾਲਤ ਨੇ ਕਿਹਾ ਕਿ ਕੇਂਦਰ ਨੂੰ ਸੁਪਰੀਮ ਕੋਰਟ ਦੇ ਪਹਿਲੇ ਹੁਕਮਾਂ ਵੱਲ ਧਿਆਨ ਦਿੱਤੇ ਬਿਨਾਂ ਨਿਯਮ ਬਣਾਉਣ ਸਬੰਧੀ ਗੌਰ ਕਰਨੀ ਚਾਹੀਦੀ ਹੈ। ਬੈਂਚ ਨੇ ਨਾਲ ਹੀ ਨੇ ਸੰਕੇਤ ਦਿੱਤਾ ਕਿ ਉਹ ਸਿਨਮਿਆਂ ਵਿਚ ਫਿਲਮ ਤੋਂ ਪਹਿਲਾਂ ਕੌਮੀ ਤਰਾਨਾ ਵਜਾਏ ਜਾਣ ਸਬੰਧੀ ਆਪਣੇ 30 ਨਵੰਬਰ, 2016 ਦੇ ਹੁਕਮਾਂ ਵਿਚ ਸੋਧ ਕਰ ਸਕਦੀ ਹੈ ਅਤੇ ਇਸ ਵਿਚ ਕੌਮੀ ਤਰਾਨਾ 'ਵਜਾਇਆ ਜਾਣਾ ਚਾਹੀਦਾ' ਦੀ ਥਾਂ 'ਵਜਾਇਆ ਜਾ ਸਕਦਾ' ਪਾ ਸਕਦੀ ਹੈ।

ਦੂਜੇ ਪਾਸੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਪੇਸ਼ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਕਿਹਾ ਕਿ ਭਾਰਤ ਇਕ ਵੰਨ-ਸੁਵੰਨਾ ਮੁਲਕ ਹੈ ਅਤੇ ਇਸ ਵਿਚ ਇਕਸਾਰਤਾ ਲਈ ਸਿਨਮਿਆਂ ਵਿਚ ਕੌਮੀ ਤਰਾਨਾ ਵਜਾਇਆ ਜਾਣਾ ਚਾਹੀਦਾ ਹੈ।

## ਸਾਹਿਤਕਾਰ ਡਾ. ਗੁਰਚਰਨ ਸਿੰਘ ਔਲਖ ਦਾ ਦੇਹਾਂਤ

**ਜ਼ੀਰਕਪੁਰ:** ਉਘੇ ਸਾਹਿਤਕਾਰ ਡਾ. ਗੁਰਚਰਨ ਸਿੰਘ ਔਲਖ ਦਾ ਦੇਹਾਂਤ ਹੋ ਗਿਆ। 82 ਸਾਲ ਦੇ ਸ੍ਰੀ ਔਲਖ ਕਈ ਸਾਲ ਤੋਂ ਦਿਲ ਦੀ ਬਿਮਾਰੀ ਤੋਂ ਪੀੜਤ ਸਨ।

ਦੀਵਾਲੀ ਵਾਲੇ ਦਿਨ ਉਹ ਸੈਰ ਕਰਨ ਮਗਰੋਂ ਘਰ ਵਿਚ ਆਰਾਮ ਕਰ ਰਹੇ ਸਨ ਤੇ ਤਕਰੀਬਨ ਸਾਢੇ ਗਿਆਰਾਂ ਵਜੇ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਉਹ ਇਥੋਂ ਦੇ ਪੀਰਮੁਛੱਲਾ ਖੇਤਰ ਵਿਚ ਬਾਲੀਵੁੱਡ ਹਾਈਟਸ ਸੁਸਾਇਟੀ ਵਿਚ ਰਹਿ ਰਹੇ ਸਨ। ਉਨ੍ਹਾਂ ਦਾ ਜੱਦੀ ਪਿੰਡ ਕੋਹਾੜਾ (ਜ਼ਿਲ੍ਹਾ ਫਿਰੋਜ਼ਪੁਰ) ਸੀ।

# ਅਕਾਲੀ ਦਲ ਵੱਲੋਂ ਗੁਰਦਾਸਪੁਰ ਚੋਣ ਵਿਚ ਹਾਰ ਦੇ ਕਾਰਨਾਂ ਦਾ ਮੰਥਨ

**ਲੰਬੀ:** ਸ਼੍ਰੋਮਣੀ ਅਕਾਲੀ ਦਲ ਬਾਦਲ ਗੁਰਦਾਸਪੁਰ ਚੋਣ ਵਿਚ ਹਾਰ ਦੇ ਕਾਰਨਾਂ ਦਾ ਮੰਥਨ ਕਰਨ ਵਿਚ ਜੁਟ ਗਿਆ ਹੈ। ਪਿੰਡ ਬਾਦਲ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਹਲਕਾਵਾਰ ਵੋਟਾਂ ਘਟਣ ਬਾਰੇ ਲੀਡਰਾਂ ਦੀ ਜਵਾਬ ਤਲਬੀ ਵੀ ਕੀਤੀ ਗਈ। ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਦੀ ਅਸ਼ਲੀਲ ਵੀਡੀਓ ਵਾਇਰਲ ਹੋਣ, ਕਾਂਗਰਸ ਦੀ ਹਮਲਾਵਰ ਚੋਣ ਮੁਹਿੰਮ ਅਤੇ ਦਹਿਸ਼ਤ ਭਰੇ ਮਾਹੌਲ ਨੂੰ ਕਾਂਗਰਸ ਉਮੀਦਵਾਰ ਦੀ ਵੱਡੀ ਜਿੱਤ ਦਾ ਕਾਰਨ ਮੰਨਿਆ ਗਿਆ। ਜ਼ਿਆਦਾਤਰ ਕੋਰ ਕਮੇਟੀ ਮੈਂਬਰਾਂ ਨੇ ਜ਼ਿਮਨੀ ਚੋਣਾਂ 'ਚ ਹਾਕਮ ਧਿਰ ਦਾ ਹੱਥ 'ਤੇ ਰਹਿਣ ਦੀ ਗੱਲ ਆਖੀ।

ਜਾਣਕਾਰੀ ਮੁਤਾਬਕ ਇਸ ਜ਼ਿਮਨੀ ਚੋਣ ਦਾ ਅਸਰ ਕੌਮੀ ਪੱਧਰ 'ਤੇ ਮੰਨੇ ਜਾਣ ਕਾਰਨ ਭਾਜਪਾ ਹਾਈਕਮਾਂਡ ਅਕਾਲੀ ਦਲ ਨਾਲ ਨਾਰਾਜ਼ ਹੈ। ਮੀਟਿੰਗ ਬਾਅਦ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਦੱਸਿਆ ਕਿ ਜ਼ਿਮਨੀ ਚੋਣ 'ਚ ਅਕਾਲੀ ਦਲ ਦਾ ਗ੍ਰਾਫ ਵਧਿਆ ਹੈ। ਅਸੈਂਬਲੀ ਚੋਣਾਂ ਸਮੇਂ ਤੀਜੇ ਨੰਬਰ ਉਤੇ ਸੀ ਹੁਣ ਦੂਜੇ ਸਥਾਨ 'ਤੇ ਆ ਗਏ ਹਾਂ। ਸੂਤਰਾਂ ਮੁਤਾਬਕ ਮੀਟਿੰਗ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਵੀ ਚਰਚਾ ਹੋਈ। ਲਗਭਗ ਤਿੰਨ ਘੰਟੇ ਚੱਲੀ ਮੀਟਿੰਗ ਦੌਰਾਨ ਬਾਦਲ ਪਰਿਵਾਰ ਦੀ ਰਿਹਾਇਸ਼ ਉਤੇ ਬਾਹਰੀ ਆਮਦ 'ਤੇ ਪਾਬੰਦੀ ਰਹੀ।

ਸੂਬਾਈ ਸਰਕਾਰ ਦੀਆਂ ਸੂਹੀਆ ਨਜ਼ਰਾਂ ਬਾਦਲਾਂ ਦੀ ਰਿਹਾਇਸ਼ 'ਤੇ ਟਿਕੀਆਂ ਰਹੀਆਂ। ਅਕਾਲੀ ਦਲ ਨੇ ਕੈਪਟਨ ਸਰਕਾਰ ਦੇ ਕਿਸਾਨ ਕਰਜ਼ਾ ਮੁਆਫੀ ਨੋਟੀਫਿਕੇਸ਼ਨ ਨੂੰ ਧੋਖਾਦੇਹੀ ਕਰਾਰ ਦਿੱਤਾ ਅਤੇ ਲਾਏ ਨਵੇਂ ਕਰਾਂ 'ਤੇ ਚਿੰਤਾ ਪ੍ਰਗਟਾਈ। ਕੋਰ ਕਮੇਟੀ ਨੇ ਇਨ੍ਹਾਂ ਕਰਾਂ ਨੂੰ ਜੀ.ਐਸ.ਟੀ. ਦੀ ਆਤਮਾ ਖਿਲਾਫ਼ ਦੱਸਦਿਆਂ ਇਨ੍ਹਾਂ ਨੂੰ ਤੁਰਤ ਵਾਪਸ ਲੈਣ ਦੀ ਮੰਗ ਕੀਤੀ। ਕੋਰ ਕਮੇਟੀ ਨੇ ਪੈਟਰੋਲ ਤੇ ਡੀਜ਼ਲ ਉਤੇ ਵੈਟ ਘੱਟ ਕਰਨ ਦੀ ਮੰਗ ਕੀਤੀ। ਕੋਰ ਕਮੇਟੀ ਨੇ ਕੈਪਟਨ ਸਰਕਾਰ ਦੇ 800 ਪ੍ਰਾਇਮਰੀ ਸਕੂਲ ਬੰਦ ਕਰਨ ਦੇ ਫੈਸਲੇ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਕਿ ਇਸ ਨਾਲ 12 ਹਜ਼ਾਰ ਬੱਚੇ ਪ੍ਰਭਾਵਿਤ ਹੋਣਗੇ। ਕੋਰ ਕਮੇਟੀ ਦੀ ਮੀਟਿੰਗ ਵਿਚੋਂ ਸ਼੍ਰੋਮਣੀ ਕਮੇਟੀ ਪ੍ਰਧਾਨ-ਕਮ-ਕੋਰ ਕਮੇਟੀ ਮੈਂਬਰ ਕਿਰਪਾਲ ਸਿੰਘ ਬਡੂੰਗਰ ਗੈਰਹਾਜ਼ਰ ਰਹੇ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਇਸ ਮੀਟਿੰਗ 'ਚ ਮੌਜੂਦ ਸਨ। ਜਾਣਕਾਰੀ ਮੁਤਾਬਕ ਕਾਂਗਰਸ ਦੇ ਸੱਤਾ ਵਿਚ ਆਉਣ ਮਗਰੋਂ ਅਕਾਲੀ ਹਾਈਕਮਾਂਡ ਤੇ ਪ੍ਰੋ. ਬਡੂੰਗਰ ਦੇ ਸਬੰਧਾਂ ਵਿਚ ਫਰਕ ਪਿਆ ਹੈ। ਇਸ ਨੂੰ ਪ੍ਰੋ. ਬਡੂੰਗਰ ਤੇ ਕੈਪਟਨ ਪਰਿਵਾਰ ਦੀ ਪਟਿਆਲਾ ਵਾਲੀ ਸਾਂਝ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਇਸ ਲਈ ਨਵੰਬਰ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਨਵੇਂ ਚਿਹਰੇ ਦੀ ਪਰਚੀ ਨਿਕਲ ਸਕਦੀ ਹੈ।



## ਲੋਕ ਵਿਰੋਧੀ ਨੀਤੀਆਂ ਕਾਰਨ ਹਾਰਿਆ ਗੱਠਜੋੜ: ਜਾਖੜ

ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਅਤੇ ਗੁਰਦਾਸਪੁਰ ਤੋਂ ਜੇਤੂ ਰਹੇ ਸੁਨੀਲ ਜਾਖੜ ਨੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਨੂੰ ਪਿਛਲੇ 10 ਸਾਲਾਂ ਵਿਚ ਅਪਣਾਈਆਂ ਗਈਆਂ ਲੋਕ ਵਿਰੋਧੀ ਨੀਤੀਆਂ ਕਰ ਕੇ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਜਿੱਤ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਫਤਵਾ ਹੈ।

## ਭਾਜਪਾ ਨੇ ਹਾਰ ਦਾ ਠੀਕਰਾ ਅਕਾਲੀ ਦਲ ਸਿਰ ਭੰਨਿਆ

**ਚੰਡੀਗੜ੍ਹ:** ਪੰਜਾਬ ਭਾਜਪਾ ਨੇ ਗੁਰਦਾਸਪੁਰ ਜ਼ਿਮਨੀ ਚੋਣ ਵਿਚ ਹਾਰ ਲਈ ਭਾਈਵਾਲ ਅਕਾਲੀ ਦਲ ਨੂੰ ਜ਼ਿੰਮੇਵਾਰ ਦੱਸਿਆ ਹੈ। ਹਾਰ ਦੇ ਮੰਥਨ ਲਈ ਕੀਤੀ ਬੈਠਕ ਵਿਚ ਸੂਬਾ ਪ੍ਰਧਾਨ ਵਿਜੈ ਸਾਂਪਲਾ ਦੀ ਪ੍ਰਧਾਨਗੀ ਵਿਚ ਹੋਈ। ਬੈਠਕ 'ਚ ਇਹ ਸਿੱਟਾ ਵੀ ਕੱਢਿਆ ਗਿਆ ਕਿ ਸਰਕਾਰੀ ਮਸ਼ੀਨਰੀ ਦੀ ਯੋਜਨਾਬੱਧ ਦੁਰਵਰਤੋਂ ਕਾਰਨ ਕਾਂਗਰਸ ਨੇ ਇਹ ਚੋਣ ਜਿੱਤੀ ਹੈ। ਇਸ ਤੋਂ ਇਲਾਵਾ ਸਾਬਕਾ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਨਾਲ ਸਬੰਧਤ ਮਾਮਲੇ ਅਤੇ ਅਕਾਲੀ ਦਲ ਦਾ ਵੋਟ ਬੈਂਕ ਉਨ੍ਹਾਂ ਦੇ ਹੱਕ ਵਿਚ ਨਾ ਭੁਗਤਣ ਬਾਰੇ ਵੀ ਤਲਖ ਸੁਰਾਂ ਉੱਠੀਆਂ। ਇਸ ਬੈਠਕ ਵਿਚ ਸ਼ਾਮਲ ਮਾਝੇ ਨਾਲ ਸਬੰਧਤ ਇਕ ਭਾਜਪਾ ਨੇਤਾ ਨੇ ਦੱਸਿਆ ਕਿ ਸਮੀਖਿਆ ਬੈਠਕ ਹਾਰ ਦੇ ਕਾਰਨਾਂ ਦਾ ਪਤਾ ਲਾਉਣ ਲਈ ਸੱਦੀ ਗਈ ਸੀ ਅਤੇ ਹਾਰ ਦਾ ਕਾਰਨ ਸਿਰਫ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਹੀ ਨਹੀਂ ਸੀ, ਬਲਕਿ ਹੋਰ ਕਾਰਨ ਵੀ ਸਨ, ਜਿਨ੍ਹਾਂ ਵਿਚ ਲੰਗਾਹ ਮਾਮਲਾ ਵੀ ਸ਼ਾਮਲ ਸੀ। ਬੈਠਕ ਮਗਰੋਂ ਸਾਂਪਲਾ ਨੇ ਕਿਹਾ ਕਿ ਪਹਿਲੇ ਹੀ ਦਿਨ ਤੋਂ ਪੰਜਾਬ ਦੀ ਕਾਂਗਰਸ ਸਰਕਾਰ ਸਿਆਸੀ ਬਦਲਾਖੋਰੀ ਦੀ ਭਾਵਨਾ ਨਾਲ ਕੰਮ ਕਰ ਰਹੀ ਸੀ ਅਤੇ ਉਸੇ ਦੀ ਉਦਾਹਰਨ ਪ੍ਰਤੱਖ ਰੂਪ 'ਚ ਇਸ ਚੋਣ ਵਿਚ ਨਜ਼ਰ ਆਈ।



# ਤਾਜ ਮਹੱਲ ਵਿਵਾਦ ਤੋਂ ਬਾਅਦ ਭਾਜਪਾ ਵਾਲੇ ਹੁਣ ਟੀਪੂ ਸੁਲਤਾਨ ਦੁਆਲੇ ਹੋਏ



**ਬੰਗਲੂਰੂ:** ਕੇਂਦਰੀ ਮੰਤਰੀ ਅਨੰਤ ਕੁਮਾਰ ਹੇਗੜੇ ਨੇ ਕਰਨਾਟਕਾ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਟੀਪੂ ਸੁਲਤਾਨ ਨੂੰ ਹਿੰਦੂ ਵਿਰੋਧੀ ਤੇ ਜ਼ਾਲਮ ਕਰਾਰ ਦਿੰਦੇ ਹੋਏ ਰਾਜ ਵਿਚ ਹੋਣ ਵਾਲੇ ਟੀਪੂ ਜੈਅੰਤੀ ਨਾਲ ਜੁੜੇ ਸਮਾਗਮਾਂ ਵਿਚ ਸੱਦਾ ਨਾ ਭੇਜਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਕਰਨਾਟਕ ਸਰਕਾਰ ਨੇ ਹਰ ਸਾਲ 10 ਨਵੰਬਰ ਨੂੰ ਟੀਪੂ ਜੈਅੰਤੀ ਮਨਾਉਣ ਦਾ ਐਲਾਨ ਕੀਤਾ ਹੈ। ਹੇਗੜੇ ਦੇ ਇਸ ਪੱਤਰ ਨਾਲ ਕਰਨਾਟਕ ਦੀ ਸਿਆਸਤ 'ਚ ਉਬਾਲ ਆ ਗਿਆ ਹੈ।

ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਵਿਚ ਤਾਜ ਮਹੱਲ ਸਬੰਧੀ ਵਿਵਾਦ ਚੱਲ ਰਿਹਾ ਸੀ। ਤਾਜ ਮਹੱਲ ਨੂੰ ਲੈ ਪੂਰਾ ਵਿਵਾਦ ਉਦੋਂ ਸ਼ੁਰੂ ਹੋਇਆ ਸੀ ਜਦੋਂ ਭਾਜਪਾ ਵਿਧਾਇਕ ਸੰਗੀਤ ਸੋਮ ਨੇ ਬਿਆਨ ਦਿੱਤਾ ਸੀ ਕਿ ਤਾਜ ਮਹੱਲ ਭਾਰਤੀ ਸੱਭਿਆਚਾਰ 'ਤੇ ਇਕ ਧੱਬਾ ਹੈ। ਤਾਜ ਮਹੱਲ ਦੇ ਨਿਰਮਾਤਾ ਸ਼ਾਹਜਹਾਂ ਨੇ ਆਪਣੇ ਪਿਤਾ ਨੂੰ ਕੈਦ ਕਰ ਦਿੱਤਾ ਸੀ। ਉਹ ਹਿੰਦੂਆਂ ਨੂੰ ਖਤਮ ਕਰਨਾ ਚਾਹੁੰਦਾ ਸੀ। ਜੇ ਇਹ ਸਾਡੇ ਇਤਿਹਾਸ ਦਾ ਹਿੱਸਾ ਹੈ ਤਾਂ ਇਹ ਸਾਡੇ ਲਈ ਦੁੱਖ ਦੀ ਗੱਲ ਹੈ ਤੇ ਅਸੀਂ ਇਹ ਇਤਿਹਾਸ ਬਦਲ ਦੇਵਾਂਗੇ।

## ਯੋਗੀ ਨੇ ਸਮਝਾਇਆ ਰਾਮ ਰਾਜ ਦਾ ਮਤਲਬ

**ਅਯੁੱਧਿਆ:** ਵਿਰੋਧੀ ਧਿਰ ਦੀ ਆਲੋਚਨਾ ਨੂੰ ਭਰਮਾਉਣ ਲਈ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਕਿਹਾ ਹੈ ਕਿ ਮੰਦਰਾਂ ਦੇ ਇਸ ਨਗਰ ਨੂੰ ਵਿਕਸਤ ਕਰਨ ਦੀਆਂ ਸਰਕਾਰ ਦੀਆਂ ਕੋਸ਼ਿਸ਼ਾਂ ਪਿੱਛੇ ਕਿਸੇ ਸਿਆਸਤ ਨੂੰ ਨਹੀਂ ਦੇਖਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਯੁੱਧਿਆ ਤੋਂ ਰਾਮ ਰਾਜ ਦਾ ਵਿਚਾਰ ਆਇਆ ਸੀ ਜਿਥੇ ਨਾ ਕੋਈ ਗਰੀਬੀ ਅਤੇ ਨਾ ਕੋਈ ਵਿਤਕਰਾ ਹੋਵੇ। ਸਰਯੂ ਦਰਿਆ ਦੇ ਕੰਢੇ 'ਤੇ 'ਦੀਪ ਉਤਸਵ' ਮੌਕੇ ਮੁੱਖ ਮੰਤਰੀ ਨੇ ਆਪਣੇ ਵਿਰੋਧੀਆਂ ਨੂੰ ਨਹੀਂ ਬਖ਼ਸ਼ਿਆ। ਉਨ੍ਹਾਂ ਕਿਹਾ ਕਿ ਰਾਮ ਰਾਜ 'ਚ ਹਰੇਕ ਨੂੰ ਘਰ, ਬਿਜਲੀ ਅਤੇ ਗੈਸ ਸਲੰਡਰ ਮਿਲਣੇ ਚਾਹੀਦੇ ਹਨ ਅਤੇ ਉਨ੍ਹਾਂ ਦੇ ਇਨ੍ਹਾਂ ਜਤਨਾਂ ਉਤੇ ਵਿਰੋਧੀ ਧਿਰ ਵੱਲੋਂ ਸਵਾਲ ਉਠਾਏ ਜਾਂਦੇ ਹਨ। ਸਮਾਜਵਾਦੀ ਪਾਰਟੀ ਦੀ ਪਿਛਲੀ ਸਰਕਾਰ ਨੂੰ 'ਰਾਵਣ ਰਾਜ' ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਪਰਿਵਾਰ, ਜਾਤ ਅਤੇ ਧਰਮ ਦੇ ਆਧਾਰ ਉਤੇ ਉਨ੍ਹਾਂ ਵੱਲੋਂ ਵਿਤਕਰਾ ਕੀਤਾ ਜਾਂਦਾ ਸੀ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਰਕਾਰ ਦੇ ਕੰਮਾਂ ਦੀ ਤੁਲਨਾ ਵੀ ਰਾਮ ਰਾਜ ਨਾਲ ਕੀਤੀ।


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com





ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਮਾਂ ਬੋਲੀ ਨੂੰ ਹੱਕ ਦਿਵਾਉਣ ਵਾਲੀ ਮੁਹਿੰਮ ਆਖਰ ਰੰਗ ਲਿਆਈ

**ਬਠਿੰਡਾ:** ਬਠਿੰਡਾ-ਅੰਮ੍ਰਿਤਸਰ ਸ਼ਾਹਰਾਹ ਉਤੇ ਸਾਰੇ ਸਾਈਨ ਬੋਰਡ ਹੁਣ ਪੰਜਾਬੀ ਵਿਚ ਲਿਖੇ ਜਾਣਗੇ। ਪੰਜਾਬ ਸਰਕਾਰ ਨੇ ਇਨ੍ਹਾਂ ਬੋਰਡਾਂ ਉਤੇ ਮਾਂ ਬੋਲੀ ਵਿਚ ਜਾਣਕਾਰੀ ਲਿਖਣ ਦਾ ਫੈਸਲਾ ਕੀਤਾ ਹੈ। ਪੰਜਾਬੀ ਭਾਸ਼ਾ ਪ੍ਰੇਮੀਆਂ ਦੇ ਦਬਾਅ ਮਗਰੋਂ ਲੋਕ ਨਿਰਮਾਣ ਵਿਭਾਗ ਹਰਕਤ ਵਿਚ ਆਇਆ ਅਤੇ ਉਸ ਨੇ ਹੱਥੋਂ ਹੱਥੀਂ ਕੇਂਦਰ ਸਰਕਾਰ ਤੋਂ ਇਸ ਬਾਰੇ ਪ੍ਰਵਾਨਗੀ ਲੈ ਲਈ ਹੈ। ਬਠਿੰਡਾ-ਅੰਮ੍ਰਿਤਸਰ ਕੌਮੀ ਮਾਰਗ ਉਤੇ ਲੱਗੇ ਸਾਈਨ ਬੋਰਡਾਂ ਉਤੇ ਪੰਜਾਬੀ ਨੂੰ ਤੀਜੇ ਨੰਬਰ 'ਤੇ ਰੱਖਿਆ ਗਿਆ ਸੀ ਜਦੋਂ ਕਿ ਹਿੰਦੀ ਨੂੰ ਪਹਿਲਾ ਅਤੇ ਅੰਗਰੇਜ਼ੀ ਨੂੰ ਦੂਜਾ ਸਥਾਨ ਦਿੱਤਾ ਗਿਆ ਸੀ।

ਮਾਲਵਾ ਯੂਥ ਫੈਡਰੇਸ਼ਨ ਤੇ ਪੰਥਕ ਧਿਰਾਂ ਨੇ ਇਸ ਕੌਮੀ ਮਾਰਗ ਉਤੇ ਲੱਗੇ ਸਾਈਨ ਬੋਰਡਾਂ 'ਤੇ ਲਿਖੀ ਹਿੰਦੀ ਤੇ ਅੰਗਰੇਜ਼ੀ 'ਤੇ ਕਾਲਾ ਪੋਚਾ ਫੇਰ ਦਿੱਤਾ। ਫੈਡਰੇਸ਼ਨ ਦਾ ਸਹਿਯੋਗ ਦਲ ਖਾਲਸਾ ਅਤੇ ਹੋਰ ਧਿਰਾਂ ਨੇ ਦਿੱਤਾ। ਦਲ ਖਾਲਸਾ ਦੇ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ ਨੇ ਕਿਹਾ ਕਿ ਕੇਂਦਰ ਦੀ ਹਿੰਦੂਵਾਦੀ ਹਕੂਮਤ ਪੰਜਾਬੀ ਨੂੰ ਮਿਟਾਉਣ 'ਤੇ ਤੁਲੀ ਹੈ। ਲੋਕ ਨਿਰਮਾਣ ਵਿਭਾਗ ਦੇ ਮੁੱਖ ਇੰਜੀਨੀਅਰ (ਕੌਮੀ ਹਾਈਵੇਅ) ਏ.ਕੇ. ਸਿੰਗਲਾ ਨੇ ਦੱਸਿਆ ਕਿ ਬਠਿੰਡਾ-ਅੰਮ੍ਰਿਤਸਰ ਸ਼ਾਹਰਾਹ ਦੇ ਸਾਰੇ ਸਾਈਨ ਬੋਰਡਾਂ ਉਤੇ ਪੰਜਾਬੀ ਭਾਸ਼ਾ ਲਿਖੀ ਜਾਵੇਗੀ। ਕੇਂਦਰ ਸਰਕਾਰ ਤੋਂ ਇਸ ਸਬੰਧੀ ਪ੍ਰਵਾਨਗੀ ਲੈ ਲਈ ਹੈ ਅਤੇ 10 ਨਵੰਬਰ ਤੱਕ ਸ਼ਾਹਰਾਹ ਦੇ ਸਾਰੇ ਬੋਰਡ ਬਦਲ ਦਿੱਤੇ ਜਾਣਗੇ।

## ਸਾਈਨ ਬੋਰਡਾਂ 'ਤੇ ਹੁਣ ਪੰਜਾਬੀ ਨੂੰ ਮਿਲੇਗਾ ਪਹਿਲਾ ਨੰਬਰ



## 'ਆਪ' ਵੱਲੋਂ ਸੰਘਰਸ਼ ਜਾਰੀ ਰੱਖਣ ਦਾ ਅਹਿਦ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਮਾਂ ਬੋਲੀ ਪੰਜਾਬੀ ਦਾ ਸੂਬੇ ਦੀਆਂ ਸੜਕਾਂ ਦੇ ਰਾਹ-ਦਸੇਰਾ ਬੋਰਡਾਂ ਤੋਂ ਲੈ ਕੇ ਰਾਜਧਾਨੀ ਚੰਡੀਗੜ੍ਹ ਦੇ ਦਫਤਰੀ ਕੰਮਾਂ-ਕਾਰਾਂ ਵਿਚ ਰੁਤਬਾ ਬਹਾਲ ਕਰਵਾਉਣ ਲਈ ਪੰਜਾਬੀ ਪ੍ਰੇਮੀਆਂ, ਬੁੱਧੀਜੀਵੀਆਂ, ਸਿਆਸੀ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਜਾਰੀ ਸੰਘਰਸ਼ ਵਿਚ ਸਾਰੇ ਪੰਜਾਬੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਪਾਰਟੀ ਵਿਧਾਇਕ ਅਮਨ ਅਰੋੜਾ ਸਮੇਤ ਹੋਰ ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਆਜ਼ਾਦੀ ਤੋਂ ਬਾਅਦ ਵੀ ਪੰਜਾਬੀ ਭਾਸ਼ਾ ਨਾਲ ਵਿਤਕਰਾ ਬੰਦ ਨਹੀਂ ਹੋਇਆ। ਪੰਜਾਬੀ ਨੂੰ ਅਣਗੌਲਿਆ ਕਰਨ ਲਈ 'ਆਪ' ਨੇ ਕਾਂਗਰਸ ਤੇ ਅਕਾਲੀ-ਭਾਜਪਾ ਨੂੰ ਜ਼ਿੰਮੇਵਾਰ ਠਹਿਰਾਇਆ, ਜੋ 70 ਸਾਲਾਂ ਤੋਂ ਕੇਂਦਰ ਤੇ ਸੂਬੇ ਦੀ ਸੱਤਾ 'ਤੇ ਕਾਬਜ਼ ਚਲੀਆਂ ਆ ਰਹੀਆਂ ਹਨ। ਇੰਨਾ ਹੀ ਨਹੀਂ ਅਕਾਲੀ ਦਲ ਬਾਦਲ ਤਾਂ ਰਾਜ ਸੱਤਾ ਹਾਸਲ ਕਰਨ ਲਈ ਪੰਜਾਬੀ ਭਾਸ਼ਾ ਨੂੰ ਸਿਆਸੀ ਹਥਿਆਰ ਵਜੋਂ ਵਰਤਦਾ ਰਿਹਾ ਹੈ, ਪਰ ਸੱਤਾ ਵਿਚ ਆਉਣ ਮਗਰੋਂ ਬਾਦਲਾਂ ਨੇ ਮਾਂ ਬੋਲੀ ਲਈ ਕਦੇ ਕੋਈ ਠੋਸ ਕਦਮ ਨਹੀਂ ਚੁੱਕਿਆ।

ਅੱਜ ਵੀ ਬਾਦਲ ਪਰਿਵਾਰ ਕੇਂਦਰ ਸਰਕਾਰ ਵਿਚ ਭਾਈਵਾਲ ਹੈ, ਪਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਨਾ ਤਾਂ ਰਾਜਧਾਨੀ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਦਾ ਸਰਕਾਰੀ ਰੁਤਬਾ ਬਹਾਲ ਕਰਨ ਲਈ ਕੁਝ ਕੀਤਾ ਤੇ ਨਾ ਹੀ ਸੂਬੇ ਦੀਆਂ ਸੜਕਾਂ ਦੇ ਰਾਹ-ਦੁਸੇਰੇ ਬੋਰਡਾਂ ਉਪਰ ਪੰਜਾਬੀ ਭਾਸ਼ਾ ਨਾਲ ਹੋ ਰਹੇ ਤੀਜੇ ਦਰਜੇ ਵਾਲੇ ਸਲੂਕ ਵਿਰੁੱਧ ਫੈਸਲਾਕੁੰਨ ਆਵਾਜ਼ ਉਠਾਈ। ਪਾਰਟੀ ਦੇ ਸਹਿ ਪ੍ਰਧਾਨ ਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਬਾਦਲ ਪਰਿਵਾਰ ਤੇ ਕੈਪਟਨ ਅਮਰਿੰਦਰ ਸਿੰਘ ਉਪਰ ਸੱਤਾ ਦੇ ਭੁੱਖੇ ਹੋਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਇਹ ਸੱਤਾ ਹਾਸਲ ਕਰਨ ਲਈ ਸਮਾਜ ਨੂੰ ਵੰਡ ਸਕਦੇ ਹਨ, ਮਾਂ ਬੋਲੀ ਨੂੰ ਵੇਚ ਸਕਦੇ ਹਨ ਤੇ ਸ੍ਰੀ ਗੁਟਕਾ ਸਾਹਿਬ ਨੂੰ ਸਿਰ ਉਤੇ ਰੱਖ ਕੇ ਝੂਠੇ ਵਾਅਦੇ ਕਰ ਸਕਦੇ ਹਨ ਪਰ ਸੱਤਾ ਹਾਸਲ ਹੋਣ ਪਿੱਛੋਂ ਪੰਜਾਬ ਤੇ ਪੰਜਾਬੀਅਤ ਨੂੰ ਲੁੱਟਣ ਤੇ ਕੁੱਟਣ ਵਿਚ ਮਸਰੂਫ਼ ਹੋ ਜਾਂਦੇ ਹਨ। ਅਮਨ ਅਰੋੜਾ ਨੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਪੰਜਾਬੀ ਭਾਸ਼ਾ ਦੇ ਸਨਮਾਨ ਦੀ ਬਹਾਲੀ ਲਈ ਤੁਰੰਤ ਲੋੜੀਂਦੇ ਕਦਮ ਚੁੱਕਣ ਦੀ ਅਪੀਲ ਕੀਤੀ।

# ਬੈਂਸ ਖਿਲਾਫ ਐਫ.ਆਈ.ਆਰ. ਰੱਦ ਕਰਨ ਦੀ ਸਿਫਾਰਸ਼

**ਚੰਡੀਗੜ੍ਹ:** ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਅਕਾਲੀ ਸ਼ਾਸਨ ਦੌਰਾਨ ਦਰਜ ਕੀਤੇ ਗਏ ਕੇਸ 'ਚ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਤੋਂ ਵੱਡੀ ਰਾਹਤ ਮਿਲੀ ਹੈ।



ਕਮਿਸ਼ਨ ਨੇ ਸਿਆਸੀ ਬਦਲਾਖੋਰੀ ਦਾ ਮਾਮਲਾ ਕਰਾਰ ਦਿੰਦਿਆਂ ਸ੍ਰੀ ਬੈਂਸ ਖਿਲਾਫ਼ ਦਰਜ ਐਫ.ਆਈ.ਆਰ. ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਹੈ। ਜਸਟਿਸ ਗਿੱਲ ਅਤੇ ਬੀ.ਆਰ. ਮਹਿੰਦੀਰੱਤਾ ਕਮਿਸ਼ਨ ਨੂੰ ਕਰੀਬ ਛੇ ਮਹੀਨੇ ਪਹਿਲਾਂ ਅਕਾਲੀ ਸ਼ਾਸਨ ਵੇਲੇ ਦਰਜ ਕੀਤੇ ਗਏ ਝੂਠੇ ਮਾਮਲਿਆਂ ਦੀ ਜਾਂਚ ਕਰਨ ਲਈ ਬਣਾਇਆ ਗਿਆ ਹੈ।

ਕਮਿਸ਼ਨ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸ਼ਹਿ 'ਤੇ ਸ੍ਰੀ ਬੈਂਸ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਤਸੀਹੇ ਦਿੱਤੇ ਗਏ। ਸ੍ਰੀ ਬੈਂਸ ਅਤੇ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਦੋ ਗਵਾਹਾਂ ਦੇ ਬਿਆਨਾਂ ਮਗਰੋਂ ਕਮਿਸ਼ਨ ਨੇ ਇਹ ਵਿਚਾਰ ਪ੍ਰਗਟਾਏ। ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਵਿਧਾਇਕ ਹੋਣ ਦੇ ਨਾਲ-ਨਾਲ ਉਹ ਪਾਰਟੀ ਪ੍ਰਧਾਨ ਵੀ ਸਨ ਪਰ ਫਿਰ ਵੀ ਉਨ੍ਹਾਂ ਖਿਲਾਫ਼ ਸਿਆਸੀ ਕਿੜ ਕੱਢੀ ਗਈ।

# ਅਗਵਾ ਪਾਕਿਸਤਾਨੀ ਪੱਤਰਕਾਰ ਦੋ ਸਾਲਾਂ ਬਾਅਦ ਮਿਲੀ

**ਲਾਹੌਰ:** ਭਾਰਤੀ ਇੰਜੀਨੀਅਰ ਦੇ ਕੇਸ ਦੀ ਪੈਰਵੀ ਕਰਨ ਵਾਲੀ ਪਾਕਿਸਤਾਨੀ ਮਹਿਲਾ ਪੱਤਰਕਾਰ, ਜਿਸ ਨੂੰ ਅਗਵਾ ਕੀਤਾ ਗਿਆ ਸੀ, ਨੂੰ ਦੋ ਸਾਲਾਂ ਬਾਅਦ ਬਚਾਅ ਲਿਆ ਗਿਆ। ਡੇਅਲੀ ਨਈ ਖਬਰ ਤੇ ਮੈਟਰੋ ਨਿਊਜ਼ ਟੀ.ਵੀ. ਚੈਨਲ ਦੀ 26 ਸਾਲਾ ਪੱਤਰਕਾਰ ਜ਼ੀਨਤ ਸ਼ਾਹਜ਼ਾਦੀ 19 ਅਗਸਤ, 2015 ਨੂੰ ਲਾਪਤਾ ਹੋ ਗਈ ਸੀ ਜਦੋਂ ਕੁਝ ਅਣਪਛਾਤੇ ਵਿਅਕਤੀਆਂ ਨੇ ਆਟੋ-ਰਿਕਸ਼ੇ ਵਿਚ ਦਫਤਰ ਜਾਂਦੇ ਸਮੇਂ ਉਸ ਨੂੰ ਲਾਹੌਰ ਦੇ ਭੀੜ-ਭੜੱਕੇ ਵਾਲੇ ਇਲਾਕੇ ਵਿਚੋਂ ਅਗਵਾ ਕਰ ਲਿਆ ਸੀ।

ਕਮਿਸ਼ਨ ਆਫ ਇਨਕੁਆਰੀ ਆਨ ਇਨਫੋਰਸਡ ਡਿਸਅਪੀਅਰੈਂਸ (ਸੀ.ਆਈ.ਈ.ਡੀ.) ਦੇ ਪ੍ਰਧਾਨ ਜਸਟਿਸ (ਸੇਵਾ ਮੁਕਤ) ਜਾਵੇਦ ਇਕਬਾਲ ਨੇ ਦੱਸਿਆ ਕਿ ਪਾਕਿਸਤਾਨ-ਅਫਗਾਨਿਸਤਾਨ ਸਰਹੱਦ ਨੇੜਲੇ ਇਲਾਕੇ ਵਿਚੋਂ ਜ਼ੀਨਤ ਨੂੰ ਬਚਾਇਆ ਗਿਆ ਹੈ। ਬਲੋਚਿਸਤਾਨ ਅਤੇ ਖੈਬਰ-ਪਖਤੂਨਖਵਾ ਸੂਬਿਆਂ ਦੇ ਕਬਾਇਲੀਆਂ ਨੇ ਜ਼ੀਨਤ ਨੂੰ ਲੱਭਣ ਵਿਚ ਅਹਿਮ ਭੂਮਿਕਾ ਨਿਭਾਈ ਹੈ।



ਗੌਰਤਲਬ ਹੈ ਕਿ ਭਾਰਤੀ ਇੰਜੀਨੀਅਰ ਹਾਮਿਦ ਅੰਸਾਰੀ ਨਵੰਬਰ 2012 ਨੂੰ ਪਾਕਿਸਤਾਨ ਵਿਚ ਲਾਪਤਾ ਹੋ ਗਿਆ ਸੀ। ਜ਼ੀਨਤ ਨੇ ਹਾਮਿਦ ਦੀ ਮਾਂ ਫੌਜੀਆ ਅੰਸਾਰੀ ਵੱਲੋਂ ਸੁਪਰੀਮ ਕੋਰਟ ਦੇ ਮਨੁੱਖੀ ਅਧਿਕਾਰਾਂ ਬਾਰੇ ਸੈੱਲ ਵਿਚ ਅਰਜ਼ੀ ਦਾਖਲ ਕੀਤੀ ਸੀ। ਉਸ ਵੱਲੋਂ ਪਿਸ਼ਾਵਰ ਹਾਈ ਕੋਰਟ ਵਿਚ ਵੀ ਉਸ ਦਾ ਕੇਸ ਲੜਿਆ ਜਾ ਰਿਹਾ ਸੀ। ਜ਼ੀਨਤ ਨੂੰ ਅਗਵਾ ਕੀਤੇ ਜਾਣ ਬਾਅਦ ਉਸ ਦੇ ਭਰਾ ਸੱਦਾਮ ਹੁਸੈਨ ਨੇ ਪਿਛਲੇ ਸਾਲ ਮਾਰਚ ਵਿਚ ਖੁਦਕੁਸ਼ੀ ਕਰ ਲਈ ਸੀ।

# ਇੰਗਲੈਂਡ ਵਸਣ ਦੀ ਜ਼ਿਦ ਕਰਨ 'ਤੇ ਪਤਨੀ ਨੂੰ ਮਾਰੀ ਗੋਲੀ

**ਮੁਹਾਲੀ:** ਫੇਜ਼-10 ਵਿਚਲੇ ਸਰਾਓ ਹੋਟਲ ਦੇ ਮਾਲਕ ਵੱਲੋਂ ਪਤਨੀ ਨਾਲ ਤਕਰਾਰ ਹੋਣ ਤੋਂ ਬਾਅਦ ਉਸ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਵਾਰਦਾਤ ਸਮੇਂ ਮੁਲਜ਼ਮ ਨਿਰੰਕਾਰ ਸਿੰਘ ਤੇ ਉਸ ਦੀ ਪਤਨੀ ਕੁਲਵੰਤ ਕੌਰ ਕਾਰ ਵਿਚ ਕਿਤੇ ਜਾ ਰਹੇ ਸਨ। ਪਤਾ ਲੱਗਾ ਹੈ ਕਿ ਸਾਲ 2004 ਤੱਕ ਨਿਰੰਕਾਰ ਸਿੰਘ ਇੰਗਲੈਂਡ ਵਿਚ ਰਹਿੰਦਾ ਰਿਹਾ ਜਦਕਿ ਕੁਲਵੰਤ ਕੌਰ ਐਨ.ਆਰ.ਆਈ. ਸੀ।

ਵਿਆਹ ਤੋਂ ਬਾਅਦ ਨਿਰੰਕਾਰ ਸਿੰਘ ਭਾਰਤ 'ਚ ਰਹਿਣਾ ਚਾਹੁੰਦਾ ਸੀ ਜਦਕਿ ਉਸ ਦੀ ਪਤਨੀ ਅਤੇ ਸਾਲਾ ਇੰਗਲੈਂਡ ਵਿਚ ਰਹਿਣ ਲਈ ਉਸ 'ਤੇ ਦਬਾਅ ਪਾ ਰਹੇ ਸਨ, ਜਿਸ ਕਾਰਨ ਪਤੀ-ਪਤਨੀ 'ਚ ਝਗੜਾ ਰਹਿੰਦਾ ਸੀ। ਨਿਰੰਕਾਰ ਸਿੰਘ ਕੁਝ ਦਿਨਾਂ ਤੋਂ ਹੋਟਲ 'ਚ ਪਤਨੀ ਤੋਂ ਅਲੱਗ ਵੀ ਰਹਿ ਰਿਹਾ ਸੀ। ਪੁਲਿਸ ਨੇ ਨਿਰੰਕਾਰ ਸਿੰਘ ਖਿਲਾਫ਼ ਹੱਤਿਆ ਦਾ ਮਾਮਲਾ ਦਰਜ ਕਰ ਕੇ ਗ੍ਰਿਫਤਾਰ ਕਰ ਲਿਆ। ਹੱਤਿਆ ਵੇਲੇ ਨਿਰੰਕਾਰ ਸਿੰਘ ਆਪਣੇ ਮੈਨੇਜਰ ਦੀ ਕਾਰ ਵਿਚ ਪਤਨੀ ਨਾਲ ਪੀ.ਜੀ.ਆਈ. ਜਾ ਰਿਹਾ ਸੀ। ਜਦੋਂ ਉਹ ਫੇਜ਼-10 ਵਿਚਲੇ ਇਕ ਨਿੱਜੀ ਸਕੂਲ ਕੋਲ ਪਹੁੰਚੇ ਤਾਂ ਦੋਵਾਂ ਵਿਚ ਝਗੜਾ ਹੋ ਗਿਆ। ਝਗੜੇ ਦੌਰਾਨ ਨਿਰੰਕਾਰ ਸਿੰਘ ਨੇ ਰਿਵਾਲਵਰ ਕੱਢੀ ਅਤੇ ਕੁਲਵੰਤ ਕੌਰ ਦੀ ਗਲ ਦੇ ਨੇੜੇ 6 ਗੋਲੀਆਂ ਮਾਰ ਦਿੱਤੀਆਂ। ਹੱਤਿਆ ਤੋਂ ਬਾਅਦ ਨਿਰੰਕਾਰ ਸਿੰਘ ਭੱਜਣ ਦੀ ਬਜਾਇ ਸੜਕ ਕਿਨਾਰੇ ਫੁੱਟਪਾਥ 'ਤੇ ਲੇਟ ਗਿਆ।



# ਪੰਜਾਬ ਵਿਚ 800 ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਲੱਗਣਗੇ ਤਾਲੇ

**ਮੁਹਾਲੀ:** ਸਿੱਖਿਆ ਵਿਭਾਗ ਨੇ ਆਖਰ ਪੰਜਾਬ ਦੇ 800 ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਤਾਲੇ ਲਾਉਣ ਦਾ ਮਨ ਬਣਾ ਲਿਆ ਹੈ। ਡਾਇਰੈਕਟਰ ਸਿੱਖਿਆ ਵਿਭਾਗ (ਐਲੀਮੈਂਟਰੀ) ਨੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਪੱਤਰ ਭੇਜ ਕੇ 20 ਤੋਂ ਘੱਟ ਵਿਦਿਆਰਥੀਆਂ ਵਾਲੇ 800 ਸਕੂਲਾਂ ਨੂੰ ਨੇੜਲੇ ਸਕੂਲਾਂ ਵਿਚ ਮਿਲਾਉਣ ਦੇ ਹੁਕਮ ਦਿੱਤੇ ਹਨ। ਅਧਿਕਾਰੀ ਨੇ ਇਹ ਸਾਰੀ ਕਾਰਵਾਈ ਇਕ ਹਫਤੇ ਦੇ ਅੰਦਰ ਮੁਕੰਮਲ ਕਰ ਕੇ ਰਿਪੋਰਟ ਭੇਜਣ ਲਈ ਆਖਿਆ ਹੈ।

ਸੂਤਰਾਂ ਮੁਤਾਬਕ ਘੱਟ ਬੱਚਿਆਂ ਵਾਲੇ ਸਕੂਲ ਨੇੜਲੇ ਸਕੂਲਾਂ ਵਿਚ ਮਰਜ਼ ਹੋਣ ਤੋਂ ਬਾਅਦ ਕਰੀਬ 1600 ਅਧਿਆਪਕਾਂ ਦੀਆਂ ਅਸਾਮੀਆਂ ਖਤਮ ਹੋ ਜਾਣਗੀਆਂ। ਇਸ ਤਰ੍ਹਾਂ ਜ਼ਿਲ੍ਹਾ ਐਸ.ਏ.ਐਸ. ਨਗਰ (ਮੁਹਾਲੀ) ਦੇ 30 ਸਰਕਾਰੀ ਪ੍ਰਾਇਮਰੀ ਸਕੂਲ ਬੰਦ ਹੋਣਗੇ। ਜ਼ਿਲ੍ਹਾ ਅੰਮ੍ਰਿਤਸਰ ਵਿਚ ਵੀ 30 ਤੇ ਸਿੱਖਿਆ ਮੰਤਰੀ ਅਰੁਣਾ ਚੌਧਰੀ ਹਲਕੇ ਸਮੇਤ ਸਮੁੱਚੇ ਜ਼ਿਲ੍ਹਾ ਗੁਰਦਾਸਪੁਰ ਵਿਚ 133, ਰੂਪਨਗਰ ਵਿਚ 71 ਤੇ ਹੁਸ਼ਿਆਰਪੁਰ ਵਿਚ 140 ਸਕੂਲ ਬੰਦ ਹੋਣਗੇ। ਪਠਾਨਕੋਟ ਵਿਚ 52, ਪਟਿਆਲਾ ਵਿਚ 50, ਜਲੰਧਰ ਵਿਚ 54, ਫਤਹਿਗੜ੍ਹ ਸਾਹਿਬ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ 41-41, ਲੁਧਿਆਣਾ ਵਿਚ 39, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵਿਚ 34, ਸੰਗਰੂਰ ਵਿਚ 23, ਫਿਰੋਜ਼ਪੁਰ ਵਿਚ 22, ਤਰਨ ਤਾਰਨ ਵਿਚ 9, ਫਾਜ਼ਿਲਕਾ ਵਿਚ 8, ਮੋਗਾ ਵਿਚ 7, ਫਰੀਦਕੋਟ ਵਿਚ 5, ਮਾਨਸਾ ਵਿਚ 4, ਬਠਿੰਡਾ ਤੇ ਬਰਨਾਲਾ ਵਿਚ 3-3 ਅਤੇ ਜ਼ਿਲ੍ਹਾ ਮੁਕਤਸਰ ਵਿਚ ਇਕ ਸਕੂਲ ਨੂੰ ਮਰਜ਼ ਕੀਤਾ ਜਾਵੇਗਾ।

ਵਿਭਾਗ ਨੇ ਜ਼ਿਲ੍ਹਾ ਅਧਿਕਾਰੀਆਂ ਅਤੇ ਸਕੂਲ ਮੁਖੀਆਂ ਨੂੰ ਸਖਤ ਹਦਾਇਤ ਦਿੱਤੀ ਹੈ ਕਿ ਬੰਦ ਕੀਤੇ ਜਾਣ ਵਾਲੇ ਸਕੂਲਾਂ ਨੂੰ ਜਿਨ੍ਹਾਂ ਸਕੂਲਾਂ ਵਿਚ ਮਰਜ਼ ਕਰਨਾ ਹੈ, ਉਥੇ ਵਿਦਿਆਰਥੀਆਂ ਲਈ ਬੁਨਿਆਦੀ ਸਹੂਲਤਾਂ ਯਕੀਨੀ ਬਣਾਈਆਂ ਜਾਣ। ਮਰਜ਼ ਕੀਤੇ ਜਾਣ ਵਾਲੇ ਸਕੂਲਾਂ ਦਾ ਦਫਤਰੀ ਰਿਕਾਰਡ ਵੀ ਸਾਂਭਣਾ ਹੋਵੇਗਾ।



## 700 ਹੋਰ ਸਕੂਲਾਂ ਉਤੇ ਵੀ ਬੰਦੀ ਦੀ ਤਲਵਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਭਾਵੇਂ 20 ਤੋਂ ਘੱਟ ਵਿਦਿਆਰਥੀਆਂ ਵਾਲੇ 800 ਪ੍ਰਾਇਮਰੀ ਸਕੂਲਾਂ ਨੂੰ ਤਾਲੇ ਲਾਉਣ ਦਾ ਫੈਸਲਾ ਕੀਤਾ ਹੈ ਪਰ ਹਾਲੇ ਵੀ 700 ਦੇ ਕਰੀਬ ਹੋਰ ਅਜਿਹੇ ਸਕੂਲਾਂ ਦੇ ਬੰਦ ਹੋਣ ਦਾ ਖਤਰਾ ਬਰਕਰਾਰ ਹੈ। ਉਧਰ, ਸਕੂਲ ਬੰਦ ਕੀਤੇ ਜਾਣ ਦਾ ਵੱਖ-ਵੱਖ ਸਿਆਸੀ ਤੇ ਅਧਿਆਪਕ ਜਥੇਬੰਦੀਆਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਅਧਿਆਪਕ ਜਥੇਬੰਦੀਆਂ ਦੋਸ਼ ਲਾ ਰਹੀਆਂ ਹਨ ਕਿ ਬੰਦ ਕੀਤੇ ਕਈ ਸਕੂਲਾਂ ਨੂੰ 3 ਤੋਂ 5 ਕਿਲੋਮੀਟਰ ਦੂਰ ਪ੍ਰਾਇਮਰੀ ਸਕੂਲਾਂ ਵਿਚ ਮਰਜ ਕੀਤਾ ਗਿਆ ਹੈ। ਸਿੱਖਿਆ ਵਿਭਾਗ ਦੇ ਸਕੱਤਰ ਕ੍ਰਿਸ਼ਨ ਕੁਮਾਰ ਨੇ ਅਧਿਆਪਕ ਜਥੇਬੰਦੀਆਂ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਸਕੂਲਾਂ ਦੀ ਬਾਕਾਇਦਾ ਇੰਟਰਨੈੱਟ ਰਾਹੀਂ ਮੈਪਿੰਗ ਅਤੇ ਜੀ.ਪੀ.ਐਫ. ਸਿਸਟਮ ਰਾਹੀਂ ਪੜਚੋਲ ਕਰ ਕੇ ਉਨ੍ਹਾਂ ਨੂੰ ਇਕ ਕਿਲੋਮੀਟਰ ਦੇ ਘੇਰੇ ਵਿਚ ਪੈਂਦੇ ਸਕੂਲਾਂ ਵਿਚ ਹੀ ਮਰਜ ਕੀਤਾ ਗਿਆ ਹੈ।

## 'ਆਪ' ਵੱਲੋਂ ਕੇਜਰੀਵਾਲ ਤੋਂ ਸੇਧ ਲੈਣ ਦੀ ਸਲਾਹ

**ਮੁਹਾਲੀ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਸੈਂਕੜੇ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਬੰਦ ਕਰਨ ਦੀ ਸਿੱਖਿਆ ਵਿਭਾਗ ਦੀ ਕਾਰਵਾਈ ਦਾ ਜ਼ੋਰਦਾਰ ਵਿਰੋਧ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਲਾਹ ਦਿੱਤੀ ਹੈ ਕਿ ਸਰਕਾਰੀ ਸਕੂਲਾਂ ਨੂੰ ਤਾਲੇ ਲਗਾਉਣ ਦੀ ਥਾਂ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਤੋਂ ਸੇਧ ਲੈ ਕੇ ਸੂਬੇ ਦੀ ਨਿੱਘਰ ਚੁੱਕੀ ਸਕੂਲੀ ਸਿੱਖਿਆ ਦਾ ਕਾਇਆ-ਕਲਪ ਕਰਨ ਲਈ ਠੋਸ ਕਦਮ ਚੁੱਕਣ। ਆਪ ਦੇ ਸਹਿ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਕਰੀਬ 800 ਤੋਂ ਵੱਧ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਬੰਦ ਕਰਨ ਦੀ ਕਾਰਵਾਈ ਤੁਰਤ ਰੋਕੀ ਜਾਵੇ।

# ਅੰਨ੍ਹੇ ਕਤਲ: ਪੰਜਾਬ ਪੁਲਿਸ ਦੀ ਪੇਸ਼ੇਵਾਰਨਾ ਲੈਅ ਵਿਗੜੀ

**ਚੰਡੀਗੜ੍ਹ:** ਪੰਜਾਬ ਵਿਚ ਨਿੱਤ ਦਿਨ ਹੋ ਰਹੇ ਕਤਲ ਤੇ ਹੱਥ ਉਤੇ ਹੱਥ ਧਰੀ ਬੈਠੀ ਪੁਲਿਸ ਕਾਰਨ ਆਮ ਲੋਕਾਂ ਵਿਚ ਸਹਿਮ ਹੈ। ਇਨ੍ਹਾਂ ਘਟਨਾਵਾਂ ਦਾ ਕੋਈ ਸੁਰਾਗ ਨਾ ਲੱਗਣ ਕਾਰਨ ਪੁਲਿਸ ਵਿਚ ਪੇਸ਼ੇਵਾਰਨਾ ਪਹੁੰਚ ਦੀ ਘਾਟ ਰੜਕਣ ਲੱਗੀ ਹੈ।

ਲੁਧਿਆਣੇ ਵਿਚ ਦਿਨ-ਦਿਹਾੜੇ ਆਰ.ਆਰ.ਐਸ. ਆਗੂ ਰਵਿੰਦਰ ਗੋਸਾਈ ਦੀ ਸ਼ਰੇਆਮ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਹਾਲੇ ਤੱਕ ਪੁਲਿਸ ਹੱਥ ਸਿਰਫ ਮੋਟਰਸਾਈਕਲ ਹੀ ਲੱਗਾ ਹੈ ਜਿਸ ਉਤੇ ਹਮਲਾਵਰ ਸਵਾਰ ਹੋ ਕੇ ਆਏ ਸਨ। ਇਸੇ ਸ਼ਹਿਰ ਵਿਚ 16 ਜੁਲਾਈ ਨੂੰ ਪਾਦਰੀ ਸੁਲਤਾਨ ਮਸੀਹ ਨੂੰ ਗੋਲੀਆਂ ਨਾਲ ਭੁੰਨ੍ਹ ਦਿੱਤਾ ਸੀ ਤੇ ਕਾਤਲ ਅਜੇ ਤੱਕ ਪੁਲਿਸ ਹੱਥ ਨਹੀਂ ਆਏ। ਇਸ ਤੋਂ ਪਹਿਲਾਂ 25 ਫਰਵਰੀ ਨੂੰ ਡੇਰਾ ਪ੍ਰੇਮੀ ਸਤਪਾਲ ਤੇ ਉਸ ਦੇ ਬੇਟੇ ਰਮੇਸ਼ ਦਾ ਮਲੇਰਕੋਟਲਾ ਰੋਡ 'ਤੇ ਬਣੇ ਨਾਮ ਚਰਚਾ ਘਰ ਦੇ ਬਾਹਰ ਕਤਲ ਕਰ ਦਿੱਤਾ ਸੀ ਤੇ ਪੁਲਿਸ ਸਿਰਫ ਬਿਆਨ ਦੇਣ ਤੋਂ ਬਿਨਾਂ ਕੁਝ ਨਹੀਂ ਕਰ ਸਕੀ। 14 ਜਨਵਰੀ ਨੂੰ ਲੁਧਿਆਣਾ ਵਿਚ ਹੀ ਹਿੰਦੂ ਤਖਤ ਦੇ ਜ਼ਿਲ੍ਹਾ ਪ੍ਰਧਾਨ ਅਮਿਤ ਸ਼ਰਮਾ ਦਾ ਮੰਦਰ ਬਾਹਰ ਕਤਲ ਕੀਤਾ ਗਿਆ। ਇਸ ਵਿਚ ਵੀ ਪੁਲਿਸ ਨਾਕਾਮ ਰਹੀ ਹੈ। ਜੇਕਰ ਗੱਲ 2016 ਦੀ ਕਰੀਏ ਤਾਂ ਤਿੰਨ ਅਪਰੈਲ ਨੂੰ ਨਾਮਧਾਰੀ ਸੰਪਰਦਾ ਦੀ ਮਾਤਾ ਚੰਦ ਕੌਰ ਦਾ ਕਤਲ ਮੋਟਰਸਾਈਕਲ ਹਮਲਾਵਰਾਂ ਵੱਲੋਂ ਕੀਤਾ ਗਿਆ ਸੀ ਜਿਸ ਦੇ ਕਾਤਲ ਅਜੇ ਤੱਕ ਫਰਾਰ ਸਨ। ਲੁਧਿਆਣਾ ਨਜ਼ਦੀਕ ਪੈਂਦੇ ਖੰਨਾ ਵਿਚ ਸ਼ਿਵ ਸੈਨਾ ਨੇਤਾ ਦੁਰਗਾ ਦਾਸ ਗੁਪਤਾ ਦਾ ਵੀ ਕਤਲ ਕਰ ਦਿੱਤਾ ਗਿਆ ਸੀ ਪਰ ਇਸ ਪਿੱਛੇ ਵੀ ਪੁਲਿਸ ਦੀ ਨਾਕਾਮੀ ਸਾਫ ਤੌਰ 'ਤੇ ਨਜ਼ਰ ਆਉਂਦੀ ਹੈ।

ਇਨ੍ਹਾਂ ਤੋਂ ਬਿਨਾਂ 6 ਅਗਸਤ 2016 ਨੂੰ ਆਰ.ਐਸ.ਐਸ. ਦੇ ਲੀਡਰ ਜਗਦੀਸ਼ ਗਗਨੇਜਾ ਦੀ ਜਲੰਧਰ 'ਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਪਰ ਪੁਲਿਸ ਇਥੇ ਵੀ ਹੁਣ ਤੱਕ ਫੇਲ ਰਹੀ ਹੈ। ਲੁਧਿਆਣਾ ਨੇੜੇ ਹੀ 18 ਮਈ, 2016 ਨੂੰ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਕਾਫਲੇ 'ਤੇ ਹਮਲਾ ਕਰ ਦਿੱਤਾ ਗਿਆ ਸੀ ਜਿਸ ਵਿਚ ਉਸ ਦਾ ਇਕ ਪ੍ਰਚਾਰਕ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਰਣਜੀਤ ਸਿੰਘ ਨੇ ਬਿਆਨ ਦਿੱਤੇ ਸਨ ਕਿ ਇਹ ਸਾਜਿਸ਼ ਤਹਿਤ ਹੋਇਆ ਹੈ ਪਰ ਫਿਰ ਵੀ ਪੁਲਿਸ ਹਮਲਾਵਰਾਂ ਨੂੰ ਫੜ ਨਹੀਂ ਸੀ ਸਕੀ।

ਇਨ੍ਹਾਂ ਤੋਂ ਬਿਨਾਂ ਵੀ ਹੋਰ ਵੀ ਕਈ ਦਿਲ ਕੰਬਾਊ ਵਾਰਦਾਤਾਂ ਵਾਪਰ ਚੁੱਕੀਆਂ ਹਨ ਜਿਨ੍ਹਾਂ ਨਾਲ ਲੋਕ ਸਹਿਮੇ ਹੋਏ ਹਨ। ਪਿਛਲੀ ਸਰਕਾਰ ਵੇਲੇ ਵੀ ਕਈ ਵਾਰਦਾਤਾਂ ਹੋਈਆਂ ਸਨ ਜਿਸ ਤੋਂ ਬਾਅਦ ਸਰਕਾਰ ਬਦਲੀ ਤੇ ਲੋਕਾਂ ਨੂੰ ਕੁਝ ਆਸ ਬੱਝੀ ਕਿ ਸ਼ਾਇਦ ਉਨ੍ਹਾਂ ਲਈ ਅਮਨ ਅਮਾਮ ਵਾਪਸ ਆਵੇਗਾ ਪਰ ਹੋਇਆ ਕੁਝ ਨਹੀਂ,ਆਮ ਲੋਕਾਂ ਦੇ ਮਨਾਂ ਅੰਦਰ ਉਹੀ ਭੈਅ ਜਾਰੀ ਹੈ।

ਪਿਛਲੇ ਦੋ ਸਾਲਾਂ ਦੌਰਾਨ ਪੰਜਾਬ ਵਿਚ ਮੋਟਰਸਾਈਕਲ ਸਵਾਰ ਹਮਲਾਵਰਾਂ ਵੱਲੋਂ ਸੱਤ ਅਜਿਹੇ 'ਅੰਨ੍ਹੇ' ਕਤਲ ਕੀਤੇ ਗਏ ਹਨ ਜਿਨ੍ਹਾਂ ਨੂੰ ਪੁਲਿਸ ਜਾਂ ਸੀ.ਬੀ.ਆਈ. ਸੁਲਝਾਉਣ ਵਿਚ ਨਾਕਾਮ ਰਹੀਆਂ ਹਨ। ਇਨ੍ਹਾਂ ਵਿਚੋਂ ਦੋ ਹੱਤਿਆਵਾਂ ਮੌਜੂਦਾ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਲੁਧਿਆਣਾ ਸ਼ਹਿਰ ਵਿਚ ਹੀ ਹੋਈਆਂ। 15 ਜੁਲਾਈ ਨੂੰ ਲੁਧਿਆਣਾ ਵਿਚ ਹੀ ਇਸਾਈ ਪਾਦਰੀ ਸੁਲਤਾਨ ਮਸੀਹ ਦੀ ਉਸ ਦੇ ਘਰ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕੀਤੀ ਗਈ। ਉਸ ਕੇਸ ਵਿਚ ਪੰਜਾਬ ਪੁਲਿਸ ਹਤਿਆਰਿਆਂ ਦਾ ਸੁਰਾਗ ਲਾਉਣ ਵਿਚ ਅਜੇ ਤੱਕ ਨਾਕਾਮ ਰਹੀ ਹੈ।

ਪਿਛਲੇ ਸਾਲ ਕਾਂਗਰਸ ਦੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਹਿੰਦੂ ਨੇਤਾਵਾਂ ਦੀਆਂ ਹੱਤਿਆਵਾਂ ਦੇ ਮਾਮਲੇ ਵਿਚ ਤਤਕਾਲੀਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲ ਨਾਅਹਿਲੀਅਤ ਦੀ ਉਂਗਲੀ ਉਠਾਈ ਸੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਸੀ ਕਿ ਅਜਿਹੀਆਂ ਹੱਤਿਆਵਾਂ ਰਾਹੀਂ ਸਰਕਾਰ ਲੋਕਾਂ ਵਿਚ ਭੈਅ ਪੈਦਾ ਕਰ ਕੇ ਉਨ੍ਹਾਂ ਦਾ ਧਿਆਨ ਆਪਣੇ 'ਕੁਸ਼ਾਸਨ' ਵੱਲੋਂ ਹਟਾਉਣਾ ਚਾਹੁੰਦੀ ਹੈ। ਹੁਣ ਕੈਪਟਨ ਦੇ ਆਪਣੇ ਸੱਤ ਮਹੀਨਿਆਂ ਦੇ ਕਾਰਜਕਾਲ ਦੌਰਾਨ ਵੀ ਉਹੋ ਜਹੀਆਂ ਦੋ ਘਟਨਾਵਾਂ ਵਾਪਰ ਗਈਆਂ ਹਨ। ਏਨਾ ਹੀ ਨਹੀਂ, ਇਨ੍ਹਾਂ ਸੱਤ ਮਹੀਨਿਆਂ ਦੌਰਾਨ ਮੋਟਰ ਗੱਡੀਆਂ ਖੋਹਣ ਦੀਆਂ ਘਟਨਾਵਾਂ ਵਿਚ ਨਿਰੰਤਰ ਵਾਧਾ ਹੋਇਆ ਹੈ। ਇਸੇ ਤਰ੍ਹਾਂ ਲੁੱਟਾਂ ਖੋਹਾਂ ਵੀ ਤੇਜ਼ੀ ਨਾਲ ਵਧੀਆਂ ਹਨ।

## ਹੱਥ 'ਤੇ ਹੱਥ ਧਰੀ ਬੈਠੀ ਪੁਲਿਸ ਕਾਰਨ ਲੋਕਾਂ 'ਚ ਸਹਿਮ



## ਸਿਆਸੀ ਦਖਲ ਨੇ ਹੀ ਵਿਗਾੜੀ ਸਾਰੀ ਖੇਡ

**ਜਲੰਧਰ:** ਇਸ ਹਕੀਕਤ ਨੂੰ ਪੁਲਿਸ ਖੁਦ ਮੰਨਦੀ ਹੈ ਕਿ ਨਿਰੰਤਰ ਰਾਜਸੀ ਦਖ਼ਲਅੰਦਾਜ਼ੀ ਨੇ ਵੀ ਉਸ ਦੀ ਕਾਰਗੁਜ਼ਾਰੀ ਉਤੇ ਸਿੱਧਾ ਅਸਰ ਪਾਇਆ ਹੈ। ਬਾਦਲਾਂ ਦੀ ਸਰਕਾਰ ਵੇਲੇ ਜੇਕਰ ਵਿਧਾਇਕ ਤੇ ਹਲਕਾ ਇੰਚਾਰਜ ਥਾਣਿਆਂ ਵਿਚ ਚੰਮ ਦੀਆਂ ਚਲਾਉਂਦੇ ਸਨ ਤਾਂ ਹੁਣ ਉਨ੍ਹਾਂ ਵਾਲਾ ਹੀ ਕਾਰ-ਵਿਹਾਰ ਕਾਂਗਰਸੀ ਵਿਧਾਇਕ ਤੇ ਹਲਕਾ ਇੰਚਾਰਜ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਹੈ, ਪੁਲਿਸ ਨੂੰ ਆਪਣਾ ਕੰਮ ਨਿਰਪੱਖ ਢੰਗ ਨਾਲ ਚਲਾਉਣ ਦੀ ਗੱਲ ਅਕਸਰ ਕਹਿੰਦੇ ਹਨ। ਪਰ ਜ਼ਮੀਨੀ ਹਕੀਕਤਾਂ ਬਿਲਕੁਲ ਵੱਖਰੀਆਂ ਹਨ। ਗੁਰਦਾਸਪੁਰ ਜ਼ਿਮਨੀ ਚੋਣ ਦੇ ਐਲਾਨ ਤੋਂ ਫੌਰੀ ਪਹਿਲਾਂ ਕੁਝ ਵਿਧਾਇਕਾਂ ਦੇ ਦਬਾਅ ਹੇਠ ਹੋਈਆਂ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਦੀਆਂ ਬਦਲੀਆਂ ਇਨ੍ਹਾਂ 'ਜ਼ਮੀਨੀ ਹਕੀਕਤਾਂ' ਦੀ ਮਿਸਾਲ ਸਨ।

## ਕੈਪਟਨ ਸਰਕਾਰ ਹਰ ਫਰੰਟ 'ਤੇ ਫੇਲ੍ਹ: ਖਹਿਰਾ



**ਲੁਧਿਆਣਾ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੈਪਟਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋ ਰਹੀ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਪੰਜਾਬ ਵਿਚ ਕਾਨੂੰਨ-ਵਿਵਸਥਾ ਨਾਮ ਦੀ ਕੋਈ ਚੀਜ਼ ਨਹੀਂ ਹੈ। ਉਨ੍ਹਾਂ ਰਵਿੰਦਰ ਗੋਸਾਈਂ ਦੇ ਕਾਤਲਾਂ ਨੂੰ ਅਜੇ ਤੱਕ ਗ੍ਰਿਫਤਾਰ ਨਾ ਕਰਨ ਦੀ ਨਿੰਦਾ ਕੀਤੀ।

## ਅੰਨ੍ਹੇ ਕਤਲ ਪੁਲਿਸ ਲਈ ਵੱਡੀ ਚੁਣੌਤੀ: ਡੀ.ਜੀ.ਪੀ.



**ਜਲੰਧਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਅੰਨ੍ਹੇ ਕਤਲਾਂ ਨੂੰ ਪੰਜਾਬ ਪੁਲਿਸ ਲਈ ਵੱਡੀ ਚੁਣੌਤੀ ਕਰਾਰ ਦਿੰਦਿਆਂ ਪੰਜਾਬ ਪੁਲਿਸ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਕਿਹਾ ਕਿ ਸੀ.ਬੀ.ਆਈ. ਤੇ ਨੈਸ਼ਨਲ ਜਾਂਚ ਏਜੰਸੀ ਨੂੰ ਵੀ ਇਨ੍ਹਾਂ ਮਾਮਲਿਆਂ ਦੀ ਪੜਤਾਲ ਵਿਚ ਸ਼ਾਮਲ ਕੀਤੇ ਜਾਣ ਨਾਲ ਅਜਿਹੇ ਮਾਮਲਿਆਂ ਪਿੱਛੇ ਕੰਮ ਕਰਦੀਆਂ ਤਾਕਤਾਂ ਦਾ ਪਰਦਾਫਾਸ਼ ਕੀਤਾ ਜਾ ਸਕੇਗਾ। ਉਨ੍ਹਾਂ ਮੰਨਿਆਂ ਕਿ ਪੁਲਿਸ ਦੀ ਕਾਰਗੁਜ਼ਾਰੀ ਉਪਰ ਉਂਗਲ ਉਠਣੀ ਸ਼ੁਰੂ ਹੋ ਗਈ ਹੈ। ਅੰਨ੍ਹੇ ਕਤਲਾਂ ਦੇ ਮੰਤਵ ਤੇ ਇਸ ਪਿੱਛੇ ਕੰਮ ਕਰਦੀਆਂ ਤਾਕਤਾਂ ਬਾਰੇ ਪੁਲਿਸ ਮੁਖੀ ਨੇ ਪੂਰੀ ਤਰ੍ਹਾਂ ਅਣਜਾਣਤਾ ਜ਼ਾਹਰ ਕਰਦਿਆਂ ਕਿਹਾ ਕਿ ਕੜੀਆਂ ਜੋੜਨ ਲਈ ਜਾਂਚ ਚੱਲ ਰਹੀ ਹੈ, ਪਰ ਅਜੇ ਸੁਰਾਗ ਨਹੀਂ ਮਿਲਿਆ।

## ਗੋਸਾਈਂ ਕਤਲ ਦੀ ਜਾਂਚ ਐਨ.ਆਈ.ਏ. ਹਵਾਲੇ

**ਲੁਧਿਆਣਾ:** ਆਰ.ਐਸ.ਐਸ. ਆਗੂ ਰਵਿੰਦਰ ਗੋਸਾਈਂ ਦੇ ਕੇਸ ਦੀ ਜਾਂਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਹਵਾਲੇ ਕਰ ਦਿੱਤੀ ਗਈ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ਦੀ ਜਾਂਚ ਐਨ.ਆਈ.ਏ. ਹਵਾਲੇ ਕਰਨ ਤੋਂ ਇਲਾਵਾ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਅਤੇ ਪੰਜ ਲੱਖ ਰੁਪਏ ਦੀ ਮਦਦ ਦਾ ਐਲਾਨ ਕਰ ਦਿੱਤਾ।

# ਜੀ.ਐਸ.ਟੀ. ਬਾਰੇ ਮੁੜ ਨਰਮ ਪਈ ਮੋਦੀ ਸਰਕਾਰ

**ਨਵੀਂ ਦਿੱਲੀ:** ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਜੀ.ਐਸ.ਟੀ.) ਨੂੰ ਲਾਗੂ ਹੋਇਆਂ ਭਾਵੇਂ ਸਾਢੇ ਚਾਰ ਮਹੀਨਿਆਂ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ ਪਰ ਕਾਰੋਬਾਰੀਆਂ ਨੂੰ ਅਜੇ ਵੀ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਵੀ ਹੁਣ ਅਜਿਹੀਆਂ ਮੁਸ਼ਕਲਾਂ ਤੋਂ ਹੌਲੀ-ਹੌਲੀ ਜਾਣੂ ਹੁੰਦੀ ਜਾ ਰਹੀ ਹੈ ਅਤੇ ਛੋਟੇ ਤੇ ਦਰਮਿਆਨੇ ਕਾਰੋਬਾਰੀਆਂ ਨੂੰ ਰਾਹਤ ਦੇਣ ਲਈ ਵਿਚਾਰਾਂ ਚਲ ਰਹੀਆਂ ਹਨ। ਮਾਲ ਸਕੱਤਰ ਹਸਮੁਖ ਅਧੀਆ ਨੇ ਕਿਹਾ ਹੈ ਕਿ ਛੋਟੇ ਅਤੇ ਦਰਮਿਆਨੇ ਕਾਰੋਬਾਰੀਆਂ ਦੇ ਬੋਝ ਨੂੰ ਘਟਾਉਣ ਲਈ ਜੀ.ਐਸ.ਟੀ. ਦਰ ਢਾਂਚੇ ਵਿਚ ਕੁਝ ਫੇਰਬਦਲ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ




ਜੀ.ਐਸ.ਟੀ. ਵਿਚ ਸਥਿਰਤਾ ਆਉਣ ਨੂੰ ਅਜੇ ਕਰੀਬ ਇਕ ਸਾਲ ਦਾ ਸਮਾਂ ਲੱਗੇਗਾ। ਸ੍ਰੀ ਅਧੀਆ ਨੇ ਕਿਹਾ ਕਿ ਫੇਰਬਦਲ ਲਈ ਨਿਰਧਾਰਣ ਕਮੇਟੀ ਵੱਲੋਂ ਕੁਝ ਗਿਣਤੀਆਂ-ਮਿਣਤੀਆਂ ਕਰਨੀਆਂ ਪੈਣਗੀਆਂ ਜਿਸ ਮਗਰੋਂ ਤੈਅ ਹੋਵੇਗਾ ਕਿ ਕਿਹੜੀਆਂ ਵਸਤਾਂ 'ਤੇ ਜੀ.ਐਸ.ਟੀ. ਤਹਿਤ ਦਰਾਂ ਨੂੰ ਤਰਕਸੰਗਤ ਬਣਾਉਣ ਦੀ ਲੋੜ ਹੈ।

# ਅਮਰੀਕੀ ਲਿਖਾਰੀ ਸਾਂਡਰਸ ਨੂੰ ਮਿਲਿਆ ਮੈਨ ਬੁੱਕਰ ਇਨਾਮ

**ਲੰਡਨ:** ਅਮਰੀਕਾ ਦੇ ਲਿਖਾਰੀ ਜੌਰਜ ਸਾਂਡਰਸ ਨੂੰ ਨਾਵਲ 'ਲਿੰਕਨ ਇਨ ਦਿ ਬਾਰਡੋ' ਲਈ 2017 ਮੈਨ ਬੁੱਕਰ ਪੁਰਸਕਾਰ ਮਿਲਿਆ ਹੈ। ਬਰਤਾਨੀਆ ਦਾ ਇਹ ਮਿਆਰੀ ਪੁਰਸਕਾਰ ਹਾਸਲ ਕਰਨ ਵਾਲਾ ਜੌਰਜ ਸਾਂਡਰਸ ਦੂਜਾ ਅਮਰੀਕੀ ਲੇਖਕ ਹੈ। ਪਿਛਲੇ ਸਾਲ ਅਮਰੀਕਾ ਦੇ ਪੌਲ ਬੀਟੀ ਨੂੰ ਨਾਵਲ 'ਦਿ ਸੈੱਲਆਊਟ' ਲਈ ਇਹ ਇਨਾਮ ਮਿਲਿਆ ਸੀ।

ਸੈਂਕੜੇ ਬਿਰਤਾਂਤਕਾਰਾਂ ਦੀ ਜ਼ੁਬਾਨੀ ਅਬਰਾਹਮ ਲਿੰਕਨ ਦੇ ਗਿਆਰਾਂ ਵਰ੍ਹਿਆਂ ਦੇ ਪੁੱਤਰ ਵਿੱਲੀ ਦੀ ਮੌਤ ਦੇ ਘਟਨਾਕ੍ਰਮ ਨੂੰ ਸੰਜੋਈਂ ਬੈਠੇ ਇਸ ਨਾਵਲ ਨੂੰ ਐਵਾਰਡ ਦੇ ਚੋਣ ਮੰਡਲ ਨੇ 'ਮੌਲਿਕ ਰਚਨਾ' ਕਰਾਰ ਦਿੱਤਾ। ਲੰਡਨ ਵਿਚ ਸਮਾਗਮ ਦੌਰਾਨ ਇਸ ਪੁਰਸਕਾਰ ਦਾ ਐਲਾਨ ਕਰਦਿਆਂ ਚੋਣ ਪੈਨਲ ਦੀ ਪ੍ਰਧਾਨਗੀ ਕਰਨ ਵਾਲੇ ਲੋਲਾ ਯੰਗ ਨੇ ਕਿਹਾ, 'ਇਸ ਮੂਲ ਰਚਨਾ ਦੇ



ਸਰੂਪ ਤੇ ਸ਼ੈਲੀ ਵਿਚੋਂ ਚੁਸਤੀ, ਬੌਧਿਕਤਾ ਅਤੇ ਬਿਰਤਾਂਤ ਦੀ ਡੂੰਘਾਈ ਝਲਕਦੀ ਹੈ।' 58 ਸਾਲਾ ਸਾਂਡਰਸ ਨੇ ਇਸ ਪੁਰਸਕਾਰ ਨੂੰ ਵੱਡਾ ਮਾਣ ਕਰਾਰ ਦਿੰਦਿਆਂ ਕਿਹਾ ਕਿ ਉਮੀਦ ਹੈ ਕਿ ਇਹ ਮੇਰੀ ਬਾਕੀ ਕਿਰਤ ਅਤੇ ਬਾਕੀ ਜ਼ਿੰਦਗੀ ਲਈ ਪ੍ਰੇਰਣਾ ਸਰੋਤ ਬਣਿਆ ਰਹੇਗਾ।

# ਏਸ਼ੀਆ ਹਾਕੀ ਕੱਪ: ਦਸ ਸਾਲ ਬਾਅਦ ਭਾਰਤ ਮੁੜ ਬਣਿਆ ਚੈਂਪੀਅਨ

**ਢਾਕਾ:** ਭਾਰਤੀ ਹਾਕੀ ਟੀਮ ਨੇ ਦਸ ਸਾਲ ਦੀ ਲੰਮੀ ਉਡੀਕ ਨੂੰ ਖਤਮ ਕਰਦਿਆਂ ਏਸ਼ੀਆ ਕੱਪ ਜਿੱਤ ਲਿਆ ਹੈ। ਭਾਰਤ ਨੇ ਫਾਈਨਲ ਮੁਕਾਬਲੇ ਵਿਚ ਮਲੇਸ਼ੀਆ ਨੂੰ 2-1 ਨਾਲ ਹਰਾ ਕੇ ਤੀਜੀ ਵਾਰ ਏਸ਼ੀਆ ਕੱਪ ਦਾ ਖਿਤਾਬ ਆਪਣੇ ਨਾਂ ਕੀਤਾ। ਇਸ ਤੋਂ ਪਹਿਲਾਂ ਭਾਰਤ ਨੇ 2007 ਵਿਚ ਚੇਨਈ ਵਿਚ ਹੋਇਆ ਹਾਕੀ ਏਸ਼ੀਆ ਕੱਪ ਜਿੱਤਿਆ ਸੀ।

ਇਕ ਬੇਹੱਦ ਰੋਮਾਂਚਕ ਮੁਕਾਬਲੇ ਵਿਚ ਭਾਰਤ ਵੱਲੋਂ ਰਮਨਦੀਪ ਸਿੰਘ ਨੇ ਮੈਚ ਦੇ ਤੀਸਰੇ ਅਤੇ ਲਲਿਤ ਉਪਾਧਿਆਏ ਨੇ 29ਵੇਂ ਮਿੰਟ ਵਿਚ ਗੋਲ ਕੀਤੇ। ਇਸ ਤਰ੍ਹਾਂ ਭਾਰਤੀ ਟੀਮ ਨੇ ਪਹਿਲੀ ਵਾਰ ਏਸ਼ੀਆ ਕੱਪ ਦੇ ਫਾਈਨਲ ਵਿਚ ਪੁੱਜੀ ਮਲੇਸ਼ੀਆ ਦੀ ਟੀਮ ਦਾ ਚੈਂਪੀਅਨ ਬਣਨ ਦਾ ਸੁਪਨਾ ਤੋੜ ਦਿੱਤਾ। ਹਾਲਾਂਕਿ ਮੈਚ ਦੌਰਾਨ ਮਲੇਸ਼ੀਆਈ ਟੀਮ ਨੇ ਭਾਰਤ ਨੂੰ ਕਾਫੀ ਫਸਵੀਂ ਟੱਕਰ ਦਿੱਤੀ ਅਤੇ ਉਸ ਦੀਆਂ ਆਸਾਂ ਨੂੰ ਉਸ ਸਮੇਂ ਬੂਰ ਵੀ ਪਿਆ ਜਦੋਂ 50ਵੇਂ ਮਿੰਟ 'ਚ ਸ਼ਾਹਰਿਲ ਸੱਭਾਅ ਨੇ ਆਪਣੀ ਟੀਮ ਵੱਲੋਂ ਗੋਲ ਕਰ ਕੇ ਸਕੋਰ 2-1 ਕਰ ਦਿੱਤਾ।

ਵਿਸ਼ਵ ਦਰਜਾਬੰਦੀ 'ਚ 6ਵੇਂ ਸਥਾਨ ਉਤੇ ਕਾਬਜ਼ ਭਾਰਤੀ ਟੀਮ ਮੈਚ ਦੇ ਆਖਰੀ 10 ਮਿੰਟਾਂ 'ਚ ਦਬਾਅ ਵਿਚ ਨਜ਼ਰ ਆਈ, ਕਿਉਂਕਿ ਮਲੇਸ਼ੀਆਈ ਟੀਮ ਦੇ ਖਿਡਾਰੀਆਂ ਨੇ ਬਰਾਬਰੀ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਪਰ ਭਾਰਤੀ ਟੀਮ ਦੀ ਮਜ਼ਬੂਤ ਰੱਖਿਆ ਕਤਾਰ ਸਾਹਮਣੇ ਮਲੇਸ਼ੀਆ ਦੀ ਇਕ ਨਾ ਚੱਲੀ ਅਤੇ ਉਨ੍ਹਾਂ ਨੇ ਮੈਚ ਖਤਮ ਹੋਣ ਤੱਕ ਆਪਣੀ ਅਜੇਤੂ ਬੜਤ ਨੂੰ ਕਾਇਮ ਰੱਖਦਿਆਂ ਹੋਇਆ ਇਹ ਮੁਕਾਬਲਾ 2-1 ਨਾਲ ਜਿੱਤ ਕੇ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।

ਪੂਰੇ ਏਸ਼ੀਆ ਕੱਪ ਵਿਚ ਭਾਰਤੀ ਟੀਮ ਕੋਈ ਮੈਚ ਨਹੀਂ ਹਾਰੀ ਅਤੇ ਉਸ ਨੇ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ ਦੋ ਵਾਰ ਟੂਰਨਾਮੈਂਟ 'ਚ ਹਰਾਇਆ। ਤੀਜੇ ਅਤੇ ਚੌਥੇ ਸਥਾਨ ਲਈ ਖੇਡੇ ਗਏ ਇਕ ਹੋਰ ਮੈਚ 'ਚ ਪਾਕਿਸਤਾਨ ਨੇ ਕੋਰੀਆ ਨੂੰ 6-3 ਨਾਲ ਹਰਾ ਕੇ ਕਾਂਸੀ ਦਾ ਤਗਮਾ ਜਿੱਤਿਆ।

## ਮਲੇਸ਼ੀਆ ਨੂੰ ਹਰਾ ਕੇ ਤੀਜੀ ਵਾਰ ਫਤਿਹ ਹਾਸਲ ਕੀਤੀ



## ਡੈਨਮਾਰਕ ਓਪਨ: ਕਿਦਾਂਬੀ ਨੇ ਜਿੱਤਿਆ ਖਿਤਾਬ

**ਓਡੈਂਸੇ:** ਭਾਰਤ ਦੇ ਸਟਾਰ ਬੈਡਮਿੰਟਨ ਖਿਡਾਰੀ ਕਿਦਾਂਬੀ ਸ੍ਰੀਕਾਂਤ ਨੇ ਡੈਨਮਾਰਕ ਓਪਨ ਬੈਡਮਿੰਟਨ ਟੂਰਨਾਮੈਂਟ ਵਿਚ ਕੋਰੀਆ ਦੇ ਅਨੁਭਵੀ ਖਿਡਾਰੀ ਲੀ ਹਿਊਨ ਨੂੰ ਹਰਾ ਕੇ ਖਿਤਾਬ 'ਤੇ ਕਬਜ਼ਾ ਕਰ ਲਿਆ ਹੈ। 7,50,000 ਡਾਲਰ ਇਨਾਮੀ ਵਾਲੇ ਇਸ ਟੂਰਨਾਮੈਂਟ ਵਿਚ ਕਿਦਾਂਬੀ ਸ੍ਰੀਕਾਂਤ ਨੇ ਆਪਣੇ ਤੋਂ 12 ਸਾਲ ਸੀਨੀਅਰ ਲੀ ਹਿਊਨ ਨੂੰ ਸਿਰਫ 25 ਮਿੰਟਾਂ ਵਿਚ ਹੀ 21-10, 21-5 ਦੇ ਫਰਕ ਨਾਲ ਮਾਤ ਦੇ ਕੇ ਇਹ ਖਿਤਾਬ ਆਪਣੇ ਨਾਂ ਕੀਤਾ। ਜ਼ਬਰਦਸਤ ਫਾਰਮ ਵਿਚ ਚੱਲ ਰਹੇ ਕਿਦਾਂਬੀ ਸ੍ਰੀਕਾਂਤ ਦੇ ਸਾਹਮਣੇ ਲੀ ਹਿਊਨ ਕਿਤੇ ਵੀ ਟਿਕ ਨਾ ਸਕਿਆ। ਸ੍ਰੀਕਾਂਤ ਨੇ ਇਸੇ ਸਾਲ ਵਿਚ ਇਸ ਤੀਜੇ ਸੁਪਰ ਸਿਰੀਜ਼ ਖਿਤਾਬ 'ਤੇ ਕਬਜ਼ਾ ਕੀਤਾ ਹੈ। ਇਸ ਤੋਂ ਪਹਿਲਾਂ ਉਸ ਨੇ ਇੰਡੋਨੇਸ਼ੀਆ ਓਪਨ ਤੇ ਆਸਟਰੇਲੀਆ ਓਪਨ ਦਾ ਖਿਤਾਬ ਵੀ ਆਪਣੇ ਕੀਤਾ ਸੀ। ਇਸ ਮੈਚ ਵਿਚ ਸ੍ਰੀਕਾਂਤ ਨੇ ਸ਼ੁਰੂਆਤ ਵਿਚ ਹੀ ਆਪਣੇ ਵਿਰੋਧੀ 'ਤੇ ਦਬਦਬਾ ਬਣਾਇਆ ਹਾਲਾਂਕਿ ਪਹਿਲੀ ਖੇਡ ਵਿਚ ਲੀ ਨੇ ਅੰਕਾਂ ਦੀ ਸ਼ੁਰੂਆਤ ਕੀਤੀ ਪਰ ਜਲਦ ਹੀ ਸ੍ਰੀਕਾਂਤ ਨੇ ਵੀ ਆਪਣਾ ਖਾਤਾ ਖੋਲ੍ਹ ਕੇ ਅੰਕ 4-4 ਨਾਲ ਬਰਾਬਰ ਕੀਤੇ। ਬਾਅਦ 'ਚ ਆਪਣੀ ਬੜਤ ਬਣਾਈ ਤੇ ਪਹਿਲਾ ਖੇਡ 21-10 ਨਾਲ ਜਿੱਤ ਲਈ। ਦੂਜੀ ਖੇਡ ਵਿਚ ਵੀ ਸ੍ਰੀਕਾਂਤ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਲੀ ਨੂੰ 21-5 ਨਾਲ ਹਰਾ ਦਿੱਤਾ।

ਪੰਜਾਬ ਟਾਈਮਜ਼

ਸਨਿਚਰਵਾਰ, 28 ਅਕਤੂਬਰ 2017

## ਪੰਜਾਬ, ਸਿਆਸਤਦਾਨ ਤੇ ਲੋਕ

ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਜਿੱਤ ਨੇ ਹੀ ਸਾਫ ਸੁਨੇਹਾ ਦੇ ਦਿੱਤਾ ਸੀ ਕਿ ਸੂਬੇ ਦੇ ਹਾਲਾਤ ਜਿਉਂ ਦੇ ਤਿਉਂ ਹੀ ਰਹਿਣ ਵਾਲੇ ਹਨ। ਹੁਣ ਤਕਰੀਬਨ ਅੱਠ ਮਹੀਨਿਆਂ ਬਾਅਦ ਸਰਕਾਰ ਜਿਸ ਢੰਗ ਨਾਲ ਵੱਖ ਵੱਖ ਮਸਲਿਆਂ ਨਾਲ ਜੂਝ ਰਹੀ ਹੈ, ਉਹ ਇਸ ਤੱਥ ਦਾ ਤਕੜਾ ਪ੍ਰਮਾਣ ਹੈ। 'ਖਜ਼ਾਨਾ ਖਾਲੀ ਹੈ' ਕਹਿ ਕੇ ਹਰ ਵਾਰ ਪਿਛਲੀ ਸਰਕਾਰ 'ਤੇ ਦੋਸ਼ ਕਿੰਨੀ ਕੁ ਦੇਰ ਮੜ੍ਹਿਆ ਜਾ ਸਕਦਾ ਹੈ। ਨਸ਼ੇ ਉਸ ਵਕਤ ਸਭ ਤੋਂ ਵੱਡੇ ਮਸਲੇ ਵਜੋਂ ਉਭਾਰੇ ਗਏ ਸਨ, ਤੇ ਇਹ ਸੱਚ ਵੀ ਸੀ, ਪਰ ਕੈਪਟਨ ਵੱਲੋਂ ਚਹੁੰ ਹਫਤਿਆਂ ਵਿਚ ਇਨ੍ਹਾਂ ਦੇ ਖਾਤਮੇ ਵਾਲੇ ਵਾਅਦੇ ਵਫਾ ਨਹੀਂ ਹੋਏ। ਸਰਕਾਰ ਤਾਂ ਸਗੋਂ ਆਪਣੇ ਨੌਕਰਸ਼ਾਹਾਂ ਤੋਂ ਕੰਮ ਲੈਣ ਵਿਚ ਵੀ ਨਾਕਾਮ ਸਾਬਤ ਹੋ ਰਹੀ ਹੈ। ਕਰਜ਼ਾ ਮੁਆਫੀ ਵਾਲਾ ਵਾਅਦਾ ਤਾਂ ਮਾਨੋ ਮਜ਼ਾਕ ਬਣ ਕੇ ਰਹਿ ਗਿਆ ਹੈ। ਹੁਣ ਬਿਜਲੀ ਦਰਾਂ ਵਿਚ ਸਾਢੇ ਨੌਂ ਫੀਸਦ ਵਾਧੇ ਨੇ ਸਰਕਾਰ ਦੇ ਮਨਸ਼ੇ ਸਾਫ ਕਰ ਦਿੱਤੇ ਹਨ। ਉਪਰੋਂ ਜੱਗੋਂ ਤੇਰ੍ਹਵੀਂ ਇਹ ਕੀਤੀ ਗਈ ਹੈ ਕਿ ਇਹ ਵਾਧਾ ਅਪਰੈਲ ਮਹੀਨੇ ਤੋਂ ਕੀਤਾ ਗਿਆ ਹੈ, ਭਾਵ ਬਿਜਲੀ ਖਪਤਕਾਰਾਂ ਨੂੰ ਸੱਤ ਮਹੀਨਿਆਂ ਦੇ ਪੁਰਾਣੇ ਬਿੱਲਾਂ ਦਾ ਬਕਾਇਆ ਵੀ ਦੇਣਾ ਪਵੇਗਾ। ਅਸਲ ਵਿਚ ਬਿਜਲੀ ਦਰਾਂ ਦਾ ਇਹ ਵਾਧਾ ਪਹਿਲਾਂ ਗੁਰਦਾਸਪੁਰ ਵਿਚ ਹੋਣ ਵਾਲੀ ਉਪ ਚੋਣ ਅਤੇ ਫਿਰ ਦੀਵਾਲੀ ਕਰ ਕੇ ਰੋਕਿਆ ਹੋਇਆ ਸੀ। ਜਿਉਂ ਹੀ ਇਹ ਦੋਵੇਂ ਤਰੀਕਾਂ ਲੰਘੀਆਂ, ਸਰਕਾਰ ਨੇ ਆਪਣਾ ਫੈਸਲਾ ਸੁਣਾ ਦਿੱਤਾ। ਇਸ ਤੋਂ ਕੁਝ ਦਿਨ ਪਹਿਲਾਂ ਹੀ ਸਰਕਾਰ ਸੂਬੇ ਅੰਦਰ 800 ਪ੍ਰਾਇਮਰੀ ਸਕੂਲ ਬੰਦ ਕਰਨ ਦਾ ਐਲਾਨ ਕਰ ਚੁਕੀ ਹੈ। ਇਸ ਫੈਸਲੇ ਨਾਲ ਅਧਿਆਪਕਾਂ ਦੀਆਂ ਅਸਾਮੀਆਂ ਕੁਝ ਕੁ ਘਟ ਜ਼ਰੂਰ ਜਾਣਗੀਆਂ, ਪਰ ਸਰਕਾਰ ਵੱਲੋਂ ਸਿਖਿਆ ਮੁਹੱਈਆ ਕਰਵਾਉਣ ਦਾ ਵਾਅਦਾ ਝੂਠ ਪੈ ਜਾਵੇਗਾ। ਸਰਕਾਰ ਜਦੋਂ ਅਜਿਹੇ ਫੈਸਲੇ ਕਰ ਰਹੀ ਹੋਵੇ ਤਾਂ ਵਿਰੋਧੀ ਧਿਰ ਦੀ ਭੂਮਿਕਾ ਬੜੀ ਅਹਿਮ ਹੁੰਦੀ ਹੈ, ਪਰ ਸੂਬੇ ਦੀ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਦੀ ਗੱਡੀ ਖੁਦ ਲੀਹ ਉਤੇ ਨਹੀਂ। ਇਹ ਪਹਿਲਾਂ ਵੀ ਕਈ ਮਸਲਿਆਂ ਉਤੇ ਕੁਝ ਕਰ ਕੇ ਦਿਖਾਉਣ ਵਿਚ ਨਾਕਾਮ ਰਹੀ ਹੈ। ਅਸਲ ਵਿਚ ਇਸ ਪਾਰਟੀ ਦੇ ਪੰਜਾਬ ਵਾਲੇ ਆਗੂ ਦੂਰਅੰਦੇਸ਼ੀ ਤੋਂ ਲਾਂਭੇ ਲਾਂਭੇ ਹੀ ਨਿਕਲ ਜਾਂਦੇ ਰਹੇ ਹਨ। ਇਸੇ ਲਈ ਸਿਆਸਤ ਵਿਚ ਦਖਲ ਦਾ ਹਰ ਮੌਕਾ ਇਸ ਪਾਰਟੀ ਦੇ ਹੱਥੋਂ ਖੁੱਸ ਜਾਂਦਾ ਰਿਹਾ ਹੈ। ਗੁਰਦਾਸਪੁਰ ਉਪ ਚੋਣ ਨੇ ਇਸ ਪਾਰਟੀ ਦੇ ਪੱਤੇ ਇਕ ਵਾਰ ਫਿਰ ਖਲਾਰ ਕੇ ਰੱਖ ਦਿੱਤੇ ਹਨ। ਹੁਣ ਤਾਂ ਇਹ ਮਸਲਾ ਮੂੰਹ ਅੱਡੀ ਖੜ੍ਹਾ ਹੋ ਗਿਆ ਹੈ ਕਿ ਪਾਰਟੀ ਦਾ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਵਿਚ ਕੀ ਹਸ਼ਰ ਹੋਵੇਗਾ, ਕਿਉਂਕਿ ਇਹ ਚੋਣਾਂ ਅਕਸਰ ਸੱਤਾਧਾਰੀ ਧਿਰ ਦੇ ਦਾਬੇ ਵਾਲੀਆਂ ਹੀ ਹੁੰਦੀਆਂ ਹਨ ਅਤੇ ਸੱਤਾ ਧਿਰ ਨਾਲ ਨਜਿੱਠਣ ਲਈ ਅਜੇ ਤੱਕ ਇਸ ਪਾਰਟੀ ਦਾ ਕੋਈ ਖਾਸ ਏਜੰਡਾ ਸਾਹਮਣੇ ਨਹੀਂ ਆਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਤਾਂ ਇਨ੍ਹਾਂ ਮਸਲਿਆਂ ਉਤੇ ਨਿਰੀ ਸਿਆਸਤ ਹੀ ਕੀਤੀ ਜਾ ਰਹੀ ਹੈ। ਨਾਲੇ ਮੁੱਦਾ ਇਹ ਵੀ ਹੈ ਕਿ ਲੋਕ ਅਜੇ ਵੀ ਇਸ ਦਲ ਨੂੰ ਮੂੰਹ ਲਾਉਣ ਲਈ ਤਿਆਰ ਨਹੀਂ ਹੋਏ ਹਨ।

ਇਸ ਤੋਂ ਇਲਾਵਾ, ਦਿਨ-ਬ-ਦਿਨ ਪਛੜ ਰਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਹੋਰ ਮੁਹਿੰਮ ਛੇੜ ਲਈ ਹੈ। ਕੈਨੇਡੀਅਨ ਆਗੂ ਜਗਮੀਤ ਸਿੰਘ ਵੱਲੋਂ ਕੈਟੇਲੋਨੀਆ, ਕਿਊਬੈਕ ਅਤੇ ਪੰਜਾਬ ਵਿਚ ਸਵੈ-ਨਿਰਣੇ ਦੇ ਹੱਕ ਬਾਰੇ ਦਿੱਤੇ ਬਿਆਨ ਬਾਰੇ ਪ੍ਰਤੀਕ੍ਰਿਆ ਜ਼ਾਹਰ ਕਰ ਕੇ ਕੈਪਟਨ ਨੇ ਆਪਣੇ ਲਈ ਇਕ ਤਰ੍ਹਾਂ ਨਾਲ ਮੁਸੀਬਤ ਹੀ ਸਹੇੜ ਲਈ ਹੈ। ਇਹ ਦਰਅਸਲ ਕੈਪਟਨ ਅਮਰਿੰਦਰ ਸਿੰਘ ਦੀ ਅਣਸਰਦੀ ਲੋੜ ਵੀ ਜਾਪਦੀ ਹੈ। ਆਪਣੀ ਸਰਕਾਰ ਦੇ ਸ਼ੁਰੂਆਤੀ ਦੌਰ ਅੰਦਰ ਹੀ, ਤਕਰੀਬਨ ਸਾਰੇ ਫਰੰਟਾਂ ਉਤੇ ਨਾਕਾਮੀ ਦੀ ਮਾਰ ਝੱਲ ਰਹੇ ਮੁੱਖ ਮੰਤਰੀ ਨੂੰ ਲੋਕਾਂ ਦਾ ਧਿਆਨ ਹੋਰ ਪਾਸੇ ਲਾਉਣ ਦਾ ਇਸ ਤੋਂ ਚੰਗਾ ਮੌਕਾ ਹੋਰ ਕੋਈ ਨਹੀਂ ਲੱਗਿਆ ਹੋਣਾ ਅਤੇ ਸੱਤਾਵਾਦੀਆਂ ਨੂੰ ਮੁਲਕ ਦੀ ਏਕਤਾ ਅਤੇ ਅਖੰਡਤਾ ਦਾ ਹੇਜ ਰਹਿੰਦਾ ਵੀ ਕੁਝ ਵਧੇਰੇ ਹੀ ਹੈ। ਜਦੋਂ ਕਦੀ ਸਵੈ-ਨਿਰਣੇ ਦੇ ਹੱਕ ਵਾਲੇ ਹਾਲਾਤ ਬਣੇ, ਤਾਂ ਇਸ ਤੋਂ ਇਨਕਾਰੀ ਕੌਣ ਹੋ ਸਕਦਾ ਹੈ? ਪਰ ਇਸ ਮਸਲੇ 'ਤੇ ਹੁਣ ਸਿਰਫ ਸਿਆਸਤ ਹੀ ਖੇਡੀ ਜਾ ਰਹੀ ਹੈ ਅਤੇ ਸਾਰੀਆਂ ਧਿਰਾਂ ਸਿਰਫ ਆਪਣੀ ਹੋਂਦ ਜਤਲਾਉਣ ਲਈ ਹੀ ਅਜਿਹੇ ਬਿਆਨ ਦਾਗ ਰਹੀਆਂ ਹਨ। ਕੈਪਟਨ ਖੁਦ ਵੀ ਜਾਣਦੇ ਹਨ ਅਤੇ ਕੈਨੇਡੀਅਨ ਆਗੂ ਜਗਮੀਤ ਸਿੰਘ ਨੂੰ ਵੀ ਪਤਾ ਹੈ ਕਿ ਪੰਜਾਬ ਵਿਚ ਇਸ ਵੇਲੇ ਮੁੱਖ ਮੁੱਦਾ ਸਵੈ-ਨਿਰਣੇ ਦੇ ਹੱਕ ਵਾਲਾ ਨਹੀਂ। ਉਂਜ, ਸੋਚਣਾ ਬਣਦਾ ਹੈ ਕਿ ਜਗਮੀਤ ਸਿੰਘ ਇਸ ਮਸਲੇ 'ਤੇ ਪੰਜਾਬ ਨੂੰ ਕੈਟੇਲੋਨੀਆ ਅਤੇ ਕਿਊਬੈਕ ਨਾਲ ਜੋੜ ਕੇ ਸਾਬਤ ਕੀ ਕਰਨਾ ਚਾਹੁੰਦੇ ਹਨ? ਕੈਟੇਲੋਨੀਆ ਤੇ ਕਿਊਬੈਕ ਵਿਚ ਹੁਣ ਤੱਕ ਦੋ-ਦੋ ਵਾਰ ਸਵੈ-ਨਿਰਣੇ ਬਾਰੇ ਵੋਟਿੰਗ ਹੋ ਚੁਕੀ ਹੈ ਅਤੇ ਪੰਜਾਬ ਦੇ ਅੱਜ ਦੇ ਹਾਲਾਤ ਦਾ ਇਨ੍ਹਾਂ ਨਾਲ ਕੋਈ ਲੈਣਾ-ਦੇਣਾ ਨਹੀਂ ਬਣਦਾ। ਕੈਟੇਲੋਨੀਆ ਅਤੇ ਕਿਊਬੈਕ ਵਿਚ ਵੱਖਰਾ ਮੁਲਕ ਚਾਹੁਣ ਵਾਲਿਆਂ ਦੀ ਪੈਂਠ ਕਿਸੇ ਵੀ ਢੰਗ ਨਾਲ ਪੰਜਾਬ ਨਾਲ ਮੇਲੀ ਨਹੀਂ ਜਾ ਸਕਦੀ। ਜਮਹੂਰੀ ਪੱਖ ਤੋਂ ਵਿਚਾਰਿਆਂ ਵੀ ਇਹੀ ਨੁਕਤਾ ਉਭਰਦਾ ਹੈ। ਅੱਜ ਪੰਜਾਬ ਦੇ ਮੁੱਖ ਮਸਲੇ ਨਸ਼ਿਆਂ ਦਾ ਖਾਤਮਾ, ਸਿਖਿਆ ਅਤੇ ਸਿਹਤ ਹੀ ਹਨ ਜਿਹੜੇ ਹਰ ਚੋਣ ਮੇਲੇ ਮੌਕੇ ਮੁੱਖ ਮੁੱਦੇ ਬਣਦੇ ਹਨ। ਇਨ੍ਹਾਂ ਬਾਰੇ ਹਰ ਸਿਆਸੀ ਧਿਰ ਪਹਿਲਾਂ ਵਾਅਦੇ ਅਤੇ ਫਿਰ ਵਾਅਦਾਖਿਲਾਫੀ ਕਰਦੀ ਹੈ। ਹਰ ਵਾਰ ਵਾਂਗ ਕਿਸੇ ਇਕ ਧਿਰ ਦੀ ਸਰਕਾਰ ਬਣ ਜਾਂਦੀ ਹੈ ਅਤੇ ਫਿਰ ਪੰਜ ਸਾਲ ਇਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੁੰਦਾ। ਇਨ੍ਹਾਂ ਆਗੂਆਂ ਦੀ ਅਜਿਹੀ ਕੰਮ-ਚਲਾਊ ਪਹੁੰਚ ਕਾਰਨ ਅੱਜ ਪੰਜਾਬ ਗੋਡਿਆਂ ਪਰਨੇ ਹੋਇਆ ਪਿਆ ਹੈ। ਇਸ ਦਾ ਹਰ ਨੌਜਵਾਨ, ਜਗਮੀਤ ਸਿੰਘ ਵਾਲੇ ਮੁਲਕ ਵਿਚ ਜਾਣ ਲਈ ਕਮਰ ਕੱਸੀ ਖੜ੍ਹਾ ਹੈ ਅਤੇ ਪਰਦੇਸਾਂ ਵਿਚ ਬੈਠ ਕੇ ਸਵੈ-ਨਿਰਣੇ ਬਾਰੇ ਨਿਰਣੇ ਦੇਣ ਵਾਲਿਆਂ ਵਿਚੋਂ ਇਕ ਵੀ ਪੰਜਾਬ ਜਾਣ ਲਈ ਤਿਆਰ ਨਹੀਂ। ਹਾਲਾਤ ਦੀ ਵਿਡੰਬਨਾ ਇਹੀ ਹੈ!

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਕੰਸ ਤੇ ਕਨ੍ਹੱਈਆ ਕੁਮਾਰ!

ਹਾਕਮ ਕਾਹਦੇ ਉਹ ਜਿੰਨ ਤੇ ਭੂਤ ਯਾਰੋ, ਸਾਂਝ ਤੋੜਦੇ ਆਪਣੀ ਕਾਲ ਬਣ ਕੇ।
ਥਾਹ ਪਾਉਣ ਲਈ ਇਨ੍ਹਾਂ ਦੇ ਕਾਰਿਆਂ ਦੀ, ਫਸਣਾ ਪਵੇਗਾ ਚੂਲ ਵਿਚ ਫਾਲ ਬਣ ਕੇ।
ਦਾਣਾ ਸਾਬਤਾ ਰਹੇ ਤਾਂ ਉਗਦਾ ਏ, ਤਾਕਤ ਰਹੇ ਨਾ ਪਾਟਿਆਂ ਦਾਲ ਬਣ ਕੇ।
ਤੰਦਾਂ ਗਿਆਨ ਦੇ ਨਾਲ ਮਜ਼ਬੂਤ ਕਰੀਏ, ਥਾਂ ਥਾਂ 'ਲੱਗੀਏ' ਫਾਹੁਣ ਲਈ ਜਾਲ ਬਣ ਕੇ।
ਵਾਹ ਕੇ ਵੇਰੀਆਂ ਸੋਚਾਂ ਵਿਚ ਪੈਣ ਨਾਲੋਂ, ਚਾਹੀਏ ਵੱਜਣਾ ਹਿੰਮਤ ਦੀ ਛਾਲ ਬਣ ਕੇ।
ਜੇਕਰ ਰੋਕਣੇ 'ਕੰਸ' ਦੇ ਕਾਰਨਾਮੇ, ਤੁਰੀਏ ਨਾਲ 'ਕਨ੍ਹੱਈਏ' ਦੀ ਢਾਲ ਬਣ ਕੇ!

# ਪੰਜਾਬ ਵਿਚ ਪੰਜਾਬੀ ਨੂੰ ਹੀ ਮਿਲੇ ਪਹਿਲੀ ਥਾਂ

*ਪਿਛਲੇ ਕੁਝ ਸਮੇਂ ਤੋਂ ਪੰਜਾਬੀਆਂ ਅੰਦਰ ਪੰਜਾਬੀ ਬਾਰੇ ਜਾਗਰੂਕਤਾ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਪ੍ਰਬਲ ਨਜ਼ਰੀਂ ਪੈ ਰਹੀ ਹੈ। ਵੱਖ-ਵੱਖ ਤਬਕਿਆਂ ਦੇ ਲੋਕ ਇਸ ਮੁਹਿੰਮ ਵਿਚ ਆਪੋ-ਆਪਣਾ ਯੋਗਦਾਨ ਪਾ ਰਹੇ ਹਨ। ਇਸੇ ਤਹਿਤ ਚੰਡੀਗੜ੍ਹ ਅਤੇ ਪੰਜਾਬ ਵਿਚ ਸਾਈਨ ਬੋਰਡਾਂ ਉਤੇ ਪੰਜਾਬੀ ਨੂੰ ਪਹਿਲ ਦੇਣ ਦਾ ਮੁੱਦਾ ਪਿਛਲੇ ਦਿਨਾਂ ਤੋਂ ਚੋਖੀ ਚਰਚਾ ਵਿਚ ਹੈ। ਮੀਡੀਆ ਦੇ ਇਕ ਹਿੱਸੇ ਵੱਲੋਂ ਭਾਵੇਂ ਇਸ ਮੁੱਦੇ ਨੂੰ ਤੱਤੇ ਸਿੱਖਾਂ, ਭਾਵ ਖਾਲਿਸਤਾਨੀਆਂ ਨਾਲ ਜੋੜਨ ਦੇ ਕੋਝੇ ਯਤਨ ਕੀਤੇ ਗਏ, ਪਰ ਪੰਜਾਬੀ ਪਿਆਰਿਆਂ ਦੀ ਇਸ ਮੁਹਿੰਮ ਦਾ ਹਰ ਪਾਸਿਓਂ ਸਵਾਗਤ ਹੋਇਆ ਹੈ। ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਸਮੁੱਚੇ ਹਾਲਾਤ ਅਤੇ ਪੰਜਾਬੀ ਨੂੰ ਪਹਿਲ ਦੇ ਮਾਮਲੇ ਦੇ ਪਿਛੋਕੜ ਬਾਰੇ ਚਰਚਾ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਦੇ ਸਨਮੁਖ ਕਰ ਰਹੇ ਹਾਂ। -ਸੰਪਾਦਕ*

ਸੜਕਾਂ ਕੰਢੇ ਲੱਗੇ ਦਿਸ਼ਾ ਸੂਚਕ ਫੱਟਿਆਂ ਉਤੇ ਪੰਜਾਬੀ ਭਾਸ਼ਾ ਨੂੰ ਹਿੰਦੀ ਤੇ ਅੰਗਰੇਜ਼ੀ ਤੋਂ ਹੇਠਾਂ ਥਾਂ ਦੇਣ ਨਾਲ ਪੰਜਾਬੀ ਪਿਆਰਿਆਂ ਵਿਚ ਰੋਹ ਪੈਦਾ ਹੋਣਾ ਸੁਭਾਵਿਕ ਹੈ। ਇਸ ਹਰਕਤ ਦਾ ਵੱਖ-ਵੱਖ ਪਾਸਿਆਂ ਤੋਂ ਤਿੱਖਾ ਵਿਰੋਧ ਹੋਇਆ ਹੈ, ਜਿਸ ਨੂੰ ਮੀਡੀਆ ਵਿਚ ਵੀ ਕਾਫੀ ਥਾਂ ਮਿਲੀ ਹੈ। ਇਸ ਮਸਲੇ 'ਤੇ ਕੁਝ ਟੀ.ਵੀ. ਚੈਨਲਾਂ 'ਤੇ ਵੀ ਵਿਚਾਰ-ਵਟਾਂਦਰੇ ਹੋਏ ਹਨ। ਇਸ ਤੋਂ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਦੀ ਅਣਦੇਖੀ ਵੱਲ



ਡਾ. ਧਰਮਵੀਰ ਗਾਂਧੀ

ਪੰਜਾਬੀ ਪਹਿਲਾਂ ਨਾਲੋਂ ਵਧੇਰੇ ਧਿਆਨ ਦੇਣ ਲੱਗੇ ਹਨ। ਇਹ ਉਤਸ਼ਾਹ ਦੇਣ ਵਾਲੀ ਗੱਲ ਹੈ, ਪਰ ਸਰਕਾਰੀ ਧਿਰਾਂ ਪੰਜਾਬੀ ਭਾਸ਼ਾ ਨੂੰ ਸਭ ਤੋਂ ਹੇਠਲੀ ਥਾਂ ਦੇਣ ਨੂੰ ਇੱਕ ਮਹਿਕਮੇ ਵੱਲੋਂ ਹੋਈ ਅਚੇਤ ਭੁੱਲ ਵੱਜੋਂ ਪੇਸ਼ ਕਰ ਰਹੀਆਂ ਹਨ। ਅਸਲ ਵਿਚ, ਪੰਜਾਬੀ ਅਤੇ ਹੋਰ ਭਾਰਤੀ ਖੇਤਰੀ ਭਾਸ਼ਾਵਾਂ ਦੀ ਅਣਦੇਖੀ ਦਾ ਮਸਲਾ ਬਹੁਤ ਡੂੰਘਾ ਹੈ। ਇਸ ਦੀ ਡੂੰਘਿਆਈ ਨੂੰ ਸਮਝਣ ਲਈ ਭਾਰਤ ਦੇ ਭਾਸ਼ਾਈ ਵਿਹਾਰ 'ਤੇ ਝਾਤੀ ਮਾਰਨੀ ਜ਼ਰੂਰੀ ਹੈ।

ਭਾਰਤ ਦੇ ਭਾਸ਼ਾਈ ਵਿਹਾਰ 'ਤੇ ਝਾਤੀ ਮਾਰਿਆਂ ਇਹੀ ਸਾਹਮਣੇ ਆਉਂਦਾ ਹੈ ਕਿ ਸੰਵਿਧਾਨ ਵਿਚ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਖੇਤਰੀ ਭਾਸ਼ਾਵਾਂ, ਬਹੁਤੇ ਭਾਸ਼ਾਈ ਖੇਤਰਾਂ ਜਿਵੇਂ ਸਿੱਖਿਆ, ਕਾਨੂੰਨ, ਪ੍ਰਸ਼ਾਸਨ ਤੇ ਗ਼ੈਰ-ਸਰਕਾਰੀ ਦਫ਼ਤਰਾਂ ਆਦਿ ਵਿਚੋਂ ਬਾਹਰ ਹੋਣ ਵਾਂਗ ਹਨ। ਸਿਰਫ਼ ਕੁਝ ਰਾਜਾਂ ਵਿਚ ਹੀ ਸਰਕਾਰੀ ਕੰਮ-ਕਾਜ ਵਿਚ ਖੇਤਰੀ ਭਾਸ਼ਾਵਾਂ ਦੀ ਵਰਤੋਂ ਹੋ ਰਹੀ ਹੈ। ਬਾਕੀ ਖੇਤਰੀ ਭਾਸ਼ਾਵਾਂ ਤੇ ਬੋਲੀਆਂ ਦੀ ਬਿਲਕੁਲ ਕੋਈ ਪੁੱਛ ਨਹੀਂ ਹੈ। ਆਜ਼ਾਦੀ ਤੋਂ ਬਾਅਦ ਕਈ ਭਾਸ਼ਾਵਾਂ ਤਾਂ ਮਰ ਚੁੱਕੀਆਂ ਹਨ ਤੇ ਕਈ ਮਰਨ ਕੰਢੇ ਹਨ। ਇਸ ਭਾਸ਼ਾਈ ਵਿਹਾਰ ਨੂੰ ਕਿਸੇ ਤਰ੍ਹਾਂ ਵੀ ਠੀਕ ਨਹੀਂ ਕਿਹਾ ਜਾ ਸਕਦਾ। ਦੁਨੀਆਂ ਭਰ ਦੇ ਭਾਸ਼ਾ ਮਾਹਿਰਾਂ ਦੀ ਰਾਇ ਤੇ ਵਧੇਰੇ ਕਾਮਯਾਬ ਦੇਸ਼ਾਂ ਦਾ ਤਜਰਬਾ ਦੱਸਦਾ ਹੈ ਕਿ ਕਿਸੇ ਭਾਸ਼ਾਈ ਖਿੱਤੇ ਦੇ ਕਿਸੇ ਵੀ ਸਥਾਨਕ ਖੇਤਰ ਵਿਚ ਮਾਤ ਭਾਸ਼ਾ ਦੀ ਥਾਂ ਕਿਸੇ ਹੋਰ ਭਾਸ਼ਾ ਦੀ ਵਰਤੋਂ ਨਾਲ ਵੱਡੇ ਨੁਕਸਾਨ ਹੁੰਦੇ ਹਨ।

ਮਿਸਾਲ ਲਈ ਸਿੱਖਿਆ ਦੇ ਖੇਤਰ ਨੂੰ ਵੇਖਿਆ ਜਾ ਸਕਦਾ ਹੈ ਜੋ ਭਾਸ਼ਾ ਦੇ ਮਾਮਲੇ ਵਿਚ ਸਭ ਤੋਂ ਅਹਿਮ ਖੇਤਰ ਹੈ। ਸਿੱਖਿਆ ਵਿਚ ਉਹੀ ਦੇਸ਼ ਮੋਹਰੀ ਹਨ ਜੋ ਬੱਚੇ ਦੀ ਮਾਤ ਭਾਸ਼ਾ ਵਿਚ ਸਿੱਖਿਆ ਦੇ ਰਹੇ ਹਨ। ਭਾਰਤ ਵਿਚ ਹੁਣ ਤਕ ਬਣੇ ਸਾਰੇ ਕਮਿਸ਼ਨ ਅਤੇ ਕਮੇਟੀਆਂ ਨੇ ਵੀ ਮਾਤ ਭਾਸ਼ਾ ਵਿਚ ਸਿੱਖਿਆ ਦੇਣ ਦੀ ਹਦਾਇਤ ਕੀਤੀ ਹੈ। ਭਾਰਤੀ ਸੰਵਿਧਾਨ ਧਾਰਾ 350 (ਏ) ਦੇ ਮੁਤਾਬਿਕ ਵੀ, ਮਾਤ ਭਾਸ਼ਾ ਵਿਚ ਸਿੱਖਿਆ ਲਈ ਵਿਵਸਥਾਵਾਂ ਕੀਤੀਆਂ ਹੋਈਆਂ ਹਨ, ਪਰ ਇਸ ਸਭ ਦੀ ਅਣਦੇਖੀ ਕਰ ਕੇ, ਭਾਰਤੀ ਮਾਤ ਭਾਸ਼ਾਵਾਂ ਨੂੰ ਸਿੱਖਿਆ ਦੇ ਖੇਤਰ ਵਿਚ ਬਣਦੀ ਥਾਂ ਨਹੀਂ ਦਿੱਤੀ ਜਾ ਰਹੀ। ਇਸ ਨਾਲ ਵੱਡੇ ਵਿਦਿਅਕ ਨੁਕਸਾਨ ਹੋ ਰਹੇ ਹਨ।

ਇਵੇਂ ਹੀ ਪ੍ਰਸ਼ਾਸਨ ਦੇ ਖੇਤਰ ਵਿਚ ਵੀ ਵੇਖਿਆ ਜਾ ਸਕਦਾ ਹੈ। ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਸੁਚਾਰੂ ਪ੍ਰਸ਼ਾਸਨ, ਲੋਕਾਂ ਦੀ ਭਾਸ਼ਾ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਵਿਚ ਦਿੱਤਾ ਜਾ ਸਕਦਾ ਹੈ, ਪਰ ਭਾਰਤ ਵਿਚ ਹਾਲੇ ਵੀ ਬਹੁਤਾ ਪ੍ਰਸ਼ਾਸਨ ਲੋਕਾਂ ਦੀ ਭਾਸ਼ਾ ਵਿਚ ਨਹੀਂ ਹੋ ਰਿਹਾ। ਭਾਸ਼ਾ ਦੀ ਵਰਤੋਂ ਦੇ ਹੋਰ ਖੇਤਰਾਂ ਦਾ ਵੀ ਇਹੀ ਹਾਲ ਹੈ।

ਭਾਰਤੀ ਖੇਤਰੀ ਭਾਸ਼ਾਵਾਂ ਵੱਲ ਇਸ ਵਿਤਕਰੇ ਭਰੇ ਸਲੂਕ ਕਰਕੇ ਰਾਜਸੀ ਸੰਕਟ ਵੀ ਪੈਦਾ ਹੋ ਰਹੇ ਹਨ। ਜੇ ਕਿਸੇ ਖਿੱਤੇ ਦੇ ਲੋਕਾਂ ਦੀ ਭਾਸ਼ਾ, ਉਸ ਖਿੱਤੇ ਦੇ ਕੰਮ-ਕਾਰ ਦੀ ਭਾਸ਼ਾ ਨਹੀਂ ਹੁੰਦੀ ਤਾਂ ਇਸ ਖਿੱਤੇ ਦੇ ਲੋਕਾਂ ਦਾ ਸੱਤਾ ਤੇ ਪ੍ਰਸ਼ਾਸਨ ਪ੍ਰਤੀ ਓਪਰੇਪਣ ਵਾਲਾ ਰੂਪ ਹੀ ਬਣਿਆ ਰਹੇਗਾ। ਓਪਰੇਪਣ ਦੀ ਅਜਿਹੀ ਭਾਵਨਾ ਦਾ ਨਤੀਜਾ ਅਕਸਰ ਰਾਜਸੀ ਤੌਰ 'ਤੇ ਅਲਹਿਦਗੀ ਦੀ ਭਾਵਨਾ ਦਾ ਰੂਪ ਹਾਸਲ ਕਰ ਲੈਂਦਾ ਹੈ। ਇਸ ਲਈ, ਭਾਰਤੀ ਖੇਤਰੀ ਭਾਸ਼ਾਵਾਂ ਨੂੰ ਆਪਣੇ-ਆਪਣੇ ਖਿੱਤੇ ਵਿਚ ਕੇਂਦਰੀ ਥਾਂ ਦੇਣਾ, ਭਾਰਤੀ ਲੋਕਾਂ ਦੀ ਰਾਜਸੀ ਤੇ ਭਾਵਨਾਤਮਕ ਸਾਂਝ ਤੇ ਵਡੇਰੇ ਵਿਆਪਕ ਦ੍ਰਿਸ਼ਟੀਕੋਣ ਤੇ ਹਿੱਤਾਂ ਲਈ ਵੀ ਬੇਹੱਦ ਜ਼ਰੂਰੀ ਹੈ।

ਭਾਰਤ ਵਿਚ ਭਾਸ਼ਾ ਦਾ ਮਸਲਾ ਅਤੇ ਹੋਰ ਬਹੁਤ ਸਾਰੇ ਰਾਜਸੀ ਮਸਲੇ ਦੇਸ਼ ਦੀ ਸਮਾਜੀ ਤੇ ਰਾਜਸੀ ਹਕੀਕਤ ਨੂੰ ਠੀਕ ਤਰ੍ਹਾਂ ਨਾ ਸਮਝਣ ਅਤੇ ਸਵੀਕਾਰ ਨਾ ਕਰਨ ਕਰ ਕੇ ਪੈਦਾ ਹੋ ਰਹੇ ਹਨ। ਭਾਰਤ ਬਹੁਕੌਮੀ ਦੇਸ਼ ਹੈ ਜਿਥੇ ਕੇਵਲ ਵੱਖ-ਵੱਖ ਕੌਮਾਂ ਹੀ ਨਹੀਂ, ਨਸਲਾਂ ਦੇ ਸਮੂਹ ਵੀ ਵੱਸਦੇ ਹਨ। ਇਸ ਲਈ ਹਕੀਕੀ ਰੂਪ ਵਿਚ ਸੰਘੀ (ਫੈਡਰਲ) ਢਾਂਚਾ ਹੀ ਭਾਰਤ ਲਈ ਸੁਭਾਵਿਕ ਤੇ ਢੁਕਵਾਂ ਰਾਜਸੀ ਢਾਂਚਾ ਹੋ ਸਕਦਾ ਹੈ। ਭਾਰਤੀ ਸੁਤੰਤਰਤਾ ਅੰਦੋਲਨ ਦੀ ਮੂਲ ਭਾਵਨਾ ਵੀ ਇਹੀ ਸੀ; ਇਹ ਮੂਲ ਭਾਵਨਾ ਭਾਰਤੀ ਸੰਵਿਧਾਨ ਦਾ ਇੱਕ ਆਧਾਰ ਵੀ ਬਣੀ ਸੀ, ਪਰ ਆਜ਼ਾਦੀ ਤੋਂ ਬਾਅਦ ਇਸ ਮੂਲ ਭਾਵਨਾ ਦਾ ਸਤਿਕਾਰ ਘੱਟ ਤੇ ਉਲੰਘਣਾ ਵਧੇਰੇ ਹੁੰਦੀ ਆ ਰਹੀ ਹੈ। 70ਵਿਆਂ ਤੇ 80ਵਿਆਂ ਵਿਚ ਕਿਵੇਂ ਚੁਣੀਆਂ ਹੋਈਆਂ ਸੂਬਾਈ ਸਰਕਾਰਾਂ ਨੂੰ ਭੰਗ ਕਰ ਦਿੱਤਾ ਜਾਂਦਾ ਰਿਹਾ ਹੈ, ਇਹ ਸਭ ਨੂੰ ਯਾਦ ਹੈ। ਹੁਣ ਵੀ ਇਹ ਰੁਝਾਨ ਬਦਲਵੇਂ ਢੰਗਾਂ ਨਾਲ ਜਾਰੀ ਹੈ। ਸੂਬਿਆਂ ਦੀਆਂ ਤਾਕਤਾਂ ਨੂੰ ਖੋਰਾ ਅਤੇ ਸੱਤਾ ਦੇ ਕੇਂਦਰੀਕਰਨ ਦਾ ਰੁਝਾਨ ਦਿਨ-ਬ-ਦਿਨ ਹੋਰ ਵੀ ਭਾਰੂ ਹੁੰਦਾ ਜਾ ਰਿਹਾ ਹੈ। ਮੌਜੂਦਾ ਕੇਂਦਰ ਸਰਕਾਰ ਵੇਲੇ ਤਾਂ ਇਹ ਰੁਝਾਨ ਖ਼ਤਰਨਾਕ ਦੀ ਹੱਦ ਤਕ ਵਧ ਗਿਆ ਹੈ। ਵੱਖ-ਵੱਖ ਖਿੱਤਿਆਂ ਦੀਆਂ ਭਾਰਤੀ ਖੇਤਰੀ ਭਾਸ਼ਾਵਾਂ ਦੀ ਨਿਰਾਦਰੀ ਇਸੇ ਰੁਝਾਨ ਦਾ ਇਕ ਪ੍ਰਗਟਾਓ ਹੈ।




**ਭਾਰਤ ਦੀ ਕਿਸੇ ਭਾਸ਼ਾ, ਕਿਸੇ ਸਭਿਆਚਾਰ, ਕਿਸੇ ਹਾਂ-ਪੱਖੀ ਵਿਰਸੇ ਨੂੰ ਖੋਰਾ ਲਾਉਣਾ, ਦਰਅਸਲ ਅੱਜ ਦੇ ਵਿਸ਼ਵੀਕਰਨ ਦੇ ਯੁੱਗ ਅੰਦਰ ਵੱਖ-ਵੱਖ ਖਿੱਤਿਆਂ ਤੇ ਕੌਮੀਅਤਾਂ ਦੀ ਆਪਸੀ ਸਾਂਝ, ਨਿਰਭਰਤਾ ਤੇ ਏਕਤਾ ਨੂੰ ਢਾਹ ਲਾਉਣ ਦੀ ਸਾਜ਼ਿਸ਼ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ। ਭਾਸ਼ਾ ਨੂੰ ਖੋਰਾ ਲੱਗਣ ਨਾਲ ਸਿੱਖਿਆ ਆਦਿ ਵਿਚ ਹੀ ਵੱਡੇ ਨੁਕਸਾਨ ਨਹੀਂ ਹੁੰਦੇ, ਇਸ ਦਾ ਮਤਲਬ, ਨਵੀਂ ਪੀੜ੍ਹੀ ਦਾ ਆਪਣੇ ਸਭਿਆਚਾਰ, ਆਪਣੇ ਵਿਰਸੇ, ਆਪਣੇ ਇਤਿਹਾਸ ਅਤੇ ਆਪਣੇ ਲੋਕਾਂ ਤੋਂ ਟੁੱਟ ਜਾਣਾ ਵੀ ਹੁੰਦਾ ਹੈ। ਇਨ੍ਹਾਂ ਤੋਂ ਟੁੱਟਿਆ ਮਨੁੱਖ ਤੁਰਦੀ-ਫਿਰਦੀ ਮਸ਼ੀਨ ਮਾਤਰ ਹੀ ਹੋਵੇਗਾ।**

ਇਸ ਲਈ, ਭਾਰਤੀ ਲੋਕਾਂ ਦੀ ਏਕਤਾ ਅਤੇ ਭਾਰਤੀ ਖੇਤਰੀ ਭਾਸ਼ਾਵਾਂ ਤੇ ਸਭਿਆਚਾਰਾਂ ਦੀ ਰਾਖੀ ਲਈ ਜ਼ਰੂਰੀ ਹੋ ਗਿਆ ਹੈ ਕਿ ਦੇਸ਼ ਲਈ ਸੰਘੀ ਢਾਂਚੇ ਵਿਚ ਸੱਚੇ ਦਿਲੋਂ ਵਿਸ਼ਵਾਸ ਰੱਖਣ ਵਾਲੀਆਂ ਸਾਰੀਆਂ ਧਿਰਾਂ ਇੱਕਜੁਟ ਹੋਣ ਤਾਂ ਕਿ ਕੇਂਦਰੀਕਰਨ ਦੇ ਇਸ ਖ਼ਤਰਨਾਕ ਰੁਝਾਨ ਨੂੰ ਠੱਲ੍ਹ ਪਾਈ ਜਾ ਸਕੇ ਅਤੇ ਭਾਰਤ ਲਈ ਢੁਕਵੇਂ ਸੰਘੀ ਰਾਜਸੀ ਢਾਂਚੇ ਦੀ ਹਕੀਕੀ ਰੂਪ ਵਿਚ ਉਸਾਰੀ ਕੀਤੀ ਜਾ ਸਕੇ। ਅਨੇਕਤਾਵਾਂ ਨਾਲ ਭਰਪੂਰ ਇਸ ਦੇਸ਼ ਅੰਦਰ ਬਰਾਬਰੀ ਆਧਾਰਿਤ ਇਕਜੁਟਤਾ ਕਾਇਮ ਕਰਨ ਲਈ ਇਹੋ ਇੱਕੋ ਇੱਕ ਰਾਹ ਹੈ। ਸਮੂਹ ਭਾਰਤੀ ਭਾਸ਼ਾਵਾਂ ਲਈ ਸਮਾਨ ਸਤਿਕਾਰ ਤੇ ਸਮੂਹ ਭਾਰਤੀ ਭਾਸ਼ਾਵਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣਾ ਇਸ ਸੰਘੀ ਢਾਂਚੇ ਦੀ ਉਸਾਰੀ ਦਾ ਅਹਿਮ ਹਿੱਸਾ ਹੈ।

ਭਾਰਤ ਦੀ ਕਿਸੇ ਭਾਸ਼ਾ, ਕਿਸੇ ਸਭਿਆਚਾਰ, ਕਿਸੇ ਹਾਂ-ਪੱਖੀ ਵਿਰਸੇ ਨੂੰ ਖੋਰਾ ਲਾਉਣਾ, ਦਰਅਸਲ, ਅੱਜ ਦੇ ਵਿਸ਼ਵੀਕਰਨ ਦੇ ਯੁੱਗ ਅੰਦਰ ਵੱਖ-ਵੱਖ ਖਿੱਤਿਆਂ ਤੇ ਕੌਮੀਅਤਾਂ ਦੀ ਆਪਸੀ ਸਾਂਝ, ਨਿਰਭਰਤਾ ਤੇ ਏਕਤਾ ਨੂੰ ਢਾਹ ਲਾਉਣ ਦੀ ਸਾਜ਼ਿਸ਼ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ। ਭਾਸ਼ਾ ਨੂੰ ਖੋਰਾ ਲੱਗਣ ਨਾਲ ਸਿੱਖਿਆ ਆਦਿ ਵਿਚ ਹੀ ਵੱਡੇ ਨੁਕਸਾਨ ਨਹੀਂ ਹੁੰਦੇ, ਇਸ ਦਾ ਮਤਲਬ, ਨਵੀਂ ਪੀੜ੍ਹੀ ਦਾ ਆਪਣੇ ਸਭਿਆਚਾਰ, ਆਪਣੇ ਵਿਰਸੇ, ਆਪਣੇ ਇਤਿਹਾਸ ਅਤੇ ਆਪਣੇ ਲੋਕਾਂ ਤੋਂ ਟੁੱਟ ਜਾਣਾ ਵੀ ਹੁੰਦਾ ਹੈ। ਇਨ੍ਹਾਂ ਤੋਂ ਟੁੱਟਿਆ ਮਨੁੱਖ ਤੁਰਦੀ-ਫਿਰਦੀ ਮਸ਼ੀਨ ਮਾਤਰ ਹੀ ਹੋਵੇਗਾ। ਅਜਿਹੇ ਮਨੁੱਖ ਤੋਂ ਸਮਾਜ ਲਈ ਯੋਗਦਾਨ ਜਾਂ ਸਮੂਹਿਕ ਸਮਾਜਿਕ ਭਲੇ ਦੀ ਮੰਗ ਕਰਨਾ ਤਾਂ ਦੂਰ ਦੀ ਗੱਲ, ਉਸ ਵਿਚ ਆਪਣੇ ਪਰਿਵਾਰ ਦੇ ਦੁੱਖ-ਸੁੱਖ ਲਈ ਵੀ ਚੰਗੀ ਲੋੜੀਂਦੀ ਸੰਵੇਦਨਾ ਵੀ ਨਹੀਂ ਪਨਪ ਸਕਦੀ। ਇਸ ਕਰ ਕੇ ਹੀ ਭਾਸ਼ਾ ਦਾ ਸੁਆਲ ਕਿਸੇ ਸਮਾਜ, ਕੌਮ ਜਾਂ ਦੇਸ਼ ਦੀ ਹੋਣੀ ਦੇ ਸੁਆਲ ਨਾਲ ਜੁੜਿਆ ਹੋਇਆ ਹੈ।

# ਸੰਘੀ ਟੋਲੇ ਦਾ ਭ੍ਰਿਸ਼ਟਾਚਾਰੀ ਚਿਹਰਾ ਬੇਨਕਾਬ

**ਬੂਟਾ ਸਿੰਘ**
ਫੋਨ: +91-94634-74342

ਜਦੋਂ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੇ ਰਾਜ ਵਿਚ ਨਿੱਤ ਨਵੇਂ ਮਹਾਂ ਘੁਟਾਲਿਆਂ ਦੇ ਖ਼ੁਲਾਸੇ ਹੋ ਰਹੇ ਸਨ, ਉਦੋਂ ਭਾਜਪਾ ਦੇ ਆਗੂ ਕਾਂਗਰਸ ਨੂੰ ਘੁਟਾਲਿਆਂ ਦੀ ਮਾਂ ਕਹਿ ਕੇ ਸਿਆਸੀ ਵਿਅੰਗ ਕਰਦੇ ਸਨ। ਉਹ ਕਾਂਗਰਸ ਦੇ ਰਾਜ ਵਿਚ ਘੁਟਾਲਿਆਂ, ਕਰੋਨੀ ਸਰਮਾਇਆਦਾਰੀ ਅਤੇ ਕੁਨਬਾਪ੍ਰਸਤੀ ਦੀ ਬੇਮਿਸਾਲ ਤਰੱਕੀ ਨੂੰ ਛੱਜ ਵਿਚ ਪਾ ਕੇ ਛੱਟਦੇ ਸਨ। ਜਦੋਂ 2012 ਵਿਚ ਗਾਂਧੀ ਪਰਿਵਾਰ ਦੇ ਜਵਾਈ ਰੌਬਰਟ ਵਾਡਰਾ ਵਲੋਂ ਆਪਣੇ ਸਹੁਰਾ ਪਰਿਵਾਰ ਦੇ ਸੱਤਾਧਾਰੀ ਹੋਣ ਦਾ ਫ਼ਾਇਦਾ ਉਠਾ ਕੇ ਡੀ.ਐਲ.ਐਫ. ਲਿਮਟਿਡ ਤੋਂ ਲਏ 'ਅਸੁਰੱਖਿਅਤ ਬਿਨਾਂ ਵਿਆਜ਼ ਕਰਜੇ' ਦਾ ਘੁਟਾਲਾ ਨੰਗਾ ਹੋਇਆ (ਜਿਸ ਨਾਲ ਦਿੱਲੀ-ਹਰਿਆਣਾ ਵਿਚ 300 ਕਰੋੜ ਤੋਂ ਵੱਧ ਦੀਆਂ 31 ਜਾਇਦਾਦਾਂ ਖ਼ਰੀਦੀਆਂ ਗਈਆਂ ਸਨ) ਤਾਂ ਭਾਜਪਾ ਅਤੇ ਹੋਰ ਵੋਟ ਬਟੋਰੂ ਧੜਿਆਂ ਨੂੰ ਕਾਂਗਰਸ ਸਰਕਾਰ ਉਪਰ ਹਮਲੇ ਕਰਨ ਲਈ ਮੁੱਦਾ ਮਿਲ ਗਿਆ ਸੀ। ਉਦੋਂ ਭਾਜਪਾ ਦੇ ਸੀਨੀਅਰ ਆਗੂ ਯਸ਼ਵੰਤ ਸਿਨਹਾ ਨੇ ਸੋਨੀਆ ਗਾਂਧੀ ਦੇ ਜਵਾਈ ਉਪਰ ਵਿਅੰਗ ਕੱਸਿਆ ਸੀ ਕਿ ਸਰਕਾਰ ਨੂੰ ਉਸ ਦੀ ਮੁਹਾਰਤ ਦਾ ਸਨਮਾਨ ਕਰਦਿਆਂ 'ਵਾਡਰਾ ਸਕੂਲ ਆਫ ਮੈਨੇਜਮੈਂਟ' ਸ਼ੁਰੂ ਕਰਨਾ ਚਾਹੀਦਾ ਹੈ ਜਿਸ ਵਲੋਂ ਬਿਨਾਂ ਪੂੰਜੀਨਿਵੇਸ਼ ਕੀਤਿਆਂ ਸੈਂਕੜੇ ਕਰੋੜ ਰੁਪਏ ਕਮਾਉਣ ਦਾ ਜੋ 'ਨਿਆਰਾ ਕਾਰੋਬਾਰ ਮਾਡਲ' ਈਜਾਦ ਕੀਤਾ ਗਿਆ ਹੈ, ਉਸ ਨੂੰ ਅਮਲ ਵਿਚ ਲਿਆ ਕੇ ਉਹ ਹਿੰਦੁਸਤਾਨ ਦੀ ਆਰਥਿਕਤਾ ਵਿਚ ਮੁੜ ਜਾਨ ਪਾ ਸਕਦਾ ਹੈ। ਹੁਣ ਯਸਵੰਤ ਸਿਨਹਾ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਫ਼ਰਜ਼ੰਦ ਜੈ ਸ਼ਾਹ ਦੀ ਕਾਰੋਬਾਰੀ ਮੁਹਾਰਤ ਮੰਨਣ ਲਈ ਮਜਬੂਰ ਹੈ ਅਤੇ ਸਿਆਸੀ ਸ਼ਰੀਕ ਮੋਦੀ ਸਰਕਾਰ ਉਪਰ ਵਿਅੰਗ ਕਰ ਰਹੇ ਹਨ ਕਿ ਜੈ ਸ਼ਾਹ ਆਪਣਾ ਕਾਰੋਬਾਰੀ ਗੁਰ ਮੁਲਕ ਦੇ ਬੇਰੋਜ਼ਗਾਰਾਂ ਨੌਜਵਾਨਾਂ ਨੂੰ ਜ਼ਰੂਰ ਦੱਸੇ ਤਾਂ ਜੋ ਉਹ ਵੀ ਉਸ ਦੇ ਨਕਸ਼ੇ-ਕਦਮਾਂ 'ਤੇ ਚੱਲ ਕੇ ਸਫ਼ਲ ਕਾਰੋਬਾਰੀ ਬਣ ਸਕਣ!

ਵਿਰੋਧੀ ਧਿਰ ਵਲੋਂ ਕਾਂਗਰਸ ਉਪਰ ਲਗਾਏ ਇਲਜ਼ਾਮ ਭਾਵੇਂ ਐਨ ਸਹੀ ਸਨ, ਪਰ ਉਹ ਇਨ੍ਹਾਂ ਘੁਟਾਲਿਆਂ ਨੂੰ ਮਹਿਜ਼ ਇਸ ਕਰ ਕੇ ਉਛਾਲਦੇ ਸਨ ਤਾਂ ਜੋ ਆਵਾਮ ਵਿਚ ਕਾਂਗਰਸ ਦੇ ਰਾਜ ਪ੍ਰਤੀ ਫੈਲੀ ਬਦਜ਼ਨੀ ਦਾ ਸਿਆਸੀ ਲਾਹਾ ਲਿਆ ਜਾ ਸਕੇ। ਉਹ ਭਲੀਭਾਂਤ ਜਾਣਦੇ ਸਨ ਕਿ ਇਨਕਲਾਬੀ ਸਿਆਸੀ ਬਦਲ ਪੇਸ਼ ਕਰਨ ਵਾਲੀਆਂ ਤਾਕਤਾਂ ਬਹੁਤ ਕਮਜ਼ੋਰ ਹੋਣ ਕਾਰਨ ਲੋਕ, ਹਾਕਮ ਜਮਾਤੀ ਸਿਆਸੀ ਪਾਰਟੀਆਂ ਨੂੰ ਹੀ ਬਦਲ-ਬਦਲ ਕੇ ਚੁਣਨ ਅਤੇ ਇਸ ਪ੍ਰਬੰਧ ਹੇਠ ਦਰੜੇ ਜਾਣ ਲਈ ਮਜਬੂਰ ਹਨ। ਸੰਘ ਪਰਿਵਾਰ ਜਾਣਦਾ ਸੀ ਕਿ ਆਵਾਮ ਵਾਜਪਾਈ-ਅਡਵਾਨੀ ਦੀ ਅਗਵਾਈ ਵਾਲੀ ਭਗਵੀਂ ਸਰਕਾਰ ਦੇ ਘੁਟਾਲੇਬਾਜ਼ ਕਿਰਦਾਰ ਨੂੰ ਭੁੱਲ ਚੁੱਕੇ ਹਨ ਅਤੇ ਉਨ੍ਹਾਂ ਨੂੰ ਵਿਕਾਸ ਦੇ ਵਾਅਦਿਆਂ ਅਤੇ ਹੋਰ ਚੋਣ ਜੁਮਲਿਆਂ ਨਾਲ ਠੱਗਿਆ ਜਾ ਸਕਦਾ ਸੀ। ਹੁਣ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਫ਼ਰਜ਼ੰਦ ਦੇ ਕਾਰੋਬਾਰ ਦੇ ਘੁਟਾਲੇ ਨੇ ਭਾਜਪਾ ਦਾ ਮਹਾਂ ਭ੍ਰਿਸ਼ਟਾਚਾਰੀ ਚਿਹਰਾ ਬੇਨਕਾਬ ਕਰ ਦਿੱਤਾ ਹੈ। ਕਾਂਗਰਸ ਨੂੰ ਕਰੋਨੀ ਸਰਮਾਇਆਦਾਰੀ ਦੀ ਰਾਜਸੀ ਪੁਸ਼ਤਪਨਾਹੀ ਕਰਨ ਵਾਲੀ ਪਾਰਟੀ ਕਹਿ ਕੇ ਭੰਡਣ ਵਾਲੇ ਸੰਘੀਆਂ ਨੂੰ ਹੁਣ ਆਪਣੇ ਪ੍ਰਧਾਨ ਦੇ ਟੱਬਰ ਦੀਆਂ ਸਫ਼ਾਈਆਂ ਦੇਣੀਆਂ ਮੁਸ਼ਕਲ ਹੋ ਗਈਆਂ ਹਨ। ਉਹ ਤੱਥਾਂ ਨੂੰ ਰੱਦ ਕਰਨ ਦੀ ਬਜਾਏ ਰੌਬਰਟ ਵਾਡਰਾ ਦੇ ਦੱਬੇ ਮੁਰਦੇ ਉਖਾੜ ਰਹੇ ਹਨ ਅਤੇ ਮੀਡੀਆ ਦੀ ਜ਼ੁਬਾਨਬੰਦੀ ਲਈ ਮਾਨਹਾਨੀ ਮੁਕੱਦਮਿਆਂ ਦੇ ਹੋਛੇ ਹਥਿਆਰਾਂ ਉਪਰ ਉਤਰੇ ਹੋਏ ਹਨ। ਦਿਲਚਸਪ ਤੱਥ ਇਹ ਵੀ ਹੈ ਕਿ ਜੈ ਸ਼ਾਹ ਦਾ ਘੁਟਾਲਾ ਵੀ ਉਸੇ ਪੱਤਰਕਾਰ ਰੋਹਿਨੀ ਸਿੰਘ ਨੇ ਸਾਹਮਣੇ ਲਿਆਂਦਾ ਹੈ ਜਿਸ ਨੇ ਰੌਬਰਟ ਵਾਡਰਾ ਦਾ ਡੀ.ਐਲ.ਐਫ. ਘੁਟਾਲਾ ਨੰਗਾ ਕੀਤਾ ਸੀ। ਉਦੋਂ ਸੰਘੀ ਇਸ ਪੱਤਰਕਾਰ ਦੀ ਬਹਾਦਰੀ ਦੀਆਂ ਤਾਰੀਫ਼ਾਂ ਕਰ ਰਹੇ ਸਨ। ਹੁਣ ਜਦੋਂ ਉਸੇ ਪੱਤਰਕਾਰ ਨੇ ਸੰਘੀਆਂ ਦੇ ਪੋਤੜੇ ਫਰੋਲ ਮਾਰੇ ਤਾਂ ਦੇਸ਼ਧ੍ਰੋਹ ਸਮੇਤ ਕੋਈ ਗਾਲ ਐਸੀ ਨਹੀਂ ਜੋ ਉਸ ਨੂੰ ਨਾ ਕੱਢੀ ਗਈ ਹੋਵੇ।

ਕਰੋਨੀ ਸਰਮਾਇਆਦਾਰੀ ਦਾ ਭਾਵ ਹੈ ਸਰਮਾਇਆਦਾਰੀ ਪ੍ਰਬੰਧ ਦਾ ਉਹ ਪੜਾਅ ਜਿਥੇ ਵਪਾਰ-ਵਣਜ ਵਿਚ ਕਾਮਯਾਬੀ ਕਾਰਪੋਰੇਟ ਕਾਰੋਬਾਰੀਆਂ ਅਤੇ ਸੱਤਾਧਾਰੀਆਂ ਦੇ ਯਾਰਾਨੇ ਤੋਂ ਤੈਅ ਹੁੰਦੀ ਹੈ। ਜਿਸ ਵਿਚ ਰਾਜਤੰਤਰ ਆਪਣੇ ਚਹੇਤੇ ਕਾਰੋਬਾਰੀਆਂ ਨੂੰ ਲਾਭ ਪਹੁੰਚਾਉਣ ਲਈ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਉਨ੍ਹਾਂ ਦੀ ਤਰਫ਼ਦਾਰੀ ਕਰਦਾ ਹੈ। ਇਕ ਹਾਲੀਆ ਖੋਜੀ ਰਿਪੋਰਟ ਨੇ ਜੈ ਸ਼ਾਹ ਦੇ ਕਾਰੋਬਾਰ ਦੀ ਤਰੱਕੀ ਦਾ ਭਾਂਡਾ ਉਸ ਵਕਤ ਭੰਨ ਕੇ ਹਿੰਦੂਤਵੀ ਕੈਂਪ ਲਈ ਕਸੂਤੀ ਹਾਲਤ ਪੈਦਾ ਕਰ ਦਿੱਤੀ, ਜਦੋਂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਸਿਰ 'ਤੇ ਹਨ। ਪਹਿਲਾਂ ਜਿਵੇਂ ਸੀਨੀਅਰ ਕਾਂਗਰਸੀ ਆਗੂਆਂ ਅੰਬਿਕਾ ਸੋਨੀ ਤੇ ਸਲਮਾਨ ਖੁਰਸ਼ੀਦ ਵਲੋਂ ਰੌਬਰਟ ਵਾਡਰਾ ਦੀ ਸਫ਼ਾਈ ਦੇਣ ਲਈ ਉਸ ਦੇ ਵਕੀਲਾਂ ਦੀ ਭੂਮਿਕਾ ਨਿਭਾਈ ਗਈ ਸੀ, ਉਸੇ ਤਰਜ਼ 'ਤੇ ਭਾਜਪਾ ਦੇ ਪੰਜ ਕੈਬਨਿਟ ਮੰਤਰੀ ਜੈ ਅਮਿਤ ਸ਼ਾਹ ਦੀ ਵਕਾਲਤ ਕਰਨ ਲਈ ਤੁਰੰਤ ਅੱਗੇ ਆ ਗਏ। ਰੇਲਵੇ ਮੰਤਰੀ ਪਿਯੂਸ਼ ਗੋਇਲ ਨੇ ਤਾਂ ਜੈ ਸ਼ਾਹ ਦੀ ਸਫ਼ਾਈ ਦੇਣ ਲਈ ਮੀਡੀਆ ਕਾਨਫਰੰਸ ਵੀ ਕਰ ਦਿੱਤੀ। ਸਵਾਲ ਇਕ ਨਿੱਜੀ ਕਾਰੋਬਾਰੀ ਦੇ ਅਮਲ ਉਪਰ ਉਠਾਏ ਗਏ ਸਨ, ਪਰ ਮੰਤਰੀਆਂ ਨੇ ਉਸ ਨੂੰ ਸਾਫ਼-ਸੁਥਰਾ ਸਾਬਤ ਕਰਨ ਲਈ ਇਸ ਤਰ੍ਹਾਂ ਬਿਆਨਬਾਜ਼ੀ ਵਿੱਢ ਦਿੱਤੀ, ਜਿਵੇਂ ਮੰਤਰੀ ਜੈ ਸ਼ਾਹ ਦੇ ਕਾਰੋਬਾਰਾਂ ਦਾ ਹਿਸਾਬ ਰੱਖਣ ਵਾਲੇ ਚਾਰਟਰਡ ਅਕਾਊਂਟੈਂਟ ਹੋਣ! ਇਹ ਸਟੋਰੀ ਨਸ਼ਰ ਹੋਣ ਤੋਂ ਦੋ ਦਿਨ ਪਹਿਲਾਂ ਹੀ ਮੋਦੀ ਵਜ਼ਾਰਤ ਵਲੋਂ ਐਡੀਸ਼ਨਲ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਜੈ ਸ਼ਾਹ ਵਲੋਂ ਦਾਇਰ ਕੀਤੇ ਜਾਣ ਵਾਲੇ ਮਾਨਹਾਨੀ ਮੁਕੱਦਮੇ ਲਈ ਅਦਾਲਤ ਵਿਚ ਉਸ ਦੀ ਨੁਮਾਇੰਦਗੀ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ। ਹਿੰਦੂਤਵੀ ਕੈਂਪ ਵਿਚ ਮੱਚੀ ਖਲਬਲੀ ਖ਼ੁਦ ਹੀ ਇਸ ਦਾ ਸਬੂਤ ਹੈ ਕਿ ਇਸ ਮਾਮਲੇ ਦੇ ਤੱਥ ਕਿੰਨੇ ਪੁਖਤਾ ਹਨ ਅਤੇ ਇਹ ਖ਼ੁਲਾਸਾ ਸੰਘੀਆਂ ਲਈ ਕਿੰਨੀ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਹੈ। ਇਹ ਤੱਥ ਸਾਹਮਣੇ ਲਿਆਉਣ ਵਾਲੇ ਔਨਲਾਈਨ ਨਿਊਜ਼ ਪੋਰਟਲ 'ਦਿ ਵਾਇਰ' ਨੂੰ ਯਰਕਾਉਣ ਲਈ ਉਸ ਖ਼ਿਲਾਫ਼ 100 ਕਰੋੜ ਰੁਪਏ ਦੀ ਮਾਨਹਾਨੀ ਦਾ ਮੁਕੱਦਮਾ ਠੋਕ ਦਿੱਤਾ ਗਿਆ ਹੈ, ਪਰ ਬਲਾਗ ਦੇ ਸੰਚਾਲਕ ਸੀਨੀਅਰ ਪੱਤਰਕਾਰਾਂ ਸਿਧਾਰਥ ਵਰਧਰਾਜਨ ਅਤੇ ਐੱਮ.ਕੇ. ਵੀਨੂ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਉਹ ਇਨ੍ਹਾਂ ਧਮਕੀਆਂ ਅੱਗੇ ਨਹੀਂ ਝੁਕਣਗੇ ਅਤੇ ਆਵਾਮੀ ਹਮਾਇਤ ਨਾਲ ਇਸ ਸੰਘੀ ਧੌਂਸਬਾਜ਼ੀ ਦਾ ਡਟ ਕੇ ਮੁਕਾਬਲਾ ਕਰਨਗੇ।

'ਦਿ ਵਾਇਰ' ਨੇ ਖੋਜ ਕਰ ਕੇ ਜੋ ਤੱਥ ਨਸ਼ਰ ਕੀਤੇ, ਉਨ੍ਹਾਂ ਮੁਤਾਬਿਕ ਜੈ ਸ਼ਾਹ ਦੀ ਮਾਲਕੀ ਵਾਲੀ ਕੰਪਨੀ 'ਟੈਂਪਲ ਐਂਟਰਪ੍ਰਾਈਜ਼' ਦੀ 2014-15 ਵਿਚ ਆਮਦਨੀ ਸਿਰਫ਼ 50 ਹਜ਼ਾਰ ਰੁਪਏ ਸੀ, ਜੋ 2015-16 ਵਿਚ 80.5 ਕਰੋੜ ਹੋ ਗਈ, ਭਾਵ ਕਮਾਈ ਵਿਚ 16000 ਗੁਣਾਂ ਇਜ਼ਾਫ਼ਾ ਹੋ ਗਿਆ। ਕੰਪਨੀ ਨੇ ਇਕ ਫਾਇਨਾਂਸ਼ੀਅਲ ਸਰਵਿਸਜ਼ ਫਰਮ ਤੋਂ 16.78 ਕਰੋੜ ਰੁਪਏ ਦਾ ਅਸੁਰੱਖਿਅਤ ਕਰਜ਼ਾ ਲਿਆ, ਜਿਸ ਦਾ ਮਾਲਕ ਰਾਜੇਸ਼ ਖੰਡਵਾਲਾ ਭਾਜਪਾ ਦੇ ਰਾਜ ਸਭਾ ਐਮ.ਪੀ. (ਤੇ ਰਿਲਾਇੰਸ ਇੰਡਸਟਰੀਜ਼ ਦੇ ਚੋਟੀ ਦੇ ਅਧਿਕਾਰੀ) ਪਰਿਮਲ ਨਾਥਵਾਨੀ ਦਾ ਸਕਾ ਹੈ। ਫਿਰ ਅਕਤੂਬਰ 2016 ਵਿਚ ਸ਼ਾਹ ਦੀ ਕੰਪਨੀ ਨੇ ਅਚਾਨਕ ਆਪਣਾ ਕਾਰੋਬਾਰ ਠੱਪ ਕਰ ਦਿੱਤਾ।

ਜੁਲਾਈ 2015 ਵਿਚ ਅਮਿਤ ਸ਼ਾਹ ਵਲੋਂ ਇਕ ਹੋਰ ਕੰਪਨੀ ਕੁਸੁਮ ਫਾਇਨਸਰਵ, ਸਟਾਕ ਅਤੇ ਸ਼ੇਅਰਾਂ ਅਤੇ ਦਰਾਮਦਾਂ-ਬਰਾਮਦਾਂ ਦਾ ਕਾਰੋਬਾਰ ਕਰਨ ਲਈ ਬਣਾਈ ਗਈ ਸੀ। ਇਹ ਕੰਪਨੀ ਵੀ ਆਪਣੇ ਖੇਤਰ ਵਿਚ ਕਾਰੋਬਾਰ ਕਰਨ ਦੀ ਬਜਾਏ ਪੌਣ ਊਰਜਾ ਖੇਤਰ ਵਿਚ ਚਲੀ ਗਈ। ਇਸ ਨੇ 7 ਕਰੋੜ ਰੁਪਏ ਦੀਆਂ ਜਾਇਦਾਦਾਂ ਦੀ ਜ਼ਾਮਨੀ ਦੇ ਕੇ ਕੋਆਪਰੇਟਿਵ ਬੈਂਕ ਤੋਂ 25 ਕਰੋੜ ਰੁਪਏ ਦਾ ਕਰਜ਼ਾ ਲਿਆ। ਇਨ੍ਹਾਂ ਜਾਇਦਾਦਾਂ ਵਿਚ ਅਮਿਤ ਸ਼ਾਹ ਦੀ 5 ਕਰੋੜ ਰੁਪਏ ਦੀ ਜਾਇਦਾਦ ਸ਼ਾਮਲ ਸੀ। ਕੰਪਨੀ ਨੇ ਜਨਤਕ ਖੇਤਰ ਦੀ ਕੰਪਨੀ ਇੰਡੀਅਨ ਰੀਨਿਊਏਬਲ ਐਨਰਜੀ ਡਿਵੈਲਪਮੈਂਟ ਏਜੰਸੀ ਤੋਂ 10.35 ਕਰੋੜ ਰੁਪਏ ਦਾ ਕਰਜ਼ਾ ਲਿਆ ਜੋ 2.1 ਮੈਗਾਵਾਟ ਦਾ ਪੌਣਚੱਕੀ ਪਲਾਂਟ ਲਗਾਉਣ ਲਈ ਸੀ। ਕਿਉਂਕਿ ਇਸ ਵਿਚ ਅਸੁਰੱਖਿਅਤ ਕਰਜ਼ੇ ਲੈਣ, ਕਾਰੋਬਾਰ ਦੀ ਆਮਦਨੀ ਵਿਚ ਇਕਦਮ ਨਾਟਕੀ ਇਜ਼ਾਫ਼ਾ ਹੋਣ, ਖੇਤੀ ਵਸਤਾਂ ਦਾ ਕਾਰੋਬਾਰ ਕਰਨ ਲਈ ਬਣਾਈ ਕੰਪਨੀ ਨੂੰ ਇਕਦਮ ਬੰਦ ਕਰ ਕੇ ਉੱਕਾ ਹੀ ਨਵੇਂ ਖੇਤਰ ਵਿਚ ਨਵਾਂ ਕਾਰੋਬਾਰ ਸ਼ੁਰੂ ਕਰਨ ਅਤੇ ਜਨਤਕ ਖੇਤਰ ਦੇ ਕਾਰੋਬਾਰ ਤੋਂ ਕਰਜ਼ਾ ਹਾਸਲ ਕਰਨ ਦੀਆਂ ਕਾਰਵਾਈਆਂ ਸ਼ਾਮਲ ਹਨ; ਲਿਹਾਜ਼ਾ ਜੈ ਸ਼ਾਹ ਦੇ ਇਸ ਕਾਰੋਬਾਰੀ ਧਾਂਦਲੀ ਨੂੰ ਲੈ ਕੇ ਸਵਾਲ ਉਠਣੇ ਸੁਭਾਵਿਕ ਸਨ। ਰੌਬਰਟ ਵਾਡਰਾ ਉਪਰ ਵੀ ਸਰਕਾਰ ਵਿਚ ਆਪਣਾ ਰਸੂਖ਼ ਇਸਤੇਮਾਲ ਕਰ ਕੇ ਕਾਰੋਬਾਰ ਕਰਨ ਅਤੇ ਅਸੁਰੱਖਿਅਤ ਕਰਜ਼ਿਆਂ ਨਾਲ ਮੋਟੀ ਕਮਾਈ ਕਰਨ ਦੇ ਇਲਜ਼ਾਮ ਸਨ।

'ਦਿ ਵਾਇਰ' ਵਲੋਂ ਆਪਣੀ ਸਟੋਰੀ ਵਿਚ ਕੋਈ ਇਲਜ਼ਾਮ ਨਹੀਂ ਲਗਾਏ ਗਏ, ਸਿਰਫ਼ ਤੱਥ ਪੇਸ਼ ਕੀਤੇ ਗਏ। ਜੈ ਸ਼ਾਹ ਸਮੇਤ ਇਸ ਸਿਲਸਿਲੇ ਨਾਲ ਜੁੜੀਆਂ ਸਾਰੀਆਂ ਫਰਮਾਂ ਦਾ ਪੱਖ ਜਾਣ ਕੇ ਉਨ੍ਹਾਂ ਦੇ ਜਵਾਬ ਦੇ ਹਾਸਲ ਵੇਰਵੇ ਮੁਕੰਮਲ ਰੂਪ ਵਿਚ ਪੋਰਟਲ ਉਪਰ ਮੁਹੱਈਆ ਕਰਵਾਏ ਗਏ। ਜੈ ਸ਼ਾਹ ਦੇ ਵਕੀਲ ਵਲੋਂ ਪੱਤਰਕਾਰ ਦੇ ਸਵਾਲਾਂ ਦੇ ਜਵਾਬ ਦਿੰਦੇ ਵਕਤ ਕਰਜ਼ਿਆਂ ਅਤੇ ਆਮਦਨੀ ਦੇ ਅੰਕੜਿਆਂ ਨੂੰ ਰੱਦ ਨਹੀਂ ਕੀਤਾ ਗਿਆ। ਜੈ ਸ਼ਾਹ ਅਤੇ ਉਸ ਦੇ ਕਾਨੂੰਨੀ ਸਲਾਹਕਾਰ ਤੱਥਾਂ ਨੂੰ ਸਪਸ਼ਟ ਕਰ ਕੇ ਨਿਊਜ਼ ਪੋਰਟਲ ਦੀ ਸਟੋਰੀ ਨੂੰ ਗ਼ਲਤ ਸਾਬਤ ਕਰ ਸਕਦੇ ਸਨ। ਸਿਆਸੀ ਸ਼ਰੀਕਾਂ ਦੇ ਕਾਲੇ ਧਨ, ਆਮਦਨ ਕਰ ਅਤੇ ਹੋਰ ਘੁਟਾਲਿਆਂ ਦੇ ਮਾਮਲਿਆਂ ਦੀ ਜਾਂਚ ਸੀ.ਬੀ.ਆਈ., ਐਨਫੋਰਸਮੈਂਟ ਡਾਇਰੈਕਟੋਰੇਟ ਅਤੇ ਇਨਕਮ ਟੈਕਸ ਵਿਭਾਗ ਤੋਂ ਕਰਵਾਉਣ ਵਾਲੀ ਮੋਦੀ ਸਰਕਾਰ 'ਕੁਝ ਵੀ ਗ਼ਲਤ ਨਹੀਂ ਹੋਇਆ' ਦੀ ਬਿਆਨਬਾਜ਼ੀ ਕਰ ਕੇ ਜੈ ਸ਼ਾਹ ਦੇ ਮਾਮਲੇ ਦੀ ਜਾਂਚ ਇਨ੍ਹਾਂ ਏਜੰਸੀਆਂ ਤੋਂ ਕਰਾਉਣ ਤੋਂ ਭੱਜ ਰਹੀ ਹੈ ਅਤੇ ਇਸ ਪਿੱਛੇ ਸਿਆਸੀ ਸਾਜ਼ਿਸ਼ ਦਾ ਹੱਥ ਕਹਿ ਕੇ ਪੱਲਾ ਛੁਡਾ ਰਹੀ ਹੈ। ਇਸ ਦੇ ਨਾਲ ਹੀ ਸੱਤਾ ਦੀ ਤਾਕਤ 'ਦਿ ਵਾਇਰ' ਖ਼ਿਲਾਫ਼ ਝੋਕ ਦਿੱਤੀ ਗਈ। ਸਟੋਰੀ ਆਨਲਾਈਨ ਕੀਤੇ ਜਾਣ ਤੋਂ ਪਹਿਲਾਂ ਤੱਥਾਂ ਦੀ ਜਾਣਕਾਰੀ ਲੈਣ ਵੇਲੇ ਹੀ ਜੈ ਸ਼ਾਹ ਦੇ ਵਕੀਲ ਵਲੋਂ ਪੱਤਰਕਾਰ ਅਤੇ ਪੋਰਟਲ ਦੇ ਸੰਚਾਲਕਾਂ ਨੂੰ ਮਾਨਹਾਨੀ ਦਾ ਮੁਕੱਦਮਾ ਕਰਨ ਦੀ ਧਮਕੀ ਦੇ ਕੇ ਉਨ੍ਹਾਂ ਦੀ ਜ਼ੁਬਾਨਬੰਦੀ ਦੀ ਕੋਸ਼ਿਸ਼ ਕੀਤੀ ਗਈ। ਸਟੋਰੀ ਜਨਤਕ ਕੀਤੇ ਜਾਣ 'ਤੇ 'ਦਿ ਵਾਇਰ' ਵਿਚ ਕੰਮ ਕਰ ਰਹੇ ਸੱਤ ਪੱਤਰਕਾਰਾਂ ਨੂੰ ਮਾਨਹਾਨੀ ਦਾ ਨੋਟਿਸ ਜਾਰੀ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸੰਘ ਦੇ ਚਹੇਤੇ ਕਾਰਪੋਰੇਟ ਅਡਾਨੀ ਵਲੋਂ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਦੇ ਤੱਤਕਾਲੀ ਸੰਪਾਦਕ ਪ੍ਰਾਂਜੋਏ ਗੁਹਾ ਠਾਕੁਰਤਾ ਦੀ ਖੋਜੀ ਰਿਪੋਰਟ ਨੂੰ ਰਸਾਲੇ ਦੇ ਬਲਾਗ ਤੋਂ ਹਟਾਉਣ ਲਈ ਮਾਨਹਾਨੀ ਦੀ ਧਮਕੀ ਦੇ ਕੇ ਰਸਾਲੇ ਦੇ ਪ੍ਰਕਾਸ਼ਕ ਸਮੀਕਸ਼ਾ ਟਰਸਟ ਦੀ ਬਾਂਹ ਮਰੋੜੀ ਜਾ ਚੁੱਕੀ ਹੈ।

ਸੰਘੀਆਂ ਦੀ ਇਸ ਬੌਖਲਾਹਟ ਦੀ ਠੋਸ ਵਜ੍ਹਾ ਹੈ। ਸੰਘ ਸਰਕਾਰ ਨੇ ਸਾਢੇ ਤਿੰਨ ਸਾਲਾਂ ਵਿਚ ਬੇਮਿਸਾਲ ਘੁਟਾਲਿਆਂ ਨੂੰ ਅੰਜਾਮ ਦੇ ਕੇ ਮੁਲਕ ਦੇ ਵਸੀਲਿਆਂ ਦੀ ਬੇਸ਼ੁਮਾਰ ਲੁੱਟਮਾਰ ਕੀਤੀ ਹੈ ਅਤੇ ਆਪਣੇ ਚਹੇਤੇ ਕਾਰਪੋਰੇਟ ਸਰਮਾਇਆਦਾਰਾਂ ਨੂੰ ਮਨਮਾਨੀਆਂ ਕਰਨ ਤੇ ਸੁਪਰ ਮੁਨਾਫ਼ੇ ਬਟੋਰਨ ਦੀ ਖੁੱਲ੍ਹ ਦਿੱਤੀ ਹੈ। ਨੋਟਬੰਦੀ ਅਤੇ ਜੀ.ਐਸ.ਟੀ. ਬੇਮਿਸਾਲ ਘੁਟਾਲੇ ਹਨ ਜਿਨ੍ਹਾਂ ਦੇ ਤਬਾਹਕੁਨ ਅਸਰ ਇਕ-ਇਕ ਕਰ ਕੇ ਸਾਹਮਣੇ ਆ ਰਹੇ ਹਨ। ਭਾਜਪਾ ਦੇ ਸਾਬਕਾ ਕੇਂਦਰੀ ਵਿੱਤ ਮੰਤਰੀ ਯਸ਼ਵੰਤ ਸਿਨਹਾ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਸੁਰੇਸ਼ ਮਹਿਤਾ ਨੇ ਮੋਦੀ ਮਾਡਲ ਦੇ ਵਿਕਾਸ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਜਿਨ੍ਹਾਂ ਸੂਬਿਆਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ, ਉਥੇ ਪਹਿਲਾਂ ਹੀ ਘੁਟਾਲਿਆਂ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਇਨ੍ਹਾਂ ਹਾਲਾਤ ਵਿਚ ਆਪਣੇ ਭ੍ਰਿਸ਼ਟਾਚਾਰ ਨਾਲ ਰੰਗੇ ਹੱਥਾਂ ਉਪਰ ਪਰਦਾ ਬਣਾਈ ਰੱਖਣ ਲਈ ਖੋਜੀ ਮੀਡੀਆ ਦੀ ਸੰਘੀ ਘੁੱਟਣਾ ਸੰਘੀਆਂ ਦੀ ਅਣਸਰਦੀ ਜ਼ਰੂਰਤ ਹੈ। ਕਰੋਨੀ ਸਰਮਾਇਆਦਾਰੀ ਦੀ ਸੜਿਆਂਦ ਐਨੀ ਬੇਕਾਬੂ ਹੈ ਕਿ ਸਾਰੇ ਪਰਦੇ ਪਾੜ ਕੇ ਬਾਹਰ ਆ ਰਹੀ ਹੈ ਅਤੇ ਸੰਘ ਦੀ ਸਰਕਾਰ ਮੂੰਹ ਜ਼ੋਰ ਹਕੀਕਤ ਉਪਰ ਪਰਦਾਪੋਸ਼ੀ ਕਰਨ ਤੋਂ ਦਿਨੋ-ਦਿਨ ਅਸਮਰੱਥ ਹੋ ਰਹੀ ਹੈ।



ਅਮਿਤ ਸ਼ਾਹ ਦਾ ਲੜਕਾ ਜੈ ਸ਼ਾਹ

*ਦਿਲਚਸਪ ਤੱਥ ਇਹ ਵੀ ਹੈ ਕਿ ਜੈ ਸ਼ਾਹ ਦਾ ਘੁਟਾਲਾ ਵੀ ਉਸੇ ਪੱਤਰਕਾਰ ਰੋਹਿਨੀ ਸਿੰਘ ਨੇ ਸਾਹਮਣੇ ਲਿਆਂਦਾ ਹੈ ਜਿਸ ਨੇ ਰੋਬਰਟ ਵਾਡਰਾ ਦਾ ਡੀ.ਐਲ.ਐਫ. ਘੁਟਾਲਾ ਨੰਗਾ ਕੀਤਾ ਸੀ। ਉਦੋਂ ਸੰਘੀ ਇਸ ਪੱਤਰਕਾਰ ਦੀ ਬਹਾਦਰੀ ਦੀਆਂ ਤਾਰੀਫ਼ਾਂ ਕਰ ਰਹੇ ਸਨ। ਹੁਣ ਜਦੋਂ ਉਸੇ ਪੱਤਰਕਾਰ ਨੇ ਸੰਘੀਆਂ ਦੇ ਪੋਤੜੇ ਫਰੋਲ ਮਾਰੇ ਤਾਂ ਦੇਸ਼ਧ੍ਰੋਹ ਸਮੇਤ ਕੋਈ ਗਾਲ ਐਸੀ ਨਹੀਂ ਜੋ ਉਸਨੂੰ ਨਾ ਕੱਢੀ ਗਈ ਹੋਵੇ।*



ਪੱਤਰਕਾਰ ਰੋਹਿਨੀ ਸਿੰਘ

# ਮੋਦੀ ਸਰਕਾਰ ਹੱਥੋਂ ਨਿਕਲ ਗਿਆ ਸਮਾਂ

**ਸ਼ੇਖਰ ਗੁਪਤਾ**

ਜੇਤੂ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਉਹ ਜਿਹੜੇ ਜਿੱਤ ਤੋਂ ਬਾਅਦ ਆਪਣੀ ਸਥਿਤੀ ਮਜ਼ਬੂਤ ਕਰਦੇ ਹਨ; ਦੂਜੇ ਉਹ ਜਿਨ੍ਹਾਂ 'ਤੇ ਜਿੱਤ ਦਾ ਹੀ ਜਨੂੰਨ ਸਵਾਰ ਰਹਿੰਦਾ ਹੈ। ਅੱਜ ਕੱਲ੍ਹ ਮੁਗਲ ਇਤਿਹਾਸ ਦੀ ਮਿਸਾਲ ਦੇਣੀ ਜੋਖ਼ਮ ਭਰਿਆ ਕੰਮ ਹੈ, ਹਾਲਾਂਕਿ ਅਕਬਰ ਅਤੇ ਔਰੰਗਜ਼ੇਬ ਦੀ ਵਿਰਾਸਤ ਦੀ ਤੁਲਨਾ ਕਰਨ ਤੇ ਦੇਖਣ ਨਾਲ ਮਾਮਲ ਐਨ ਸਾਫ ਹੋ ਸਕਦਾ ਹੈ। ਉਂਜ, ਸਮਰਾਟ ਅਸ਼ੋਕ ਦੀ ਗੱਲ ਕਰਨਾ ਸੁਰੱਖਿਅਤ ਹੋਵੇਗਾ ਜੋ ਇਕੋ ਹੀ ਜ਼ਿੰਦਗੀ ਵਿਚ ਦੋਵੇਂ ਸ਼੍ਰੇਣੀਆਂ ਦੀ ਅਗਵਾਈ ਕਰਦੇ ਨਜ਼ਰ ਆਉਂਦੇ ਹਨ। ਆਪਣੀ ਹਕੂਮਤ ਦੇ ਪਹਿਲੇ ਪੜਾਅ ਵਿਚ ਉਹ ਖਲਬਲੀ ਮਚਾ ਦੇਣ ਵਾਲੇ ਜੇਤੂ ਹਨ, ਫਿਰ ਕਲਿੰਗਾ ਦੀ ਜੰਗ ਤੋਂ ਬਾਅਦ ਦੂਜੇ ਪੜਾਅ ਵਿਚ ਸ਼ਾਂਤ, ਸੋਚ-ਵਿਚਾਰ ਕਰਨ ਵਾਲੇ ਤੇ ਸੁਧਾਰਵਾਦੀ ਹਾਕਮ ਨਜ਼ਰ ਆਉਂਦੇ ਹਨ। ਇਥੇ ਹੀ ਉਨ੍ਹਾਂ ਨੇ ਦੂਰਗਾਮੀ ਪ੍ਰਭਾਵ ਪਾਇਆ, ਆਧੁਨਿਕ ਸ਼ਾਸਨ ਦੇ ਸਿਧਾਂਤ ਅਤੇ ਭਾਰਤ ਦੀ ਨੀਂਹ ਰੱਖੀ, ਇੰਨੀ ਮਜ਼ਬੂਤ ਕਿ ਉਹ ਸਦੀਆਂ ਤੱਕ ਚੱਲ ਸਕੀ।

ਫ਼ੌਜ ਦੀ ਮਦਦ ਨਾਲ ਜੰਗ ਜਿੱਤਣ ਦਾ ਯੁੱਗ ਹੁਣ ਖ਼ਤਮ ਹੋ ਚੁੱਕਾ ਹੈ। ਅੱਜ ਦੇ ਨੇਤਾ ਚੋਣਾਂ, ਸਿਆਸੀ ਜਥੇਬੰਦੀਆਂ ਅਤੇ ਜੋੜ-ਤੋੜ ਰਾਹੀਂ ਸਿਆਸੀ ਤਾਕਤ ਹਾਸਲ ਕਰਨ ਲਈ ਮੁਹਿੰਮ ਚਲਾਉਂਦੇ ਹਨ। 2014 ਵਿਚ ਨਰੇਂਦਰ ਮੋਦੀ ਨੇ ਜੋ ਜਿੱਤ ਹਾਸਲ ਕੀਤੀ, ਉਸ ਦੀ ਭਾਰਤੀ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ। ਨਹਿਰੂ-ਗਾਂਧੀ ਪਰਿਵਾਰ ਨੇ ਭਾਵੇਂ ਅਤੀਤ ਵਿਚ ਉਨ੍ਹਾਂ ਤੋਂ ਜ਼ਿਆਦਾ ਸੀਟਾਂ ਜਿੱਤੀਆਂ ਹੋਣ, ਪਰ ਇਸ ਤੋਂ ਪਹਿਲਾਂ ਕਿਸੇ ਸੱਤਾਧਾਰੀ ਪਾਰਟੀ ਨੂੰ ਇੰਨੀ ਅਪਮਾਨਜਨਕ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ।

ਚੋਣਾਂ ਜਿੱਤਣ ਤੋਂ ਬਾਅਦ ਵੀ ਮੋਦੀ ਅਤੇ ਉਨ੍ਹਾਂ ਦੇ ਸਿਪਾਹਸਲਾਰ ਲਗਾਤਾਰ ਮੁਹਿੰਮ ਵਿਚ ਰਹੇ। ਉਹ ਸਰਕਾਰੀ ਏਜੰਸੀਆਂ ਦੀ ਮਦਦ ਨਾਲ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਦੂਰ-ਦੁਰੇਡੇ ਸੂਬਿਆਂ ਵਿਚ ਮੋਰਚੇ ਖੋਲ੍ਹ ਰਹੇ ਹਨ, ਜਿਥੇ ਆਮ ਤੌਰ 'ਤੇ ਖੇਤਰੀ ਨੇਤਾਵਾਂ ਦਾ ਗਲਬਾ ਰਹਿੰਦਾ ਹੈ ਤੇ ਜਿਥੇ ਭਾਜਪਾ ਦਾ ਮੁਸ਼ਕਿਲ ਨਾਲ ਹੀ ਕੋਈ ਵਜੂਦ ਹੈ। ਸਰਕਾਰ ਉਸ ਬੜਬੋਲੇਪਨ ਤੋਂ ਵੀ ਪਿੱਛੇ ਹਟਣ ਨੂੰ ਤਿਆਰ ਨਹੀਂ, ਜਿਸ ਨੇ ਉਸ ਨੂੰ ਚੁਣਾਵੀ ਜਿੱਤ ਦਿਵਾਈ। ਇਉਂ ਇਹ ਮਿਹਨਤ ਨਾਲ ਕੀਤੇ ਜਾਣ ਵਾਲੇ ਸ਼ਾਸਨ ਤੋਂ ਦੂਰ ਹੋ ਗਈ। ਮੌਜੂਦਾ ਨਿਰਾਸ਼ਾ ਇਸੇ ਦੀ ਹੀ ਦੇਣ ਹੈ। ਸਥਿਤੀ ਹੋਰ ਮੁਸ਼ਕਿਲ ਹੋ ਗਈ ਹੈ, ਕਿਉਂਕਿ ਹੁਣ ਹਰ 6 ਮਹੀਨਿਆਂ ਬਾਅਦ ਵਿਧਾਨ ਸਭਾ ਚੋਣਾਂ ਹਨ।


ਕੋਈ ਵੀ ਸਫ਼ਲ ਨੇਤਾ ਅਤੀਤ ਦੀਆਂ ਪ੍ਰਾਪਤੀਆਂ ਤੋਂ ਸੰਤੁਸ਼ਟ ਨਹੀਂ ਹੁੰਦਾ। ਇਸ ਲਈ ਇਹ ਨਹੀਂ ਕਹਿ ਸਕਦੇ ਕਿ ਮੋਦੀ ਨੂੰ ਸਿਆਸੀ ਵਿਸਥਾਰ ਰੋਕ ਦੇਣਾ ਚਾਹੀਦਾ ਸੀ। ਮਹਾਨ ਨੇਤਾ ਵਿਚ ਹਮੇਸ਼ਾ ਇਹ ਕੌਸ਼ਲ ਅਤੇ ਹੌਸਲਾ ਹੁੰਦਾ ਹੈ ਕਿ ਉਹ ਆਪਣੀਆਂ ਤਰਜੀਹਾਂ ਤੈਅ ਕਰੇ। ਸਭ ਤੋਂ ਕਠੋਰ ਫ਼ੈਸਲੇ ਉਦੋਂ ਲੈਣੇ ਚਾਹੀਦੇ ਹਨ ਜਦੋਂ ਲੋਕਾਂ ਦਾ ਜ਼ਬਰਦਸਤ ਸਮਰਥਨ ਹੋਵੇ ਅਤੇ ਤੁਹਾਡੇ ਕੋਲ ਤੁਹਾਡੀਆਂ ਮਿਹਨਤਾਂ ਦਾ ਨਤੀਜਾ ਦੇਖਣ ਦਾ ਸਮਾਂ ਹੋਵੇ। ਮੋਦੀ ਸਰਕਾਰ ਨੇ ਮੁਹਿੰਮ ਚਲਾਉਣ ਦੇ ਜਨੂੰਨ ਵਿਚ ਇਹ ਮੌਕਾ ਗੁਆ ਦਿੱਤਾ। ਉਸ ਨੇ ਸਾਰੇ ਸਖ਼ਤ ਫ਼ੈਸਲੇ ਖ਼ਾਸ ਤੌਰ 'ਤੇ ਆਰਥਿਕਤਾ ਸਬੰਧੀ ਫ਼ੈਸਲੇ ਕਰਨ ਵਿਚ ਬਹੁਤ ਦੇਰ ਕਰ ਦਿੱਤੀ। ਭਾਜਪਾ ਅਤੇ ਮੋਦੀ ਦੀ 2014 ਦੀ ਮੁਹਿੰਮ ਵਿਚ ਚੰਗੇ ਦਿਨ, ਮਜ਼ਬੂਤ ਰਾਸ਼ਟਰੀ ਸੁਰੱਖਿਆ ਨੀਤੀ ਅਤੇ ਭ੍ਰਿਸ਼ਟਾਚਾਰ ਨਾਲ ਲੜਾਈ ਮੁੱਖ ਨੁਕਤੇ ਸਨ। ਇਨ੍ਹਾਂ ਵਿਚੋਂ ਤੀਜੇ ਨੁਕਤੇ ਨੂੰ ਬਹੁਤ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ। ਇਹ ਉਹ ਘੋੜਾ ਸੀ, ਜਿਸ ਨਾਲ ਕੋਈ ਵੀ ਚਲਾਕ ਸ਼ਾਸਕ ਮੰਜ਼ਿਲ 'ਤੇ ਪਹੁੰਚਣ ਤੋਂ ਬਾਅਦ ਸਭ ਤੋਂ ਪਹਿਲਾਂ ਹੇਠਾਂ ਉਤਰ ਜਾਂਦਾ ਹੈ, ਪਰ ਮੋਦੀ ਸਰਕਾਰ ਨੂੰ ਇਸ ਨਾਲ ਪਿਆਰ ਹੋ ਗਿਆ। ਨਤੀਜਾ, ਬੀਤੇ 42 ਮਹੀਨਿਆਂ ਦੀ ਬੈਲੇਂਸ ਸ਼ੀਟ ਵਿਚ ਦਿਖਾਉਣ ਲਈ ਕੁਝ ਖ਼ਾਸ ਨਹੀਂ। ਨੋਟਬੰਦੀ ਸਾਹਸੀ ਕਦਮ ਸੀ, ਜਿਸ ਨੂੰ ਬਿਨਾਂ ਸੋਚੇ-ਸਮਝੇ ਲਾਗੂ ਕੀਤਾ ਗਿਆ।

ਸਿਆਸੀ ਵਿਸਥਾਰ ਵਿਚ ਲੱਗੀ ਸਰਕਾਰ ਨੇ ਵੱਡੇ ਸਿਆਸੀ ਫ਼ੈਸਲੇ ਮੁਲਤਵੀ ਕਰ ਦਿੱਤੇ। ਬੁਲੇਟ ਟਰੇਨ ਦੀ ਮਿਸਾਲ ਹੈ। ਪੰਜ ਸਾਲ ਵਾਲੀ ਇਸ ਯੋਜਨਾ ਦੀ ਸ਼ੁਰੂਆਤ ਸਰਕਾਰ ਨੂੰ ਸੱਤਾ ਸੰਭਾਲਦਿਆਂ ਹੀ ਕਰਨੀ ਚਾਹੀਦੀ ਸੀ ਤਾਂ ਕਿ ਕਾਰਜਕਾਲ ਦੇ ਅਖ਼ੀਰ ਵਿਚ ਇਸ ਦਾ ਸਿੱਟਾ ਸਾਹਮਣੇ ਆਉਂਦਾ। ਇਸੇ ਤਰ੍ਹਾਂ ਬੈਂਕਾਂ ਦੀ ਮਜ਼ਬੂਤੀ, ਫਸੇ ਹੋਏ ਕਰਜ਼ੇ ਦੇ ਪਹਾੜ ਨਾਲ ਨਜਿਠਣਾ, ਮੁੰਬਈ ਤੱਟੀ ਮਾਰਗ ਅਤੇ ਨਵੇਂ ਹਵਾਈ ਅੱਡੇ ਵਰਗੀਆਂ ਵੱਡੀਆਂ ਬੁਨਿਆਦੀ ਯੋਜਨਾਵਾਂ ਦੀ ਇਕ ਇੱਟ ਵੀ ਨਹੀਂ ਰੱਖੀ ਗਈ। 'ਮੇਕ ਇਨ ਇੰਡੀਆ' ਠੱਪ ਹੋ ਗਿਆ ਹੈ ਅਤੇ ਰਾਫੇਲ ਦੇ ਦੋ ਬੇੜਿਆਂ ਦੇ ਆਰਡਰ ਛੱਡ ਦਿੱਤੇ ਜਾਣ ਤਾਂ ਰੱਖਿਆ ਉਤਪਾਦਨ ਜਾਂ ਖ਼ਰੀਦ ਵਿਚ ਕੋਈ ਨਵੀਂ ਪ੍ਰਾਪਤੀ ਨਹੀਂ ਹੋਈ। ਫ਼ੌਜ ਸਬੰਧੀ ਪੂਰਤੀਆਂ ਵਿਚ ਲੰਮਾ ਸਮਾਂ ਲਗਦਾ ਹੈ, ਪਰ ਸਾਢੇ ਤਿੰਨ ਸਾਲ ਦੇ ਸਮੇਂ ਵਿਚ ਫ਼ੌਜ ਲਈ ਭਾਰਤ ਵਿਚ ਬਣਨ ਵਾਲੀ ਅਸਾਲਟ ਰਾਈਫਲ ਚੁਣਨ ਵਰਗਾ ਕੰਮ ਤੱਕ ਨਹੀਂ ਹੋ ਸਕਿਆ।

ਇਕ ਕਲਪਨਾ ਹੈ। 2014 ਅਤੇ ਉਸ ਤੋਂ ਬਾਅਦ ਸੂਬਿਆਂ ਤੋਂ ਮਿਲੀ ਚੁਣਾਵੀ ਜਿੱਤ ਨੇ ਭਾਜਪਾ ਨੂੰ ਦੂਜੇ ਕਾਰਜਕਾਲ ਦਾ ਭਰੋਸਾ ਦਿਵਾ ਦਿੱਤਾ। ਇਸ ਨੂੰ ਲੱਗਾ ਕਿ ਉਹ ਪਹਿਲੇ ਕਾਰਜਕਾਲ ਵਿਚ ਪੂਰੇ ਦੇਸ਼ ਵਿਚ ਚੁਣਾਵੀ ਜਿੱਤ ਹਾਸਲ ਕਰਨ ਅਤੇ ਸਮੁੱਚੇ ਖੇਤਰੀ ਜਾਂ ਰਾਸ਼ਟਰੀ ਵਿਰੋਧੀਆਂ ਨੂੰ ਖ਼ਤਮ ਕਰਨ 'ਤੇ ਧਿਆਨ ਕੇਂਦਰਿਤ ਕਰ ਸਕਦੀ ਹੈ। ਸ਼ਾਇਦ ਇਹ ਮੰਨ ਲਿਆ ਗਿਆ ਕਿ ਇਕ ਵਾਰ ਚੁਣੌਤੀ ਰਹਿਤ ਸੱਤਾ ਹਾਸਲ ਹੋਣ ਤੋਂ ਬਾਅਦ ਬਾਕੀ ਬਚੇ ਕਾਰਜਕਾਲ ਵਿਚ ਸਾਰੇ ਵੱਡੇ ਕੰਮ ਕਰਨ ਲਈ ਸਮਾਂ ਹੀ ਸਮਾਂ ਹੋਵੇਗਾ। ਉਂਜ ਹੀ ਜਿਵੇਂ ਕ੍ਰਿਕਟ ਦੀ ਕੋਈ ਮਜ਼ਬੂਤ ਟੀਮ ਪਹਿਲੀ ਪਾਰੀ ਨੂੰ ਕਈ ਵਾਰ ਹਲਕੇ ਵਿਚ ਲੈਂਦੀ ਹੈ ਅਤੇ ਮਿਹਨਤ ਦਾ ਕੰਮ ਦੂਜੀ ਪਾਰੀ ਲਈ ਛੱਡ ਦਿੰਦੀ ਹੈ, ਪਰ ਸਿਰਫ ਕ੍ਰਿਕਟ ਹੀ ਅਨਿਸਚਿਤਤਾ ਵਾਲੀ ਖੇਡ ਨਹੀਂ ਹੈ। ਸਿਆਸਤ ਵਿਚ ਵੀ ਮੁਆਫ਼ੀ ਦੀ ਗੁੰਜਾਇਸ਼ ਘੱਟ ਹੁੰਦੀ ਹੈ ਅਤੇ ਇਸ ਵਿਚ ਢਿੱਲ ਲਈ ਵੀ ਕੋਈ ਥਾਂ ਨਹੀਂ ਹੁੰਦੀ।

# ਵਿਰੋਧੀ ਧਿਰ 'ਤੇ ਲੀਡਰਸ਼ਿਪ ਦੀ ਅਣਹੋਂਦ ਦਾ ਸੰਕਟ

**ਸਿਆਸਤ ਦਾ ਪਿੜ**




ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਵਿਚ ਲੋਕਤੰਤਰ ਹੈ। ਪੰਜਾਬ ਵੀ ਇਸ ਲੋਕਤੰਤਰ ਦਾ ਅੰਗ ਹੈ। ਲੋਕਤੰਤਰ ਵਿਚ ਵਿਰੋਧੀ ਧਿਰ ਦਾ ਮੌਜੂਦ ਹੋਣਾ ਅਤੇ ਨਾਲ ਇਸ ਦਾ ਮਜ਼ਬੂਤ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਵਿਰੋਧੀ ਧਿਰ ਮਜ਼ਬੂਤ ਨਾ ਹੋਵੇ ਤਾਂ ਲੋਕਤੰਤਰ ਨਿਰੰਕੁਸ਼ ਕਿਹਾ ਜਾਂਦਾ ਹੈ। ਅੰਕੁਸ਼ ਲੋਹੇ ਦਾ ਉਹ ਤਿੱਖੀਆਂ ਨੋਕਾਂ ਵਾਲਾ ਕੁੰਡਾ ਹੁੰਦਾ ਹੈ, ਜੋ ਹਾਥੀ ਨੂੰ ਕਾਬੂ ਵਿਚ ਰੱਖਣ ਲਈ ਮਹਾਵਤ ਆਪਣੇ ਹੱਥ ਵਿਚ ਰੱਖਦਾ ਹੈ। ਜੇ ਅੰਕੁਸ਼ ਕੋਲ ਨਾ ਹੋਵੇ ਤਾਂ ਹਾਥੀ ਕਾਬੂ ਵਿਚ ਨਹੀਂ ਰਹਿੰਦਾ। ਵਿਰੋਧੀ ਧਿਰ ਮਜ਼ਬੂਤ ਨਾ ਹੋਵੇ ਤਾਂ ਲੋਕਤੰਤਰ ਵਿਚ ਰਾਜ ਕਰਦੀ ਧਿਰ ਦੇ ਉਸ ਹਾਥੀ ਵਾਂਗ ਕਾਬੂ ਤੋਂ ਬਾਹਰ ਹੋ ਜਾਣ ਦਾ ਡਰ ਰਹਿੰਦਾ ਹੈ। ਪੰਜਾਬ ਵਿਚ ਇਸ ਵਕਤ ਵਿਰੋਧੀ ਧਿਰ ਲੀਡਰਸ਼ਿਪ ਤੋਂ ਸੱਖਣੀ ਹੋਈ ਜਾਪਦੀ ਹੈ।

ਹੁਣੇ-ਹੁਣੇ ਗੁਰਦਾਸਪੁਰ ਦੀ ਲੋਕ ਸਭਾ ਸੀਟ ਲਈ ਉਪ ਚੋਣ ਹੋਈ ਹੈ। ਉਥੇ ਕਾਂਗਰਸ ਪਾਰਟੀ ਜਿੱਤ ਗਈ ਤੇ ਇਸ ਜਿੱਤ ਲਈ ਆਪਣੀਆਂ ਨੀਤੀਆਂ ਨੂੰ ਜਾਇਜ਼ ਦੱਸ ਰਹੀ ਹੈ। ਉਸ ਨੂੰ ਏਦਾਂ ਕਰਨ ਦਾ ਹੱਕ ਹੈ। ਅਸਲ ਵਿਚ ਜਿੱਤ ਦੇ ਦੋ ਮੁੱਖ ਕਾਰਨ ਸਨ-ਪਹਿਲਾ ਇਹ ਕਿ ਇੱਕ ਵੱਡੇ ਅਕਾਲੀ ਆਗੂ ਤੇ ਖੁਦ ਭਾਜਪਾ ਉਮੀਦਵਾਰ ਦੇ ਨਿਜੀ ਜੀਵਨ ਨਾਲ ਜੁੜੇ ਹੋਏ ਕੁਝ ਅਣਸੁਖਾਵੇਂ ਮੁੱਦੇ ਉਥੇ ਸਿਆਸੀ ਮੁੱਦਿਆਂ ਉਤੇ ਭਾਰੂ ਹੋ ਗਏ ਸਨ। ਦੂਸਰਾ ਕਾਰਨ ਹੁਣ ਤੱਕ ਕਿਸੇ ਇੱਕ ਵੀ ਪਾਰਟੀ ਨੇ ਚਰਚਾ ਵਿਚ ਨਹੀਂ ਰੱਖਿਆ ਤੇ ਉਹ ਕਾਰਨ ਹੈ ਕਿ ਵਿਰੋਧੀ ਧਿਰ ਦੀਆਂ ਦੋ ਮੁੱਖ ਪਾਰਟੀਆਂ ਸਾਹਮਣੇ ਲੀਡਰਸ਼ਿਪ ਦਾ ਗੰਭੀਰ ਸੰਕਟ, ਜਿਸ ਦਾ ਕੋਈ ਹੱਲ ਨਿਕਲਦਾ ਦਿਖਾਈ ਨਹੀਂ ਦੇ ਰਿਹਾ।

ਅਕਾਲੀ ਦਲ ਦਾ ਮੁਖੀ ਭਾਵੇਂ ਅੱਜ-ਕੱਲ੍ਹ ਸੁਖਬੀਰ ਸਿੰਘ ਬਾਦਲ ਹੈ, ਲੋਕਾਂ ਦੀਆਂ ਵੋਟਾਂ ਹਾਲੇ ਤੱਕ ਵੱਡੇ ਬਾਦਲ ਦੇ ਨਾਂ ਉਤੇ ਹੀ ਪੈਂਦੀਆਂ ਹਨ ਤੇ ਇਸ ਚੋਣ ਵਿਚ ਉਸ ਨੇ ਗੁਰਦਾਸਪੁਰ ਦਾ ਗੇੜਾ ਨਹੀਂ ਲਾਇਆ। ਇਸ ਦਾ ਇੱਕ ਖਾਸ ਕਾਰਨ ਹੈ, ਜਿਸ ਨੂੰ ਸਮਝਣ ਤੋਂ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਇਨਕਾਰੀ ਹੈ, ਪਰ ਜਦੋਂ ਇਸ ਬਾਰੇ ਸੋਚਣ ਲਈ ਸਮਾਂ ਸੀ, ਅਤੇ ਸਥਿਤੀ ਹਾਲੇ ਹੱਥੋਂ ਪੂਰੀ ਤਰ੍ਹਾਂ ਨਹੀਂ ਸੀ ਨਿਕਲੀ, ਉਦੋਂ ਵੱਡੇ ਬਾਦਲ ਨੇ ਵੀ ਨਹੀਂ ਸੀ ਸੋਚਿਆ।

ਇੱਕ ਵਾਰਦਾਤ ਹੋਈ ਸੀ, ਦਸੰਬਰ 2012 ਵਿਚ। ਅੰਮ੍ਰਿਤਸਰ ਸ਼ਹਿਰ ਦੇ ਛੇਹਰਟਾ ਥਾਣੇ ਤੋਂ ਸਿਰਫ ਸੌ ਗਜ਼ ਦੂਰ ਪੰਜਾਬ ਪੁਲਿਸ ਦੇ ਇੱਕ ਥਾਣੇਦਾਰ ਦਾ ਕਤਲ ਹੋਇਆ ਸੀ। ਕਤਲ ਕਰਨ ਵਾਲਾ ਯੂਥ ਅਕਾਲੀ ਦਲ ਦਾ ਆਗੂ ਸੀ। ਕਾਰਨ ਇਹ ਸੀ ਕਿ ਉਹ ਯੂਥ ਆਗੂ ਉਸ ਥਾਣੇਦਾਰ ਦੀ ਧੀ ਨੂੰ ਤੰਗ ਕਰਦਾ ਸੀ ਤੇ ਥਾਣੇਦਾਰ ਨੇ ਉਸ ਨੂੰ ਸਮਝਾਉਣ ਦਾ ਯਤਨ ਕੀਤਾ ਸੀ। ਯੂਥ ਲੀਡਰ ਨੇ ਉਸ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਗੋਲੀਆਂ ਮੁੱਕ ਗਈਆਂ ਤਾਂ ਘਰੋਂ ਦੂਜੀ ਗੰਨ ਲਿਆ ਕੇ ਮਾਰੀਆਂ ਤੇ ਇੱਕ ਧੜੱਲੇਦਾਰ ਅਕਾਲੀ ਮੰਤਰੀ ਦੀ ਜ਼ਿੰਦਾਬਾਦ ਦੇ ਨਾਅਰੇ ਲਾਏ। ਸਿਰਫ ਸੌ ਗਜ਼ ਦੂਰ ਛੇਹਰਟਾ ਥਾਣੇ ਦੇ ਪੁਲਿਸ ਵਾਲੇ ਵਾਰਦਾਤ ਹੁੰਦੀ ਵੇਖਦੇ ਰਹੇ, ਪਰ ਆਪਣੇ ਪੇਟੀਬੰਦ ਭਰਾ ਨੂੰ ਛੁਡਾਉਣਾ ਕੀ, ਉਸ ਦੀ ਲਾਸ਼ ਚੁੱਕਣ ਵੀ ਵੱਡੇ ਅਫਸਰਾਂ ਦੇ ਆਉਣ ਤੱਕ ਨਹੀਂ ਸੀ ਆਏ।




ਇਸ ਘਟਨਾ ਨਾਲ ਸਾਰਾ ਪੰਜਾਬ ਕੰਬ ਗਿਆ ਸੀ। ਉਦੋਂ ਅਸੀਂ ਲਿਖਿਆ ਸੀ: 'ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਪ੍ਰਧਾਨ ਮੀਆਂ।' ਕਨੇਡਾ ਦੀ ਇੱਕ ਪੰਜਾਬੀ ਲੇਖਕਾ, ਜਿਸ ਨੂੰ ਅਸੀਂ ਕਦੇ ਮਿਲੇ ਨਹੀਂ, ਨੇ ਇਸ ਦੇ ਪ੍ਰਤੀਕਰਮ ਵਿਚ ਲਿਖਿਆ ਸੀ, 'ਜਤਿੰਦਰ ਪਨੂੰ ਨੇ ਕਲਮ ਦਾ ਕਰਜ਼ਾ ਲਾਹਿਆ ਹੈ।' ਅਸੀਂ ਫਿਰ ਵੀ ਇਹ ਮੰਨਦੇ ਰਹੇ ਕਿ ਕਲਮ ਦਾ ਕਰਜ਼ਾ ਏਡਾ ਵੱਡਾ ਹੈ ਕਿ ਇੱਕ ਲੇਖ ਦੇ ਨਾਲ ਲੱਥਣ ਵਾਲਾ ਨਹੀਂ ਸੀ ਤੇ ਮਹੱਤਵ ਕਲਮ ਦੇ ਕਰਜ਼ੇ ਤੋਂ ਵੀ ਵੱਧ ਉਸ ਲਿਖਤ ਵਿਚ ਪੇਸ਼ ਕੀਤੀ ਇਸ ਸੋਚ ਦਾ ਸੀ ਕਿ ਜੇ ਭੂਤ ਮੰਡਲੀ ਏਦਾਂ ਹੀ ਧਮੱਚੜ ਪਾਉਂਦੀ ਰਹੇਗੀ ਤਾਂ ਬਜ਼ੁਰਗੀ ਦੌਰ ਵਿਚ ਪ੍ਰਕਾਸ਼ ਸਿੰਘ ਬਾਦਲ ਲਈ ਅਣਸੁਖਾਵੇਂ ਹਾਲਾਤ ਪੈਦਾ ਕਰੇਗੀ। ਇਸ ਸਾਲ ਵਿਧਾਨ ਸਭਾ ਚੋਣਾਂ ਦੇ ਨਤੀਜੇ ਨੇ ਇਹ ਸਾਬਤ ਕਰ ਦਿੱਤਾ ਹੈ।

ਗੁਰਦਾਸਪੁਰ ਉਪ ਚੋਣ ਵਿਚ ਪ੍ਰਕਾਸ਼ ਸਿੰਘ ਬਾਦਲ ਇਸੇ ਲਈ ਨਹੀਂ ਗਏ ਜਾਪਦੇ। ਇਹ ਪੰਜਾਬ ਦੇ ਇਤਿਹਾਸ ਵਿਚ ਇਸ ਪਾਰਟੀ ਲਈ ਸਭ ਤੋਂ ਵੱਡਾ ਝਟਕਾ ਹੈ, ਪਰ ਇਸ ਦਾ ਹੱਲ ਵੀ ਕੋਈ ਨਹੀਂ, ਕਿਉਂਕਿ ਔਖੇ ਦੌਰ ਦੇ ਬਾਦਲ ਦੇ ਸਾਥੀ ਆਗੂ ਇਸ ਨਵੀਂ ਪਨੀਰੀ ਸਾਹਮਣੇ ਸਿਰ ਚੁੱਕਣ ਜੋਗੇ ਨਹੀਂ ਰਹਿ ਗਏ, ਆਪਣੇ ਪੁੱਤਰ ਦੀ ਉਮਰ ਵਾਲੇ ਆਗੂ ਦੇ ਗੋਡੀਂ ਹੱਥ ਲਾਈ ਜਾਂਦੇ ਹਨ।

ਦੂਸਰੀ ਤੇ ਸਭ ਤੋਂ ਮਾੜੀ ਹਾਲਤ ਆਮ ਆਦਮੀ ਪਾਰਟੀ (ਆਪ) ਦੀ ਹੈ। ਗੁਰਦਾਸਪੁਰ ਦੀ ਚੋਣ ਦੌਰਾਨ ਵਿਦੇਸ਼ ਵਿਚੋਂ ਫੋਨ ਕਰ ਕੇ ਸਾਨੂੰ ਇਸ ਪਾਰਟੀ ਦੇ ਕੁਝ ਸਮਰਥਕਾਂ ਨੇ ਗਾਲ੍ਹਾਂ ਵਰਗੀ ਭਾਸ਼ਾ ਵਰਤੀ ਕਿ ਸਾਡੀ ਪਾਰਟੀ ਜਿੱਤਦੀ ਪਈ ਹੈ, ਤੈਨੂੰ ਦਿਸਦਾ ਨਹੀਂ। ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਮੌਕੇ ਵੀ ਬੁਰਾ-ਭਲਾ ਬੋਲਿਆ ਸੀ। ਸਾਡੀ ਮੁਸ਼ਕਿਲ ਇਹ ਸੀ ਕਿ ਸਾਨੂੰ ਜੋ ਦਿਖਾਈ ਦਿੰਦਾ ਸੀ, ਉਹ ਕਹਿਣ ਤੋਂ ਨਹੀਂ ਸੀ ਰਹਿ ਸਕਦੇ ਤੇ ਉਨ੍ਹਾਂ ਨੂੰ ਹਜ਼ਮ ਨਹੀਂ ਸੀ ਹੁੰਦਾ। ਉਨ੍ਹਾਂ ਵਿਚ ਕੁਝ ਲੋਕ ਉਹ ਵੀ ਸਨ, ਜਿਹੜੇ ਪਹਿਲਾਂ ਕਿਸੇ ਸਮੇਂ ਪੰਜਾਬ ਪੀਪਲਜ਼ ਪਾਰਟੀ ਦੇ ਮਗਰ ਧੂੜਾਂ ਪੱਟ ਮੁਹਿੰਮ ਚਲਾ ਕੇ ਖੱਜਲ ਹੋ ਚੁਕੇ ਸਨ ਅਤੇ ਇਸ ਵਾਰੀ ਫਿਰ ਮੱਛੀ ਦੇ ਪੱਥਰ ਚੱਟ ਕੇ ਮੁੜਨ ਤੱਕ ਆਪਣੀ ਗੱਲ 'ਤੇ ਅੜੇ ਰਹੇ ਸਨ।

ਆਮ ਆਦਮੀ ਪਾਰਟੀ ਨੂੰ ਇਤਿਹਾਸ ਨੇ ਮੌਕਾ ਬਖਸ਼ਿਆ ਸੀ। ਨਰਿੰਦਰ ਮੋਦੀ ਨੂੰ ਜਦੋਂ ਦੇਸ਼ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਦਾ ਮੌਕਾ ਦਿੱਤਾ, ਜਿਸ ਦਿੱਲੀ ਵਿਚ 'ਆਪ' 49 ਦਿਨ ਸਰਕਾਰ ਚਲਾ ਚੁਕੀ ਸੀ, ਉਥੋਂ ਉਸ ਨੂੰ ਉਦੋਂ ਬੜੀ ਵੱਡੀ ਆਸ ਸੀ, ਪਰ ਉਥੋਂ ਉਹ ਇੱਕ ਵੀ ਪਾਰਲੀਮੈਂਟ ਸੀਟ ਨਹੀਂ ਸੀ ਜਿੱਤ ਸਕੀ। ਪੰਜਾਬ ਦੇ ਲੋਕਾਂ ਨੇ ਉਸ ਦੀ ਝੋਲੀ ਵਿਚ ਚਾਰ ਸੀਟਾਂ ਪਾਈਆਂ, ਦੋ ਸੀਟਾਂ ਉਤੇ ਮਾਮੂਲੀ ਫਰਕ ਨਾਲ ਹਾਰਨ ਦੇ ਨਾਲ ਤਿੰਨ ਹੋਰ ਸੀਟਾਂ ਉਤੇ ਦੋ ਲੱਖ ਵੋਟਾਂ ਤੋਂ ਟੱਪ ਗਈ ਸੀ। ਫਿਰ ਇਹ ਪਾਰਟੀ ਆਪਣੀ ਬਣੀ ਹੋਈ ਭਲ ਨਹੀਂ ਪਚਾ ਸਕੀ। ਵਿਧਾਨ ਸਭਾ ਚੋਣਾਂ ਵਿਚ ਉਸ ਦੇ ਕੁਝ ਆਗੂ ਵੋਟਾਂ ਪੈਣ ਦੀ ਘੜੀ ਤੋਂ ਪਹਿਲਾਂ ਹੀ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਦੀ ਰਿਹਰਸਲ ਕਰਦੇ ਸੁਣੇ ਜਾਣ ਲੱਗੇ ਤੇ ਜਿਹੜਾ ਵਕਤ ਕੰਮ ਕਰਨ ਉਤੇ ਲਾਉਣਾ ਚਾਹੀਦਾ ਸੀ, ਉਹ ਇਸ ਰਿਹਰਸਲ ਦੇ ਲੇਖੇ ਲਾ ਦਿੱਤਾ।

ਸਰਕਾਰ ਨਾ ਬਣ ਸਕੀ ਤਾਂ ਇਹ ਵੱਡੀ ਸੱਟ ਨਹੀਂ ਸੀ। ਉਹ ਇਸ ਰਾਜ ਵਿਚ ਮੁੱਖ ਵਿਰੋਧੀ ਧਿਰ ਦਾ ਦਰਜਾ ਹਾਸਲ ਕਰ ਕੇ ਪੰਜ ਵਾਰੀਆਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਾਰਟੀ ਤੋਂ ਪੰਜ ਸੀਟਾਂ ਵੱਧ ਜਿੱਤ ਗਈ, ਪਰ ਸਬਰ ਨਹੀਂ ਸੀ ਆਇਆ। ਇਸ ਲਈ ਨਵੇਂ ਸਿਰੇ ਤੋਂ ਕੋੜਮੇ ਅੰਦਰ ਕਿੜਾਂ ਕੱਢਣ ਦਾ ਦੌਰ ਸ਼ੁਰੂ ਹੋ ਗਿਆ ਤੇ ਹੁਣ ਤੱਕ ਰੁਕ ਨਹੀਂ ਰਿਹਾ। ਪਹਿਲਾਂ ਐਚ. ਐਸ. ਫੂਲਕਾ ਨੂੰ ਵਿਰੋਧੀ ਧਿਰ ਦਾ ਆਗੂ ਬਣਾਇਆ ਸੀ। ਉਸ ਵਕੀਲ ਨੇ ਪਿਛਲੇ 34 ਸਾਲਾਂ ਵਿਚ ਜਿਵੇਂ ਦਿੱਲੀ ਦੇ ਪੀੜਤਾਂ ਦੇ ਕੇਸ ਮੁਫਤ ਲੜੇ ਹਨ, ਮੌਜੂਦਾ ਪੜਾਅ ਉਤੇ ਉਹ ਕੇਸ ਛੱਡ ਸਕਣੇ ਮੁਸ਼ਕਿਲ ਸਨ। ਫਿਰ ਸੁਖਪਾਲ ਸਿੰਘ ਖਹਿਰਾ ਨੂੰ 'ਆਪ' ਨੇ ਵਿਰੋਧੀ ਧਿਰ ਦੇ ਆਗੂ ਵਜੋਂ ਪੇਸ਼ ਕੀਤਾ। ਪਾਰਟੀ ਕੋਲ ਹੋਰ ਕੋਈ ਇੰਨੇ ਜੋਗਾ ਬੰਦਾ ਹੀ ਨਹੀਂ, ਪਰ ਮੁਸ਼ਕਿਲ ਇਹ ਹੈ ਕਿ ਖਹਿਰਾ ਨੂੰ ਪਾਰਟੀ ਵਿਚੋਂ ਪੂਰਾ ਸਾਥ ਨਹੀਂ ਮਿਲਦਾ। ਇੱਕ ਪਾਸੇ ਕਾਂਗਰਸੀ ਆਗੂਆਂ ਨਾਲ ਉਸ ਦੀ ਟੱਕਰ ਦੀ ਨਿਰੰਤਰਤਾ ਹੈ ਤੇ ਦੂਜੇ ਪਾਸੇ ਅਕਾਲੀਆਂ ਦੀ ਧੜੱਲੇਦਾਰ ਇਸਤਰੀ ਆਗੂ ਬੀਬੀ ਜਗੀਰ ਕੌਰ ਨਾਲ ਪੱਕਾ ਆਢਾ ਲੱਗਾ ਰਹਿੰਦਾ ਹੈ।

ਬੀਬੀ ਜਗੀਰ ਕੌਰ ਉਤੇ ਏਨੇ ਦੋਸ਼ ਹਨ ਕਿ ਗਿਣੇ ਨਹੀਂ ਜਾ ਸਕਦੇ ਤੇ ਖਹਿਰੇ ਦੀਆਂ ਪਾਰਟੀ ਦੇ ਅੰਦਰੋਂ ਤੇ ਬਾਹਰੋਂ ਲੱਤਾਂ ਖਿੱਚਣ ਵਾਲੀਆਂ ਬਲਾਵਾਂ ਗਿਣੀਆਂ ਨਹੀਂ ਜਾਂਦੀਆਂ। ਭਗਵੰਤ ਮਾਨ ਇਸ ਪਾਰਟੀ ਦਾ ਕਦੀ ਸਭ ਤੋਂ ਮਕਬੂਲ ਲੀਡਰ ਹੁੰਦਾ ਸੀ, ਅੱਜ ਵੀ ਜਿੱਥੇ ਜਾਵੇ, ਭੀੜਾਂ ਜੁੜ ਜਾਂਦੀਆਂ ਹਨ, ਪਰ ਉਹ ਇਸ ਗੱਲੋਂ ਇਨਕਾਰ ਨਹੀਂ ਕਰ ਸਕਦਾ ਕਿ ਜਲਾਲਾਬਾਦ ਸਮੇਤ ਕਈ ਸੀਟਾਂ ਦਾ ਵਿਧਾਨ ਸਭਾ ਦਾ ਨਤੀਜਾ ਉਸੇ ਕਾਰਨ ਚੰਗਾ ਆਉਣ ਦੀ ਆਸ ਸੀ ਤੇ ਉਸੇ ਕਾਰਨ ਆਖਰੀ ਦਿਨਾਂ ਵਿਚ ਕਈ ਥਾਂਈਂ ਬਾਜ਼ੀ ਪੁੱਠੀ ਪੈ ਗਈ ਸੀ। ਉਹ ਬਹੁਤਾ ਸੋਚਦਾ ਨਹੀਂ ਜਾਪਦਾ।

ਹੁਣ ਗੁਰਦਾਸਪੁਰ ਦੀ ਉਪ ਚੋਣ ਦੇ ਨਤੀਜੇ ਵਿਚ ਜਿੰਨੀਆਂ ਵੋਟਾਂ ਇਸ ਪਾਰਟੀ ਨੂੰ ਪਈਆਂ ਹਨ, ਇਸ ਤੋਂ ਵਧੇਰੇ ਤਾਂ ਜੇ ਕਾਮਰੇਡ ਖੜ੍ਹੇ ਹੋ ਜਾਂਦੇ, ਉਹ ਵੀ ਲੈ ਜਾਂਦੇ। ਮਾੜੀ ਹਾਲਤ ਦਾ ਕਾਰਨ 'ਆਪ' ਨੂੰ ਲੱਭਣਾ ਪੈਣਾ ਹੈ। ਫਰਵਰੀ ਦੀ ਚਾਰ ਤਰੀਕ ਨੂੰ ਜਿਹੜੇ ਨੌਂ ਉਮੀਦਵਾਰ ਖੜ੍ਹੇ ਕਰ ਕੇ ਵਿਧਾਨ ਸਭਾ ਦੀਆਂ ਗੁਰਦਾਸਪੁਰ ਵਿਚ ਸਾਰੀਆਂ ਸੀਟਾਂ ਲੜ ਕੇ ਇੱਕ ਲੱਖ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਸਨ, ਉਨ੍ਹਾਂ ਨੌਂ ਉਮੀਦਵਾਰਾਂ ਵਿਚੋਂ ਇੱਕ ਗੁਰਪ੍ਰੀਤ ਘੁੱਗੀ ਪਹਿਲਾਂ ਛੱਡ ਗਿਆ। ਪਾਰਲੀਮੈਂਟ ਉਪ ਚੋਣ ਚੱਲਦੀ ਦੌਰਾਨ ਚਾਰ ਉਮੀਦਵਾਰ ਹੋਰ ਇਸ ਨੂੰ ਛੱਡ ਗਏ ਤੇ ਬਾਕੀ ਚਾਰ ਜਣੇ ਰਹਿ ਗਏ। ਇਸ ਪਾਰਟੀ ਨੂੰ ਇਸ ਦਾ ਕਾਰਨ ਲੱਭਣਾ ਚਾਹੀਦਾ ਹੈ। ਜਦੋਂ ਉਹ ਕਾਰਨ ਲੱਭਣ ਤਾਂ ਪਤਾ ਲੱਗੇਗਾ ਕਿ ਪਾਰਟੀ ਲੀਡਰਸ਼ਿਪ ਗੰਭੀਰ ਸੰਕਟ ਦੀ ਸ਼ਿਕਾਰ ਹੈ। ਇਹ ਪਾਰਟੀ ਅਜੇ ਤੱਕ ਪਾਰਟੀ ਨਹੀਂ ਬਣ ਸਕੀ ਅਤੇ ਲਸ਼ਕਰ ਜਿਹਾ ਭੱਜਾ ਫਿਰਦਾ ਹੈ। ਏਨਾ ਚਿਰ ਬਾਅਦ ਵੀ ਇਸ ਪਾਰਟੀ ਦੀ ਲੀਡਰਸ਼ਿਪ ਕੋਈ ਖਿੱਚ ਪਾਉਣ ਵਾਲਾ ਸਰਬ ਪ੍ਰਵਾਨਤ ਚਿਹਰਾ ਪੇਸ਼ ਨਹੀਂ ਕਰ ਸਕੀ, ਕਿੰਨੇ ਸਾਰੇ ਚਿਹਰਿਆਂ ਵਿਚ ਉਲਝਿਆ ਪਿਆ ਲਸ਼ਕਰ ਵੱਖੋ-ਵੱਖ ਦਿਸ਼ਾਵਾਂ ਨੂੰ ਘੋੜੇ ਭਜਾਈ ਜਾਂਦਾ ਹੈ। ਅਜੇ ਤੱਕ ਵੀ ਇਸ ਪਾਰਟੀ ਨੇ ਇਸ ਸਥਿਤੀ ਨੂੰ ਨਹੀਂ ਸਮਝਿਆ ਜਾਂ ਫਿਰ ਸਮਝਣ ਦੀ ਲੋੜ ਨਹੀਂ ਸਮਝ ਰਹੀ।

ਪੰਜਾਬ ਦਾ ਰਾਜ ਸੰਭਾਲ ਚੁਕੀ ਕਾਂਗਰਸ ਪਾਰਟੀ ਲਈ ਇਹ ਬਹੁਤ ਸੁਖਾਵਾਂ ਸਮਾਂ ਹੈ ਕਿ ਉਸ ਅੱਗੇ ਵਿਰੋਧੀ ਧਿਰ ਕੋਲ ਕੋਈ ਯੋਗ ਆਗੂ ਨਹੀਂ। ਅਕਾਲੀ ਦਲ ਦੀ ਅਗਵਾਈ ਜਿਨ੍ਹਾਂ ਕੋਲ ਹੈ, ਉਹ ਆਗੂ ਬਣਨਾ ਚਾਹੁੰਦੇ ਹਨ, ਪਰ ਅਕਾਲੀ ਦਲ ਦੇ ਇਤਿਹਾਸ ਤੇ ਰਵਾਇਤਾਂ ਨੂੰ ਨਹੀਂ ਮੰਨਣਾ ਚਾਹੁੰਦੇ, ਪਾਰਟੀ ਨੂੰ ਗੈਂਗ ਵਾਂਗ ਚਲਾਉਣਾ ਚਾਹੁੰਦੇ ਹਨ। 'ਆਪ' ਕੋਲ ਉਹ ਆਗੂ ਹਨ, ਜਿਹੜੇ ਵਿਧਾਇਕ ਤੇ ਪਾਰਲੀਮੈਂਟ ਮੈਂਬਰ ਤਾਂ ਹਨ, ਪਰ ਵਕਤ ਵੱਲੋਂ ਅਚਾਨਕ ਪੈਦਾ ਕੀਤੇ ਖਲਾਅ ਕਾਰਨ ਜਿੱਤ ਲਈਆਂ ਸੀਟਾਂ ਦੇ ਸਹਾਰੇ ਲੀਡਰ ਨਹੀਂ ਬਣ ਸਕਦੇ। ਇਹ ਦੁਖਾਂਤ ਹੈ ਪੰਜਾਬ ਦਾ।

ਲੋਕਤੰਤਰ ਲਈ ਕਿਸੇ ਵੀ ਰਾਜ ਵਿਚ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ, ਪਰ ਇਥੇ ਵਿਰੋਧੀ ਧਿਰ ਨਹੀਂ ਉਭਰ ਸਕੀ। ਜਿਹੜੀ ਸਥਿਤੀ ਬਣੀ ਪਈ ਹੈ, ਇਸ ਵਿਚ ਆਗੂ ਵਜੋਂ ਕਿਸੇ ਅਜਿਹੇ ਚਿਹਰੇ ਦੀ ਲੋੜ ਹੈ, ਜੋ ਬੁਲਾਰਾ ਵੀ ਹੋਵੇ, ਰਵਾਇਤਾਂ ਦੀ ਜਾਣਕਾਰੀ ਤੇ ਸ਼ਰਮ ਰੱਖਣ ਵਾਲਾ ਵੀ, ਅਤੇ ਸਭ ਤੋਂ ਵੱਡੀ ਗੱਲ ਕਿ ਏਨੀ ਅਣਖ ਵਾਲਾ ਹੋਵੇ ਕਿ ਸਾਹਮਣੇ ਖੜ੍ਹੇ ਬੰਦੇ ਦੀ ਅੱਖ ਵਿਚ ਅੱਖ ਪਾ ਕੇ ਉਸ ਨੂੰ ਉਸ ਦੀ ਹੈਸੀਅਤ ਦਾ ਅਹਿਸਾਸ ਕਰਵਾ ਸਕਦਾ ਹੋਵੇ। ਪੰਜਾਬ ਨੂੰ ਵਿਰੋਧੀ ਧਿਰ ਦੇ ਅਜਿਹੇ ਕਿਸੇ ਆਗੂ ਦੀ ਉਡੀਕ ਜ਼ਰੂਰ ਹੈ, ਪਰ ਉਹ ਮਿਲੇਗਾ ਕਦੋਂ, ਇਹ ਕਹਿਣਾ ਹਾਲ ਦੀ ਘੜੀ ਔਖਾ ਹੈ।

# ਅਨੰਦ ਮੈਰਿਜ ਐਕਟ ਲਾਗੂ ਪਰ ਸਿੱਖ ਬੇਖਬਰ

***ਸਿੱਖਾਂ ਦਾ ਲੰਮੇ ਸਮੇਂ ਤੋਂ ਸ਼ਿਕਵਾ ਰਿਹਾ ਹੈ ਕਿ ਉਨ੍ਹਾਂ ਨੂੰ ਆਪਣੇ ਵਿਆਹ ਹਿੰਦੂ ਮੈਰਿਜ ਐਕਟ ਤਹਿਤ ਰਜਿਸਟਰ ਕਰਵਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਆਖਿਰ ਸਿੱਖਾਂ ਦੀਆਂ ਭਾਵਨਾਵਾਂ ਨੂੰ ਮੁਖ ਰਖਦਿਆਂ ਸੰਨ 2012 ਵਿਚ ਡਾ. ਮਨਮੋਹਨ ਸਿੰਘ ਦੀ ਸਰਕਾਰ ਸਮੇਂ ਸੰਸਦ ਨੇ ਸਿੱਖਾਂ ਦੇ ਵਿਆਹ ਅਨੰਦ ਮੈਰਿਜ ਐਕਟ ਅਧੀਨ ਰਜਿਸਟਰ ਕਰਨ ਲਈ ਰਾਹ ਪੱਧਰਾ ਕਰ ਦਿਤਾ ਅਤੇ ਪੰਜਾਬ ਦੀ ਅਕਾਲੀ ਸਰਕਾਰ ਨੇ ਸਾਰੇ ਨਿਯਮ ਬਣਾ ਕੇ 19 ਦਸੰਬਰ 2016 ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਲੇਖਕ ਹਜ਼ਾਰਾ ਸਿੰਘ ਨੇ ਅਨੰਦ ਮੈਰਿਜ ਦੇ ਪਿਛੋਕੜ ਦੀ ਪੈੜ ਨੱਪਦਿਆਂ ਗਿਲਾ ਕੀਤਾ ਹੈ ਕਿ ਅਨੰਦ ਮੈਰਿਜ ਐਕਟ ਬਣਨ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਵਿਚ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਸਿੱਖਾਂ ਦੀਆਂ ਸਰਗਰਮ ਜਥੇਬੰਦੀਆਂ ਲੋੜ ਤੋਂ ਵੀ ਵੱਧ ਢਿੱਲ੍ਹੀਆਂ ਰਹੀਆਂ ਹਨ। -ਸੰਪਾਦਕ***

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: 905-795-3428

ਸਿੱਖਾਂ ਦੀ ਬੜੇ ਲੰਮੇ ਸਮੇ ਤੋਂ ਮੰਗ ਸੀ ਕਿ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ ਦੇ ਜੂਲੇ ਹੇਠੋਂ ਕੱਢਿਆ ਜਾਏ। ਇਸ ਮਸਲੇ ਬਾਰੇ ਸਿੱਖ ਲੀਡਰਾਂ ਅਤੇ ਬੁੱਧੀਜੀਵੀਆਂ ਦੀ ਹਾਲਤ 'ਜਿੰਨੇ ਮੂੰਹ ਉਨੀਆਂ ਗੱਲਾਂ' ਵਾਲੀ ਹੀ ਰਹੀ ਹੈ। ਪਹਿਲਾਂ ਕੇਵਲ ਵਿਦੇਸ਼ਾਂ ਵਿਚ ਆਉਣ ਵੇਲੇ ਸਿੱਖਾਂ ਨੂੰ ਹੀ ਇਸ ਸਵਾਲ ਦਾ ਸਾਹਮਣਾ ਮੈਰਿਜ ਰਜਿਸਟਰ ਕਰਾਉਣ ਵੇਲੇ ਕਰਨਾ ਪੈਂਦਾ ਸੀ, ਕਿਉਂਕਿ ਉਨ੍ਹਾਂ ਦਾ ਵਿਆਹ ਤਾਂ ਭਾਵੇਂ ਸਿੱਖ ਰੀਤੀ ਨਾਲ ਹੀ ਹੋਇਆ ਹੁੰਦਾ ਸੀ ਪਰ ਰਜਿਸਟਰੇਸ਼ਨ ਵੇਲੇ ਸਰਟੀਫਿਕੇਟ ਹਿੰਦੂ ਮੈਰਿਜ ਦਾ ਮਿਲਦਾ ਸੀ। ਪਰ 2006 ਵਿਚ ਰਜਿਸਟਰੇਸ਼ਨ ਲਾਜ਼ਮੀ ਕਰ ਦਿੱਤੇ ਜਾਣ ਕਾਰਨ ਸਾਰੇ ਸਿੱਖਾਂ ਨੂੰ ਹੀ ਹਿੰਦੂ ਮੈਰਿਜ ਐਕਟ ਅਧੀਨ ਵਿਆਹ ਰਜਿਸਟਰ ਕਰਵਾਉਣੇ ਪੈ ਰਹੇ ਸਨ। ਇਸ ਦਾ ਕਾਰਨ 1909 ਵਿਚ ਲਾਗੂ ਹੋਏ ਅਨੰਦ ਮੈਰਿਜ ਐਕਟ 'ਚ ਵਿਆਹ ਰਜਿਸਟਰ ਕਰਾਉਣ ਦੀ ਮੱਦ ਦਾ ਸ਼ਾਮਿਲ ਨਾ ਹੋਣਾ ਸੀ।

ਯਾਦ ਰਹੇ, 1909 ਵਾਲਾ ਅਨੰਦ ਮੈਰਿਜ ਕਦੇ ਵੀ ਖਤਮ ਨਹੀਂ ਕੀਤਾ ਗਿਆ ਸੀ। ਇਹ ਐਕਟ ਅਨੰਦ ਕਾਰਜ ਦੀ ਰੀਤੀ ਨਾਲ ਕੀਤੇ ਵਿਆਹ ਨੂੰ ਤਾਂ ਮਾਨਤਾ ਦਿੰਦਾ ਆ ਰਿਹਾ ਸੀ ਪਰ ਇਸ ਵਿਚ ਰਜਿਸਟਰੇਸ਼ਨ ਦੀ ਮੱਦ ਨਾ ਹੋਣ ਕਾਰਨ ਮਜਬੂਰੀਵੱਸ ਰਜਿਸਟਰੇਸ਼ਨ ਵਾਸਤੇ ਹਿੰਦੂ ਮੈਰਿਜ ਐਕਟ ਦੀ ਵਰਤੋਂ ਸਿੱਖਾਂ ਨੂੰ ਬਹੁਤੀ ਚੰਗੀ ਨਹੀਂ ਸੀ ਲਗਦੀ। ਇਸ ਕਰਕੇ ਇਸ ਮਸਲੇ ਦੇ ਹੱਲ ਵਾਸਤੇ ਸਮੇਂ ਸਮੇਂ ਆਵਾਜ਼ਾਂ ਉਠਦੀਆਂ ਰਹੀਆਂ।

ਸਿੱਖ ਹਲਕਿਆਂ ਵੱਲੋਂ ਹਿੰਦੂ ਮੈਰਿਜ ਐਕਟ ਨੂੰ ਗਲੋਂ ਲਾਹੁਣ ਦੀ ਗੱਲ ਤਾਂ ਕੀਤੀ ਜਾਂਦੀ ਸੀ ਪਰ ਉਨ੍ਹਾਂ ਨੂੰ ਇਹ ਸਪੱਸ਼ਟ ਨਹੀਂ ਸੀ ਕਿ ਉਹ ਇਸ ਐਕਟ ਵਿਚ ਕੀ ਤਬਦੀਲੀਆਂ ਚਾਹੁੰਦੇ ਹਨ। ਟੋਰਾਂਟੋ ਰੇਡੀਓ 'ਤੇ ਗੱਲ ਕਰ ਰਹੇ ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੂੰ ਜਦ ਮੈਂ ਇਹ ਸਵਾਲ ਪੁੱਛਿਆ ਤਾਂ ਉਸ ਦਾ ਜਵਾਬ ਸੀ, "ਵੇਖੋ ਜੀ, ਜਦ ਮੌਕਾ ਆਇਆ ਤਾਂ ਅਸੀਂ ਇਸ ਬਾਰੇ ਵਕੀਲਾਂ ਦਾ ਪੈਨਲ ਬਣਾਵਾਂਗੇ ਜੋ ਸਾਨੂੰ ਦੱਸੇਗਾ ਕਿ ਐਕਟ ਵਿਚ ਕੀ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ।"

ਸਿੱਖ ਵਕੀਲ ਜਸਪਾਲ ਸਿੰਘ ਮੰਝਪੁਰ ਨੂੰ ਜਦ ਇਹ ਪੁੱਛਿਆ ਗਿਆ ਕਿ ਸਿੱਖਾਂ ਨੂੰ ਸ਼ਿਕਾਇਤ ਹਿੰਦੂ ਮੈਰਿਜ ਐਕਟ ਦੇ ਨਾਂ ਨਾਲ ਹੈ ਜਾਂ ਇਸ ਵਿਚਲੀਆਂ ਮੱਦਾਂ ਨਾਲ, ਤਾਂ ਉਨ੍ਹਾਂ ਕਿਹਾ ਕਿ ਹਾਲ ਦੀ ਘੜੀ ਤਾਂ ਨਾਮ ਨਾਲ ਹੀ ਸ਼ਿਕਾਇਤ ਹੈ। ਇਸੇ ਤਰ੍ਹਾਂ ਸਿੱਖ ਬੁੱਧੀਜੀਵੀ ਇਸ ਦਾ ਸਪੱਸ਼ਟ ਹੱਲ ਸੁਝਾਉਣ ਲਈ ਇੱਕ ਰਾਇ ਨਹੀਂ ਸਨ। ਸਿੱਖ ਲੀਡਰ ਤਾਂ ਇਸ ਮਸਲੇ ਵਿਚਲੀ ਗਰਮੀ ਕੇਵਲ ਸਿਆਸਤ ਮਘਾਉਣ ਲਈ ਹੀ ਕਰਦੇ ਸਨ।

ਸਾਲ 2012 'ਚ ਜਦ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਅਨੰਦ ਮੈਰਿਜ ਐਕਟ ਵਿਚ ਸੋਧ ਕਰਨ ਦੀ ਗੱਲ ਤੋਰੀ ਤਾਂ ਸਿੱਖਾਂ ਵਿਚ ਗਰਮਾ ਗਰਮ ਬਹਿਸ ਛਿੜ ਗਈ। ਕਈ ਵਿਦਵਾਨਾਂ ਨੇ ਅਨੰਦ ਮੈਰਿਜ ਬਾਰੇ ਲੇਖ ਲਿਖੇ। ਸ. ਗੁਰਤੇਜ ਸਿੰਘ ਨੇ ਆਪਣੇ ਵੱਲੋਂ ਇੱਕ ਖਰੜਾ (ਜੋ ਉਨ੍ਹਾਂ ਪਹਿਲਾਂ ਹੀ ਤਿਆਰ ਕੀਤਾ ਹੋਇਆ ਸੀ) ਸੰਸਦ ਮੈਂਬਰਾਂ ਨੂੰ ਭੇਜਿਆ। ਇਸ ਮਗਰੋਂ ਇੱਕ ਖਰੜਾ ਡਾ. ਦਿਲਜੀਤ ਸਿੰਘ ਨੇ ਤਿਆਰ ਕਰਕੇ ਕਾਹਲੀ ਕਾਹਲੀ ਅਕਾਲ ਤਖਤ ਦੇ ਜਥੇਦਾਰ ਅਤੇ ਚੀਫ ਖਾਲਸਾ ਦੀਵਾਨ ਦੀ ਮੋਹਰ ਲਵਾ ਕੇ ਭੇਜ ਦਿੱਤਾ।

ਮਈ 2012 ਵਿਚ ਉਧਰ ਤਾਂ ਸੰਸਦ ਵਿਚ ਬਿੱਲ ਪੇਸ਼ ਹੋ ਚੁਕਾ ਸੀ ਪਰ ਇੱਧਰ ਸਿੱਖਾਂ ਵਿਚ ਖਰੜੇ 'ਤੇ ਖਰੜਾ ਤਿਆਰ ਹੋ ਰਿਹਾ ਸੀ। ਨਾਲ ਦੀ ਨਾਲ ਇਹ ਬਹਿਸ ਵੀ ਛਿੜ ਗਈ ਕਿ ਸਿੱਖਾਂ ਵਿਚ ਤਲਾਕ ਹੈ ਜਾਂ ਨਹੀਂ? ਇਸ ਪ੍ਰਥਾਏ ਸਿੱਖ ਵਕੀਲ ਐਚ. ਐਸ. ਫੂਲਕਾ ਦਾ ਵਿਚਾਰ ਸੀ ਕਿ ਸਿੱਖ ਮੈਰਿਜ ਬਿੱਲ ਦਾ ਸਹੀ ਖਰੜਾ (ਸ. ਗੁਰਤੇਜ ਸਿੰਘ ਤੇ ਡਾ. ਦਿਲਜੀਤ ਸਿੰਘ ਦੇ ਖਰੜਿਆਂ ਤੋਂ ਅਲੱਗ ਤੀਜਾ) ਬਣਾਉਣ ਲਈ ਉਨ੍ਹਾਂ ਨੂੰ ਪੰਜ ਵਿਦਵਾਨ ਅਤੇ ਡੇਢ ਸਾਲ ਦਾ ਸਮਾਂ ਦਿੱਤਾ ਜਾਏ। ਸਿੱਖ ਮੈਰਿਜ ਐਕਟ ਬਾਰੇ 2012 ਤੱਕ ਸਪੱਸ਼ਟਤਾ ਦਾ ਤਾਂ ਇਹ ਆਲਮ ਸੀ ਪਰ ਹਿੰਦੂ ਮੈਰਿਜ ਐਕਟ ਦੀ ਥਾਂ ਸਿੱਖ ਮੈਰਿਜ ਐਕਟ ਵਰਗਾ ਕੁਝ ਲਿਆਏ ਜਾਣ ਦੀ ਬੜੀ ਤੀਬਰਤਾ ਸੀ।

ਖੈਰ! ਸੰਸਦ ਨੇ ਲੰਮੇ ਚੌੜੇ ਖਰੜੇ ਵਿਚਾਰ ਕੇ ਸਿੱਖਾਂ ਵਿਚਲੀ ਬਹਿਸ ਨੂੰ ਹੋਰ ਭਖਾ ਕੇ ਮਸਲੇ ਨੂੰ ਲਟਕਾਉਣ ਦੀ ਥਾਂ 1909 ਵਾਲੇ ਪੰਜ ਧਾਰਾਵੀ ਅਨੰਦ ਮੈਰਿਜ ਐਕਟ ਵਿਚ ਰਜਿਸਟਰੇਸ਼ਨ ਵਾਸਤੇ ਛੇਵੀਂ ਧਾਰਾ ਜੋੜ ਕੇ ਐਕਟ ਵਿਚ ਸੋਧ ਕਰ ਦਿੱਤੀ। ਇਸ ਸੋਧ ਨਾਲ ਸਿੱਖਾਂ ਲਈ ਹਿੰਦੂ ਮੈਰਿਜ ਐਕਟ ਦੀ ਥਾਂ ਅਨੰਦ ਮੈਰਿਜ ਐਕਟ ਅਧੀਨ ਰਜਿਸਟਰੇਸ਼ਨ ਕਰਵਾਉਣ ਦਾ ਰਾਹ ਪੱਧਰਾ ਹੋ ਗਿਆ।

ਰਜਿਸਟਰੇਸ਼ਨ ਸੂਬਿਆਂ ਦਾ ਮਾਮਲਾ ਹੋਣ ਕਾਰਨ ਹਰ ਸੂਬੇ ਨੇ ਇਸ ਐਕਟ ਨੂੰ ਲਾਗੂ ਕਰਨ ਲਈ ਨਿਯਮ ਬਣਾਉਣੇ ਸਨ। ਪੰਜਾਬ ਦੀ ਅਕਾਲੀ ਸਰਕਾਰ ਨੇ ਇਹ ਨਿਯਮ ਬਣਾਉਂਦਿਆਂ ਚਾਰ ਸਾਲ ਲੰਘਾ ਦਿੱਤੇ ਪਰ ਅਖੀਰ ਸਾਰੇ ਨਿਯਮ ਬਣਾ ਕੇ 19 ਦਸੰਬਰ 2016 ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਿਸ ਨਾਲ ਅਨੰਦ ਮੈਰਿਜ ਐਕਟ ਅਧੀਨ ਵਿਆਹ ਰਜਿਸਟਰ ਕਰਵਾਉਣ ਲਈ ਸਭ ਕਾਨੂੰਨੀ ਕਾਰਵਾਈਆਂ ਪੂਰੀਆਂ ਹੋ ਗਈਆਂ ਅਤੇ ਪੰਜਾਬ ਵਿਚ ਇਹ ਐਕਟ ਲਾਗੂ ਹੋ ਗਿਆ।

ਪਰ ਹੈਰਾਨੀ ਦੀ ਗੱਲ ਹੈ, ਲੋਕਾਂ ਨੂੰ ਇਸ ਐਕਟ ਦੇ ਲਾਗੂ ਹੋ ਜਾਣ ਦੀ ਭੋਰਾ ਵੀ ਜਾਣਕਾਰੀ ਨਹੀਂ ਹੈ ਜਿਸ ਕਾਰਨ ਕੋਈ ਵੀ ਅਨੰਦ ਮੈਰਿਜ ਐਕਟ ਅਧੀਨ ਵਿਆਹ ਰਜਿਸਟਰ ਕਰਵਾਉਣ ਵਾਸਤੇ ਅਰਜੀ ਨਹੀਂ ਦੇ ਰਿਹਾ। ਲੋਕਾਂ ਨੂੰ ਇਹ ਜਾਣਕਾਰੀ ਦੇਣ ਵਿਚ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਸਿੱਖਾਂ ਦੀਆਂ ਸਰਗਰਮ ਜਥੇਬੰਦੀਆਂ ਲੋੜ ਤੋਂ ਵੀ ਵੱਧ ਢਿੱਲ੍ਹੀਆਂ ਰਹੀਆਂ ਹਨ। ਹੈ ਨਾ ਹੈਰਾਨੀ ਦੀ ਗੱਲ! ਜਿਸ ਮਸਲੇ ਬਾਰੇ ਅਸੀ ਸ਼ਿਕਾਇਤਾਂ ਕਰਦੇ ਹਾਂ, ਉਸ ਦੇ ਹੱਲ ਹੋ ਜਾਣ 'ਤੇ ਉਸ ਦੀ ਗੱਲ ਕਰਨਾ ਤਾਂ ਦੂਰ ਦੀ ਗੱਲ, ਉਸ ਦਾ ਲਾਭ ਲੈਣ ਤੋਂ ਵੀ ਝਿਜਕਦੇ ਹਾਂ।

ਮੇਰੀ ਰਾਏ ਹੈ ਕਿ ਹੁਣ ਹਰ ਸਿੱਖ ਅਨੰਦ ਮੈਰਿਜ ਐਕਟ ਤਾਹਿਤ ਹੀ ਆਪਣੀ ਮੈਰਿਜ ਰਜਸਿਟਰ ਕਰਵਾਏ। ਸਿੱਖ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਨੂੰ ਵੀ ਇਸ ਐਕਟ ਦੀਆਂ ਊਣਤਾਈਆਂ ਨੌਲਣ ਜਾਂ ਧਾਰਾ 25 ਦਾ ਰਾਗ ਛੇੜਨ ਦੀ ਥਾਂ ਵੱਧ ਤੋਂ ਵੱਧ ਲੋਕਾਂ ਨੂੰ ਇਸ ਐਕਟ ਅਧੀਨ ਵਿਆਹ ਰਜਿਸਟਰ ਕਰਾਉਣ ਪ੍ਰਤੀ ਜਾਗਰੂਕ ਅਤੇ ਪ੍ਰੇਰਿਤ ਕਰਨ ਦਾ ਕੰਮ ਕਰਨਾ ਚਾਹੀਦਾ ਹੈ ਤਾਂਕਿ ਜੋ ਮਿਲਿਆ ਹੈ ਘੱਟੋ ਘੱਟ ਉਸ ਦਾ ਫਾਇਦਾ ਤਾਂ ਲਿਆ ਜਾ ਸਕੇ।

# ਪੰਜਾਬ ਦਾ ਉਜਾੜਾ

## ਪੰਜਾਬੀ ਕਲਾਕਾਰ ਤੇ ਉਨ੍ਹਾਂ ਦੀ ਕਲਾ

***ਪੰਜਾਬ ਦੇ 1947 ਵਾਲੇ ਉਜਾੜੇ ਨੂੰ 70 ਵਰ੍ਹੇ ਹੋ ਗਏ ਹਨ, ਪਰ ਇਹ ਦਰਦ ਅਜੇ ਤੱਕ ਥੰਮ੍ਹਣ ਦਾ ਨਾਂ ਨਹੀਂ ਲੈ ਰਿਹਾ। ਇਹ ਪੀੜ੍ਹੀ-ਦਰ-ਪੀੜ੍ਹੀ ਦਿਲਾਂ ਵਿਚ ਖੌਰੂ ਪਾ ਰਿਹਾ ਹੈ। ਇਸ ਬਾਰੇ ਕਲਾਕਾਰਾਂ ਨੇ ਦਰਦ ਦੇ ਹੰਝੂ ਰੋਏ ਹਨ। ਚਿੱਤਰਕਾਰਾਂ ਨੇ ਵੀ ਆਪਣੀ ਕਲਾ ਕਿਰਤਾਂ ਵਿਚ ਇਸ ਦਰਦ ਨੂੰ ਬਿਆਨ ਕੀਤਾ ਹੈ। ਚਿੱਤਰਕਾਰ ਪ੍ਰੇਮ ਸਿੰਘ ਨੇ ਆਪਣੇ ਇਸ ਲੇਖ ਵਿਚ ਸੰਤਾਲੀ ਦੇ ਇਸ ਦਰਦ ਬਾਰੇ ਚਿੱਤਰਕਾਰਾਂ ਦੀ ਭਾਵਨਾਵਾਂ ਨੂੰ ਜ਼ੁਬਾਨ ਦਿੱਤੀ ਹੈ। -ਸੰਪਾਦਕ***

ਪੰਜਾਬ ਦੇ ਉਜਾੜੇ ਨੂੰ 70 ਵਰ੍ਹੇ ਹੋ ਗਏ ਹਨ। ਤਖ਼ਤ ਲਾਹੌਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਪ੍ਰਤੀਕ ਸੀ। ਫਿਰਕਾਪ੍ਰਸਤੀ ਨੇ ਪੰਜਾਬੀਅਤ ਨੂੰ ਤਬਾਹ ਕਰ ਕੇ ਰੱਖ ਦਿੱਤਾ। ਮੈਨੂੰ 1971 ਦੀ ਗੱਲ ਯਾਦ ਹੈ ਕਿ ਜਦੋਂ ਮੈਂ ਮੁੰਬਈ, ਸਮਰ ਸਕੂਲ ਵਿਚ ਹਿੱਸਾ ਲੈਣ ਗਿਆ ਸੀ। ਉਥੇ ਇਕ ਦਿਨ ਪ੍ਰਸਿਧ ਇੰਡਸਟਰੀਅਲ ਫੋਟੋਗ੍ਰਾਫ਼ਰ ਦਾ ਲੈਕਚਰ ਸੀ। ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਆਏ ਅਧਿਆਪਕਾਂ ਨਾਲ ਉਹਨੇ ਆਪਣੀ ਸਿਆਣ ਕੁਝ ਇਸ ਤਰ੍ਹਾਂ ਕਰਵਾਈ: "ਅੱਜ ਤੋਂ 40 ਵਰ੍ਹੇ ਪਹਿਲਾਂ ਮੇਰਾ ਜਨਮ ਲਾਹੌਰ ਵਿਚ ਹੋਇਆ ਸੀ। ਮੇਰਾ ਨਾਂ ਸੀ ਧਰਮ ਮਿੱਤਰ ਬੇਦੀ। ਤਕਸੀਮ ਵੇਲੇ ਮੈਨੂੰ ਮੁੰਬਈ ਆਉਣਾ ਪਿਆ ਤੇ ਮੇਰੇ ਨਾਂ ਦਾ 'ਧਰਮ' ਕਿਤੇ ਲਾਹੌਰ ਤੇ ਮੁੰਬਈ ਵਿਚਕਾਰ ਗੁੰਮ ਹੋ ਗਿਆ, ਤੇ ਹੁਣ ਮੇਰਾ ਨਾਂ ਹੈ ਮਿੱਤਰ ਬੇਦੀ।"

ਵੱਡੇ ਰੌਲਿਆਂ ਵਿਚ ਕਈ ਜਾਣੇ-ਪਛਾਣੇ ਕਲਾਕਾਰਾਂ ਨੂੰ ਵੀ ਆਪਣਾ ਘਰ ਛੱਡ ਕੇ ਰਿਫਿਊਜੀ ਬਣਨਾ ਪਿਆ ਸੀ। ਧਨਰਾਜ ਭਗਤ, ਪ੍ਰਾਣ ਨਾਥ ਮਾਗੋ, ਸਰਦਾਰੀ ਲਾਲ ਪਰਾਸ਼ਰ, ਅਮਰਨਾਥ ਸਹਿਗਲ, ਰਾਮ ਲਾਲ ਕਟਿਆਲ, ਜਸਵੰਤ ਸਿੰਘ, ਕੇ.ਸੀ.



**ਪ੍ਰੇਮ ਸਿੰਘ**

ਆਰਿਅਨ, ਸਤੀਸ਼ ਗੁਜਰਾਲ, ਕ੍ਰਿਸ਼ਨ ਖੰਨਾ, ਕੰਵਲ ਨੈਣ ਕੌਤਰਾ, ਬਲਦੇਵ ਰਾਜ ਰਤਨ, ਬੀ.ਸੀ. ਸਨਿਆਲ (ਸਨਮਾਨਿਆ ਪੰਜਾਬੀ) ਦਿੱਲੀ ਆ ਕੇ ਵਸ ਗਏ। ਰੂਪ ਕ੍ਰਿਸ਼ਣ ਤੇ ਮੇਰੀ ਕ੍ਰਿਸ਼ਣ 1946 ਵਿਚ ਹੀ ਇੰਗਲੈਂਡ ਪਰਵਾਸ ਕਰ ਗਏ ਸਨ। ਇਨ੍ਹਾਂ ਦੇ ਸਮਕਾਲੀ ਕਲਾਕਾਰ ਹੁਸੈਨ ਬਖਸ਼, ਮੁਹੰਮਦ ਆਲਮ, ਅੱਲ੍ਹਾ ਬਖਸ਼ ਤੇ ਅਬਦੁਰ ਰਹਿਮਾਨ ਚੁਗਤਾਈ ਮੁਸਲਮਾਨ ਹੋਣ ਕਰ ਕੇ ਲਾਹੌਰ ਹੀ ਰਹੇ।

ਮੁੜ ਕੇ ਨਵੀਂ ਮਿੱਟੀ ਵਿਚ ਜੜ੍ਹਾਂ ਲਾਉਣਾ ਸੌਖੀ ਗੱਲ ਨਹੀਂ ਸੀ। ਏਨੇ ਵੱਡੇ ਹਾਦਸੇ ਕਰ ਕੇ ਲੋਕਾਈ ਸੁੰਨ ਹੋਈ ਪਈ ਸੀ।

ਗੁਜਰਾਂਵਾਲੇ ਦਾ ਜੰਮਪਲ ਸਰਦਾਰੀ ਲਾਲ ਪਰਾਸ਼ਰ (1904-1990) ਤਕਸੀਮ ਵੇਲੇ ਲਾਹੌਰ ਦੇ ਮੇਓ ਸਕੂਲ ਆਫ ਆਰਟਸ ਦਾ ਸਹਾਇਕ ਪ੍ਰਿੰਸੀਪਲ ਸੀ। ਇਹਨੂੰ 9 ਅਗਸਤ 1947 ਨੂੰ ਸ਼ਿਮਲਿਓਂ ਮਹਿਕਮਾ ਸਨਅਤ ਪੂਰਬੀ ਪੰਜਾਬ ਦੇ ਅਫ਼ਸਰ (ਸਪੈਸ਼ਲ ਡਿਊਟੀ) ਦੀ ਤਾਰ ਮਿਲੀ, ਜਿਸ ਵਿਚ ਪਰਾਸ਼ਰ ਨੂੰ ਫੌਰਨ ਲਾਹੌਰ ਜਾ ਕੇ ਡਿਊਟੀ 'ਤੇ ਰਿਪੋਰਟ ਕਰਨ ਦਾ ਹੁਕਮ ਸੀ। ਰੌਲਿਆਂ ਕਰ ਕੇ ਉਸ ਵੇਲੇ ਆਰਟ ਸਕੂਲ ਬੰਦ ਸੀ। ਮਕਸਦ ਸੀ ਕਿ ਜੇ ਲਾਹੌਰ ਪੂਰਬੀ ਪੰਜਾਬ ਦੇ ਹਿੱਸੇ ਆਉਂਦਾ ਹੈ ਤਾਂ ਆਰਟ ਸਕੂਲ ਦਾ ਚਾਰਜ ਲੈਣਾ ਹੈ। ਪਰਾਸ਼ਰ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ 12 ਅਗਸਤ 1947 ਨੂੰ ਲਾਹੌਰ ਜਾ ਕੇ ਡਿਊਟੀ 'ਤੇ ਰਿਪੋਰਟ ਕੀਤਾ। ਲਾਹੌਰ ਪੱਛਮੀ ਪੰਜਾਬ ਦੇ ਹਿੱਸੇ ਪੈ ਗਿਆ। 17 ਅਗਸਤ 1947 ਨੂੰ ਪਰਾਸ਼ਰ ਨੂੰ ਆਪਣੀ ਜਾਨ ਦੀ ਬਾਜ਼ੀ ਲਾ ਕੇ ਉਥੋਂ ਨੱਸਣਾ ਪਿਆ ਅਤੇ ਸਾਰਾ ਕੁਝ ਲਾਹੌਰ ਛੱਡ ਕੇ ਉਹ ਤੇੜ ਕੱਪੜਿਆਂ ਨਾਲ ਹੀ ਬੜੀ ਮੁਸ਼ਕਿਲ ਨਾਲ ਦਿੱਲੀ ਪਹੁੰਚਿਆ। ਜਾਇਦਾਦ ਤਾਂ ਗਈ ਹੀ, ਨਾਲ ਹੀ ਗਈਆਂ ਉਹਦੀਆਂ ਬਣਾਈਆਂ ਕਲਾਂ-ਕਿਰਤਾਂ, ਜਿਨ੍ਹਾਂ ਨੂੰ ਉਹ ਆਪਣੇ ਜੀਵਨ ਦਾ ਅਨਮੋਲ ਖਜ਼ਾਨਾ ਮੰਨਦਾ ਸੀ। ਵੰਡ ਮਗਰੋਂ ਹਿੰਦੁਸਤਾਨ ਵਿਚ ਉਹਨੂੰ ਛੇਤੀ ਕੀਤਿਆਂ ਆਪਣੇ ਮਹਿਕਮੇ ਵਿਚ ਨੌਕਰੀ ਨਹੀਂ ਮਿਲੀ। 11 ਜਨਵਰੀ 1948 ਨੂੰ ਸਰਕਾਰ ਨੇ ਉਹਨੂੰ ਅੰਬਾਲੇ, ਬਲਦੇਵ ਨਗਰ ਰਿਫਿਊਜੀ ਕੈਂਪ ਦਾ ਕਮਾਂਡੈਂਟ ਬਣਾ ਦਿੱਤਾ। ਵੰਡ ਪਿਛੋਂ ਦਾ ਇਹ ਵੱਡਾ ਕੈਂਪ ਸੀ, ਜਿਸ ਵਿਚ ਕੋਈ ਤੀਹ ਹਜ਼ਾਰ ਦੇ ਕਰੀਬ ਸ਼ਰਨਾਰਥੀ ਸਨ।

ਪਰਾਸ਼ਰ ਸ਼ਾਇਦ ਪਹਿਲਾ ਕਲਾਕਾਰ ਸੀ, ਜਿਹਨੇ ਦੁੱਖ ਦੇ ਇਸ ਪਹਾੜ ਥੱਲੇ ਜ਼ਰਜ਼ਰ ਹੋਏ ਲੋਕਾਂ ਦੇ ਲੀਕ ਚਿੱਤਰ ਤੇ ਮਿੱਟੀ ਵਿਚ ਬੁੱਤ ਬਣਾਏ। ਅਚਾਨਕ ਹੜ੍ਹ ਆਉਣ ਨਾਲ ਕੈਂਪ ਵਿਚ ਹਾਲਾਤ ਹੋਰ ਵੀ ਵਿਗੜ ਗਏ। ਇਸੇ ਚਿੱਕੜ ਦੀ ਮਿੱਟੀ ਨਾਲ ਉਹਨੇ ਸਮੇਂ ਅਤੇ ਸਥਾਨ ਦੀ ਰੂਹ ਨੂੰ ਸ਼ਰਨਾਰਥੀਆਂ ਦੇ ਬੁੱਤ ਬਣਾ ਕੇ ਪ੍ਰਗਟਾਇਆ।

ਵੰਡ ਸਮੇਂ ਦੀਆਂ ਇਹ ਕਲਾ ਕਿਰਤਾਂ ਪਰਾਸ਼ਰ ਦਾ ਇੰਟਰ-ਜੈਨਰੇਸ਼ਨਲ ਸੰਵਾਦ ਹੈ। ਇਨ੍ਹਾਂ ਵਿਚ ਗੂੰਜ ਹੈ, ਜਿਹਦਾ ਪਸਾਰ ਉਹਦੇ ਬਾਅਦ ਵਿਚ ਕੀਤੇ ਕੰਮ ਵਿਚ ਵੀ ਹੈ। ਪਰਾਸ਼ਰ ਦੀਆਂ ਸੰਨ ਸੰਤਾਲੀ ਬਾਰੇ ਕਿਰਤਾਂ ਦੀ ਨੁਮਾਇਸ਼ ਦਿੱਲੀ, ਲੰਡਨ ਤੇ ਬਰਲਿਨ ਵਿਖੇ ਲੱਗ ਚੁੱਕੀ ਹੈ। ਪਰਾਸ਼ਰ ਪਰਿਵਾਰ ਨੇ ਆਪਣੇ ਹੀ ਨਵੀਂ ਦਿੱਲੀ ਸਾਊਥ ਐਕਸਟੈਂਸ਼ਨ ਨਿਵਾਸ ਸਥਾਨ ਦਾ ਕੁਝ ਹਿੱਸਾ ਮਿਊਜ਼ੀਅਮ ਵਿਚ ਬਦਲ ਕੇ ਉਥੇ ਇਹ ਕਿਰਤਾਂ ਸਜਾਈਆਂ ਹਨ।

ਪ੍ਰਾਣ ਨਾਥ ਮਾਗੋ (1923-2006) ਦੇ ਇਨ੍ਹਾਂ ਸਮਿਆਂ ਬਾਰੇ ਚਿੱਤਰ 'ਅਫਵਾਹਾਂ' ਅਤੇ 'ਸੋਗ ਮਨਾਉਂਦੀਆਂ ਔਰਤਾਂ' ਕਾਫੀ ਸਾਰਥਕ ਹਨ। ਇਸ ਪ੍ਰਸੰਗ ਦਾ ਹਰਕ੍ਰਿਸ਼ਣ ਲਾਲ, ਅਮਰਨਾਥ ਸਹਿਗਲ ਤੇ ਰਾਮ ਲਾਲ ਕਟਿਆਲ ਦੀ ਕਲਾ 'ਤੇ ਵੀ ਡੂੰਘਾ ਅਸਰ ਦੇਖਿਆ ਜਾ ਸਕਦਾ ਹੈ।

ਤਕਸੀਮ ਵੇਲੇ ਬੁੱਤ ਤਰਾਸ਼ ਧਨਰਾਜ ਭਗਤ (1917-1988) ਤੀਹ ਵਰ੍ਹਿਆਂ ਦੇ ਸਨ। ਸ਼ੁਰੂ ਵਿਚ ਉਨ੍ਹਾਂ ਮਿੱਟੀ ਤੇ ਪਲਾਸਟਰ ਵਿਚ ਕੰਮ ਕੀਤਾ ਅਤੇ ਫਿਰ ਲੱਕੜੀ 'ਤੇ ਹੱਥ ਅਜ਼ਮਾਇਆ। ਅਸਲ ਵਿਚ ਲੱਕੜੀ ਦੀ ਨੱਕਾਸ਼ੀ ਕਰਨ ਵਾਲੇ ਉਹ ਹਿੰਦੁਸਤਾਨ ਦੇ ਪਹਿਲੇ ਅਜੋਕੇ ਬੁੱਤ ਤਰਾਸ਼ ਸਨ। ਪਤਲੀਆਂ, ਲੰਮੀਆਂ ਤੇ ਵਲ ਖਾਂਦੀਆਂ ਮੁਟਿਆਰਾਂ ਨੂੰ ਲੱਕੜੀ ਦੇ ਮੁੱਢਾਂ ਵਿਚੋਂ ਆਪਣੀ ਚੌਰਸੀ ਦੀਆਂ ਛੂਹਾਂ ਨਾਲ ਸਦਾ ਲਈ ਆਜ਼ਾਦ ਕੀਤਾ। ਚੌਰਸੀ ਦੀ ਛੂਹ ਨਾਲ ਰੂਪਮਾਨ ਕੀਤੀਆਂ ਇਨ੍ਹਾਂ ਸ਼ਕਲਾਂ ਵਿਚ ਜੀਵਨ ਹੈ, ਲੈਅ ਹੈ ਅਤੇ ਸੰਗੀਤ ਹੈ। ਇਹ ਉਹ ਵੇਲਾ ਸੀ, ਜਦੋਂ ਵੰਡ ਦਾ ਕੋਈ ਡਰ ਨਹੀਂ ਸੀ।

ਫਿਰ ਸੰਨ ਸੰਤਾਲੀ ਦੀ ਕਾਲੀ ਨ੍ਹੇਰੀ ਝੁੱਲ ਗਈ। ਇਨ੍ਹਾਂ ਘਟਨਾਵਾਂ ਦਾ ਇਸ ਬੁੱਤ ਤਰਾਸ਼ ਉਤੇ ਅਮਿੱਟ ਪ੍ਰਭਾਵ ਪਿਆ। ਉਹਦੀ ਬੁੱਤ ਤਰਾਸ਼ੀ ਵਿਚੋਂ ਕੋਮਲਤਾ ਤੇ ਕਾਵਿਕਤਾ ਲੋਪ ਹੋ ਗਈ। ਲਿਸ਼ਕਦੀਆਂ ਮੂਰਤੀਆਂ ਦੀ ਥਾਂ ਚੌਰਸੀ ਦੀਆਂ ਛੂਹਾਂ ਨਾਲ ਘੜੇ ਖੁਰਦਰੇਪਨ ਤੇ ਜ਼ੋਰਦਾਰ ਵੇਗ ਨੇ ਲੈ ਲਈ। ਉਨ੍ਹਾਂ ਦੀਆਂ ਮੂਰਤੀਆਂ 'ਪੁਨਰ ਮਿਲਣ' ਅਤੇ 'ਨਿਰਾਸ਼ਾ' ਇਸੇ ਕਾਲ ਵਿਚ ਹੋਈਆਂ ਘਟਨਾਵਾਂ ਬਾਰੇ ਹਨ। ਇਨ੍ਹਾਂ ਵਿਚ ਅੰਕਿਤ ਵਿਯੋਗ ਅਤੇ ਉਹਦਾ ਦੁੱਖ ਮਨ ਉਤੇ ਡੂੰਘਾ ਅਸਰ ਪਾਉਂਦਾ ਹੈ।



*ਪੰਜਾਬ ਦੇ ਸੰਤਾਲੀ ਦੇ ਉਜਾੜੇ ਬਾਰੇ ਚਿੱਤਰਕਾਰ ਪ੍ਰਾਣ ਨਾਥ ਮਾਗੋ ਦਾ ਚਿੱਤਰ।*

ਕ੍ਰਿਸ਼ਨ ਖੰਨਾ (ਜਨਮ 1925, ਲਾਇਲਪੁਰ, ਹੁਣ ਇਸਲਾਮਾਬਾਦ, ਪਾਕਿਸਤਾਨ ਵਿਚ) ਉਦੋਂ 17 ਵਰ੍ਹਿਆਂ ਦਾ ਸੀ ਜਦੋਂ ਉਸ ਦਾ ਪਰਿਵਾਰ ਮੁਲਤਾਨ ਤੋਂ ਲਾਹੌਰ ਆ ਗਿਆ। 1947 ਦੀ ਵੰਡ ਸਮੇਂ ਲਾਹੌਰ ਤੋਂ ਸ਼ਿਮਲਾ ਆ ਗਏ। ਉਹ ਭਾਵੇਂ ਇਕ ਹਫਤੇ ਦੀ ਛੁੱਟੀ ਲੈ ਕੇ ਆਇਆ ਸੀ ਕਿ ਇਹ ਰੌਲੇ ਸਮਾਂ ਪੈਣ 'ਤੇ ਥੰਮ੍ਹ ਜਾਣਗੇ, ਪਰ ਕਦੇ ਮੁੜ ਵਾਪਸੀ ਨਹੀਂ ਹੋਈ। ਹਿੰਦੁਸਤਾਨ ਭਾਰਤ ਤੇ ਪਾਕਿਸਤਾਨ ਵਿਚ ਵੰਡਿਆ ਗਿਆ। ਨੇਤਾਵਾਂ ਨੂੰ ਹਕੂਮਤ ਮਿਲ ਗਈ ਅਤੇ ਫਿਰਕਾਪ੍ਰਸਤੀ ਦੀ ਅੱਗ ਦਾ ਜੋ ਕਹਿਰ ਵਾਪਰਿਆ, ਉਸ ਨੇ ਤਮਾਮ ਕਾਇਨਾਤ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਸਮੇਂ ਹੋਇਆ ਪੰਜਾਬ ਦਾ ਉਜਾੜਾ ਅਸਹਿ ਸਦਮਾ ਸੀ।

ਵੰਡ ਵੇਲੇ ਦਾ ਹੰਢਾਇਆ ਦੁੱਖ ਹਮੇਸ਼ਾ ਕ੍ਰਿਸ਼ਨ ਦੇ ਨਾਲ ਹੈ ਜਿਸ ਨੂੰ ਉਸ ਨੇ ਵਾਰ ਵਾਰ ਆਪਣੇ ਚਿੱਤਰਾਂ ਵਿਚ ਪ੍ਰਗਟਾਇਆ ਹੈ। ਇਹ ਐਸਾ ਖੌਫ਼ਨਾਕ ਅਨੁਭਵ ਹੈ ਜੋ ਉਸ ਦੇ ਖ਼ੂਨ ਵਿਚ ਵਸਿਆ ਹੈ। ਇਸ ਤਰ੍ਹਾਂ ਦੀ ਕਲਾ ਭਾਵੇਂ ਲੋਕੀਂ ਘਰਾਂ ਵਿਚ ਸੁਸ਼ੋਭਿਤ ਨਹੀਂ ਕਰਦੇ, ਪਰ ਇਹ ਐਸੀ ਤ੍ਰਾਸਦੀ ਸੀ ਜੋ ਹਮੇਸ਼ਾ ਉਸ ਦੇ ਖ਼ੂਨ ਵਿਚ ਖੌਲਦੀ ਤੇ ਪ੍ਰਗਟਾਉਣ ਲਈ ਬੇਵਸ ਕਰ ਦਿੰਦੀ ਹੈ। ਵੰਡ ਮਗਰੋਂ ਉਸ ਨੂੰ ਹੁਣ ਇੰਝ ਮਹਿਸੂਸ ਹੁੰਦਾ ਹੈ ਕਿ ਉਹ ਕਿਸੇ ਥਾਂ ਦਾ ਵੀ ਵਾਸੀ ਨਹੀਂ। ਇਹ ਕਹਿਣ ਵੇਲੇ ਉਸ ਦਾ ਦਿਲ ਤਾਂਘ-ਭਰਿਆ ਤੇ ਨਜ਼ਰਾਂ ਵਿਚ ਵਿਆਕੁਲਤਾ ਸੀ।

ਸਤੀਸ਼ ਗੁਜਰਾਲ (ਜਨਮ 1926) ਨੇ ਚਿੱਤਰਕਾਰ, ਮਿਉਰਲਿਸਟ, ਬੁੱਤ ਤਰਾਸ਼ ਤੇ ਭਵਨਕਾਰ ਵਜੋਂ ਨਾਮਣਾ ਖੱਟਿਆ। ਜਿਹਲਮ ਦਾ ਜੰਮਪਲ ਇਹ ਕਲਾਕਾਰ ਅੱਜ ਭਾਰਤ ਦਾ ਮੁੱਖ ਕਲਾਕਾਰ ਹੈ। ਲਾਹੌਰ ਤੇ ਮੁੰਬਈ ਵਿਚ ਕਲਾ ਸਿੱਖੀ। ਵੰਡ ਮਗਰੋਂ ਦਿੱਲੀ ਨੂੰ ਆਪਣਾ ਸ਼ਹਿਰ ਬਣਾਇਆ। ਕਲਾ ਦੇ ਖੇਤਰ ਵਿਚ ਆਪਣੀ ਪ੍ਰਤਿਭਾ ਸਦਕਾ ਮੌਲਿਕ ਪਛਾਣ ਬਣਾਈ। ਮੈਕਸੀਕੋ ਦੇ ਵੱਡੇ ਕਲਾਕਾਰ ਸੀਕੀਰਿਓਜ਼ ਦੀ ਅਗਵਾਈ ਹੇਠ ਚਿੰਤਨ ਕੀਤਾ। ਦੇਸ਼ ਦੀ ਵੰਡ ਸਮੇਂ ਦੇ ਬਣਾਏ ਚਿੱਤਰਾਂ ਵਿਚ ਇਹਦੀ ਰਾਹਨੁਮਾਈ ਪ੍ਰਤੱਖ ਹੈ। ਉਹਦੇ ਇਸ ਸਮੇਂ ਦੇ ਬਣਾਏ ਚਿੱਤਰ ਦਰਦਨਾਕ ਤੇ ਖੌਫ਼ਨਾਕ ਘਟਨਾਵਾਂ ਦੇ ਸ਼ਿਕਾਰ ਹੋਏ ਲੋਕਾਂ ਦੇ ਹਨ। ਇਨ੍ਹਾਂ ਵਿਚ ਉਹਦਾ ਨਿੱਕੀ ਉਮਰੇ ਬੋਲੇ ਹੋ ਜਾਣ ਦਾ ਦੁੱਖ ਵੀ ਹੈ। ਇੰਝ ਲਗਦਾ ਹੈ ਕਿ ਜਿਵੇਂ ਉਹਨੇ ਆਪਣੇ ਬੋਲੇਪਨ ਨੂੰ ਭੁੱਲ ਕੇ ਅੱਖਾਂ ਨਾਲ ਸੁਣੀ ਚੁੱਪ ਨੂੰ ਆਵਾਜ਼ ਬਖਸ਼ੀ।

ਇਨ੍ਹਾਂ ਚਿੱਤਰਾਂ ਬਾਰੇ ਇਸ ਕਲਾਕਾਰ ਨੇ ਆਪ ਆਖਿਆ ਹੈ: "ਕਲਾ ਮੇਰੇ ਲਈ ਮਨੁੱਖ ਤੇ ਹੋਣੀ, ਵਿਅਕਤੀ ਤੇ ਉਹਦਾ ਮਾਹੌਲ ਅਤੇ ਇਥੋਂ ਤੱਕ ਕਿ ਉਹਦੇ ਆਪੇ ਵਿਰੁਧ ਜੱਦੋ-ਜਹਿਦ ਨੂੰ ਪ੍ਰਗਟਾਉਣ ਦਾ ਸਾਧਨ ਹੈ।"

ਇਸ ਦੁਖਾਂਤ ਸਮੇਂ ਉਹ 21 ਵਰ੍ਹਿਆਂ ਦਾ ਸੀ। ਤੁਸੀਂ ਆਪ ਹੀ ਸੋਚ ਸਕਦੇ ਹੋ ਕਿ ਇਸ ਸੰਵੇਦਨਸ਼ੀਲ ਕਲਾਕਾਰ 'ਤੇ ਇਸ ਦੁਰਘਟਨਾ ਦਾ ਕੀ ਪ੍ਰਭਾਵ ਪਿਆ ਹੋਵੇਗਾ! ਆਫਤ ਤੇ ਵੱਡੀ ਆਫ਼ਤ। ਚਿੱਤਰ ਉਸ ਦੇ ਅੰਦਰ ਭਖ ਰਹੇ ਜਵਾਲਾਮੁਖੀ ਦਾ ਪ੍ਰਤੀਕ ਹਨ। ਉਨ੍ਹਾਂ ਵਿਚ ਪ੍ਰਗਟਾਈ ਉਤੇਜਨਾ, ਸ਼ਕਤੀ ਤੇ ਆਕ੍ਰਮਣਸ਼ੀਲਤਾ ਆਧੁਨਿਕ ਭਾਰਤੀ ਕਲਾ ਵਿਚ ਇਸ ਤੋਂ ਪਹਿਲਾਂ ਨਹੀਂ ਮਿਲਦੀ। ਇਹ 1952-1959 ਦਾ ਸਮਾਂ ਸੀ।

ਇਨ੍ਹਾਂ ਚਿੱਤਰਾਂ ਨੇ ਭਾਵੇਂ ਭਾਰਤੀ ਆਧੁਨਿਕ ਕਲਾ ਵਿਚ ਵਲਵਲਾ ਲਿਆਂਦਾ, ਫਿਰ ਵੀ ਉਸ ਸਮੇਂ ਲੋਕ ਇਨ੍ਹਾਂ ਨੂੰ ਆਪਣੇ ਘਰਾਂ ਵਿਚ ਨਹੀਂ ਸੀ ਲਾਉਣਾ ਚਾਹੁੰਦੇ। ਯਥਾਰਥ ਨੂੰ ਰਹੱਸਮਈ ਰੱਖਣ ਦੀ ਪ੍ਰਕਿਰਤੀ ਉਸ ਸਮੇਂ ਭਾਰਤੀ ਕਲਾ ਵਿਚ ਵਧੇਰੇ ਹਾਵੀ ਸੀ। ਇਹੀ ਨਹੀਂ, ਬਲਕਿ ਇਸ ਤਰ੍ਹਾਂ ਦੀ ਪ੍ਰਵਿਰਤੀ ਉਸ ਸਮੇਂ ਦੀ ਸਮਾਜਕ ਮਨੋ-ਬਿਰਤੀ ਨੂੰ ਵੀ ਪ੍ਰਗਟਾਉਂਦੀ ਹੈ।

ਸਤੀਸ਼ ਗੁਜਰਾਲ ਲਈ ਵੰਡ ਸਮੇਂ ਦੇ ਚਿੱਤਰ ਮਹਿਜ਼ ਅਨੁਭਵ ਨੂੰ ਚਿਤਰਣ ਨਾਲੋਂ ਕਿਤੇ ਵੱਧ ਅਰਥ ਰੱਖਦੇ ਹਨ, ਕਿਉਂਕਿ ਇਹਨੇ ਉਹਦੇ ਸੁੱਤੇ ਅੰਦਰਲੇ ਨੂੰ ਜਗਾਇਆ। ਇਹ ਕਲਾਕ੍ਰਿਤਾਂ ਇਤਿਹਾਸਕ ਦਸਤਾਵੇਜ਼ ਹਨ।

ਵੰਡ ਦੇ ਸੰਤਾਪ ਨੂੰ ਜਿਸ ਤਰ੍ਹਾਂ ਇਨ੍ਹਾਂ ਕਲਾਕਾਰਾਂ ਨੇ ਹੰਢਾਇਆ ਅਤੇ ਮਗਰੋਂ ਆਪਣੀ ਕਲਾ ਵਿਚ ਇਹਦਾ ਪ੍ਰਗਟਾਵਾ ਕੀਤਾ, ਉਹ ਵੱਡੀ ਗੱਲ ਹੈ। ਇਸ ਵਿਚ ਪੰਜਾਬੀ ਕਲਾਕਾਰ ਦੇ ਮਨ ਦੀ ਸੂਖਮਤਾ, ਸੰਵੇਦਨਸ਼ੀਲਤਾ ਤੇ ਮਾਨਵਤਾ ਦੀ ਗਹਿਰਾਈ ਤੇ ਗੰਭੀਰਤਾ ਦਾ ਪਤਾ ਲਗਦਾ ਹੈ। ਇਹ ਸਾਡਾ ਇਤਿਹਾਸ ਹੈ, ਪਿਤਰੀ ਧਨ ਹੈ ਤੇ ਇਸ ਦਾ ਵਾਰਿਸ ਹੋਣ ਦੇ ਨਾਤੇ ਇਸ 'ਤੇ ਹੋਰ ਖੋਜ ਕਰਨ ਦੀ ਲੋੜ ਹੈ; ਤਾਂ ਕਿ ਇਸ ਸਮੇਂ ਕੋਈ ਕਲਾ ਦੀ ਸਹੀ ਅਰਥਾਂ ਵਿਚ ਮਹੱਤਤਾ ਨੂੰ ਸਮਝਿਆ ਜਾ ਸਕੇ।

ਸੋਭਾ ਸਿੰਘ ਦੀ ਪੰਜਾਬ ਦੇ ਉਜਾੜੇ ਬਾਰੇ ਕੋਈ ਕਿਰਤ ਨਹੀਂ ਮਿਲਦੀ ਅਤੇ ਨਾ ਹੀ ਲਾਹੌਰ ਰਹਿ ਰਹੇ ਅਬਦੁਰ ਰਹਿਮਾਨ ਚੁਗਤਾਈ ਵਰਗੇ ਵੱਡੇ ਚਿਤੇਰਿਆ ਨੇ ਪੰਜਾਬ ਦਾ ਇਹ ਦੁੱਖ ਚਿਤਰਿਆ।

ਅੱਜ ਇਸ ਘਟਨਾ ਨੂੰ 70 ਵਰ੍ਹੇ ਹੋ ਚੁੱਕੇ ਹਨ। ਕਦੇ ਇਸ ਵੰਡ ਬਾਰੇ ਗੰਭੀਰਤਾ ਤੇ ਗਹਿਰਾਈ ਬਾਰੇ ਨਹੀਂ ਸੋਚਿਆ ਗਿਆ। ਹੁਣ ਜਾ ਕੇ 'ਦਿ ਆਰਟਸ ਐਂਡ ਕਲਚਰ ਹੈਰੀਟੇਜ ਟਰੱਸਟ' (ਟਾਊਨ ਹਾਲ, ਅੰਮ੍ਰਿਤਸਰ) ਵੱਲੋਂ 'ਦਿ ਪਾਰਟੀਸ਼ਨ ਮਿਊਜ਼ਿਅਮ' ਸਥਾਪਤ ਕੀਤਾ ਗਿਆ ਹੈ। ਇਸ ਨੂੰ ਹੋਰ ਸਾਰਥਕ ਤੇ ਭਰਪੂਰ ਬਣਾਉਣ ਲਈ ਟਰਸਟ ਨੇ ਲੋਕਾਂ ਦਾ ਸਹਿਯੋਗ ਮੰਗਿਆ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਨੂੰ ਇਸ ਤੋਂ ਕੁਝ ਸਿੱਖਣ ਨੂੰ ਮਿਲ ਸਕੇ।

#


**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

**1816 Main Ave., Secramento CA, 95838**

**ਸੈਕਰਾਮੈਂਟੋ, ਕੈਲੀਫੋਰਨੀਆ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

# ਖੂਬ ਰਿਝਾਏ ਸਰੋਤੇ ਅਨੀਤਾ ਲਿਆਕੇ ਨੇ ਪੀ. ਸੀ. ਐਸ. ਨਾਈਟ 'ਤੇ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਵਲੋਂ ਲੰਘੀ 14 ਅਕਤੂਬਰ ਨੂੰ ਇਥੋਂ ਦੀ ਸਬਰਬ ਰੋਲਿੰਗ ਮੈਡੋਜ਼ ਦੇ ਮੈਡੋਜ਼ ਕਲੱਬ ਵਿਚ ਕਰਵਾਏ ਗਏ ਭੰਗੜਾ ਤੇ ਗਿੱਧਾ ਮੁਕਾਬਲਿਆਂ ਵਿਚ ਭੰਗੜੇ ਤੇ ਗਿੱਧੇ ਦੇ ਕਲਾਕਾਰਾਂ ਨੇ ਤਾਂ ਆਪਣੀ ਕਲਾ ਦੇ ਜੌਹਰ ਵਿਖਾਏ ਹੀ ਪਰ ਖਾਸੀਅਤ ਡੈਨਮਾਰਕ ਵਿਚ ਜੰਮੀ-ਪਲੀ ਡੈਨਿਸ਼ ਗੋਰੀ ਅਨੀਤਾ ਲਿਆਕੇ ਦੀ ਪੰਜਾਬੀ ਗਾਇਕੀ ਰਹੀ। ਪਿਛਲੇ 36 ਘੰਟਿਆਂ ਤੋਂ ਪੈ ਰਹੇ ਮੀਂਹ ਨੇ ਤਾਂ ਦਰਸ਼ਕਾਂ ਨੂੰ ਰੋਕਣ ਦੀ ਪੂਰੀ ਵਾਹ ਲਾਈ ਪਰ ਦਰਸ਼ਕਾਂ ਨੇ ਮੀਂਹ ਨੂੰ ਟਿਚ ਕਰਕੇ ਜਾਣਿਆ ਤੇ ਹਾਲ ਪੂਰੀ ਤਰ੍ਹਾਂ ਭਰ ਦਿੱਤਾ।

ਮੁਕਾਬਲੇ ਵਿਚ ਕੁਲ 5 ਟੀਮਾਂ ਨਿੱਤਰੀਆਂ- ਯੂਨੀਵਰਸਿਟੀ ਆਫ ਸ਼ਿਕਾਗੋ ਦੀ 'ਯੂ ਭੰਗੜਾ'; ਕਲੀਵਲੈਂਡ, ਓਹਾਇਓ ਤੋਂ 'ਸਪਾਰਟਨ ਭੰਗੜਾ'; ਮਿਸ਼ੀਗਨ ਤੋਂ 'ਰਾਖੇ ਵਿਰਸੇ ਦੇ'; ਟੈਂਪਾ, ਫਲੋਰਿਡਾ ਤੋਂ 'ਐਸ. ਐਫ. ਯੂ. ਬੁਲ ਭੰਗੜਾ' ਅਤੇ ਟੋਰਾਂਟੋ ਤੋਂ 'ਨੱਚਦੀ ਜਵਾਨੀ ਫੋਕ ਲਵਰਜ਼।' ਇਹ ਪੀ.



ਸੀ. ਐਸ. ਦਾ 10ਵਾਂ ਸ਼ਿਕਾਗੋ ਇੰਟਰਨੈਸ਼ਨਲ ਭੰਗੜਾ ਤੇ ਗਿੱਧਾ ਮੁਕਾਬਲਾ ਸੀ। ਗਿੱਧੇ ਦੀ ਕੋਈ ਵੀ ਟੀਮ ਨਾ ਹੋਣ ਕਾਰਨ ਇਸ ਵਾਰ ਇਹ ਮੁਕਾਬਲਾ ਨਿਰਾ ਭੰਗੜਾ ਮੁਕਾਬਲਾ ਹੋ ਨਿਬੜਿਆ।

ਟੋਰਾਂਟੋ ਦੀ 'ਨੱਚਦੀ ਜਵਾਨੀ ਫੋਕ ਲਵਰਜ਼' ਭੰਗੜਾ ਟੀਮ ਪਹਿਲੇ ਨੰਬਰ 'ਤੇ ਰਹੀ ਅਤੇ 3100 ਡਾਲਰ ਦੇ ਪਹਿਲੇ ਇਨਾਮ ਤੇ ਟਰਾਫੀ ਦੀ ਹੱਕਦਾਰ ਬਣੀ। ਦਸ ਸਾਲ ਤੋਂ ਸਤਾਰਾਂ ਸਾਲ ਦੀ ਉਮਰ ਤੱਕ ਦੇ ਬੱਚਿਆਂ ਦੀ ਇਸ ਟੀਮ ਬਾਰੇ ਦਰਸ਼ਕਾਂ ਨੂੰ ਇਹ ਤਵੱਕੋ ਘੱਟ ਹੀ ਸੀ ਕਿ ਇਹ ਟੀਮ ਜਿੱਤ ਦੇ ਝੰਡੇ ਗੱਡੇਗੀ ਪਰ ਜਦੋਂ ਨਤੀਜਾ ਆਇਆ ਤਾਂ ਹਾਲ ਤਾੜੀਆਂ ਨਾਲ ਗੂੰਜ ਉਠਿਆ। ਉਂਜ ਬੇਸ਼ਕ ਦਰਸ਼ਕਾਂ ਦੀ ਟੇਕ ਕੁਝ ਹੋਰਨਾਂ ਟੀਮਾਂ 'ਤੇ ਸੀ ਪਰ ਜਦੋਂ ਇਹ ਜੇਤੂ ਟੀਮ ਸਟੇਜ 'ਤੇ ਆਈ ਤਾਂ ਇਕ ਵਾਵਰੋਲੇ ਵਾਂਗ ਹੀ ਦਰਸ਼ਕਾਂ ਦੀਆਂ ਨਜ਼ਰਾਂ ਹੂੰਝ ਕੇ ਲੈ ਗਈ ਸੀ। ਬੱਚੇ ਹੌਲੀ ਹੌਲੀ ਤੁਰਲੇ ਸਿੱਧੇ ਕਰਦੇ, ਬੁੱਲਾਂ 'ਤੇ ਮੁਸਕਰਾਹਟ ਤੇ ਹੱਥਾਂ ਵਿਚ ਸੱਪ ਫੜ੍ਹੀ ਸਟੇਜ 'ਤੇ ਆਏ ਤੇ ਪਹਿਲੀ ਬੋਲੀ 'ਕਿਤੇ ਪੱਬ ਨੱਚੇ, ਕਿਤੇ ਦਿਲ ਨੱਚੇ' 'ਤੇ ਜਦੋਂ ਤੁਫਾਨ ਵਾਂਗ ਉਨ੍ਹਾਂ ਭੰਗੜਾ ਸ਼ੁਰੂ ਕੀਤਾ ਤਾਂ ਇਕ ਦਮ ਸਭ ਦਾ ਧਿਆਨ ਖਿੱਚ ਲਿਆ। ਕੁਰਸੀਆਂ ਛੱਡ ਕੇ ਬਾਹਰ ਜਾਣ ਵਾਲੇ ਮੁੜ ਕੁਰਸੀਆਂ 'ਤੇ ਜਮ ਗਏ।

ਦੂਜਾ 2100 ਡਾਲਰ ਦਾ ਇਨਾਮ ਮਿਸ਼ੀਗਨ ਤੋਂ ਆਈ 'ਰਾਖੇ ਵਿਰਸੇ ਦੇ' ਟੀਮ ਦੇ ਹਿੱਸੇ ਆਇਆ। ਦਿਲਚਸਪ ਗੱਲ ਇਹ ਰਹੀ ਕਿ ਇਹੋ ਟੀਮ ਪੀ. ਸੀ. ਐਸ. ਦੇ 2014 ਦੇ ਭੰਗੜਾ ਮੁਕਾਬਲਿਆਂ ਵਿਚ ਵੀ ਦੂਜੇ ਨੰਬਰ 'ਤੇ ਰਹੀ ਸੀ। ਵੈਸੇ ਮੁਕਾਬਲਾ ਬੜਾ ਸਖਤ ਸੀ ਅਤੇ ਸਾਰੀਆਂ ਟੀਮਾਂ ਹੀ ਇਕ ਦੂਜੇ ਤੋਂ ਬਾਜ਼ੀ ਮਾਰ ਲੈਣ ਲਈ ਕਾਹਲੀਆਂ ਸਨ। ਭੰਗੜਾ ਮੁਕਾਬਲੇ ਵਿਚ ਵੱਖ ਵੱਖ ਟੀਮਾਂ ਦੇ ਸੌ ਦੇ ਕਰੀਬ ਕਲਾਕਾਰਾਂ ਨੇ ਹਿੱਸਾ ਲਿਆ। ਸਥਾਨਕ ਗੈਸਟ ਟੀਮ 'ਕੌਮ ਪੰਜਾਬੀ' ਨੇ ਮੁਕਾਬਲੇ ਤੋਂ ਬਾਹਰ ਰਹਿ ਗੈਸਟ ਆਈਟਮ ਪੇਸ਼ ਕੀਤੀ। ਜੱਜਾਂ ਦੀ ਭੂਮਿਕਾ ਪਰਮਿੰਦਰ ਸਿੰਘ ਵਾਲੀਆ, ਅੰਮ੍ਰਿਤਾ ਰੰਧਾਵਾ, ਵਿਪਨ ਕੌਰ ਕਲੇਰ ਅਤੇ ਨਵਕਿਰਣ ਕੌਰ ਢਿੱਲੋਂ ਨੇ ਨਿਭਾਈ। ਸਟੇਜ ਸਕੱਤਰ ਯੂਥ ਟੀਮ ਦਾ ਮੈਂਬਰ ਤਰਨਪ੍ਰੀਤ ਸਿੰਘ ਨਾਗਰਾ ਸੀ।

ਦੋ ਟੀਮਾਂ ਨੂੰ ਛੱਡ ਕੇ ਬਾਕੀ ਸਭ ਮੁੰਡਿਆਂ ਤੇ ਕੁੜੀਆਂ ਦੀਆਂ ਰਲਵੀਆਂ ਟੀਮਾਂ ਸਨ। ਵਿਦੇਸ਼ਾਂ ਵਿਚ ਜੰਮੀ ਪੰਜਾਬੀ ਪੀੜ੍ਹੀ ਰੀ-ਮਿਕਸ ਗੀਤਾਂ ਦੀ ਦੀਵਾਨੀ ਹੈ, ਉਹ ਸਿਰਫ ਭੰਗੜੇ 'ਤੇ ਨਾਚ ਕਰਨਾ ਚਾਹੁੰਦੇ ਹਨ। ਬੋਲੀ ਦੇ ਮੂਲ ਭਾਵ ਤੋਂ ਅਣਜਾਣ ਹੋਣ ਕਰਕੇ ਸਹੀ ਇਮੋਸ਼ਨ ਨਹੀਂ ਲਿਆ ਸਕਦੇ। ਕੰਪਿਊਟਰ ਦੇ ਪੌਪ ਸੰਗੀਤ ਤੇ ਰੀ-ਮਿਕਸ ਯੁਗ ਵਿਚ ਭੰਗੜਾ ਐਰੋਬੈਟਿਕਸ ਐਕਸਰਸਾਈਜ਼ (ਕਸਰਤ) ਦਾ ਹਿੱਸਾ ਬਣ ਗਿਆ ਹੈ। ਕਾਲਜ ਦੇ ਮੁੰਡੇ-ਕੁੜੀਆਂ ਦੇ ਭੰਗੜੇ ਤੇ ਰਵਾਇਤੀ ਭੰਗੜੇ ਦਰਮਿਆਨ ਫਰਕ ਸਾਫ ਮਹਿਸੂਸ ਕੀਤਾ ਜਾ ਸਕਦਾ ਹੈ। ਇਹੋ ਨਜ਼ਾਰਾ ਇਸ ਸ਼ਾਮ ਦਾ ਸੀ।



ਯੂਨੀਵਰਸਿਟੀ ਆਫ ਸ਼ਿਕਾਗੋ ਦੀ 'ਯੂ ਭੰਗੜਾ' ਟੀਮ ਨੇ ਬੇਸ਼ਕ ਪ੍ਰਦਰਸ਼ਨ ਵਧੀਆ ਕੀਤਾ ਪਰ ਇਹ ਗੈਰ ਪੰਜਾਬੀਆਂ ਦੀ ਮੁੰਡੇ ਤੇ ਕੁੜੀਆਂ ਦੀ ਰਲਵੀਂ ਟੀਮ ਸੀ। 'ਸਪਾਰਟਨ ਭੰਗੜਾ' ਟੀਮ ਵਿਚ ਵੀ ਲਗਭਗ ਸਾਰੇ ਗੈਰ ਪੰਜਾਬੀ ਸਨ। ਯੂਨੀਵਰਸਿਟੀ ਆਫ ਸਾਊਥ ਫਲੋਰੀਡਾ ਦੀ 'ਬੁੱਲ ਭੰਗੜਾ' ਟੀਮ ਵਿਚ ਬਹੁਤੇ ਭੰਗੜਚੀ ਪਟੇਲ ਨਾਂ ਵਾਲੇ ਸਨ। ਕਿਸੇ ਨੇ ਟਿੱਪਣੀ ਕੀਤੀ ਕਿ ਇਸ ਦਾ ਨਾਂ ਤਾਂ 'ਪਟੇਲ ਭੰਗੜਾ ਟੀਮ' ਹੋਣਾ ਚਾਹੀਦਾ ਹੈ। ਕੁੜੀਆਂ-ਮੁੰਡਿਆਂ ਦੀ ਇਸ ਟੀਮ ਨੇ ਬੋਲੀਆਂ-ਗੀਤਾਂ ਨਾਲ ਇਕੱਲੇ ਸੰਗੀਤ ਦੀ ਧੁੰਨ ਦਾ ਵੀ ਚੰਗਾ ਮਿਕਸਚਰ ਕੀਤਾ ਹੋਇਆ ਸੀ। 'ਰਾਖੇ ਵਿਰਸੇ ਦੇ' 16 ਮੈਂਬਰੀ ਟੀਮ ਨਿਰੋਲ ਮੁੰਡਿਆਂ ਦੀ ਟੀਮ ਸੀ ਤੇ ਇਸ ਨਾਲ ਢੋਲੀ ਵੀ ਸੀ। 'ਬਿੱਲੋ ਤੈਨੂੰ ਹੱਸਦੀ ਵੇਖ ਕੇ' ਨਾਲ ਦੋ ਕਲਾਕਾਰਾਂ ਨੇ ਮਿਮਿਕਰੀ ਵੀ ਕੀਤੀ। 'ਨੱਚਦੀ ਜਵਾਨੀ' ਟੀਮ ਪੇਸ਼ਕਾਰੀ ਵੀ ਕਾਫੀ ਟਿਕੀ ਹੋਈ ਸੀ ਤੇਜ ਬੀਟ ਅਤੇ ਸਲੋਅ ਬੀਟ ਦਾ ਸੰਗਮ, ਨਾਲ ਵੀ ਢੋਲੀ ਸੀ। 'ਗੱਭਰੂ ਪੰਜਾਬੀ ਮੁੰਡੇ ਬੜੇ ਜਚਦੇ ਜਦੋਂ ਲੁੱਡੀ ਪਾਉਂਦੇ, ਨੱਚ ਨੱਚ ਮੁੰਡਿਆਂ ਕਰ'ਤੀ ਕਮਾਲ।' ਇਨ੍ਹਾਂ ਦਾ ਭੰਗੜਾ ਰਵਾਇਤੀ ਭੰਗੜੇ ਦੇ ਕਾਫੀ ਨੇੜੇ ਸੀ।

ਕੌਮਾਂਤਰੀ ਪ੍ਰਸਿੱਧੀ ਵਾਲੀ ਗਾਇਕਾ,



*ਅਨੀਤਾ ਲਿਆਕੇ*

ਗੀਤਕਾਰ ਤੇ ਕੰਪੋਜ਼ਰ ਕਈ ਕੌਮਾਂਤਰੀ ਐਵਾਰਡ ਜਿੱਤ ਚੁਕੀ ਅਨੀਤਾ ਲਿਆਕੇ ਨੇ ਆਪਣੀ ਸੁਰਮਈ ਗਾਇਕੀ ਅਤੇ ਨੱਚਣ-ਟੱਪਣ ਦੀ ਪ੍ਰਤਿਭਾ ਨਾਲ ਦਰਸ਼ਕਾਂ ਨੂੰ ਖੂਬ ਪ੍ਰਭਾਵਿਤ ਕੀਤਾ। ਉਸ ਨੇ ਸ਼ੁਰੂਆਤ ਆਪਣੇ ਸਵਾਗਤੀ ਗੀਤ 'ਆਓ ਜੀ, ਜੀ ਆਇਆਂ ਨੂੰ' ਨਾਲ ਕੀਤੀ ਅਤੇ ਫਿਰ 'ਲੱਠੇ ਦੀ ਚਾਦਰ, ਉਤੇ ਸਲੇਟੀ ਰੰਗ ਮਾਹੀਆ' ਤੇ 'ਸਦਕੇ ਪੰਜਾਬ ਤੋਂ' ਆਦਿ ਕਈ ਗੀਤ ਪੇਸ਼ ਕਰਕੇ ਪੰਜਾਬੀਆਂ ਉਤੇ ਆਪਣਾ ਸਿੱਕਾ ਜਮਾਇਆ ਕਿ ਬੇਸ਼ਕ ਉਹ ਡੈਨਮਾਰਕ ਵਿਚ ਜੰਮੀ-ਪਲੀ ਹੈ ਪਰ ਜੇ ਕੋਈ ਸਿੱਖਣ 'ਤੇ ਆਵੇ ਤਾਂ ਪੰਜਾਬੀ ਵਿਚ



ਗਾਉਣਾ ਵੀ ਕੋਈ ਅੱਲੋਕਾਰੀ ਗੱਲ ਨਹੀਂ ਰਹਿ ਜਾਂਦੀ। ਰਹਿੰਦੀ ਕਸਰ ਉਸ ਨੇ 'ਹੀਰ' ਗਾ ਕੇ ਪੂਰੀ ਕਰ ਦਿੱਤੀ।

ਅਨੀਤਾ ਪੱਛਮੀ ਮੁਲਕਾਂ ਤੋਂ ਪਹਿਲੀ ਗੈਰ-ਏਸ਼ੀਆਈ ਗਾਇਕਾ ਹੈ ਜਿਸ ਨੇ 'ਹੀਰ ਫਰਾਮ ਡੈਨਮਾਰਕ' ਨਾਂ ਦੀ ਪੰਜਾਬੀ ਗੀਤਾਂ ਦੀ ਐਲਬਮ ਰਿਲੀਜ਼ ਕੀਤੀ। ਅਨੀਤਾ ਕੌਮਾਂਤਰੀ ਪੱਧਰ ਉਤੇ ਪੰਜਾਬੀ ਗਾਇਕੀ ਅਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਵਿਚ ਆਪਣਾ ਉਚਾ ਕੱਦ-ਕਾਠ ਬਣਾ ਚੁਕੀ ਹੈ। ਆਪਣੀ ਐਲਬਮ 'ਸਦਕੇ ਪੰਜਾਬ ਤੋਂ' ਰਾਹੀਂ ਉਹ ਸੱਚ ਹੀ ਪੰਜਾਬ ਤੋਂ ਸਦਕੇ ਜਾ ਚੁਕੀ ਹੈ। ਸ਼ਿਕਾਗੋ ਵਿਚ ਉਹ ਪਹਿਲੀ ਵਾਰ ਆਈ ਤੇ ਇਸ ਦਾ ਸਿਹਰਾ ਪੀ. ਸੀ. ਐਸ. ਨੂੰ ਜਾਂਦਾ ਹੈ।

ਸਲਾਈਡ ਸਕਰੀਨ 'ਤੇ ਇਕ ਡਾਕੂਮੈਂਟਰੀ ਦਿਖਾਈ ਗਈ ਕਿ ਕਿਸ ਤਰ੍ਹਾਂ ਅਨੀਤਾ ਲਿਆਕੇ ਦਾ ਝੁਕਾਅ ਪੰਜਾਬੀ ਗੀਤ-ਸੰਗੀਤ ਵੱਲ ਹੋਇਆ। ਦਸਿਆ ਗਿਆ ਕਿ ਉਹ ਹਿਮਾਚਲ ਵਿਚ ਛੁਟੀਆਂ ਮਨਾਉਣ ਗਈ ਸੀ ਤੇ ਉਥੇ ਉਸ ਨੇ ਪਹਿਲਾ ਪੰਜਾਬੀ ਗੀਤ 'ਲੱਠੇ ਦੀ ਚਾਦਰ' ਸੁਣਿਆ। ਉਹ ਪੰਜਾਬੀ ਸੰਗੀਤ ਵੱਲ ਇੰਨੀ ਖਿੱਚੀ ਗਈ ਕਿ ਉਸ ਨੇ ਹੁਸ਼ਿਆਰਪੁਰ ਜਾ ਕੇ ਪੰਜਾਬੀ ਸਿੱਖੀ ਤੇ ਪੰਜਾਬੀ ਗਾਇਕੀ ਵਿਚ ਕਦਮ ਧਰਿਆ।

ਅਨੀਤਾ ਨੇ ਗੀਤ 'ਆਉ ਜੀ, ਜੀ ਆਇਆਂ ਨੂੰ' ਨਾਲ ਸਟੇਜ 'ਤੇ ਦਾਖਲਾ ਲਿਆ। ਉਸ ਨੇ ਇਸ ਗੀਤ ਦੇ ਕੁਝ ਅੰਤਰੇ ਸਿਰਫ ਢੋਲ ਦੀ ਬੀਟ ਨਾਲ ਹੀ ਗਾਏ। ਗੀਤ ਦੀ ਸਮਾਪਤੀ 'ਤੇ 'ਕੀ ਹਾਲ ਹੈ ਪੰਜਾਬੀਓ, ਰੈਡੀ ਫਾਰ ਭੰਗੜਾ' ਉਸ ਪੁੱਛਿਆ। ਫਿਰ ਕਿਹਾ, 'ਮੈਂ ਪੰਜਾਬ, ਪੰਜਾਬੀ ਤੇ ਪੰਜਾਬੀ ਗੀਤਾਂ ਨਾਲ ਬਹੁਤ ਪਿਆਰ ਕਰਦੀ ਹਾਂ। ਮੈਂ ਦਿਲੋਂ ਪੰਜਾਬਣ ਹਾਂ।' ਫਿਰ 'ਦੇ ਦੇ ਪਾਸਪੋਰਟ ਮੇਰਾ, ਮੈਂ ਜਾਣਾ ਵਲੈਤ' ਪੇਸ਼ ਕੀਤਾ। ਉਹ ਗਾਉਂਦੀ ਤੇ ਅੱਖਾਂ 'ਤੇ ਹੱਥ ਰੱਖ ਵਾਹਵਾ ਨਖਰੇ ਦਿਖਾ ਸਰੋਤਿਆਂ ਤੋਂ ਚੋਖੀ ਦਾਦ ਹਾਸਲ ਕਰਦੀ। 'ਗੱਲ ਸੁਣ ਲਓ ਪੰਜਾਬੀਓ, ਸੁਭਾਅ ਦੇ ਮਜਾਜੀਓ, ਅੱਜ ਗੋਰੀ ਨੇ ਨਚਾਉਣਾ ਪੰਜਾਬੀਆਂ ਨੂੰ ਭੰਗੜੇ ਦੀ ਤਾਲ ਦੇ ਉਤੇ' ਆਖ ਉਸ 'ਬੱਲੇ ਬੱਲੇ', 'ਚੱਕ ਦੇ ਫੱਟੇ' ਕਰਵਾ ਦਿੱਤੀ। ਉਸ 'ਜੁਗਨੀ' ਵੀ ਗਾਈ, 'ਮੈਨੂੰ ਚੜ੍ਹੀ ਜਵਾਨੀ ਜੋਰਾਂ ਦੀ, ਵੇ ਮੈਨੂੰ ਜੁਗਨੀ ਜੁਗਨੀ ਕਹਿੰਦੇ ਨੇ।' ਜਵਾਨੀ ਸੱਚੀ ਮੁੱਚੀ ਉਸ ਨੂੰ ਚੜ੍ਹੀ ਹੋਈ ਸੀ ਤਾਂ ਹੀ ਤਾਂ ਉਸ ਨੇ ਲੱਕ ਦੇ ਹੁਲਾਰੇ, ਠੁਮਕੇ, ਲਟਕੇ-ਝਟਕੇ ਵਾਹਵਾ ਲਾਏ। 'ਹੀਰ ਆਖਦੀ ਜੋਗੀਆ ਝੂਠ ਬੋਲੇਂ ਕਿਹੜਾ ਵਿਛੜੇ ਯਾਰ ਮਿਲਾਂਵਦਾ ਈ' ਬੜੀ ਰੂਹ ਨਾਲ ਗਾਇਆ। ਅੰਤ ਵਿਚ 'ਸ਼ੌਕਣ ਮੇਲੇ ਦੀ', 'ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ', 'ਲੱਠੇ ਦੀ ਚਾਦਰ' ਆਦਿ ਗੀਤ ਇਕ ਲੜੀ ਵਿਚ ਪਰੋ ਕੇ ਖੁਦ ਜੰਮ ਕੇ ਭੰਗੜਾ ਪਾਇਆ ਤੇ ਪੀ. ਸੀ. ਐਸ. ਦੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ ਤੇ ਹੋਰਨਾਂ ਪ੍ਰਬੰਧਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। 6 ਸਾਲ ਦਾ ਇਕ ਬੱਚਾ ਰੌਸ਼ਨ ਪੰਧੇਰ ਆਪਣੇ ਮਾਤਾ-ਪਿਤਾ 'ਤੇ ਜੋਰ ਪਾ ਕੇ ਅਨੀਤਾ ਨਾਲ ਜਾ ਨੱਚਣ ਲੱਗਾ।

ਪ੍ਰੋਗਰਾਮ ਦੇ ਗਰੈਂਡ ਸਪਾਂਸਰ ਤੇ ਮੁੱਖ ਮਹਿਮਾਨ ਮਿਲਵਾਕੀ ਤੋਂ ਡਾ. ਭੁਪਿੰਦਰ ਸਿੰਘ ਸੈਣੀ ਸਨ ਅਤੇ ਮੁੱਖ ਸਪਾਂਸਰਾਂ ਵਿਚ ਡਾ. ਨਰਿੰਦਰ ਸਿੰਘ ਗਰੇਵਾਲ, ਮੋਹਿਨਾ ਆਹਲੂਵਾਲੀਆ, ਪੀ. ਸੀ. ਐਸ. ਦੇ ਚੇਅਰਮੈਨ ਹਰਦਿਆਲ ਸਿੰਘ ਦਿਓਲ ਅਤੇ ਗੁਰਦੀਪ ਸਿੰਘ ਨੰਦੜਾ ਸ਼ਾਮਲ ਸਨ। ਪ੍ਰੋਗਰਾਮ ਦੇ ਸਪਾਂਸਰਾਂ ਦੀ ਜਾਣ ਪਛਾਣ ਪਰਵਿੰਦਰ ਸਿੰਘ ਨਨੂਆ ਨੇ



***ਡਾ. ਭੁਪਿੰਦਰ ਸਿੰਘ ਸੈਣੀ (ਖੱਬਿਓਂ ਦੂਜੇ) ਅਤੇ ਡਾ. ਗੁਰਦਿਆਲ ਸਿੰਘ ਬਸਰਾਨ (ਐਨ ਸੱਜੇ) ਇਕ ਨੌਜਵਾਨ ਦਾ ਸਨਮਾਨ ਕਰਦੇ ਹੋਏ***

ਕਰਵਾਈ।

ਡਾ. ਭੁਪਿੰਦਰ ਸਿੰਘ ਸੈਣੀ ਨੇ ਪੰਜਾਬੀ ਸਭਿਆਚਾਰ ਨੂੰ ਨਵੀਂ ਪੀੜ੍ਹੀ ਵਿਚ ਪ੍ਰਫੁਲਿਤ ਕਰਨ ਲਈ ਨਿਭਾਈ ਜਾ ਰਹੀ ਪੀ. ਸੀ. ਐਸ. ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਕੀਤਾ। ਡਾ. ਗੁਰਦਿਆਲ ਸਿੰਘ ਬਸਰਾਨ ਨੇ ਸੰਸਥਾ ਦੇ ਚੇਅਰਮੈਨ ਹਰਦਿਆਲ ਸਿੰਘ ਦਿਉਲ, ਜੋ ਪਹੁੰਚ ਨਾ ਸਕੇ, ਦੀ ਥਾਂ ਚੇਅਰਮੈਨ ਦੀ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਬੜੀ ਖੁਸ਼ੀ ਹੈ ਕਿ ਮੇਰੇ ਨਾਲ ਆਈ ਪੋਤਰੀ ਤੀਜੀ ਪੀੜ੍ਹੀ ਹੈ ਜੋ ਪੀ. ਸੀ. ਐਸ. ਦੇ ਪ੍ਰੋਗਰਾਮ ਵਿਚ ਹਿੱਸਾ ਲੈ ਰਹੀ ਹੈ।

ਪ੍ਰੋਗਰਾਮ ਦਾ ਪ੍ਰਬੰਧ ਪੀ. ਸੀ. ਐਸ. ਦੀ ਯੂਥ ਟੀਮ ਪਾਸ ਸੀ ਤੇ ਇਸ ਦੇ ਮੈਂਬਰ ਪਰਦੀਪ ਸਿੰਘ ਦਿਓਲ ਤੇ ਬਿਕਰਮ ਸਿੰਘ ਚੌਹਾਨ ਦੀ ਅਗਵਾਈ ਹੇਠ ਅਮਰਦੀਪ ਕੌਰ ਦਿਓਲ, ਹਰਲੀਨ ਕੌਰ ਸੈਣੀ, ਜਸਕਰਨ ਸਿੰਘ ਸੈਣੀ, ਅੰਮ੍ਰਿਤ ਰੰਧਾਵਾ, ਅਕੁੰਸ਼ ਵਰਮਾ, ਸ਼ਾਨ ਦੇਵ ਅਤੇ ਹਰਮਨ ਕੌਰ ਸਿੱਧੂ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਪੂਰੇ ਸਰਗਰਮ ਸਨ। ਉਨ੍ਹਾਂ ਦਾ ਮੁੱਖ ਮਹਿਮਾਨ ਡਾ. ਭੁਪਿੰਦਰ ਸਿੰਘ ਸੈਣੀ ਤੋਂ ਪਲੇਕ ਦਿਵਾ ਕੇ ਸਨਮਾਨ ਕੀਤਾ ਗਿਆ।

ਪਰਦੀਪ ਸਿੰਘ ਦਿਓਲ ਤੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ।





# ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' ਦਾ ਸਫਲ ਮੰਚਨ

**ਫਰਿਜ਼ਨੋ (ਬਿਊਰੋ):** ਪੰਜਾਬ ਦੇ ਕਿਸਾਨ ਦੀ ਆਰਥਿਕ ਤੇ ਸਮਾਜਿਕ ਦੁਰਦਸ਼ਾ ਨੂੰ ਬਿਆਨਦਾ ਅਸ਼ੋਕ ਟਾਂਗਰੀ ਦੁਆਰਾ ਨਿਰਦੇਸ਼ਤ ਤੇ ਤਾਰਾ ਸਾਗਰ ਦੀ ਪੇਸ਼ਕਸ਼ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' ਇਥੇ ਵੈਟਰਨ ਮੈਮੋਰੀਅਲ ਹਾਲ ਵਿਚ ਖੇਡਿਆ ਗਿਆ। ਨਾਟਕ ਵਿਚ ਇੱਕ ਕਿਸਾਨ ਦੇ ਜੀਵਨ ਦਾ ਐਸਾ ਚਿਤਰਨ ਸਿਰਜਿਆ ਗਿਆ ਹੈ ਕਿ ਦਰਸ਼ਕ ਬਹੁਤ ਵਾਰੀ ਰੋਏ ਤੇ ਬਹੁਤ ਵਾਰੀ ਹੱਸੇ।

ਅਸ਼ੋਕ ਟਾਂਗਰੀ ਨੇ ਖੁਦ ਇੱਕ ਅਮਲੀ ਦਾ ਰੋਲ ਕੀਤਾ ਜਿਸ ਨੂੰ ਉਨ੍ਹਾਂ ਬਹੁਤ ਸ਼ਿੱਦਤ ਨਾਲ ਨਿਭਾਇਆ। ਜਸਵੰਤ ਸ਼ਾਦ ਨੇ ਨਾਟਕ ਦੇ ਮੁੱਖ ਪਾਤਰ ਯਾਨਿ ਕਿਸਾਨ ਦਾ ਰੋਲ ਕਰਕੇ ਨਾਟਕ ਵਿਚ ਨਵੀਂ ਰੂਹ ਫੂਕ ਦਿੱਤੀ। ਕਿਸਾਨ ਦੀ ਪਤਨੀ ਦਾ ਰੋਲ ਨਿਭਾਉਣ ਵਾਲੀ ਡਿੰਪਲ ਬੈਂਸ ਅਤੇ ਬੱਚਿਆਂ ਦਾ ਕਿਰਦਾਰ ਨਿਭਾਉਣ ਵਾਲੇ ਜੱਸੀ ਢਿੱਲੋਂ ਤੇ ਜਾਨਵੀ ਬੈਂਸ ਦੀ ਅਦਾਕਾਰੀ ਵੀ ਕਮਾਲ ਦੀ ਸੀ। ਸੋਨੂੰ ਬੈਂਸ ਭੱਈਏ ਦੇ ਰੋਲ 'ਚ ਪੂਰਾ ਜਚਿਆ।

ਕਿਸਾਨ ਦੇ ਜੀਵਨ ਦੇ ਆਲੇ-ਦੁਆਲੇ ਘੁੰਮਦਾ ਇਹ ਨਾਟਕ ਇੱਕ ਵਾਰ ਤਾਂ ਹਰ ਦਰਸ਼ਕ ਨੂੰ ਸੱਚੀਂ ਪੰਜਾਬ ਲੈ ਗਿਆ। ਨਾਟਕ ਵਿਚ ਵਿਖਾਇਆ ਗਿਆ ਕਿ ਕਿਵੇਂ ਇੱਕ ਕਿਸਾਨ ਦਾ ਹੱਸਦਾ-ਵੱਸਦਾ ਘਰ ਸਰਕਾਰਾਂ, ਸਮਾਜ ਤੇ ਕੁਝ ਕੁ ਉਹਦੀਆਂ ਆਪਣੀਆਂ ਗਲਤੀਆਂ ਕਰਕੇ ਉਜੜ ਜਾਂਦਾ ਹੈ। ਧੀਆਂ-ਪੁੱਤਾਂ ਦੇ ਵਿਆਹਾਂ ਦਾ ਕਰਜ਼ਾ ਤੇ ਮੰਡੀਆਂ ਵਿਚ ਹੁੰਦੀ ਕਿਸਾਨ ਦੀ ਸਰਕਾਰੀ ਲੁੱਟ ਹੀ ਕਿਸਾਨ ਦੇ ਗਲ ਦਾ ਫੰਦਾ ਬਣ ਜਾਂਦੀ ਹੈ।

ਡਾ. ਹਰਮੇਸ਼ ਅਤੇ ਗੁਰਦੀਪ ਸ਼ੇਰਗਿੱਲ ਵੀ ਸਟੇਜ ਤੋਂ ਦਰਸ਼ਕਾਂ ਨੂੰ ਮੁਖਾਤਿਬ ਹੋਏ ਤੇ ਉਨ੍ਹਾਂ ਕਿਸਾਨਾਂ ਦੀ ਦੁਰਦਸ਼ਾ ਬਿਆਨਣ ਵਿਚ ਨਾਟਕ ਨੂੰ ਸਫਲ ਕਰਾਰ ਦਿੱਤਾ। ਸਟੇਜ ਸੰਚਾਲਨ ਉਘੇ ਸ਼ਾਇਰ ਹਰਜਿੰਦਰ ਕੰਗ ਨੇ ਕੀਤਾ। ਨਾਟਕ ਜੀ. ਐਚ. ਜੀ. ਅਕੈਡਮੀ ਤੇ ਇੰਡੋ-ਯੂ. ਐਸ. ਹੈਰੀਟੇਜ ਫੋਰਮ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ।





## ਨਵਾਜ਼ ਸ਼ਰੀਫ ਖਿਲਾਫ ਭ੍ਰਿਸ਼ਟਾਚਾਰ ਦੇ ਇਕ ਹੋਰ ਮਾਮਲੇ 'ਚ ਦੋਸ਼ ਤੈਅ

**ਲਾਹੌਰ:** ਪਾਕਿਸਤਾਨ ਦੇ ਬਰਤਰਫ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਖਿਲਾਫ਼ ਮੁਲਕ ਦੀ ਇਕ ਭ੍ਰਿਸ਼ਟਾਚਾਰ ਰੋਕੂ ਅਦਾਲਤ ਨੇ ਭ੍ਰਿਸ਼ਟਾਚਾਰ ਦੇ ਤੀਜੇ ਮਾਮਲੇ ਵਿਚ ਦੋਸ਼ ਤੈਅ ਕੀਤੇ ਹਨ। ਇਹ ਮਾਮਲਾ ਉਨ੍ਹਾਂ ਵੱਲੋਂ ਵਿਦੇਸ਼ਾਂ ਵਿਚ ਨਿਵੇਸ਼ ਅਤੇ ਬੇਹਿਸਾਬੀ ਜਾਇਦਾਦ ਬਣਾਉਣ ਨਾਲ ਸਬੰਧਤ ਹੈ। ਜਵਾਬਦੇਹੀ ਅਦਾਲਤ ਦੇ ਜੱਜ ਮੁਹੰਮਦ ਬਸ਼ੀਰ ਨੇ 67 ਸਾਲਾ ਸ੍ਰੀ ਸ਼ਰੀਫ਼ ਖਿਲਾਫ਼ ਆਮਦਨ ਦੇ ਜ਼ਾਹਰਾ ਵਸੀਲਿਆਂ ਤੋਂ ਵੱਧ ਜਾਇਦਾਦ ਇਕੱਤਰ ਕਰਨ ਦੇ ਦੋਸ਼ ਤੈਅ ਕੀਤੇ ਹਨ। ਗੌਰਤਲਬ ਹੈ ਕਿ ਕੌਮੀ ਜਵਾਬਦੇਹੀ ਬਿਊਰੋ ਨੇ ਸ਼ਰੀਫ਼ ਤੇ ਉਨ੍ਹਾਂ ਦੇ ਪਰਿਵਾਰਕ ਜੀਆਂ ਖਿਲਾਫ਼ 8 ਸਤੰਬਰ ਨੂੰ ਭ੍ਰਿਸ਼ਟਾਚਾਰ ਦੇ ਤਿੰਨ ਕੇਸ ਦਰਜ ਕੀਤੇ ਸਨ, ਜਿਨ੍ਹਾਂ ਵਿਚੋਂ ਇਹ ਇਕ ਹੈ। ਇਹ ਕੇਸ ਸ੍ਰੀ ਸ਼ਰੀਫ਼ ਨੂੰ ਸੁਪਰੀਮ ਕੋਰਟ ਵੱਲੋਂ ਬੀਤੀ 28 ਜੁਲਾਈ ਨੂੰ ਪਨਾਮਾ ਦਸਤਾਵੇਜ਼ ਮਾਮਲੇ ਵਿਚ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਦਰਜ ਕੀਤੇ ਗਏ ਹਨ।

## ਹਾਫਿਜ਼ ਸਈਦ ਦੀ ਨਜ਼ਰਬੰਦੀ ਵਧਾਈ

**ਲਾਹੌਰ:** ਲਹਿੰਦੇ ਪੰਜਾਬ ਦੇ ਨਿਆਇਕ ਸਮੀਖਿਆ ਬੋਰਡ ਨੇ ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਅਤੇ ਪਾਬੰਦੀਸ਼ੁਦਾ ਜਥੇਬੰਦੀ ਜਮਾਤ-ਉਦ-ਦਾਵਾ ਦੇ ਮੁਖੀ ਹਾਫ਼ਿਜ਼ ਸਈਦ ਦੀ ਨਜ਼ਰਬੰਦੀ 30 ਦਿਨ ਹੋਰ ਵਧਾ ਦਿੱਤੀ ਹੈ। ਹਾਲਾਂਕਿ ਬੋਰਡ ਨੇ ਉਸ ਦੇ ਚਾਰ ਸਾਥੀਆਂ ਦੀ ਹਿਰਾਸਤ ਬਾਰੇ ਸਰਕਾਰ ਦੀ ਬੇਨਤੀ ਠੁਕਰਾ ਦਿੱਤੀ।

## ਈਜ਼ੀ ਸੋਲਿਊਸ਼ਨਜ਼ ਨੇ ਈ. ਐਲ. ਡੀ. ਜਾਗ੍ਰਿਤੀ ਪ੍ਰੋਗਰਾਮ ਕਰਵਾਇਆ

**ਫਰਿਜ਼ਨੋ (ਬਿਊਰੋ):** ਲੰਮੇ ਰੂਟ ਵਾਲੇ ਟਰੱਕਾਂ ਵਿਚ ਇਲੈਕਟ੍ਰਾਨਿਕ ਲਾਗ ਡਿਵਾਈਸ (ਈ. ਐਲ. ਡੀ.) ਆਉਂਦੀ 18 ਦਸੰਬਰ ਤੋਂ ਲਾਗੂ ਕੀਤੇ ਜਾਣ ਦੇ ਫੈਸਲੇ ਸਬੰਧੀ ਈਜ਼ੀ ਸੋਲਿਊਸ਼ਨਜ਼





ਨੇ ਲੰਘੇ ਐਤਵਾਰ ਇਥੇ ਇੰਡੀਆ ਓਵਨ ਰੈਸਟੋਰੈਂਟ ਵਿਚ ਡਰਾਈਵਰ ਵੀਰਾਂ ਨੂੰ ਨਵੀਂ ਤਕਨੀਕ ਸਬੰਧੀ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ। ਪ੍ਰਬੰਧਕਾਂ ਨੇ ਡਰਾਈਵਰਾਂ ਨੂੰ ਈ. ਐਲ. ਡੀ. ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਇਹ ਅਪਨਾਉਣ ਦੀ ਸਲਾਹ ਦਿੱਤੀ।

ਇਸ ਮੌਕੇ ਕੈਲੀਫੋਰਨੀਆ ਹਾਈਵੇਅ ਪਟਰੋਲ ਅਫਸਰ ਕ੍ਰਿਸਟੋਫਰ ਟੂਟਲ ਨੇ ਈ. ਐਲ. ਡੀ. ਸਬੰਧੀ ਜਾਣਕਾਰੀ ਡਰਾਈਵਰਾਂ ਨਾਲ ਵਿਸਥਾਰ ਵਿਚ ਸਾਂਝੀ ਕੀਤੀ ਤੇ ਠਰੰਮੇ ਨਾਲ ਡਰਾਈਵਰਾਂ ਦੇ ਸਵਾਲਾਂ ਦੇ ਜੁਆਬ ਦਿੱਤੇ। ਈਸ਼ਰ ਸਿੰਘ ਅਤੇ ਪਰਮਬੀਰ ਬਰਾਹ ਨੇ ਵੀ ਈ. ਐਲ. ਡੀ. ਸਬੰਧੀ ਜਾਣਕਾਰੀ ਡਰਾਈਵਰਾਂ ਨਾਲ ਸਾਂਝੀ ਕੀਤੀ। ਉਘੇ ਟਰਾਂਸਪੋਰਟ ਪਾਲ ਸਹੋਤਾ, ਡੀਜ਼ਲ ਮਕੈਨਿਕ ਮਨਜੀਤ ਸਿੰਘ ਅਤੇ ਫਾਰਮਰ ਇੰਸ਼ੋਰੈਂਸ ਵਾਲੇ ਜਗਦੀਪ ਸਿੰਘ ਨੇ ਵੀ ਆਪਣੇ ਵਿਚਾਰ ਆਏ ਡਰਾਈਵਰ ਵੀਰਾਂ ਨਾਲ ਸਾਂਝੇ ਕੀਤੇ।

# ਸਿੱਖ ਰਾਈਡਰਜ਼ ਵੱਲੋਂ ਬੇਕਰਜ਼ਫੀਲਡ ਵਿਚ ਸਿੱਖ ਪਛਾਣ ਲਈ 5ਵੀਂ ਰੈਲੀ

**ਬੇਕਰਜ਼ਫੀਲਡ (ਬਿਊਰੋ):** ਨਾਮੀ ਮੋਟਰਸਾਈਕਲ ਕਲੱਬ 'ਸਿੱਖ ਰਾਈਡਰਜ਼ ਆਫ ਅਮਰੀਕਾ' ਨੇ ਇਥੇ ਲੰਘੇ ਸਨਿਚਰਵਾਰ ਸਿੱਖ ਪਛਾਣ ਬਾਰੇ 5ਵੀਂ ਮੋਟਰਸਾਈਕਲ ਰੈਲੀ ਕੱਢੀ। ਜ਼ਿਕਰਯੋਗ ਹੈ ਕਿ 'ਸਿੱਖ ਰਾਈਡਰਜ਼ ਆਫ ਅਮਰੀਕਾ' ਗਰੁਪ ਵਿਸਕਾਨਸਿਨ ਦੇ ਗੁਰਦੁਆਰਾ ਓਕ ਕਰੀਕ ਵਿਚ ਪੰਜ ਸਾਲ ਪਹਿਲਾਂ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿਚ ਆਇਆ ਸੀ। ਇਹ ਗਰੁਪ ਵੱਖ ਵੱਖ ਸ਼ਹਿਰਾਂ ਵਿਚ ਪਹੁੰਚ ਕੇ ਅਮਰੀਕਣਾਂ ਨੂੰ ਸਿੱਖ ਪਛਾਣ ਸਬੰਧੀ ਜਾਣੂ ਕਰਵਾਉਂਦਾ ਹੈ।

ਰੈਲੀ ਦਾ ਪ੍ਰਬੰਧ ਸਥਾਨਕ ਹਾਰਲੀ ਡੇਵਿਡਸਨ ਮੋਟਰ ਸਾਈਕਲ ਡੀਲਰਸ਼ਿਪ 'ਤੇ ਕੀਤਾ ਗਿਆ। ਇਸ ਵਿਚ ਵੱਡੀ ਗਿਣਤੀ ਮੋਟਰਸਾਈਕਲ ਸਵਾਰਾਂ ਨੇ ਹਿੱਸਾ ਲਿਆ ਅਤੇ 500 ਦੇ ਕਰੀਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਰੈਲੀ ਦੌਰਾਨ 3 ਲੋਕਲ ਲਾਅ ਇਨਫੋਰਸਮੈਂਟ ਏਜੰਸੀਆਂ ਲਈ ਫੰਡ ਇਕੱਤਰ ਕੀਤਾ ਗਿਆ।

ਇਸ ਮੌਕੇ ਸੰਸਥਾ ਦੇ ਬੁਲਾਰਿਆਂ ਨੇ ਦੱਸਿਆ ਕਿ ਇਸ ਸਾਲ ਖਾਸ ਤੌਰ 'ਤੇ ਲੱਗੇ ਸਿੱਖ ਰਾਈਡਰਜ਼ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿਟ ਵੀ ਵੰਡੇ ਗਏ। ਇਸ ਪਿੱਛੋਂ ਇਹ ਰੈਲੀ ਬੁਆਏ ਐਂਡ ਗਰਲ ਪਾਰਕ ਪਹੁੰਚੀ ਜਿਥੇ ਪੰਜਾਬੀ ਗੀਤਾਂ 'ਤੇ ਭੰਗੜਾ ਪਾਉਂਦੇ ਗੋਰਿਆਂ ਨੂੰ ਸਿੱਖ ਲਿਟਰੇਚਰ ਵੰਡਿਆ ਗਿਆ। ਉਹ ਸਿੱਖ ਧਰਮ ਪ੍ਰਤੀ ਜਾਣ ਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ਼ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਗੋਰਿਆਂ ਦੇ ਬੈਂਡ ਤੋਂ ਬਿਨਾ ਪੰਜਾਬੀ ਲੋਕ ਗਾਇਕ ਬੱਬੂ ਗੁਰਪਾਲ ਨੇ ਵੀ ਆਪਣੀ ਗਾਇਕੀ ਦਾ ਜਾਦੂ ਬਿਖੇਰਿਆ।







ਬੁਆਏ ਐਂਡ ਗਰਲ ਪਾਰਕ ਪਹੁੰਚੀ ਰੈਲੀ ਵਿਚ ਸ਼ਾਮਲ ਲੋਕ

# ਗੁਰਦੁਆਰਾ ਸੰਤ ਸਾਗਰ ਦੇ ਉਦਮ ਨਾਲ ਸਜਿਆ ਮਹਾਨ ਨਗਰ ਕੀਰਤਨ

**ਨਿਊ ਯਾਰਕ (ਬਿਊਰੋ):** ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਦੇ ਉਦਮ ਨਾਲ 12ਵਾਂ ਮਹਾਨ ਨਗਰ ਕੀਰਤਨ ਲੰਘੇ ਸਨਿਚਰਵਾਰ ਸਜਾਇਆ ਗਿਆ ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਹਾਜ਼ਰੀ ਲੁਆਈ। ਗੁਰਪੁਰਬ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸੰਤ ਸਾਗਰ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ ਜੋ 5 ਨਵੰਬਰ ਤੱਕ ਜਾਰੀ ਰਹਿਣਗੀਆਂ।

ਨਗਰ ਕੀਰਤਨ ਦਾ ਅਰੰਭ ਗੁਰੂ ਚਰਨਾਂ ਵਿਚ ਅਰਦਾਸ ਉਪਰੰਤ ਰਵਾਇਤੀ ਅਸਤਰ-ਬਸਤਰ ਵਿਚ ਸਜੇ ਨਿਸ਼ਾਨਚੀਆਂ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਕ ਸੁੰਦਰ ਸਜੀ ਪਾਲਕੀ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਜੈਕਾਰਿਆਂ ਦੀ ਗੂੰਜ ਵਿਚ ਅਰੰਭ ਹੋਇਆ। ਝਾੜੂਬਰਦਾਰ ਗੁਰੂ ਮਹਾਰਾਜ ਦੀ ਸਵਾਰੀ ਅੱਗੇ ਸੜਕ ਸਾਫ ਕਰਦੇ ਜਾ ਰਹੇ ਸਨ। ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਗੁਰੂ ਮਹਾਰਾਜ ਦੀ ਸਵਾਰੀ ਨਾਲ ਚੱਲ ਰਹੀਆਂ ਸਨ। ਬੱਚਿਆਂ ਦਾ ਇਕ ਗਰੁਪ ਮਾਰਸ਼ਲ ਆਰਟ ਗਤਕੇ ਦੇ ਜੌਹਰ ਦਿਖਾ ਰਿਹਾ ਸੀ। ਇਕ ਹੈਲੀਕਾਪਟਰ ਨਗਰ ਕੀਰਤਨ ਉਤੇ ਫੁੱਲਾਂ ਦੀ ਵਰਖਾ ਕਰ ਰਿਹਾ ਸੀ। ਖਾਲਸਾਈ ਵਰਦੀ ਵਿਚ ਸਜਿਆ ਬੱਚਿਆਂ ਦਾ ਜਥਾ ਆਪਣੇ ਬੈਂਡ ਨਾਲ ਹਾਜ਼ਰ ਸੀ।







ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) ਸਾਰਾ ਰਸਤਾ ਪੈਦਲ ਤੁਰ ਕੇ ਸੰਗਤਾਂ ਦਾ ਪਿਆਰ ਕਬੂਲਦੇ ਰਹੇ। ਟਰਾਈ ਸਟੇਟ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਤੋਂ ਇਲਾਵਾ ਸਟੇਟ ਅਤੇ ਸਥਾਨਕ ਪ੍ਰਸ਼ਾਸਨ ਦੇ ਅਧਿਕਾਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਪਿਛੇ ਚੱਲ ਰਹੇ ਸਨ। ਅਮਰੀਕੀ ਆਗੂਆਂ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਉਨ੍ਹਾਂ ਨੂੰ ਸਿੱਖ ਕੌਮ ਉਤੇ ਮਾਣ ਹੈ।

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਗੁਰਦੁਆਰਾ ਫਲੱਸ਼ਿੰਗ, ਗੁਰਦੁਆਰਾ 222 ਸਟਰੀਟ, ਗੁਰਦੁਆਰਾ ਗੁਰੂ ਰਵਿਦਾਸ ਸਭਾ, ਸੰਤ ਪ੍ਰੇਮ ਸਿੰਘ ਸਿੱਖ ਸੁਸਾਇਟੀ, ਸ਼੍ਰੋਮਣੀ ਅਕਾਲੀ ਦਲ ਨਿਊ ਯਾਰਕ, ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ ਸਣੇ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਨਗਰ ਕੀਰਤਨ 'ਚ ਹਾਜ਼ਰੀ ਭਰ ਰਹੇ ਸਨ।

ਸਾਰੇ ਰਸਤੇ ਸ਼ਰਧਾਲੂ ਸੰਗਤਾਂ ਨੇ ਭਾਂਤ-ਸੁਭਾਂਤੇ ਭੋਜਨ ਪਦਾਰਥਾਂ ਦੇ ਸਟਾਲ ਲਾਏ ਹੋਏ ਸਨ। ਸੰਗਤਾਂ ਚਾਹ ਪਕੌੜੇ, ਪੀਜ਼ਾ, ਆਈਸ ਕਰੀਮ, ਹਦਵਾਣੇ, ਸਮੋਸੇ ਅਤੇ ਹੋਰ ਲੰਗਰ-ਪਾਣੀ ਛਕ ਰਹੀਆਂ ਸਨ। ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ ਅਤੇ ਸ਼ਹੀਦ ਊਧਮ ਸਿੰਘ ਸਭਾ ਨਿਊ ਯਾਰਕ ਤੋਂ ਇਲਾਵਾ ਕਪੂਰਥਲਾ ਸਪੋਰਟਸ ਕਲੱਬ ਵਾਲਿਆਂ ਨੇ ਵੀ ਸਟਾਲ ਲਾਏ। ਨਗਰ ਕੀਰਤਨ ਵੱਖ ਵੱਖ ਸੜਕਾਂ ਤੋਂ ਹੁੰਦਾ ਹੋਇਆ ਵਾਪਸ ਗੁਰੂ ਘਰ ਪਹੁੰਚਿਆ ਤੇ ਅਰਦਾਸ ਉਪਰੰਤ ਸਮਾਪਤ ਹੋਇਆ। ਗੁਰੂ ਘਰ ਦੇ ਮੁੱਖ ਸੇਵਕ ਭਾਈ ਸੱਜਣ ਸਿੰਘ ਨੇ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਵਾਹਿਗੁਰੂ ਦੇ ਚਰਨਾਂ ਵਿਚ ਸਭਨਾਂ ਨੂੰ ਗੁਰਮਤਿ ਨਾਲ ਜੁੜਨ ਦੀ ਸਮਰੱਥਾ ਬਖਸ਼ਣ ਦੀ ਅਰਦਾਸ ਕੀਤੀ।





ਨਗਰ ਕੀਰਤਨ ਤੋਂ ਪਹਿਲਾਂ ਦੀਵਾਨ ਸਜੇ ਜਿਨ੍ਹਾਂ ਵਿਚ ਪੰਥ ਪ੍ਰਸਿਧ ਰਾਗੀਆਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਨਿਹਾਲ ਕੀਤਾ। ਭਾਈ ਗੁਰਪ੍ਰੀਤ ਸਿੰਘ ਬੱਲੜਵਾਲ, ਭਾਈ ਬਲਵਿੰਦਰ ਸਿੰਘ ਅਤੇ ਹੋਰ ਜਥਿਆਂ ਨੇ ਹਾਜ਼ਰੀ ਭਰੀ। ਢਾਡੀਆਂ ਨੇ ਵੀ ਹਾਜ਼ਰੀ ਲੁਆਈ।

ਜ਼ਿਕਰਯੋਗ ਹੈ ਕਿ ਗੁਰਪੁਰਬ ਨੂੰ ਮੁੱਖ ਰੱਖਦਿਆਂ 29 ਅਕਤੂਬਰ ਤੋਂ 5 ਨਵੰਬਰ ਤੱਕ ਵਿਸ਼ੇਸ਼ ਸਮਾਗਮ ਚੱਲਣਗੇ ਜਿਨ੍ਹਾਂ ਵਿਚ ਭਾਈ ਸਰਬਜੀਤ ਸਿੰਘ ਰੰਗੀਲਾ (ਦੁਰਗ ਵਾਲੇ), ਭਾਈ ਗੁਰਪ੍ਰੀਤ ਸਿੰਘ ਬੱਲੜਵਾਲ ਤੇ ਭਾਈ ਬਲਵਿੰਦਰ ਸਿੰਘ ਪਿਹੋਵੇ ਵਾਲੇ ਦੇ ਰਾਗੀ ਜਥੇ, ਕਥਾਵਾਚਕ ਗਿਆਨੀ ਸਾਹਿਬ ਸਿੰਘ (ਕੈਨੇਡਾ ਵਾਲੇ), ਬੀਬੀ ਜਸਵਿੰਦਰ ਕੌਰ ਖਾਲਸਾ (ਰਾਮਾ ਮੰਡੀ ਵਾਲੇ) ਦੇ ਢਾਡੀ ਜਥੇ ਤੋਂ ਇਲਾਵਾ ਭਾਈ ਸੁਵਿੰਦਰ ਸਿੰਘ (ਸਾਬਕਾ ਜਥੇਦਾਰ ਤਖਤ ਸ੍ਰੀ ਕੇਸਗੜ ਸਾਹਿਬ) ਗੁਰੂ ਘਰ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।

















# ਸਿੱਖ ਕੌਂਸਲ ਆਫ ਕੈਲੀਫੋਰਨੀਆ ਵਲੋਂ ਆਫਤ ਮਾਰਿਆਂ ਲਈ 12,500 ਡਾਲਰ ਦੀ ਮਦਦ

**ਫਰਿਜ਼ਨੋ (ਬਿਊਰੋ):** ਸਿੱਖ ਕੌਂਸਲ ਆਫ ਕੈਲੀਫੋਰਨੀਆ ਨੇ ਭੁਚਾਲ, ਅੱਗ ਨਾਲ ਹੋਏ ਨੁਕਸਾਨ ਅਤੇ ਹੜ੍ਹ ਪੀੜਤਾਂ ਦੀ ਮਦਦ ਲਈ 12,500 ਡਾਲਰ ਦੀ ਮਦਦ ਦਿੱਤੀ। ਇਸ ਸਬੰਧੀ ਇਕ ਸਮਾਗਮ ਕੌਂਸਲ ਵਲੋਂ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਕੀਤਾ ਗਿਆ ਜਿਸ ਵਿਚ ਪੰਜਾਬੀ ਭਾਈਚਾਰੇ ਦੇ ਕੁਝ ਨੁਮਾਇੰਦਿਆਂ ਤੋਂ ਇਲਾਵਾ ਅਮਰੀਕਨ ਰੈਡ ਕਰਾਸ ਦੇ ਅਧਿਕਾਰੀ ਵੀ ਹਾਜ਼ਰ ਸਨ।

ਇਸ ਮੌਕੇ ਸਿੱਖ ਕੌਂਸਲ ਆਫ ਕੈਲੀਫੋਰਨੀਆ ਵੱਲੋਂ ਅਮਰੀਕਨ ਸਮਾਜ ਭਲਾਈ, ਲੋੜਵੰਦਾਂ ਦੀ ਮਦਦ ਅਤੇ ਸਿੱਖ ਪਛਾਣ ਲਈ ਸੇਵਾਵਾਂ ਨਿਭਾ ਰਹੀ ਸੰਸਥਾ 'ਯੂਨਾਈਟਿਡ ਸਿੱਖਸ' ਨੂੰ 10,000 ਡਾਲਰ ਅਤੇ ਅਮਰੀਕਨ ਰੈਡ ਕਰਾਸ ਨੂੰ 2500 ਡਾਲਰ ਦਾਨ ਵਜੋਂ ਦਿੱਤੇ ਗਏ।

ਸਮਾਗਮ ਦੌਰਾਨ ਸਿੱਖ ਕੌਂਸਲ ਦੇ ਮੈਂਬਰਾਂ ਤੋਂ ਇਲਾਵਾ ਸੁਖਦੇਵ ਸਿੰਘ ਚੀਮਾ, ਅਮਰੀਕ ਸਿੰਘ ਵਿਰਕ, ਗੁਰਦੇਵ ਸਿੰਘ ਮੁਹਾਰ, ਮੋਹਨ ਸਿੰਘ ਬਦੇਸ਼ਾ, ਇਕਬਾਲ ਸਿੰਘ ਗਰੇਵਾਲ, ਹਰਦੇਵ ਸਿੰਘ ਗਿੱਲ, ਗੁਰਬਚਨ ਸਿੰਘ, ਰਾਜਵਿੰਦਰ ਸਿੰਘ ਬਰਾੜ, ਅੰਮ੍ਰਿਤਪਾਲ ਸਿੰਘ ਬਦੇਸ਼ਾ ਅਤੇ ਅਮਰੀਕਨ ਰੈਡ ਕਰਾਸ ਦੇ ਮੁੱਖ ਅਧਿਕਾਰੀ ਰੌਬ ਸਕੂਮਨ ਤੇ ਬੈਰੀ ਹਾਜ਼ਰ ਸਨ।

# ਉਸਤਾਦ ਯਮਲਾ ਜੱਟ 17ਵਾਂ ਮੇਲਾ ਯਾਦਗਾਰੀ ਹੋ ਨਿਬੜਿਆ

**ਫਰਿਜ਼ਨੋ (ਬਿਊਰੋ):** ਇਥੋਂ ਨਜ਼ਦੀਕੀ ਸ਼ਹਿਰ ਫਾਊਲਰ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਮਰਪਿਤ 17ਵਾਂ ਯਾਦਗਾਰੀ ਮੇਲਾ ਪੈਨਜੈਕ ਪਾਰਕ ਵਿਚ ਹੋਇਆ ਜਿਸ ਵਿਚ ਇਲਾਕੇ ਭਰ ਦੀਆਂ ਵੱਖ-ਵੱਖ ਸੱਭਿਆਚਾਰਕ ਤੇ ਰਾਜਨੀਤਕ ਸੰਸਥਾਵਾਂ ਦੇ ਨੁਮਾਇੰਦਿਆਂ ਸਮੇਤ ਵੱਡੀ ਗਿਣਤੀ ਪੰਜਾਬੀਆਂ ਨੇ ਸ਼ਿਰਕਤ ਕੀਤੀ।




ਮੇਲੇ ਦਾ ਰਸ਼ਮੀ ਆਗਾਜ਼ ਪੰਜਾਬ ਤੋਂ ਆਏ ਨਾਮੀ ਸ਼ਾਇਰ ਪ੍ਰੋ. ਗੁਰਭਜਨ ਸਿੰਘ ਗਿੱਲ ਅਤੇ ਹੋਰਨਾਂ ਵਲੋਂ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ 'ਤੇ ਫੁੱਲਾਂ ਦੇ ਹਾਰ ਪਾਉਣ ਨਾਲ ਹੋਇਆ। ਉਪਰੰਤ ਸ਼ੁਰੂ ਹੋਏ ਗਾਇਕੀ ਦੇ ਖੁੱਲ੍ਹੇ ਅਖਾੜੇ ਵਿਚ ਯਮਲਾ ਜੱਟ ਦੇ ਸ਼ਾਗਿਰਦ ਅਤੇ ਮੇਲੇ ਦੇ ਮੁੱਖ ਪ੍ਰਬੰਧਕ ਰਾਜ ਬਰਾੜ ਨੇ ਧਾਰਮਿਕ ਗੀਤਾਂ ਰਾਹੀਂ ਹਾਜ਼ਰੀ ਭਰੀ। ਬੁਲੰਦ ਆਵਾਜ਼ ਵਾਲੀ ਗਾਇਕਾ ਜੋਤ ਰਣਜੀਤ ਨੇ ਕਵੀਸ਼ਰੀ ਵਾਰਾਂ ਅਤੇ ਹਰਦੇਵ ਸਿੰਘ ਸਿੱਧੂ ਨੇ ਧਾਰਮਿਕ ਗੀਤ ਗਾਏ। ਦਿਲਦਾਰ ਮਿਊਜ਼ੀਕਲ ਗਰੁਪ ਦੇ ਅਵਤਾਰ ਗਰੇਵਾਲ, ਰਾਣਾ ਗਿੱਲ ਅਤੇ ਕੰਤਾ ਸਹੋਤਾ ਨੇ ਆਪਣੀ ਗਾਇਕੀ ਰਾਹੀਂ ਦਰਸ਼ਕਾਂ ਨੂੰ ਖੁਸ਼ ਕੀਤਾ। ਇਸ ਪਿਛੋਂ ਸੁਲਤਾਨ ਅਖਤਰ ਤੇ ਗੁਰਜੀਤ ਜੀਤੀ, ਰਵੀ ਰੰਧਾਵਾ, ਅਕਾਸ਼ਦੀਪ ਅਕਾਸ਼, ਜਸਵੰਤ ਸਿੰਘ, ਸੁਰਜੀਤ ਮਾਛੀਵਾੜਾ, ਰਾਜ ਬਰਾੜ ਅਤੇ ਪੱਪੀ ਭਦੌੜ ਨੇ ਆਪਣੀ ਗਾਇਕੀ ਨਾਲ ਖੂਬ ਰੰਗ ਬੰਨ੍ਹਿਆ।

ਮੇਲੇ ਦੌਰਾਨ ਮੁੱਖ ਮਹਿਮਾਨ ਪ੍ਰੋ. ਗੁਰਭਜਨ ਗਿੱਲ, ਪੱਤਰਕਾਰ ਐਸ. ਅਸ਼ੋਕ ਭੌਰਾ, ਡਾ. ਹਰਮੇਸ਼ ਕੁਮਾਰ, ਵਿਕਰਮ ਵੋਹਰਾ, ਰੌਣਕ ਸਿੰਘ, ਸੁਖਵਿੰਦਰ ਸੰਘੇੜਾ, ਨਰਿੰਦਰਪਾਲ ਹੁੰਦਲ, ਹਰਿੰਦਰ ਹੁੰਦਲ, ਵਿਨੈ ਵੋਹਰਾ ਅਤੇ ਜਗਜੀਤ ਸਿੰਘ ਥਿੰਦ ਨੇ ਵੀ ਸੰਬੋਧਨ ਕੀਤਾ।

ਮੰਚ ਸੰਚਾਲਨ ਮਰਹੂਮ ਗਾਇਕ ਕੁਲਦੀਪ ਮਾਣਕ ਦੀ ਪੁੱਤਰੀ ਸ਼ਕਤੀ ਮਾਣਕ ਅਤੇ ਕੁਲਵੰਤ ਧਾਲੀਆਂ ਨੇ ਬਾਖੂਬੀ ਕੀਤਾ। ਵੀਡੀਓਗ੍ਰਾਫੀ ਸ਼ਿਆਰਾ ਸਿੰਘ ਢੀਂਡਸਾ 'ਓਮਨੀ ਵੀਡੀਓ ਬੇਕਰਜ਼ਫੀਲਡ' ਨੇ ਕੀਤੀ।

# ਹੰਟਸਮੈਨ ਵਰਲਡ ਸੀਨੀਅਰ ਖੇਡਾਂ ਵਿਚ ਇੱਕ ਵਾਰ ਫੇਰ ਚਮਕੇ ਪੰਜਾਬੀ

**ਫਰਿਜ਼ਨੋ (ਬਿਊਰੋ):** ਹੰਟਸਮੈਨ ਸੀਨੀਅਰ ਵਿਸ਼ਵ ਖੇਡਾਂ ਸੇਂਟ ਜੌਰਜ, ਯੂਟਾ ਵਿਚ 9 ਅਕਤੂਬਰ ਤੋਂ 21 ਅਕਤੂਬਰ ਤੱਕ ਹੋਈਆਂ। ਇਨ੍ਹਾਂ ਖੇਡਾਂ ਦੌਰਾਨ ਔਰਤਾਂ ਅਤੇ ਮਰਦਾਂ ਦੀਆਂ 30 ਵੱਖ ਵੱਖ ਕਿਸਮ ਦੀਆਂ ਖੇਡਾਂ ਹੋਈਆਂ ਤੇ ਇਨ੍ਹਾਂ 50 ਤੋਂ 100 ਸਾਲ ਦੇ ਔਰਤਾਂ ਤੇ ਮਰਦਾਂ ਨੇ ਭਾਗ ਲਿਆ।

ਫਰਿਜ਼ਨੋ ਨਿਵਾਸੀ ਗੁਰਬਖਸ਼ ਸਿੰਧ ਸਿੱਧੂ, ਸੁਖਨੈਣ ਸਿੰਘ ਤੇ ਕਮਲਜੀਤ ਜਿਹੜੇ ਸੀਨੀਅਰ ਗੱਭਰੂਆਂ ਦੇ ਤੌਰ 'ਤੇ ਜਾਣੇ ਜਾਂਦੇ ਹਨ ਤੇ ਅਮਰੀਕਾ ਵਿਚ ਸੀਨੀਅਰ ਵਰਲਡ ਖੇਡਾਂ ਵਿਚ ਆਪਣੀ ਤਾਕਤ ਰਾਹੀਂ ਪੰਜਾਬੀਅਤ ਦਾ ਲੋਹਾ ਮੰਨਵਾ ਰਹੇ ਹਨ, ਵਿਚੋਂ ਕਮਲਜੀਤ ਸਿੰਘ ਨੇ 50-54 ਸਾਲ ਵਰਗ ਦੀਆਂ ਦੌੜਾਂ ਦੌਰਾਨ 200 ਮੀਟਰ ਦੌੜ ਵਿਚ ਪੰਜਵਾਂ ਸਥਾਨ ਹਾਸਲ ਕੀਤਾ, 400 ਮੀਟਰ ਵਿਚ ਚੌਥਾ, 800 ਮੀਟਰ ਵਿਚ ਅੱਠਵਾਂ ਤੇ 1500 ਮੀਟਰ ਵਿਚ ਛੇਵਾਂ ਸਥਾਨ ਪ੍ਰਾਪਤ ਕੀਤਾ।




ਸੁਖਨੈਣ ਸਿੰਘ ਨੇ ਅਥਲੈਟਿਕਸ ਵਿਚ 60-64 ਸਾਲ ਵਰਗ ਵਿਚ ਟ੍ਰਿਪਲ ਜੰਪ ਵਿਚ ਚੌਥਾ ਤੇ ਸਟੈਂਡਿੰਗ ਜੰਪ ਵਿਚ ਪੰਜਵਾਂ ਸਥਾਨ ਹਾਸਲ ਕੀਤਾ। ਗੁਰਬਖਸ਼ ਸਿੰਘ ਸਿੱਧੂ ਨੇ 60-64 ਸਾਲ ਵਰਗ ਦੇ ਡਿਸਕਸ ਥਰੋ ਵਿਚ ਨੌਂਵਾਂ ਸਥਾਨ ਤੇ 50 ਮੀਟਰ ਡੈਸ਼ ਰਨ ਵਿਚ 13ਵਾਂ ਸਥਾਨ ਹਾਸਲ ਕੀਤਾ।

ਜ਼ਿਕਰਯੋਗ ਹੈ ਕਿ ਬਰਮਿੰਘਮ ਵਿਚ ਹੋਈਆਂ ਪਿਛਲੀਆਂ ਵਿਸ਼ਵ ਖੇਡਾਂ ਵਿਚ ਸੁਖਨੈਣ ਤੇ ਗੁਰਬਖਸ਼-ਦੋਵੇਂ ਹੀ ਚਾਂਦੀ ਅਤੇ ਕਾਂਸੀ ਦੇ ਤਗਮੇ ਲੈ ਕੇ ਆਏ ਸਨ। ਇਸ ਵਾਰ ਬੇਸ਼ੱਕ ਉਹ ਕੋਈ ਤਗਮਾ ਨਹੀਂ ਜਿੱਤ ਸਕੇ ਪਰ ਦੁਨੀਆਂ ਦੇ ਪਹਿਲੇ ਦਸ-ਪੰਦਰਾਂ ਚੋਟੀ ਦੇ ਖਿਡਾਰੀਆਂ ਵਿਚ ਪੰਜਾਬੀਆਂ ਨੂੰ ਮਾਣ ਦਿਵਾਉਣਾ ਵੀ ਛੋਟੀ ਪ੍ਰਾਪਤੀ ਨਹੀਂ। ਪੱਲਿਓਂ ਪੈਸੇ ਖਰਚ ਕੇ ਇਨ੍ਹਾਂ ਖੇਡਾਂ ਵਿਚ ਭਾਗ ਲੈਣਾ ਤੇ ਦਸਤਾਰਾਂ ਸਜਾ ਕੇ ਪੂਰੀ ਦੁਨੀਆਂ ਨੂੰ ਸਿੱਖ ਪਛਾਣ ਤੋਂ ਜਾਣੂ ਕਰਵਾਉਣਾ ਵੀ ਕਿਸੇ ਸਾਧਨਾ ਨਾਲੋਂ ਘੱਟ ਨਹੀਂ।

**Gill Financial & Insurance Services**
31080 Union City Blvd# 201, Union City, CA 94587

**Insurance**

*Auto *Home *Business *Life
*Health Insurance
*ਆਟੋ *ਹੋਮ *ਬਿਜਨਸ *ਲਾਈਫ *ਹੈਲਥ ਇੰਸ਼ੋਰੈਂਸ

**Save up to 25%**
Get all the discounts.

**Specialize in:**
*Retirement Planning
(401K-IRA-SEPIRA)
*Education Funding
*Tax Planning
*Estate Planning
*Investment Planning
*Business Continuation
*Mortgage Protection
*Family Life Insurance



24 years experience

Manjit Gill
CA Ins Lic#0B23990

**Call Manjit Gill, Ph: 510-888-1180**
www.Gillfinancial.com

**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**
**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**
www.Transportationfunding.com
**Transportation Funding Group, Inc.**
Minneapolis, MN 55426

# ਨਾਇਤਫਾਕੀ ਤੇ ਸੀਨਾਜ਼ੋਰੀ




ਕਲਾ ਪਰਿਕਰਮਾ

ਕਿਤਾਬਾਂ ਅਤੇ ਲੇਖਕਾਂ ਉਪਰ ਹਮਲਿਆਂ ਦੇ ਦੌਰ ਦੌਰਾਨ ਇੱਕ ਚੰਗੀ ਖ਼ਬਰ 13 ਅਕਤੂਬਰ ਨੂੰ ਸੁਪਰੀਮ ਕੋਰਟ ਤੋਂ ਆਈ। ਸਰਬ-ਉਚ ਅਦਾਲਤ ਨੇ ਉਸ ਜਨਹਿੱਤ ਪਟੀਸ਼ਨ ਨੂੰ ਖਾਰਿਜ ਕਰ ਦਿੱਤਾ ਜਿਸ ਵਿਚ ਉਘੇ ਰਾਜਸੀ ਸਿਧਾਂਤਕਾਰ ਤੇ ਦਲਿਤ ਵਿਦਵਾਨ ਕਾਂਚਾ ਇਲੱਈਆ ਦੀ ਕਿਤਾਬ 'ਪੋਸਟ ਹਿੰਦੂ ਇੰਡੀਆ' ਉਪਰ ਸਮਾਜਿਕ ਖਿਚਾਅ ਪੈਦਾ ਕਰਨ ਦੇ ਦੋਸ਼ ਲਾਉਂਦਿਆਂ ਪਾਬੰਦੀ ਲਗਾਏ ਜਾਣ ਦੀ ਮੰਗ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਕਿਹਾ, "ਕਿਤਾਬ ਉਤੇ ਪਾਬੰਦੀ, ਬੋਲਣ



**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਡਾ. ਕਾਂਚਾ ਇਲੱਈਆ ਦੇ ਹੱਕ ਦੀ ਉਲੰਘਣਾ ਹੋਵੇਗੀ।" ਇਸ ਫ਼ੈਸਲੇ ਦੀ ਮੀਡੀਆ ਵਿਚ ਬਹੁਤੀ ਚਰਚਾ ਨਹੀਂ ਹੋਈ, ਪਰ ਇਸ ਤੋਂ ਭੜਕ ਕੇ ਆਂਧਰਾ ਪ੍ਰਦੇਸ਼ ਵਿਚ ਕਈ ਥਾਈਂ ਹਿੰਸਕ ਵਾਰਦਾਤਾਂ ਜ਼ਰੂਰ ਹੋਈਆਂ ਅਤੇ ਇੱਕਾ-ਦੁੱਕਾ ਘਟਨਾਵਾਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ।


ਡਾ. ਕਾਂਚਾ ਇਲੱਈਆ ਹਿੰਸਾ ਤੇ ਭੜਕਾਹਟ ਤੋਂ ਨਾਵਾਕਫ਼ ਨਹੀਂ। ਦਲਿਤ ਚੇਤਨਾ ਦੇ ਅਲੰਬਰਦਾਰ ਹੋਣ ਦੇ ਨਾਤੇ ਉਹ ਪਹਿਲਾਂ ਵੀ ਜ਼ਿਹਨੀ ਤੇ ਜਿਸਮਾਨੀ ਹਿੰਸਾ ਨਾਲ ਜੂਝਦੇ ਆਏ ਹਨ। ਹੁਣ ਵੀ ਤੈਲਗੂ ਦੇਸਮ ਪਾਰਟੀ ਦੇ ਇੱਕ ਸੰਸਦ ਮੈਂਬਰ ਨੇ ਉਨ੍ਹਾਂ ਦੀਆਂ ਲੱਤਾਂ ਤੋੜਨ ਦੀ ਧਮਕੀ ਦਿੱਤੀ ਹੈ। ਉਨ੍ਹਾਂ ਦੇ ਆਲੋਚਕ ਉਨ੍ਹਾਂ ਉਤੇ ਜਾਣ-ਬੁੱਝ ਕੇ ਭੜਕਾਊ ਲਿਖ਼ਤਾਂ ਲਿਖਣ ਦੇ ਦੋਸ਼ ਲਾਉਂਦੇ ਰਹੇ ਹਨ। ਉਨ੍ਹਾਂ ਨੂੰ ਪਹਿਲਾਂ ਅਜਿਹੇ ਅਨਸਰਾਂ ਤੋਂ ਭੈਅ ਵੀ ਨਹੀਂ ਸੀ ਆਉਂਦਾ, ਪਰ ਅਸਹਿਣਸ਼ੀਲਤਾ ਦਾ ਮੌਜੂਦਾ ਦੌਰ ਅਜਿਹਾ ਹੈ ਕਿ ਕੀਹਨੇ ਕਿਸ ਨੁਕਤੇ ਤੋਂ ਕਿੰਨਾ ਭੜਕ ਜਾਣਾ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਡਾ. ਇਲੱਈਆ ਨੂੰ ਪਿਛਲੇ ਮਹੀਨੇ ਤੋਂ ਧਮਕੀਆਂ ਮਿਲ ਰਹੀਆਂ ਸਨ; ਧਮਕੀਆਂ ਵੀ ਅਜਿਹੀਆਂ ਖ਼ੌਫ਼ਨਾਕ ਕਿ ਉਨ੍ਹਾਂ ਨੇ ਹੈਦਰਾਬਾਦ ਦੀ ਮੌਲਾਨਾ ਆਜ਼ਾਦ ਉਰਦੂ ਯੂਨੀਵਰਸਿਟੀ ਦੀ ਨੌਕਰੀ ਛੱਡ ਦਿੱਤੀ ਅਤੇ ਪੁਲਿਸ ਸੁਰੱਖਿਆ ਦੀ ਮੰਗ ਕੀਤੀ ਹੈ। ਬਿਲਕੁਲ ਉਹੀ ਪੁਲੀਸ ਸੁਰੱਖਿਆ, ਜਿਸ ਬਾਰੇ ਚਾਰ ਸਾਲ ਪਹਿਲਾਂ ਉਨ੍ਹਾਂ ਨੇ ਲਿਖਿਆ ਸੀ ਕਿ ਇਹ 'ਖ਼ੁਦ ਦੀਆਂ ਲੱਤਾਂ ਨੂੰ ਬੇੜੀਆਂ ਨਾਲ ਜਕੜਨ ਦੀ ਨਿਸ਼ਾਨੀ ਹੈ'।

ਡਾ. ਇਲੱਈਆ ਦੀ ਜਿਸ ਕਿਤਾਬ ਖ਼ਿਲਾਫ਼ ਪਟੀਸ਼ਨ ਦਾਇਰ ਹੋਈ, ਉਹ 2009 ਦੀ ਛਪੀ ਹੋਈ ਹੈ। ਇਸ ਵਿਚ ਵਪਾਰੀਆਂ ਵਜੋਂ ਜਾਣੀਆਂ ਜਾਂਦੀਆਂ ਜਾਤਾਂ ਵੱਲੋਂ ਕੀਤੀ ਜਾਂਦੀ 'ਸਮਾਜਿਕ ਤਸਕਰੀ' ਨੂੰ ਬੇਪਰਦ ਕੀਤਾ ਗਿਆ ਹੈ। ਇਨ੍ਹਾਂ ਜਾਤਾਂ, ਖ਼ਾਸ ਤੌਰ 'ਤੇ ਆਰੀਆ ਵੈਸ਼ਾਂ ਵੱਲੋਂ ਇਸ ਕਿਤਾਬ ਖ਼ਿਲਾਫ਼ ਰੋਹ ਹੁਣ ਸ਼ਾਇਦ ਇਸ ਕਰ ਕੇ ਬੁਲੰਦ ਕੀਤਾ ਜਾ ਰਿਹਾ ਹੈ, ਕਿਉਂਕਿ ਇਸ ਭਾਈਚਾਰੇ ਨੂੰ ਅਚਨਚੇਤ ਜਾਪਿਆ ਕਿ ਮਾਹੌਲ ਇਸ ਕਿਤਾਬ ਉਤੇ ਪਾਬੰਦੀ ਲਈ ਸਾਜ਼ਗਾਰ ਹੈ। ਡਾ. ਇਲੱਈਆ ਦਾ ਮੱਤ ਹੈ ਕਿ ਇਨ੍ਹਾਂ ਜਾਤਾਂ ਵੱਲੋਂ ਕਾਰੋਬਾਰ ਸਿਰਫ਼ ਪੈਸਾ ਕਮਾਉਣ ਲਈ ਕੀਤਾ ਜਾਂਦਾ ਹੈ, ਸਮਾਜ ਦਾ ਭਲਾ ਇਨ੍ਹਾਂ ਜਾਤਾਂ ਨੇ ਕਦੇ ਨਹੀਂ ਸੋਚਿਆ। ਉਂਜ, ਉਨ੍ਹਾਂ ਵਾਅਦਾ ਕੀਤਾ ਹੈ ਕਿ ਜੇ ਇਹ 'ਲੋਟੂ' ਜਾਤਾਂ ਦਲਿਤਾਂ, ਆਦਿਵਾਸੀਆਂ ਤੇ ਹੋਰ ਸ਼ੋਸ਼ਿਤ ਜਾਤੀਆਂ ਨੂੰ ਆਪਣੇ ਕਾਰੋਬਾਰਾਂ ਵਿਚ ਪੰਜ ਫ਼ੀਸਦੀ ਨੌਕਰੀਆਂ ਦੇਣ ਲਈ ਵੀ ਰਾਜ਼ੀ ਹੋ ਜਾਣ ਤਾਂ ਉਹ ਇਹ ਕਿਤਾਬ ਵਾਪਸ ਲੈ ਲੈਣਗੇ। ਡਾ. ਇਲੱਈਆ ਦੇ ਜਾਤ-ਆਧਾਰਿਤ ਅਰਥਚਾਰੇ ਦੇ ਸਿਧਾਂਤ ਨਾਲ ਹੋਰ ਅਰਥ ਸ਼ਾਸਤਰੀਆਂ ਦੀ ਅਸਹਿਮਤੀ ਹੋ ਸਕਦੀ ਹੈ, ਪਰ ਇਸ ਤੱਥ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਦੇਸ਼ ਅੰਦਰਲੇ ਕਾਰਪੋਰੇਟ ਬੋਰਡਾਂ ਦੇ 90 ਫ਼ੀਸਦੀ ਮੈਂਬਰ ਜਾਂ ਤਾਂ ਅਖੌਤੀ ਸਵਰਨ ਜਾਤੀਆਂ ਨਾਲ ਸਬੰਧਤ ਹਨ, ਤੇ ਜਾਂ ਫਿਰ ਰਵਾਇਤੀ ਤੌਰ 'ਤੇ ਧਨਾਢ ਜੈਨ ਤੇ ਪਾਰਸੀ ਭਾਈਚਾਰਿਆਂ ਵਿਚੋਂ ਹਨ।

ਦਰਅਸਲ, ਇਕੱਲੇ ਡਾ. ਇਲੱਈਆ ਹੀ ਨਹੀਂ, ਵਿੰਧੀਆ-ਪਾਰ ਦੇ ਖ਼ਿੱਤੇ ਵਿਚ ਤਿੰਨ ਹੋਰ ਲੇਖਕਾਂ ਨੂੰ ਵੀ ਧਮਕੀਆਂ ਕਾਰਨ ਪੁਲਿਸ ਸੁਰੱਖਿਆ ਮੰਗਣੀ ਪਈ ਹੈ। ਇਨ੍ਹਾਂ ਵਿਚ ਮਰਾਠੀ ਇਤਿਹਾਸਕਾਰ ਪਰਵੀਨ ਵਾਘਧਰੇ, ਚੰਦਰਪੁਰ (ਮਹਾਰਾਸ਼ਟਰ) ਦੇ ਸਮਾਜ ਵਿਗਿਆਨੀ ਅਰਜੁਨ ਪੁਰਸ਼ਾਰਥੀ ਅਤੇ ਮੈਸੂਰ ਦੇ ਰਾਜਨੀਤੀ ਸ਼ਾਸਤਰੀ ਸਰਵਪੱਲੀ ਨਿਦਾਮ ਸ਼ਾਮਲ ਹਨ। ਇਹ ਤਿੰਨੇ ਲੇਖਕ ਦਲਿਤ ਨਹੀਂ, ਪਰ ਇਨ੍ਹਾਂ ਵੱਲੋਂ ਸ਼ੋਸ਼ਿਤ ਵਰਗਾਂ ਦੇ ਸਮਾਜਿਕ-ਰਾਜਨੀਤਕ ਉਤਪੀੜਨ ਖ਼ਿਲਾਫ਼ ਆਵਾਜ਼ ਉਠਾਉਣ ਕਾਰਨ ਕੁਝ ਜਾਤੀਵਾਦੀ ਸਮਾਜ ਇਨ੍ਹਾਂ ਖ਼ਿਲਾਫ਼ ਲਾਮਬੰਦ ਹੋ ਗਏ ਹਨ। ਪਰਵੀਨ ਵਾਘਧਰੇ ਨੂੰ ਮਿਲ ਰਹੀਆਂ ਧਮਕੀਆਂ 1970ਵਿਆਂ ਵਿਚ ਮਰਾਠੀ ਨਾਟਕਕਾਰ ਵਿਜੈ ਤੇਂਦੁਲਕਰ ਖ਼ਿਲਾਫ਼ ਉਠੇ ਤੂਫ਼ਾਨ ਦੀ ਯਾਦ ਦਿਵਾਉਂਦੀਆਂ ਹਨ ਜਿਸ ਨੇ ਆਪਣੇ ਨਾਟਕ 'ਘਾਸੀਰਾਮ ਕੋਤਵਾਲ' (1972) ਵਿਚ ਮਰਾਠਾ ਨਾਇਕ ਨਾਨਾ ਫੜਨਵੀਸ (1741-1800) ਦੇ ਕਿਰਦਾਰ ਦੇ ਵਿਭਚਾਰੀ ਤੇ ਵਿਲਾਸੀ ਪੱਖ ਨੂੰ ਬੇਪਰਦ ਕੀਤਾ ਸੀ।


ਇਹ ਵੀ ਜਾਪਦਾ ਹੈ ਕਿ ਕਿਤਾਬਾਂ ਤੇ ਪ੍ਰਕਾਸ਼ਨਾਵਾਂ ਖ਼ਿਲਾਫ਼ ਤੰਗਦਿਲੀ ਤੇ ਮੂੰਹਜ਼ੋਰੀ ਦੀ ਹਨੇਰੀ ਮਹਿਜ਼ ਸਾਡੇ ਮੁਲਕ ਜਾਂ ਬਾਕੀ ਏਸ਼ੀਆ ਤਕ ਮਹਿਦੂਦ ਨਹੀਂ, ਸਗੋਂ ਅਮਰੀਕਾ ਤਕ ਵੀ ਪਹੁੰਚ ਚੁੱਕੀ ਹੈ। ਮਿੱਸੀਸਿੱਪੀ ਸੂਬੇ ਵਿਚ ਇੱਕ ਸਕੂਲੀ ਪਾਠਕ੍ਰਮ ਵਿਚੋਂ ਹਾਰਪਰ ਲੀ ਦੇ ਵਿਸ਼ਵ ਪ੍ਰਸਿਧ ਨਾਵਲ 'ਟੂ ਕਿੱਲ ਏ ਮੌਕਿੰਗਬਰਡ' ਨੂੰ ਇਸ ਕਰ ਕੇ ਹਟਾ ਦਿੱਤਾ ਗਿਆ ਹੈ, ਕਿਉਂਕਿ ਇਸ ਦਾ ਵਿਸ਼ਾ-ਵਸਤੂ ਨਸਲੀ ਭੇਦਭਾਵ ਉਤੇ ਕੇਂਦ੍ਰਿਤ ਹੈ। 1960 ਵਿਚ ਛਪੇ ਇਸ ਨਾਵਲ (ਜਿਸ ਨੂੰ ਆਧੁਨਿਕ ਅਮਰੀਕੀ ਸਾਹਿਤਕ ਕਲਾਸਿਕ ਦਾ ਦਰਜਾ ਹਾਸਲ ਹੈ) ਬਾਰੇ ਫ਼ੈਸਲਾ ਕਰਨ ਵਾਲੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਸਲੀ ਸੰਵੇਦਨਾਵਾਂ ਕਾਰਨ 'ਕੁਝ ਲੋਕਾਂ ਨੂੰ ਇਸ ਨਾਵਲ ਦੀ ਭਾਸ਼ਾ ਚੁਭਵੀਂ ਤੇ ਤਕਲੀਫ਼ਦੇਹ ਜਾਪਦੀ ਹੈ'। ਇਹੀ ਤਰਕ ਡਾ. ਇਲੱਈਆ ਦੀ ਕਿਤਾਬ ਉਤੇ ਪਾਬੰਦੀ ਮੰਗਣ ਦੇ ਆਧਾਰ ਵਜੋਂ ਪੇਸ਼ ਕੀਤਾ ਗਿਆ; ਤੇ ਅਜਿਹੇ ਹੀ ਤਰਕ ਨੇ ਸਾਡੇ ਆਪਣੇ ਵਿਹੜੇ ਵਿਚ 'ਸੂਰਜ ਦੀ ਅੱਖ' (ਬਲਦੇਵ ਸਿੰਘ ਸੜਕਨਾਮਾ ਦਾ ਮਹਾਰਾਜਾ ਰਣਜੀਤ ਸਿੰਘ 'ਤੇ ਆਧਾਰਿਤ ਨਾਵਲ) ਦੀ ਚਮਕ ਅਚਨਚੇਤ ਮੱਧਮ ਪਾ ਦਿੱਤੀ ਸੀ।

ਸੁਪਰੀਮ ਕੋਰਟ ਨੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਵਿਚ ਡੰਕਾ ਇੱਕ ਵਾਰ ਫਿਰ ਵਜਾਇਆ ਹੈ, ਪਰ ਜੋ ਮਾਹੌਲ ਇਸ ਵੇਲੇ ਦੇਸ਼ (ਤੇ ਸ਼ਾਇਦ ਬਾਕੀ ਦੇ ਆਲਮ) ਵਿਚ ਉਭਰ ਚੁੱਕਾ ਹੈ, ਉਸ ਦੇ ਅੱਗੇ ਇਸ ਡੰਕੇ ਨੂੰ ਅਸਰਦਾਰ ਬਣਾਉਣ ਲਈ ਬਹੁਤ ਕੁਝ ਕਰਨਾ ਅਜੇ ਬਾਕੀ ਹੈ।










*ਪ੍ਰੋਫ਼ੈਸਰ ਕਾਂਚਾ ਇਲੱਈਆ ਦੀਆਂ ਚਰਚਾ ਵਿਚ ਰਹੀਆਂ ਕਿਤਾਬਾਂ ਦੇ ਮੁਖੜੇ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਨਵੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-297



*ਮਾਂ ਦੇ ਦੁੱਧ ਨੂੰ ਬਾਲ ਉਡੀਕੇ ਜਦ ਹੋਏ ਪੰਘੂੜੇ ਜੋਗਾ।*
*ਪਸ਼ੂਆਂ ਅਤੇ ਜਨੌਰਾਂ ਵਿਚ ਵੀ ਮਾਂ ਹੀ ਦੇਵੇ ਚੋਗਾ।*

## ਕੈਪਸ਼ਨ ਮੁਕਾਬਲਾ-295



ਨਵਾਂ ਇੱਕ ਜੁਗਾੜ ਬਣਾਇਆ,
ਰਲ-ਮਿਲ ਮੌਜ ਮਨਾਵਾਂਗੇ।
ਬਲਦ-ਦੌੜ ਤਾਂ ਬੰਦ ਹੋ ਗਈ,
ਹੁਣ ਕੁੱਤਾ-ਦੌੜ ਚਲਾਵਾਂਗੇ।
ਅਵਾਰਾ ਫਿਰਦੇ ਕਰ ਲਏ ਕਾਬੂ,
ਹੁਣ ਜੀਭਾਂ ਬਾਹਰ ਕਢਾਵਾਂਗੇ।
*-ਜਗਮੀਤ ਸਿੰਘ ਪੰਧੇਰ*

---

ਇਕੱਠੇ ਹੋ ਕੇ ਚਾਰੇ ਹਾਣੀ
ਕਰਨ ਸਲਾਹਾਂ ਲੱਗੀ ਢਾਣੀ।
ਬੰਨ੍ਹੋ ਡੰਡੇ ਪੁਰਾਣੇ ਪਹੀਏ
ਬਣਾ ਕੇ ਗੱਡਾ ਉਪਰ ਬਹੀਏ।
ਟੌਮੀ-ਡੱਬੂ ਜੋੜੋ ਅੱਗੇ
ਨਾ ਹਿੰਗ ਫਟਕੜੀ ਲੱਗੇ।
*-ਸੇਵਾ ਸਿੰਘ ਨੂਰਪੁਰੀ, ਮਿਨੀਸੋਟਾ*

---

ਬੱਚਿਆਂ ਦੇ ਦਿਮਾਗ ਆਹਲਾ ਹੁੰਦੇ
ਜੋ ਸੋਚਦੇ ਉਹ ਬਣਾ ਹੀ ਲੈਂਦੇ।
ਬੱਚਿਆਂ ਨੂੰ ਚੰਗੇ ਪਾਸੇ ਲਾਈਏ
ਸਮਾਜ ਨੂੰ ਹੋਰ ਗਰਕਣੋਂ ਬਚਾਈਏ।
ਕੁੱਤ ਗੜ੍ਹੀਰੇ ਕੀ, ਰਾਕਟ ਬਣਾ ਸਕਦੇ
ਨਾਲ ਮਿਹਨਤਾਂ ਨਾਂ ਚਮਕਾ ਸਕਦੇ।
*-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ*

---

ਜੋਤ ਕੇ ਕੁੱਤੇ ਜੁਗਾੜ ਦੇ ਮੂਹਰੇ,
ਲਗਾਮਾਂ ਫੜ੍ਹ ਗੁੱਡੋ ਬਣ'ਗੀ ਚਾਲਕ।
ਮਸਤੇ ਬੈਠੇ ਦੰਦੀਆਂ ਕੱਢਣ,
ਬਣ ਸਵਾਰੀਆਂ ਇਹ ਬਾਲਕ।
ਜੀਭਾਂ ਨਿਕਲੀਆਂ ਹੌਂਕਣ ਕੁੱਤੇ,
ਕਰ ਬੈਠੇ ਇਹ ਸ਼ਰਾਰਤ ਘਾਤਕ।
*-ਦਵਿੰਦਰ ਕੌਰ*

---

ਅੱਲ੍ਹੜ ਵਰੇਸ ਉਮਰ ਦੇ ਸਾਥੀ
ਅਕਾਸ਼ ਨੂੰ ਟਾਕੀਆਂ ਲਾਉਣ।
ਬਣਾ ਕੇ ਹਲਕਾ ਜਿਹਾ ਰੇਹੜਾ
ਜੂਲੇ ਪਾ ਕੇ ਕੁੱਤੇ ਭਜਾਉਣ।
ਦਿਮਾਗ ਦੇ ਘੋੜੇ ਦੁੜਾਉਂਦੇ
ਅਸਮਾਨੀਂ ਪੀਂਘਾਂ ਪਾਉਣ।
ਚੰਗੇ ਪਾਸੇ ਜੇ ਚੱਲ ਪੈਣ
ਸਿਰਜਣਾ ਦੇ ਦੀਵੇ ਜਗਾਉਣ।
*-ਜਗਜੀਤ ਕੌਰ ਤੂਰ, ਚੰਡੀਗੜ੍ਹ*

---

ਅੱਲ੍ਹੜ ਉਮਰੇ ਰਲ ਗਏ ਆੜੀ
ਰਲ ਕੇ ਬਣਾ ਲਈ ਕੁੱਤਾ-ਗਾੜੀ।
ਸ਼ਰਾਰਤੀ ਉਮਰ, ਟੋਕ ਨਾ ਝੱਲੇ
ਪਰ ਹੁੰਦੀ ਬੜੀ ਜੁਗਾੜੀ।
ਬਿਰਤੀ ਲੱਗੀ ਤੋਂ ਸੁਧ ਨਾ ਰਹਿੰਦੀ
ਗੈਲੀਲੀਓ ਵਾਂਗ ਨੰਗੇ ਭੱਜ ਉਠਣ
ਖੋਜ ਜਦੋਂ ਨਵੀਂ ਕੱਢ ਮਾਰੀ।
ਪੁੱਠੇ ਰਾਹ ਜਾਣੋਂ ਪੈਨੀ ਨਜ਼ਰ ਰੱਖੋ
ਸਿਰਜਣਾ ਦੀ ਭਰਨੀ ਇਨ੍ਹਾਂ ਉਡਾਰੀ।
*-ਅਮਰਜੀਤ ਸਿੰਘ ਤੂਰ*

---

ਰਲ ਦੋਸਤਾਂ ਸਕੀਮ ਬਣਾਈ
ਬੈਂਤ ਦਾ ਬਣਾ ਜੰਗਲਾ, ਜੋੜ ਕੁੱਤੇ ਅੱਗੇ
ਫਸਾ ਰੱਸੇ, ਬੈਠ ਗਡੀਰਨੇ 'ਤੇ
ਲਾ ਤੁਣਕਾ ਮਜਾ ਸਵਾਰੀ ਦਾ ਲੈਂਦੇ
ਹੈ ਵੀ ਬੜਾ ਲਾਹੇਵੰਦ ਸੌਦਾ।
ਕਤੀੜ ਵਾਧਾ ਹੋਇਆ ਇੰਨਾ ਭਾਰੂ
ਹਰ ਗਲੀ-ਮੁਹੱਲੇ ਭਊਂ ਭਊਂ ਕਰਦੇ
ਅੱਧੀ ਰਾਤ ਹੁੰਦਿਆਂ ਕੀਰਨੇ ਪਾਉਂਦੇ
ਪਲੇ ਹੋਏ ਝੋਟਿਆਂ ਵਾਂਗ
ਖਾ ਖਾ ਮਰਦਾਰ ਹੱਡਾਰੋੜੀ ਦੇ
ਜੋੜ ਕੇ ਕਿਉਂ ਨਾ ਕੰਮ ਲਿਆ ਜਾਵੇ।
ਲੋੜ ਨਹੀਂ ਖਰੀਦੋ ਫਰੋਖਤ ਦੀ
ਬੇਸ਼ੁਮਾਰ ਹਨ ਅਵਾਰਾ।
*-ਦਰਸ਼ਨਪਾਲ ਦੋਸਾਂਝ*

---

ਕੱਲ ਰਾਜੇ ਨੇ ਟੀ. ਵੀ. 'ਤੇ ਵੇਖੀ,
ਸਲੈਜ (ਕੁੱਤਾ ਰੇੜੀ) ਬਰਫ 'ਤੇ ਜਾਂਦੀ।
ਫਟਾ ਫਟ ਸਭ ਸੱਦ ਲਏ ਆੜੀ,
ਕੁੱਤਿਆਂ ਦੀ ਜੋੜੀ ਲਿਆਂਦੀ।
ਰਿਕਸ਼ੇ ਦਾ ਹਿੱਸਾ ਲਿਆਏ ਖੋਲ੍ਹ ਕੇ,
ਟੰਬਿਆਂ ਦੀ ਕਰ'ਲੀ ਚੈਸੀ ਤਿਆਰ।
ਰੌਕੀ ਤੇ ਟੀਪੂ ਨੂੰ ਜੋੜ ਕੇ ਮੂਹਰੇ,
ਹੋ ਗਏ ਉਤੇ ਸਾਰੇ ਸਵਾਰ।
ਵੇਖੋ ਨਵੀਂ ਜੁਗਾੜੀ ਗੱਡੀ,
ਕਰਦੀ ਜਾਂਦੀ ਮਾਰੋ ਮਾਰ।
*-ਗੁਰਦੇਵ ਸਿੰਘ ਢਿਪਾਲੀ, ਬਠਿੰਡਾ*

## ਕੈਪਸ਼ਨ ਮੁਕਾਬਲਾ-294

ਹੱਥੀਂ ਸੇਵਾ ਕਮਾਉਣੀ
ਇਹ ਹੈ ਸਾਡਾ ਸਭਿਆਚਾਰ
ਦਿੰਦਾ ਸਬਕ ਇਕੱਠੇ ਹੋਣ ਦਾ।
ਲੰਗਰ ਦੀ ਪੰਕਤ 'ਚ ਬਰਾਬਰ ਬਹਿਣਾ
ਢੇਰ ਅਨੁਸ਼ਾਸਨ ਪੈਦਾ ਕਰਦਾ
*-ਦਰਸ਼ਨਪਾਲ ਦੋਸਾਂਝ*




SIKH SPORTS ASSOCIATION OF U.S.A.

Win Cash Prizes

"Healthy Body Healthy Mind"

Sikh Sports Association of USA proudly holding



11TH ANNIVERSARY

# Guru Nanak Marathon
## November 11, 2017
## Quarry Lakes
2100 Isherwood Way, Fremont, CA 94536

**Events**

- 13 miles race • 5K race
- 2 miles walk • 2 miles race Age group (12 and 14)

Race will start at 9am.

**Register: www.sikhsports.com 1-866-499-0032**

Sikh sports is non-profit organization. Please mail your donation check to:
Sikh Sports 4430 Deer Field Way Danville, CA 94506

## GRAND SPONSORS

| | | | | | |
|---|---|---|---|---|---|
| Inder S. Dosanjh<br>Southport Marketing ,Inc | Lachman S. Mangat<br>A1 Armor Self Storage, LLC | Dr. Jasbir S. Gill<br>M.D. | Jaggi Kapoor<br>Bonfare Markets | Monu Singh, CEO<br>Golden Gate Restaurant Group, Inc. | Habans S. Ahluwalia<br>Collective Management Services |
| MTC Distributing<br>Modesto | Parvinder Singh Hundal<br>Hundal Farms | Gakhal Brothers<br>A&I Trucking & Gold Gym | Indian Care Association | Mann Brothers<br>Mann Insurance Brokers, Inc. | Jaswinder S. Gill<br>Golden State Realty Fremont |

## DIAMOND SPONSORS

- Ajay Pal S Dhillon Pleasanton
- Akki Patel Subway Development San Rafeal
- Baljit Billy Bath CEO Iron Systems Pleasanton
- Bhupinder Singh & Balbir Kaur Sull San Ramon
- Captain Karanjit S Aulakh
- Dr. Charanjit Singh Uppal - Uppal Dental Care Hayward
- Kuljit Singh Tracy
- Dr. Gurpartap S Basrai Fremont Haller's Pharmacy Fremont
- Dr. Baljeet S Grewal
- Harpreet (Harry) Sidhu
- Jas Dhaliwal
- Naveep S Grewal Pleasanton
- Raja Sweets & Indian Cuisine Union City
- Sanjiv Kumar Garg ITBOONS LLC
- Sardool Singh Samra Subway Development SF
- Sundeep S Virk Union City
- Surjit s Tutt Lassen Farms LLC

Davinder S Bhella, Dr. R.K. Janmeja Singh PH.D Dublin, Alok Bhatia Canvas InfoTech INC Fremont, Amrit pal S Tiwana , Avtar & Harry Singh Gill Gill Insurance Agency, Avtar Singh Heerey Pleasanton, Bahadur Singh, Baljinder Singh Randhawa, Balwinder Singh Brar Brar & Brar Lic Fresno, Bergquist, Wood, Mcintosh & Seto ,LLP, Bhagwant S Mangat , Bhandal Bros, INC, Bhupinder Singh Fremont, Peter L. Kutrubes, Daljit Singh Khehra, Darsan Singh Mundy, Davinder Chana , ChanaConstruction Union City, Dhoot Bros Partnership INC Joe Travel Plaza, Dr J. S . Natt, Serra Veterinary Hospital , INC Sunnyvale, Dr. Manider Nijjar & Dr. Ruchi Sahota, Dr. Dalvir Pannu DDS, Inc, Dr. Kanwaljit S Mann Fremont, Dr.Rajesh Sam Suri Fremont, Ghai Management Services Fremont, Gurdawar Singh Mann, Gursharn S Cheema, Gursharan Singh Sekhon San Jose, Hakam Singh Roneer Enterprises INC Danville, Hardeep S. Aulakh Union City, Harjeet Singh Bhangoo, Annapurna Holding, Inc, Harmit Singh Toor Bay East Brokers, Inc, Harvinder S Dhaliwal, Inderjit Singh IJS Micro INC, J.P. Marvaha Tri Valley Medical Center San Ramon, Jagraj S Sahota, Jang Badesha, Jaitinder Kaur Insurance Services Inc , Jaspreet Singh Attorney At Law Fremont, Jassie Singh Dhillon Benicia, Joe Johal Pleasanton, Harminder S Hundal, Kabila Restaurant, Karan S Khalon Monty's Liquor , Khehra Holdings INC, Kuldip Singh Sidhu, Kalwant S Nijjer, Sukhbir S Nijjar, Manjit S Sandhu, Manjit Singh Gill, Gill Fanancial and Insurance Services, Manraj S Natt San Jose, Manoj Sahni, Moon Restaurant Inc Hayward, Narinder S Sahota Sahota Petroleum LLC, Paul Sahota, Paul S Dhariwal, Parminder Singh Moutain Mikes's Pizza, Pritam Singh Grewal, Pritam Singh Grewal Gilroy, Rajinderpal S Dhillon, Rana Singh Kahlon Fremont, Robin Singh Fremont, Sakoon Restaurant INC, Sam Chahal Golden State Realty, Shamsher Singh Braich Pleasanton, Sukhdev Singh Bainiwal San Jose, Malkit Singh Bhoparai Vanco Truck & Auto Plaza, Satinder & David Hayer, Tony Judge, Raghbir S Mangat Gold River, Avninder S Mangat

Food Sewa By Upkar Kaur Mangat and Lachman Singh Mangat

Food Service By Moon Indian Cuisine

# ਭਾਰਤੀਆਂ ਦਾ ਵਿਦੇਸ਼ਾਂ ਵਿਚ ਵੱਸਣ ਦਾ ਚਾਅ ਲੱਥਣ ਲੱਗਾ

## ਸਿਆਸੀ ਹਲਚਲ ਬਣ ਰਹੀ ਹੈ ਕਾਰਨ




**ਨਵੀਂ ਦਿੱਲੀ:** ਭਾਰਤੀਆਂ ਵਿਚ ਵਿਦੇਸ਼ ਜਾਣ ਦਾ ਰੁਝਾਨ ਹੁਣ ਘਟਣ ਲੱਗਿਆ ਹੈ। ਇਕ ਸਰਵੇ ਵਿਚ ਕਿਹਾ ਗਿਆ ਹੈ ਕਿ ਵਿਦੇਸ਼ਾਂ 'ਚ ਜਾਰੀ ਰਾਜਨੀਤਕ ਹਲਚਲ ਕਾਰਨ ਉਥੇ ਰਹਿ ਰਹੇ ਭਾਰਤੀ ਹੁਣ ਦੇਸ਼ ਵਿਚ ਨੌਕਰੀ ਚਾਹੁੰਦੇ ਹਨ। ਦੁਨੀਆਂ ਵਿਚ ਰੁਜ਼ਗਾਰ ਸਬੰਧੀ ਸੂਚਨਾਵਾਂ ਦੇਣ ਵਾਲੀ ਵੈੱਬਸਾਈਟ ਇੰਡੀਡ ਨੇ ਹੁਣੇ ਜਿਹੇ ਜਾਰੀ ਅੰਕੜਿਆਂ ਵਿਚ ਦੱਸਿਆ ਹੈ ਕਿ ਪਿਛਲੇ ਸਾਲ ਅਮਰੀਕਾ 'ਚ ਨੌਕਰੀ ਲਈ ਜਾਣ ਦੇ ਚਾਹਵਾਨ ਭਾਰਤੀਆਂ ਦੀ ਗਿਣਤੀ ਵਿਚ 38 ਫੀਸਦੀ ਦੀ ਘਾਟ ਆਈ ਹੈ।

ਬ੍ਰਿਟੇਨ 'ਚ ਪਹਿਲਾਂ ਨਾਲੋਂ 42 ਫੀਸਦੀ ਘੱਟ ਲੋਕ ਜਾਣਾ ਚਾਹੁੰਦੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬ੍ਰੇਕਜ਼ਿਟ ਕਾਰਨ ਭਾਰਤੀ ਨੌਕਰੀ ਲਈ ਬ੍ਰਿਟੇਨ ਜਾਣ ਤੋਂ ਘਬਰਾ ਰਹੇ ਹਨ। ਉਥੇ ਹੀ ਜਰਮਨੀ ਤੇ ਆਇਰਲੈਂਡ ਵਰਗੇ ਦੇਸ਼ਾਂ ਵਿਚ ਨੌਕਰੀ ਦੇ ਚਾਹਵਾਨ ਭਾਰਤੀਆਂ ਦੀ ਗਿਣਤੀ ਵਧੀ ਹੈ। ਜਰਮਨੀ ਵਿਚ ਨੌਕਰੀ ਲੱਭਣ ਵਾਲੇ ਭਾਰਤੀਆਂ ਦੀ ਗਿਣਤੀ 10 ਫੀਸਦੀ ਵਧੀ ਹੈ।

ਆਇਰਲੈਂਡ ਜਾਣ ਦੇ ਚਾਹਵਾਨ ਭਾਰਤੀਆਂ ਦੀ ਗਿਣਤੀ 20 ਫੀਸਦੀ ਵਧੀ ਹੈ। ਖਾੜੀ ਦੇਸ਼ ਵਿਚ 21 ਫੀਸਦੀ ਵੱਧ ਲੋਕ ਜਾਣਾ ਚਾਹੁੰਦੇ ਹਨ। ਇੰਡੀਡ ਵੈੱਬਸਾਈਟ ਦੇ ਐਮ.ਡੀ ਸ਼ਸ਼ੀ ਕੁਮਾਰ ਨੇ ਕਿਹਾ ਕਿ ਤੇਜ਼ੀ ਨਾਲ ਵਧਦੀ ਭਾਰਤੀ ਅਰਥਵਿਵਸਥਾ ਤੇ ਵਿਦੇਸ਼ਾਂ 'ਚ ਰਾਜਨੀਤਕ ਹਲਚਲ ਕਾਰਨ ਐਕਸਪਰਟ ਹੁਣ ਦੇਸ਼ ਵਿਚ ਹੀ ਨੌਕਰੀ ਲੱਭ ਰਹੇ ਹਨ। ਇਸ ਵਿਚਾਲੇ ਭਾਰਤ ਵਿਚ ਨੌਕਰੀ ਦੀ ਭਾਲ ਕਰਨ ਵਾਲਿਆਂ ਦੀ ਗਿਣਤੀ ਵਧੀ ਹੈ।

## ਆਸਟਰੇਲੀਆ: ਸਖਤ ਨਾਗਰਿਕਤਾ ਬਿੱਲ ਨੇ ਦਮ ਤੋੜਿਆ

**ਮੈਲਬਰਨ:** ਆਸਟਰੇਲੀਆ ਵਿਚ ਨਾਗਰਿਕਤਾ ਲੈਣ ਦੇ ਚਾਹਵਾਨਾਂ ਲਈ ਸਖਤ ਸ਼ਰਤਾਂ ਭਰਪੂਰ ਨਵਾਂ ਨਾਗਰਿਕਤਾ ਬਿੱਲ ਸੰਸਦ ਵਿਚ ਪਾਸ ਹੋਣੋਂ ਰਹਿ ਗਿਆ। ਹੁਕਮਰਾਨ ਲਿਬਰਲ ਪਾਰਟੀ ਦੇ ਇਸ ਅਹਿਮ ਬਿੱਲ ਦੇ ਹਸ਼ਰ ਨੂੰ ਪਰਵਾਸੀ ਭਾਈਚਾਰੇ ਲਈ ਵੱਡੀ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ। ਆਵਾਸ ਮੰਤਰੀ ਪੀਟਰ ਡਟਨ ਦੇ ਬਿੱਲ ਦਾ ਤਿੰਨ ਵਿਰੋਧੀ ਪਾਰਟੀਆਂ ਵੱਲੋਂ ਸਾਂਝੇ ਤੌਰ ਉਤੇ ਪਿਛਲੇ ਮਹੀਨਿਆਂ ਤੋਂ ਵਿਰੋਧ ਕੀਤਾ ਜਾ ਰਿਹਾ ਸੀ। ਬਿੱਲ ਨਵੇਂ ਸਿਰਿਓਂ ਬਣਾਉਣ ਲਈ ਆਵਾਸ ਮੰਤਰੀ ਨੂੰ ਸਮਾਂ ਦਿੱਤਾ ਗਿਆ ਸੀ ਪਰ ਵਿਰੋਧੀ ਪਾਰਟੀਆਂ ਨੂੰ ਰਿਝਾਉਣ



ਵਿਚ ਉਹ ਕਾਮਯਾਬ ਨਹੀਂ ਹੋ ਸਕੇ। ਬਿਲ 'ਚ ਪੱਕਾ ਰਿਹਾਇਸ਼ੀ ਵੀਜ਼ਾ (ਪੀ.ਆਰ) ਹਾਸਲ ਕਰਨ ਮਗਰੋਂ ਆਸਟਰੇਲੀਅਨ ਨਾਗਰਿਕ ਬਣਨ ਦੇ ਚਾਹਵਾਨਾਂ ਨੂੰ ਚਾਰ ਸਾਲ ਦੀ ਲੰਮੀ ਉਡੀਕ ਸਹਿਤ ਅੰਗਰੇਜ਼ੀ ਜ਼ੁਬਾਨ ਵਿਚ ਯੂਨੀਵਰਸਿਟੀ ਪੱਧਰ ਦੀ ਮੁਹਾਰਤ ਹੋਣੀ ਲਾਜ਼ਮੀ ਰੱਖੀ ਗਈ ਸੀ।

ਮੰਤਰੀ ਨੇ ਸਿਟੀਜ਼ਨਸ਼ਿਪ ਅਰਜ਼ੀਆਂ 'ਤੇ ਬਿਲ ਪਾਸ ਹੋਣ ਤਕ ਰੋਕ ਲਗਾ ਦਿੱਤੀ ਸੀ। ਆਵਾਸ ਮੰਤਰੀ ਨੇ ਬਿੱਲ ਨੂੰ ਹਰੀ ਝੰਡੀ ਦਿਵਾਉਣ ਲਈ ਕਾਨੂੰਨ ਲਾਗੂ ਕਰਨ ਦੀ ਤਰੀਕ ਅਗਲੇ ਸਾਲ ਜੁਲਾਈ ਕਰਨ ਅਤੇ ਅੰਗਰੇਜ਼ੀ 'ਚ ਮੁਹਾਰਤ ਦਾ ਪੱਧਰ 'ਨਰਮ' ਕੀਤੇ ਜਾਣ ਦੀ ਸ਼ਰਤ ਵਿਰੋਧੀਆਂ ਅੱਗੇ ਰੱਖੀ ਸੀ ਉਹ ਨਹੀਂ ਮੰਨੇ। ਮੰਤਰੀ ਦੇ ਬੁਲਾਰੇ ਮੁਤਾਬਕ ਵਿਰੋਧੀ ਧਿਰਾਂ ਨਾਲ ਵਿਚਾਰ ਵਟਾਂਦਰਾ ਜਾਰੀ ਰਹੇਗਾ। ਬਿੱਲ ਰੁਕਣ ਮਗਰੋਂ ਪਰਵਾਸੀ ਭਾਈਚਾਰੇ 'ਚ ਪ੍ਰਤੀਕਰਮ ਦੇਖਣ ਨੂੰ ਮਿਲ ਰਿਹਾ ਹੈ।

### ਆਵਾਸ ਵਿਭਾਗ ਕੋਲ ਅਰਜ਼ੀਆਂ ਦੇ ਅੰਬਾਰ

**ਮੈਲਬਰਨ:** ਆਸਟਰੇਲੀਆ ਦੀ ਸੰਸਦ ਵਿਚ ਪਰਵਾਸੀਆਂ ਨੂੰ ਨਾਗਰਿਕਤਾ ਬਾਰੇ ਨਿਯਮ ਸਖਤ ਕਰਨ ਸਬੰਧੀ ਬਿੱਲ ਪਾਸ ਨਾ ਹੋਣ ਬਾਅਦ ਜਿਹੜੇ ਅਰਜ਼ੀਆਂ ਦਾਖਲ ਨਹੀਂ ਕਰਾ ਸਕੇ ਸਨ, ਉਨ੍ਹਾਂ ਵੱਲੋਂ ਹੁਣ ਆਨ ਲਾਈਨ ਅਰਜ਼ੀਆਂ ਦਾਖਲ ਕੀਤੀਆਂ ਜਾ ਰਹੀਆਂ ਹਨ। ਇਕ ਮੁਕਾਮੀ ਰੇਡੀਓ ਨੇ ਆਵਾਸ ਵਿਭਾਗ ਦੇ ਅੰਕੜਿਆਂ ਮੁਤਾਬਕ ਦੱਸਿਆ ਕਿ ਅਪਰੈਲ ਤੋਂ ਹੁਣ ਤੱਕ ਤਕਰੀਬਨ 1.20 ਲੱਖ ਅਰਜ਼ੀਆਂ ਦਾਖਲ ਹੋਈਆਂ ਹਨ। ਵਿਭਾਗ ਨੇ ਫਿਲਹਾਲ ਇਨ੍ਹਾਂ ਅਰਜ਼ੀਆਂ ਬਾਰੇ ਕੋਈ ਬਿਆਨ ਨਹੀਂ ਦਿੱਤਾ ਪਰ ਬਿਨੈਕਾਰਾਂ ਨੂੰ ਭੇਜੇ ਜਵਾਬ 'ਚ ਲੋਕਪਾਲ ਨੇ ਕਿਹਾ ਕਿ ਵਿਭਾਗ ਦੀ ਕਾਰਵਾਈ ਉਤੇ ਨਜ਼ਰ ਰੱਖੀ ਜਾ ਰਹੀ ਹੈ।

# ਰੁਜ਼ਗਾਰ ਖਾਤਰ ਵਿਦੇਸ਼ ਗਏ ਤਿੰਨ ਪੰਜਾਬੀਆਂ ਦੀ ਹਾਦਸੇ ਵਿਚ ਮੌਤ



ਸੁਖਚੈਨ ਹਰਮਨ ਹਰਿੰਦਰਜੀਤ

**ਦੁਬਈ:** ਦੁਬਈ ਵਿਚ ਹੋਏ ਹਾਦਸੇ ਵਿਚ ਕਰਤਾਰਪੁਰ ਦੇ ਮੁਹੱਲਾ ਖਟੀਕਾ ਦੇ ਨੌਜਵਾਨ ਹਰਮਨ ਸਿੰਘ ਦੀ ਮੌਤ ਹੋ ਗਈ। ਡੇਢ ਸਾਲ ਪਹਿਲਾਂ ਉਹ ਰੁਜ਼ਗਾਰ ਖਾਤਰ ਦੁਬਈ ਗਿਆ ਸੀ। ਉਹ ਟਰਾਲਾ ਚਲਾਉਂਦਾ ਸੀ। ਹਰਮਨ ਦਾ ਪਿਤਾ ਜਸਵੀਰ ਸਿੰਘ ਇਥੋਂ ਦੇ ਗੁਰੂ ਅਰਜਨ ਦੇਵ ਪਬਲਿਕ ਸਕੂਲ ਦੀ ਬੱਸ ਚਲਾਉਂਦਾ ਹੈ ਅਤੇ ਉਸ ਦੀ ਮਾਂ ਦੀ ਮੌਤ ਹੋ ਚੁੱਕੀ ਹੈ। ਇਸੇ ਤਰ੍ਹਾਂ ਬਲਾਕ ਸ਼ਹਿਣਾ ਦੇ ਪਿੰਡ ਤਲਵੰਡੀ ਦੇ ਨੌਜਵਾਨ ਸੁਖਚੈਨ ਸਿੰਘ (23) ਦੀ ਕੁਵੈਤ ਵਿਚ ਕਰੰਟ ਲੱਗਣ ਨਾਲ ਮੌਤ ਹੋ ਗਈ। ਸੁਖਚੈਨ ਸਿੰਘ ਰੋਜ਼ੀ-ਰੋਟੀ ਖਾਤਰ ਤਕਰੀਬਨ ਡੇਢ ਸਾਲ ਪਹਿਲਾਂ ਕੁਵੈਤ ਗਿਆ ਸੀ। ਕੈਨੇਡਾ ਵਿਚ ਹੋਏ ਹਾਦਸੇ ਦੌਰਾਨ ਪਿੰਡ ਬਡਾਲੀ ਦੇ ਨੌਜਵਾਨ ਹਰਿੰਦਰਜੀਤ ਸਿੰਘ (28) ਦੀ ਮੌਤ ਹੋ ਗਈ। ਟਰਾਲੇ ਵਿਚੋਂ ਸਾਮਾਨ ਲਾਹ ਰਹੀ ਕਰੇਨ ਦੀ ਬੈਲਟ ਟੁੱਟਣ ਕਾਰਨ ਸਾਰਾ ਸਾਮਾਨ ਉਸ ਉਪਰ ਡਿੱਗ ਗਿਆ ਅਤੇ ਸਿਰ 'ਚ ਸੱਟ ਲੱਗਣ ਕਾਰਨ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ।

# ਡੇਰਾ ਸਿਰਸਾ: ਪੰਚਕੂਲਾ ਹਿੰਸਾ ਦਾ ਖੁੱਲ੍ਹਿਆ ਰਾਜ਼

**ਚੰਡੀਗੜ੍ਹ:** 25 ਅਗਸਤ ਨੂੰ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਆਏ ਸੀ.ਬੀ.ਆਈ. ਅਦਾਲਤ ਦੇ ਫੈਸਲੇ ਤੋਂ ਬਾਅਦ ਡੇਰਾ ਸਮਰਥਕਾਂ ਵੱਲੋਂ ਕੀਤੀ ਵੱਡੇ ਪੱਧਰ ਦੀ ਹਿੰਸਾ ਦੀ ਵਿਉਂਤਬੰਦੀ ਦੇ ਸਾਰੇ ਭੇਤ ਖੁੱਲ੍ਹ ਗਏ ਹਨ। ਇਸ ਵਿਚ ਐਮ.ਐਸ.ਜੀ. ਦੇ ਸੀ.ਈ.ਓ. ਸੀ.ਪੀ. ਅਰੋੜਾ ਦਾ ਅਹਿਮ ਯੋਗਦਾਨ ਸੀ। ਪੁਲਿਸ ਨੇ ਕੁਝ ਦਿਨ ਪਹਿਲਾਂ ਹੀ ਉਸ ਨੂੰ ਗ੍ਰਿਫਤਾਰ ਕੀਤਾ ਹੈ।



ਪੁਲਿਸ ਨੇ ਦਾਅਵਾ ਕੀਤਾ ਹੈ ਕਿ ਅਰੋੜਾ ਦੇ ਇਸ਼ਾਰੇ ਤੋਂ ਬਾਅਦ ਹੀ ਹਿੰਸਾ ਭੜਕੀ ਸੀ। ਸੀ.ਪੀ. ਅਰੋੜਾ ਨੌਕਰੀ ਤਿਆਗ ਕੇ 2016 ਤੋਂ ਰਾਮ ਰਹੀਮ ਦੇ ਐਮ.ਐਸ.ਜੀ. ਬ੍ਰਾਂਡ ਨਾਲ ਘੱਟ ਤਨਖਾਹ ਉਤੇ ਨੌਕਰੀ ਕਰਨ ਲੱਗਾ। ਪੁਲਿਸ ਮੁਤਾਬਕ 25 ਅਗਸਤ ਨੂੰ ਹੋਈ ਹਿੰਸਾ ਦੀ ਸਾਜਿਸ਼ ਡੇਰੇ ਦੀ ਪ੍ਰਬੰਧਕੀ ਕਮੇਟੀ ਨੇ ਰਚੀ ਸੀ, ਜਿਸ ਦਾ ਅਰੋੜਾ ਵੀ ਮੈਂਬਰ ਸੀ। ਪੁਲਿਸ ਨੇ ਦੱਸਿਆ ਕਿ ਪਹਿਲਾਂ ਤੋਂ ਘੜੀ ਵਿਉਂਤ ਤਹਿਤ ਪੰਚਕੂਲਾ ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਅੰਦਰ ਮੌਜੂਦ ਹਨੀਪ੍ਰੀਤ ਨੇ ਬਾਹਰ ਖੜ੍ਹੇ ਰਾਮ ਰਹੀਮ ਦੇ ਡਰਾਈਵਰ ਰਾਕੇਸ਼ ਕੁਮਾਰ ਨੂੰ ਇਸ਼ਾਰਾ ਕੀਤਾ। ਇਹ ਇਸ਼ਾਰਾ ਹਿੰਸਾ ਦਾ ਸੰਕੇਤ ਸੀ।

ਰਾਕੇਸ਼ ਨੇ ਫੋਨ ਰਾਹੀਂ ਡੇਰਾ ਸਮਰਥਕਾਂ ਵਿਚ ਮੌਜੂਦ ਸੀ.ਪੀ. ਅਰੋੜਾ ਤੇ ਕੋਰ ਕਮੇਟੀ ਮੈਂਬਰਾਂ ਤੱਕ ਪਹੁੰਚਾਇਆ। ਸੰਦੇਸ਼ ਮਿਲਣ ਤੋਂ ਬਾਅਦ ਹੀ ਉਥੇ ਹਿੰਸਾ ਤੇ ਅੱਗਜ਼ਨੀ ਕੀਤੀ ਗਈ। ਪੁਲਿਸ ਸਬੂਤ ਦੇ ਤੌਰ 'ਤੇ ਸੀ.ਪੀ. ਅਰੋੜਾ ਦੇ ਮੋਬਾਇਲ ਕਾਲ ਵੇਰਵਿਆਂ ਨੂੰ ਖੰਘਾਲ ਰਹੀ ਹੈ।

# ਵੰਡ ਪਾਊ ਸਿਆਸਤ ਅਮਰੀਕੀ ਜਮਹੂਰੀਅਤ ਲਈ ਖਤਰਾ: ਬੁਸ਼

**ਨਿਊ ਯਾਰਕ:** ਜਾਰਜ ਡਬਲਯੂ ਬੁਸ਼ ਨੇ ਕੱਟੜਤਾ, ਗੋਰਿਆਂ ਦੀ ਸਰਬਉਚਤਾ ਅਤੇ ਫਰੇਬ ਦੀ ਤਿੱਖੀ ਨਿਖੇਧੀ ਕੀਤੀ। ਇਸ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਦੇ ਦੌਰ ਦੀ ਸਿਆਸਤ ਦੀ ਸਪੱਸ਼ਟ ਆਲੋਚਨਾ ਵਜੋਂ ਦੇਖਿਆ ਜਾ ਰਿਹਾ ਹੈ।

ਨਿਊ ਯਾਰਕ ਵਿਚ ਇਕ ਭਾਸ਼ਣ ਦੌਰਾਨ ਦੋ ਵਾਰ ਰਾਸ਼ਟਰਪਤੀ ਰਹੇ ਬੁਸ਼ ਨੇ ਕੌਮੀ ਸੁਰ ਨੂੰ ਭੱਦਾ ਕਰਨ ਅਤੇ ਵੰਡ ਪਾਊ ਵਿਸ਼ਿਆਂ ਨੂੰ ਅਮਰੀਕੀ ਜਮਹੂਰੀਅਤ ਲਈ ਖਤਰਾ ਦੱਸਿਆ। ਉਨ੍ਹਾਂ ਕਿਹਾ ਕਿ 'ਕੱਟੜਤਾ ਨੂੰ ਹੱਲਾਸ਼ੇਰੀ ਮਿਲਦੀ ਜਾਪਦੀ ਹੈ। ਸਾਜ਼ਿਸ਼ ਵਾਲੇ ਸਿਧਾਂਤਾਂ ਤੇ ਜਾਲਸਾਜ਼ੀ ਅੱਗੇ ਸਾਡੀ ਸਿਆਸਤ ਕਮਜ਼ੋਰ ਸਾਬਤ ਹੁੰਦੀ ਦਿਸ ਰਹੀ ਹੈ।' ਹਾਲਾਂਕਿ ਉਨ੍ਹਾਂ ਟਰੰਪ ਦਾ ਨਾਮ ਨਹੀਂ ਲਿਆ ਪਰ ਬੁਸ਼ ਦੀ ਟਿੱਪਣੀ ਨੂੰ ਮੌਜੂਦਾ ਪ੍ਰਸ਼ਾਸਨ ਅਤੇ ਉਸ ਵਿਵਾਦਤ ਸਿਆਸਤ ਦੀ ਨਿਖੇਧੀ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਕਾਰਨ ਪਿਛਲੇ ਸਾਲ ਨਵੰਬਰ ਵਿਚ ਲੱਖਾਂ ਵੋਟਰਾਂ ਨੂੰ ਟਰੰਪ ਦੇ ਹੱਕ ਵਿਚ ਭੁਗਤਣ ਲਈ ਉਕਸਾਇਆ ਗਿਆ।


## ਓਬਾਮਾ ਵੱਲੋਂ ਵੀ ਆਲੋਚਨਾ

**ਰਿਚਮੰਡ:** ਵ੍ਹਾਈਟ ਹਾਊਸ ਵਿਚਲੇ ਆਪਣੇ ਜਾਨਸ਼ੀਨ ਨਾਲ ਸਿੱਧੇ ਵਿਰੋਧ ਨੂੰ ਨਜ਼ਰਅੰਦਾਜ਼ ਕਰਨ ਅਤੇ ਸੁਰਖੀਆਂ ਵਿਚ ਨਾ ਰਹਿਣ ਤੋਂ ਕਈ ਮਹੀਨਿਆਂ ਮਗਰੋਂ ਬਰਾਕ ਓਬਾਮਾ ਪਹਿਲੀ ਦਫਾ ਪ੍ਰਚਾਰ ਮੁਹਿੰਮ ਵਿਚ ਕੁੱਦੇ ਅਤੇ ਉਨ੍ਹਾਂ ਵੰਡ ਪਾਊ ਸਿਆਸਤ ਦੀ ਨਿਖੇਧੀ ਕੀਤੀ। ਨਿਊਜਰਸੀ ਵਿਚ ਗਵਰਨਰ ਦੇ ਅਹੁਦੇ ਲਈ ਡੈਮੋਕਰੇਟਿਕ ਉਮੀਦਵਾਰ ਦੇ ਹੱਕ ਵਿਚ ਰੈਲੀ ਦੌਰਾਨ 56 ਸਾਲਾ ਸਾਬਕਾ ਰਾਸ਼ਟਰਪਤੀ ਨੇ 2016 ਦੀ ਪ੍ਰਚਾਰ ਮੁਹਿੰਮ ਦੀ ਤਲਖੀ ਅਤੇ ਡਰ ਨੂੰ ਨਿਸ਼ਾਨਾ ਬਣਾਇਆ। ਓਬਾਮਾ ਨੇ ਕਿਹਾ ਕਿ "ਅਸੀਂ 21ਵੀਂ ਸਦੀ ਵਿਚ 19ਵੀਂ ਸਦੀ ਵਾਲੀ ਵੰਡ ਪਾਊ ਸਿਆਸਤ ਲਿਆ ਰਹੇ, ਜਿਸ ਦੇ ਨੁਕਸਾਨ ਅਸੀਂ ਸਦੀਆਂ ਪਹਿਲਾਂ ਦੇਖ ਚੁੱਕੇ ਹਾਂ।'



# ਯਾਤਰਾ ਪਾਬੰਦੀਆਂ: ਡੋਨਲਡ ਟਰੰਪ ਦੇ ਨਵੇਂ ਫੈਸਲੇ 'ਤੇ ਰੋਕ

**ਵਾਸ਼ਿੰਗਟਨ:** ਫੈਡਰਲ ਜੱਜ ਨੇ ਵ੍ਹਾਈਟ ਹਾਊਸ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਦੇ ਪਰਵਾਸ ਸਬੰਧੀ ਵਿਵਾਦਤ ਕਾਰਜਕਾਰੀ ਹੁਕਮ ਦਾ ਨਵਾਂ ਰੂਪ ਲਾਗੂ ਕਰਨ ਤੋਂ ਰੋਕ ਦਿੱਤਾ ਹੈ। ਇਹ ਫੈਸਲਾ ਅਮਰੀਕਾ ਦੇ ਡਿਸਟ੍ਰਿਕਟ ਜੱਜ ਡੈਰਿਕ ਵਾਟਸਨ ਨੇ ਹਵਾਈ ਵਿਚ ਦਿੱਤਾ। ਇਹ ਫੈਸਲਾ ਰਾਸ਼ਟਰਪਤੀ ਟਰੰਪ ਵੱਲੋਂ ਅਮਰੀਕਾ ਵਿਚ ਛੇ ਮੁਸਲਿਮ ਮੁਲਕਾਂ ਦੇ ਯਾਤਰੀਆਂ ਦੇ ਦਾਖਲੇ ਉਤੇ ਰੋਕ ਲਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਲਈ ਨਵਾਂ ਝਟਕਾ ਹੈ।



ਜੱਜ ਵਾਟਸਨ ਨੇ ਕਿਹਾ ਕਿ ਯਾਤਰਾ ਪਾਬੰਦੀ ਦਾ ਇਹ ਤੀਜਾ ਰੂਪ ਕਾਨੂੰਨ ਮੁਤਾਬਕ ਸਹੀ ਨਹੀਂ ਹੈ, ਜਿਸ ਤਹਿਤ ਮੁੱਖ ਤੌਰ ਉਤੇ ਛੇ ਮੁਸਲਿਮ ਮੁਲਕਾਂ ਤੇ ਉਤਰੀ ਕੋਰੀਆ ਤੇ ਵੈਨਜ਼ੁਏਲਾ ਦੇ ਕੁਝ ਅਧਿਕਾਰੀਆਂ ਦੇ ਅਮਰੀਕਾ ਵਿਚ ਦਾਖਲੇ ਉਤੇ ਪਾਬੰਦੀ ਲਾਈ ਗਈ ਹੈ।

ਉਨ੍ਹਾਂ ਆਪਣੇ ਫੈਸਲੇ ਵਿਚ ਲਿਖਿਆ, 'ਇਸ ਵਿਚ ਵੀ ਉਹੀ ਕਮੀਆਂ ਹਨ ਜੋ ਪਹਿਲਾਂ ਵਾਲੇ ਹੁਕਮ ਵਿਚ ਸਨ। ਇਸ ਵਿਚ ਇਨ੍ਹਾਂ ਤੱਥਾਂ ਦੀ ਵੀ ਘਾਟ ਹੈ ਕਿ ਛੇ ਵਿਸ਼ੇਸ਼ ਮੁਲਕਾਂ ਦੇ 150 ਮਿਲੀਅਨ ਲੋਕਾਂ ਦਾ ਦਾਖਲਾ ਅਮਰੀਕਾ ਦੇ ਹਿੱਤਾਂ ਲਈ ਖਤਰਾ ਕਿਵੇਂ ਹੋ ਸਕਦਾ ਹੈ।' ਇਸ ਫੈਸਲੇ ਦਾ ਅਰਥ ਇਹ ਹੈ ਕਿ ਟਰੰਪ ਪ੍ਰਸ਼ਾਸਨ ਹੁਣ ਮੁੜ ਸੁਪਰੀਮ ਕੋਰਟ ਤੋਂ ਪੁੱਛ ਸਕਦਾ ਹੈ ਕਿ ਕੀ ਉਸ ਦੇ ਪਰਵਾਸ ਸਬੰਧੀ ਹੁਕਮ ਕਾਨੂੰਨੀ ਹਨ? ਇਹ ਨਵੇਂ ਹੁਕਮ ਦਾ ਪਿਛਲੇ ਮਹੀਨੇ ਐਲਾਨ ਕੀਤਾ ਗਿਆ ਸੀ ਜਿਸ ਨੇ ਛੇ ਮੁਸਲਿਮ ਵੱਧ ਗਿਣਤੀ ਵਾਲੇ ਛੇ ਮੁਲਕਾਂ- ਈਰਾਨ, ਲਿਬੀਆ, ਸੋਮਾਲੀਆ, ਸੂਡਾਨ, ਸੀਰੀਆ ਤੇ ਯਮਨ ਦੇ ਯਾਤਰੀਆਂ ਦੇ ਦਾਖਲੇ ਉਤੇ ਰੋਕ ਲਾਉਣ ਵਾਲੇ 90 ਦਿਨਾਂ ਵਾਲੇ ਫੈਸਲੇ ਦੀ ਥਾਂ ਲਈ ਸੀ।

## ਹਿਲੇਰੀ ਕਲਿੰਟਨ ਵੱਲੋਂ ਟਰੰਪ ਦੀ ਖਿਚਾਈ

**ਵਾਸ਼ਿੰਗਟਨ:** ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਮੁਲਕ ਦੇ ਸਦਰ ਡੋਨਲਡ ਟਰੰਪ ਵੱਲੋਂ ਉਤਰੀ ਕੋਰੀਆ ਨਾਲ ਛੇੜੀ 'ਖਤਰਨਾਕ' ਲਫਜ਼ੀ ਜੰਗ ਦੀ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਟਰੰਪ ਦੇ ਟਵਿੱਟਰ ਹਮਲੇ ਸਿਰਫ ਉਤਰੀ ਕੋਰੀਆ ਦੇ ਪ੍ਰਚਾਰ ਦੇ ਭੁੱਖੇ ਹਾਕਮ ਦਾ ਹੀ ਫਾਇਦਾ ਕਰ ਰਹੇ ਹਨ ਤੇ ਇਸ ਨਾਲ ਵਾਸ਼ਿੰਗਟਨ ਦੀ ਸਾਖ ਨੂੰ ਖੋਰਾ ਲੱਗਿਆ ਹੈ। ਬੀਬੀ ਕਲਿੰਟਨ ਬੀਤੇ ਸਾਲ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਸ੍ਰੀ ਟਰੰਪ ਤੋਂ ਹਾਰ ਗਈ ਸੀ।



# ਝੰਡੀ ਵਾਲੀ ਕਾਰ ਲਈ ਕਾਹਲੇ ਪਏ ਕਾਂਗਰਸੀ

**ਚੰਡੀਗੜ੍ਹ:** ਕੈਪਟਨ ਵਜ਼ਾਰਤ ਵਿਚ ਵਾਧੇ ਨੂੰ ਲੈ ਕੇ ਬੇਯਕੀਨੀ ਵਾਲੀ ਸਥਿਤੀ ਬਣਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਆਗੂਆਂ ਵਿਰੁਧ ਕਾਰਵਾਈ ਨਾ ਕਰਨ ਦੇ ਮੁੱਦੇ ਉਤੇ ਕਾਂਗਰਸ ਵਿਧਾਇਕ ਦਲ ਵਿਚ ਅਗਲੇ ਦਿਨਾਂ ਦੌਰਾਨ ਕਤਾਰਬੰਦੀ ਤਿੱਖੀ ਹੋਣ ਦੇ ਆਸਾਰ ਬਣ ਸਕਦੇ ਹਨ। ਕਈ ਵਿਧਾਇਕ ਤਾਂ ਅਕਸਰ ਇਕ ਦੂਜੇ ਕੋਲੋਂ, ਮੁੱਖ ਮੰਤਰੀ ਦਫਤਰ ਤੋਂ ਜਾਂ ਕਾਂਗਰਸ ਹਾਈਕਮਾਂਡ ਦੇ ਕਰੀਬੀਆਂ ਕੋਲੋਂ ਇਹ ਜਾਨਣ ਦਾ ਯਤਨ ਕਰਦੇ ਰਹਿੰਦੇ ਹਨ ਕਿ ਵਜ਼ਾਰਤ ਵਿਚ ਵਾਧਾ ਕਦੋਂ ਹੋ ਰਿਹਾ ਹੈ ਤੇ ਕਿਸ-ਕਿਸ ਨੂੰ ਝੰਡੀ ਵਾਲੀ ਕਾਰ ਮਿਲ ਸਕਦੀ ਹੈ। ਉਹ ਆਪਣੀ ਵਜ਼ੀਰੀ ਪੱਕੀ ਕਰਨ ਲਈ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ।



ਵਜ਼ਾਰਤ ਵਿਚ ਜਦੋਂ ਵੀ ਵਾਧਾ ਹੋਇਆ ਤਾਂ ਵੱਧ ਤੋਂ ਵੱਧ ਅੱਠ ਹੀ ਹੋਰ ਮੰਤਰੀ ਬਣਨਗੇ ਪਰ ਇਸ ਦੌੜ ਸ਼ਾਮਲ ਵਿਧਾਇਕਾਂ ਦੀ ਗਿਣਤੀ ਇਸ ਤੋਂ ਕਰੀਬ ਦੁੱਗਣੀ ਹੈ। ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਉਹ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ, ਜਿਨ੍ਹਾਂ ਦੇ ਸਿਰ 'ਤੇ ਛੇਤੀ ਹੀ ਕਾਂਗਰਸ ਦੀ ਪ੍ਰਧਾਨਗੀ ਦਾ ਤਾਜ ਸਜ ਸਕਦਾ ਹੈ, ਨਾਲ ਮੁਲਾਕਾਤ ਕਰ ਕੇ ਵਜ਼ਾਰਤ ਵਿਚ ਵਾਧਾ ਕਰਨਗੇ। ਇਸ ਕਾਰਨ ਮੰਤਰੀ ਬਣਨ ਦੇ ਚਾਹਵਾਨਾਂ ਨੂੰ ਇਸ ਮੁਲਾਕਾਤ ਦੀ ਬੇਸਬਰੀ ਨਾਲ ਉਡੀਕ ਹੈ। ਪਰ ਜਾਣਕਾਰਾਂ ਮੁਤਾਬਕ ਵਜ਼ਾਰਤੀ ਵਾਧਾ ਦਸੰਬਰ ਮਹੀਨੇ ਹੋਣ ਵਾਲੀਆਂ ਨਿਗਮ ਚੋਣਾਂ ਤੱਕ ਟਲ ਵੀ ਸਕਦਾ ਹੈ। ਇਕ ਸੀਨੀਅਰ ਆਗੂ ਨੇ ਕਿਹਾ ਕਿ ਵਾਧਾ ਜਲਦੀ ਹੋ ਜਾਵੇ ਜਾਂ ਪਛੜ ਕੇ ਹੋਵੇ, ਪਰ ਕਾਂਗਰਸ ਵਿਧਾਇਕ ਪਾਰਟੀ ਵਿਚ ਰੇੜਕਾ ਪੈਣਾ ਤੈਅ ਹੈ। ਇਸ ਰੇੜਕੇ ਨੂੰ ਰੋਕਣਾ ਮੁੱਖ ਮੰਤਰੀ ਦੀ ਅਹਿਮ ਜ਼ਿੰਮੇਵਾਰੀ ਹੈ।

ਕਾਂਗਰਸ ਵਿਧਾਇਕਾਂ ਵਿਚ ਇਸ ਗੱਲ ਤੋਂ ਨਾਰਾਜ਼ਗੀ ਵਧਦੀ ਜਾ ਰਹੀ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਅਤੇ ਗੁਰਦਾਸਪੁਰ ਦੀ ਜ਼ਿਮਨੀ ਚੋਣ ਵਿਚ ਪਾਰਟੀ ਦੇ ਕਈ ਆਗੂਆਂ ਨੇ ਲੋਕਾਂ ਨਾਲ ਮੁੜ ਵਾਅਦਾ ਕੀਤਾ ਹੈ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਜਿਹੜੇ ਮੰਤਰੀਆਂ ਤੇ ਆਗੂਆਂ ਦੇ ਨਾਂ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਤੇ ਹੋਰ ਹੇਰਾਫੇਰੀਆਂ ਨਾਲ ਜੁੜਦੇ ਹਨ, ਉਨ੍ਹਾਂ ਵਿਰੁਧ ਕਾਰਵਾਈ ਕੀਤੀ ਜਾਵੇਗੀ ਪਰ ਮੁੱਖ ਮੰਤਰੀ ਇਸ ਮੁੱਦੇ 'ਤੇ ਦੁਚਿੱਤੀ ਵਿਚ ਹਨ। ਉਹ ਅਕਸਰ ਕਹਿੰਦੇ ਹਨ ਕਿ ਉਹ ਆਪਣੇ ਸਿਆਸੀ ਵਿਰੋਧੀਆਂ ਨਾਲ ਕਿੜ ਕੱਢਣ ਦੀ ਨੀਤੀ ਨਹੀਂ ਅਪਣਾਉਣਗੇ, ਜਿਨ੍ਹਾਂ ਵਿਰੁਧ ਠੋਸ ਸਬੂਤ ਮਿਲਣਗੇ, ਉਨ੍ਹਾਂ 'ਤੇ ਹੀ ਕਾਰਵਾਈ ਕਰਨਗੇ। ਕੁਝ ਕਾਂਗਰਸ ਵਿਧਾਇਕਾਂ ਦਾ ਕਹਿਣਾ ਹੈ ਕਿ ਜੇ ਮੁੱਖ ਮੰਤਰੀ ਚਾਹੁਣ ਤਾਂ ਸਬੂਤ ਜੁਟਾਏ ਜਾ ਵੀ ਸਕਦੇ ਹਨ। ਜੇ ਸਰਕਾਰ ਅਕਾਲੀਆਂ ਨਾਲ 'ਮਿਲਵਰਤਣ' ਦੀ ਨੀਤੀ ਉਤੇ ਚੱਲ ਪਏ ਤਾਂ ਮਿਲੇ ਸਬੂਤ ਵੀ ਮਿਟਾਏ ਜਾ ਸਕਦੇ ਹਨ।

# ਸਰਕਾਰੀ ਫਰਮਾਨ ਨੇ ਇਰਾਕ ਬੰਦੀਆਂ ਦੇ ਪਰਿਵਾਰਾਂ ਦਾ ਫਿਕਰ ਵਧਾਇਆ

## ਕੇਂਦਰ ਸਰਕਾਰ ਨੇ ਹੁਣ ਡੀ.ਐਨ.ਏ. ਟੈਸਟ ਕਰਵਾਉਣ ਲਈ ਕਿਹਾ



**ਜਲੰਧਰ:** ਇਰਾਕ ਵਿਚ ਬੰਦੀ ਬਣਾਏ ਗਏ 39 ਭਾਰਤੀਆਂ ਦਾ ਸਵਾ ਤਿੰਨ ਸਾਲਾਂ ਬਾਅਦ ਵੀ ਕੋਈ ਪਤਾ ਨਹੀਂ ਲੱਗਾ। ਹੁਣ ਇਨ੍ਹਾਂ ਦੇ ਪਰਿਵਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਸਿਵਲ ਹਸਪਤਾਲ ਜਾ ਕੇ ਆਪਣੇ ਡੀ.ਐਨ.ਏ. ਟੈਸਟ ਕਰਵਾਉਣ ਲਈ ਖੂਨ ਦੇ ਨਮੂਨੇ ਦੇਣ। ਪਤਾ ਲੱਗਾ ਹੈ ਕਿ ਵਿਦੇਸ਼ ਮੰਤਰਾਲੇ ਤੋਂ ਹਦਾਇਤਾਂ ਆਈਆਂ ਹਨ ਕਿ ਇਰਾਕ ਵਿਚ ਬੰਦੀ ਬਣਾਏ ਗਏ ਵਿਅਕਤੀਆਂ ਦੇ ਪਰਿਵਾਰਾਂ ਦਾ ਡੀ.ਐਨ.ਏ. ਟੈਸਟ ਲੈਣ ਲਈ ਖੂਨ ਦੇ ਨਮੂਨੇ ਲਏ ਜਾਣ। ਰੁੜਕਾ ਕਲਾਂ ਦੀ ਮਨਜੀਤ ਕੌਰ ਦਾ ਪਤੀ ਦਵਿੰਦਰ ਸਿੰਘ ਇਰਾਕ 'ਚ ਫਸਿਆ ਹੋਇਆ ਹੈ।

ਉਸ ਨੂੰ ਟੈਸਟ ਲਈ ਬੱਚਿਆਂ ਨੂੰ ਨਾਲ ਲੈ ਕੇ ਆਉਣ ਲਈ ਕਿਹਾ ਗਿਆ ਹੈ। ਜਲੰਧਰ ਦੇ ਹੋਰ ਚਾਰ ਪਰਿਵਾਰਾਂ ਨੂੰ ਵੀ ਸੱਦਿਆ ਗਿਆ ਹੈ। ਜ਼ਿਕਰਯੋਗ ਹੈ ਕਿ 2014 ਵਿਚ ਇਰਾਕ ਵਿਚ ਇਸਲਾਮਿਕ ਸਟੇਟ ਦੇ ਲੜਾਕਿਆਂ ਨੇ 39 ਭਾਰਤੀਆਂ ਨੂੰ ਅਗਵਾ ਕਰ ਲਿਆ ਸੀ। ਹਾਲਾਂਕਿ, ਜੁਲਾਈ 2017 ਵਿਚ ਇਰਾਕੀ ਫੌਜਾਂ ਨੇ ਮੋਸੂਲ ਸ਼ਹਿਰ ਨੂੰ ਆਈ.ਐਸ. ਦੇ ਕਬਜ਼ੇ ਵਿਚੋਂ ਛੁਡਵਾ ਲਿਆ ਸੀ ਪਰ ਉਥੇ ਇਨ੍ਹਾਂ ਭਾਰਤੀਆਂ ਦਾ ਕੋਈ ਨਾਮੋ ਨਿਸ਼ਾਨ ਨਹੀਂ ਸੀ ਮਿਲਿਆ। ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਈ ਵਾਰ ਇਹ ਕਿਹਾ ਹੈ ਕਿ ਸਰਕਾਰ ਅਗਵਾ ਕੀਤੇ ਨੌਜਵਾਨਾਂ ਦੀ ਭਾਲ ਲਈ ਚਾਰਾਜੋਈ ਕਰ ਰਹੀ ਹੈ।

ਇਰਾਕ ਵਿਚ ਅਗਵਾਕਾਰਾਂ ਦੇ ਚੁੰਗਲ ਵਿਚੋਂ ਨਿਕਲ ਕੇ ਆਏ ਗੁਰਦਾਸਪੁਰ ਦੇ ਪਿੰਡ ਕਾਲਾ ਅਫਗਾਨਾ ਦੇ ਹਰਜੀਤ ਮਸੀਹ ਨੇ ਦੱਸਿਆ ਸੀ ਕਿ ਆਈ.ਐਸ. ਨੇ ਅਗਵਾ ਕੀਤੇ ਸਾਰੇ ਨੌਜਵਾਨਾਂ ਨੂੰ ਮਾਰ ਦਿੱਤਾ ਹੈ। ਅਗਵਾ ਹੋਏ 39 ਦੇ ਪਰਿਵਾਰ ਹੁਣ ਤੱਕ ਤਕਰੀਬਨ 14 ਵਾਰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲ ਚੁੱਕੇ ਹਨ ਅਤੇ ਉਹ ਹਰ ਵਾਰ ਉਨ੍ਹਾਂ ਨੂੰ ਉਨ੍ਹਾਂ ਦੇ ਬੱਚੇ ਸੁਰੱਖਿਅਤ ਹਨ, ਕਹਿ ਕੇ ਭੇਜ ਦਿੰਦੀ ਸੀ। ਜਦੋਂ ਮੋਸੂਲ ਤੋਂ ਦਹਿਸ਼ਤਗਰਦਾਂ ਨੂੰ ਖਦੇੜ ਦਿੱਤਾ ਗਿਆ ਤਾਂ ਉਸ ਤੋਂ ਬਾਅਦ ਸਾਰੇ ਪਰਿਵਾਰ ਆਪਣੇ ਬੱਚਿਆਂ ਦਾ ਹਾਲ ਜਾਣਨ ਲਈ ਬੇਚੈਨ ਸਨ। ਹੁਣ ਸਰਕਾਰ ਵੱਲੋਂ ਇਰਾਕ ਗਏ ਨੌਜਵਾਨਾਂ ਦੇ ਮਾਪਿਆਂ ਦੇ ਡੀ.ਐਨ.ਏ. ਟੈਸਟ ਦੇ ਫਰਮਾਨ ਨੇ ਪੀੜਤ ਪਰਵਾਰਾਂ ਦੇ ਹੌਸਲੇ ਤੋੜ ਦਿੱਤੇ ਹਨ। ਉਨ੍ਹਾਂ ਦੀ ਬੇਚੈਨੀ ਵਧਦੀ ਜਾ ਰਹੀ ਹੈ ਕਿ ਕਿਤੇ ਉਨ੍ਹਾਂ ਦੇ ਬੱਚਿਆਂ ਨੂੰ ਇਰਾਕ ਵਿਚ ਮਾਰ ਤਾਂ ਨਹੀਂ ਦਿੱਤਾ ਗਿਆ ਤੇ ਪਛਾਣ ਲਈ ਇਹ ਟੈਸਟ ਕਰਨ ਦੀ ਲੋੜ ਪੈ ਰਹੀ ਹੈ।

### ਇਰਾਕ ਵਿਚ ਲਾਪਤਾ ਭਾਰਤੀ ਮਾਰੇ ਗਏ: ਮਸੀਹ



**ਗੁਰਦਾਸਪੁਰ:** ਅਗਵਾਕਾਰਾਂ ਦੇ ਚੁੰਗਲ ਵਿਚੋਂ ਨਿਕਲਣ ਵਿਚ ਕਾਮਯਾਬ ਰਹੇ ਹਰਜੀਤ ਮਸੀਹ ਨੇ ਇਕ ਵਾਰ ਫਿਰ ਦਾਅਵਾ ਕੀਤਾ ਕਿ ਉਸ ਦੇ ਸਾਰੇ ਸਾਥੀ ਆਈ.ਐਸ. ਅਤਿਵਾਦੀਆਂ ਵੱਲੋਂ ਮਾਰ ਦਿੱਤੇ ਗਏ ਸਨ। ਕਾਲਾ ਅਫਗਾਨਾ ਪਿੰਡ ਦੇ ਵਸਨੀਕ ਹਰਜੀਤ ਮਸੀਹ (30) ਨੇ ਕਿਹਾ ਕਿ ਸਰਕਾਰ ਸੱਚਾਈ ਕਿਉਂ ਨਹੀਂ ਸਵੀਕਾਰ ਕਰ ਰਹੀ ਤੇ ਲਾਪਤਾ ਭਾਰਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਸਹੀ ਜਾਣਕਾਰੀ ਕਿਉਂ ਨਹੀਂ ਦੇ ਰਹੀ। ਉਸ ਨੇ ਕਿਹਾ ਕਿ ਜੇਕਰ ਸਰਕਾਰ ਕਹਿ ਰਹੀ ਹੈ ਕਿ ਸਾਰੇ ਭਾਰਤੀ ਸੁਰੱਖਿਅਤ ਹਨ ਤਾਂ ਇਨ੍ਹਾਂ ਤਿੰਨ ਸਾਲਾਂ 'ਚ ਉਨ੍ਹਾਂ ਭਾਰਤੀਆਂ ਨੂੰ ਸਾਹਮਣੇ ਕਿਉਂ ਨਹੀਂ ਲਿਆਂਦਾ? ਉਸ ਨੇ ਇਕ ਵਾਰ ਫਿਰ ਦੁਹਰਾਇਆ ਕਿ ਇਰਾਕ 'ਚ ਬੰਦੀ ਬਣਾਏ 39 ਭਾਰਤੀਆਂ ਨੂੰ ਅਤਿਵਾਦੀਆਂ ਨੇ ਮਾਰ ਦਿੱਤਾ ਹੈ। ਹਰਜੀਤ ਮਸੀਹ, ਜਿਸ ਨੂੰ 2014 'ਚ 39 ਹੋਰ ਭਾਰਤੀਆਂ ਸਮੇਤ ਇਰਾਕ 'ਚ ਅਗਵਾ ਕੀਤਾ ਗਿਆ ਸੀ, ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਅਗਵਾ ਕਰਨ ਦੇ ਕੁਝ ਦਿਨਾਂ ਬਾਅਦ ਅਤਿਵਾਦੀਆਂ ਨੇ ਸਾਰੇ ਭਾਰਤੀਆਂ ਨੂੰ ਗੋਲੀਆਂ ਮਾਰ ਦਿੱਤੀਆਂ ਸਨ ਤੇ ਉਹ ਉਸ ਵੇਲੇ ਪੈਰ 'ਚ ਗੋਲੀ ਲੱਗਣ ਕਰ ਕੇ ਅਗਵਾਕਾਰਾਂ ਨੂੰ ਝਕਾਨੀ ਦੇ ਕੇ ਭੱਜਣ ਵਿਚ ਕਾਮਯਾਬ ਹੋ ਗਿਆ ਤੇ ਸੁਰੱਖਿਅਤ ਭਾਰਤ ਪਰਤ ਆਇਆ।

# ਅਕਾਲੀ ਆਗੂ ਕੋਲਿਆਂਵਾਲੀ ਦੇ ਪੁੱਤ 'ਤੇ ਹਮਲਾ; ਲੱਤ ਟੁੱਟੀ

**ਸ੍ਰੀ ਮੁਕਤਸਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਮੁਕਤਸਰ ਦੇ ਪ੍ਰਧਾਨ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਦੇ ਪੁੱਤਰ ਪਰਮਿੰਦਰ ਸਿੰਘ ਕੋਲਿਆਂਵਾਲੀ ਉਤੇ ਤਕਰੀਬਨ 15 ਜਣਿਆਂ ਨੇ ਮਲੋਟ ਵਿਚ ਹਮਲਾ ਕਰ ਦਿੱਤਾ। ਦਾਅਵਾ ਹੈ ਕਿ ਹਮਲਾਵਰਾਂ ਵਿਚ ਮਲੋਟ ਦੇ ਇਕ ਕਾਂਗਰਸ ਆਗੂ ਦਾ ਭਤੀਜਾ ਸ਼ਾਮਲ ਹੈ।

ਪੁਲਿਸ ਨੇ ਕਾਂਗਰਸ ਆਗੂ ਸਮੇਤ ਚਾਰ ਜਣਿਆਂ 'ਤੇ ਪਰਚਾ ਦਰਜ ਕੀਤਾ ਹੈ। ਲੜਾਈ ਉਸ ਵਕਤ ਸ਼ੁਰੂ ਹੋਈ ਜਦੋਂ ਯੂਥ ਅਕਾਲੀ ਦਲ ਦਾ ਆਗੂ ਪਰਮਿੰਦਰ ਸਿੰਘ ਕੋਲਿਆਂਵਾਲੀ ਆਪਣੇ ਜੱਦੀ ਪਿੰਡ ਕੋਲਿਆਂਵਾਲੀ ਵਿਚ ਜਿਮ ਤੋਂ ਘਰ ਪਰਤ ਰਿਹਾ ਸੀ। ਉਸ ਵਕਤ ਉਹਦੇ ਨਾਲ ਉਸ ਦਾ ਇਕ ਦੋਸਤ ਅਤੇ ਗੰਨਮੈਨ ਵੀ ਸਨ। ਹਮਲਾਵਰਾਂ ਨੇ ਪਰਮਿੰਦਰ ਦੀ ਟੋਯੋਟਾ ਕੋਰੋਲਾ ਐਲਟਿਸ ਗੱਡੀ ਉਤੇ ਗੋਲੀ ਚਲਾ ਦਿੱਤੀ। ਇਸ ਤੋਂ ਬਾਅਦ ਉਸ ਨੂੰ ਗੱਡੀ ਵਿਚੋਂ ਬਾਹਰ ਕੱਢ ਲਿਆ ਅਤੇ ਲੱਤ ਤੋੜ ਦਿੱਤੀ। ਪਰਮਿੰਦਰ ਸਿੰਘ ਦੇ ਚਚੇਰੇ ਭਰਾ ਨਵਜਿੰਦਰ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਹਮਲਾਵਰਾਂ ਦੀ ਗਿਣਤੀ ਤਕਰੀਬਨ 15 ਸੀ ਅਤੇ ਉਨ੍ਹਾਂ ਰਾਤੀਂ 8 ਕੁ ਵਜੇ ਪਰਮਿੰਦਰ ਦੀ ਕਾਰ ਉਤੇ ਗੋਲੀ ਚਲਾਈ। ਉਸ ਦੇ ਦੋਸਤ ਅਤੇ ਗੰਨਮੈਨ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਇਸ ਹਮਲੇ ਵਿਚ ਉਸ ਦੀਆਂ ਲੱਤਾਂ ਤੋੜ ਦਿੱਤੀਆਂ ਗਈਆਂ। ਉਨ੍ਹਾਂ ਦਾਅਵਾ ਕੀਤਾ ਕਿ ਪਰਮਿੰਦਰ ਸਿੰਘ ਦੀ ਕਾਰ ਉਤੇ ਤਿੰਨ ਗੋਲੀਆਂ ਲੱਗੀਆਂ ਹਨ।

# ਮਾਂ ਬੋਲੀ ਪੰਜਾਬੀ ਦੇ ਹੱਕ ਵਿਚ ਡਟੇ 142 ਲੋਕਾਂ ਉਤੇ ਕੇਸ ਦਰਜ

**ਬਠਿੰਡਾ:** ਪੰਜਾਬੀ ਮਾਂ ਬੋਲੀ ਨੂੰ ਸੜਕਾਂ ਦੇ ਸੂਚਨਾ ਬੋਰਡਾਂ 'ਤੇ ਸਭ ਤੋਂ ਹੇਠਾਂ ਲਿਖੇ ਜਾਣ ਦੇ ਰੋਸ ਵਿਚ ਅੰਗਰੇਜ਼ੀ ਤੇ ਹਿੰਦੀ ਨੂੰ ਕਾਲੀ ਕੂਚੀ ਫੇਰ ਕੇ ਢੱਕਣ ਕਾਰਨ 142 ਵਿਅਕਤੀਆਂ ਉਤੇ ਪਰਚਾ ਦਰਜ ਕਰ ਲਿਆ ਗਿਆ ਹੈ। ਇਨ੍ਹਾਂ ਉਤੇ ਸਰਕਾਰੀ ਜਾਇਦਾਦ ਨਾਲ ਛੇੜਛਾੜ ਕਰਨ ਦੇ ਇਲਜ਼ਾਮ ਹਨ।

ਇਸ ਮੁਹਿੰਮ ਦੀ ਅਗਵਾਈ ਕਰ ਰਹੇ ਲੱਖਾ ਸਿਧਾਣਾ ਤੇ ਬਾਬਾ ਹਰਦੀਪ ਸਿੰਘ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਸ਼ੁਰੂ ਤੋਂ ਹੀ ਪੰਜਾਬੀਆਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀ ਰਹੀ ਹੈ। ਉਨ੍ਹਾਂ ਵਿਰੁੱਧ ਜੋ ਵੀ ਕੇਸ ਕੀਤੇ ਗਏ ਹਨ, ਉਹ ਉਨ੍ਹਾਂ ਵਿਚੋਂ ਜ਼ਮਾਨਤ ਨਹੀਂ ਲੈਣਗੇ ਤੇ ਪ੍ਰਸ਼ਾਸਨ ਬੇਸ਼ੱਕ ਉਨ੍ਹਾਂ ਨੂੰ ਜੇਲ੍ਹ ਭੇਜ ਦੇਵੇ। ਦੂਜੇ ਪਾਸੇ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਇਸ ਮੁਹਿੰਮ ਤੇ ਪੰਜਾਬ ਵਿਚ ਇਸ ਦੇ ਪ੍ਰਤੀਕਰਮ ਤੇ ਸਮਰਥਨ ਨੂੰ ਵੇਖਦਿਆਂ ਲੋਕ ਨਿਰਮਾਣ ਵਿਭਾਗ ਨੇ 10 ਨਵੰਬਰ ਤਕ ਸਾਰੇ ਸੂਚਨਾ ਬੋਰਡਾਂ ਨੂੰ ਬਦਲਣ ਦੀ ਗੱਲ ਕਹੀ ਹੈ। ਵਿਭਾਗ ਨੇ ਇਸ ਬਾਰੇ ਸਾਰੀਆਂ ਲੋੜੀਂਦੀਆਂ ਮਨਜ਼ੂਰੀਆਂ ਆਦਿ ਵੀ ਹਾਸਲ ਕਰ ਲਈਆਂ ਹਨ ਤੇ 10 ਨਵੰਬਰ ਤੋਂ ਉਹ ਬੋਰਡ ਲਾਏ ਜਾਣਗੇ।

# ਘਰੇਲੂ ਹਿੰਸਾ ਦੀ ਸ਼ਿਕਾਇਤ ਵਿਚ ਯੁਵਰਾਜ ਦਾ ਨਾਮ ਵੀ ਦਰਜ




**ਗੁਰੂਗ੍ਰਾਮ:** ਕ੍ਰਿਕਟਰ ਯੁਵਰਾਜ ਸਿੰਘ ਦੀ ਭਰਜਾਈ ਆਕਾਂਸ਼ਾ ਸ਼ਰਮਾ ਨੇ ਘਰੇਲੂ ਹਿੰਸਾ ਦੀ ਸ਼ਿਕਾਇਤ ਵਿਚ ਉਸ ਦਾ ਨਾਮ ਵੀ ਲਿਆ ਹੈ। ਯੁਵਰਾਜ ਸਿੰਘ ਦੇ ਛੋਟੇ ਭਰਾ ਜ਼ੋਰਾਵਰ ਸਿੰਘ ਅਤੇ ਮਾਂ ਸ਼ਬਨਮ ਸਿੰਘ ਖਿਲਾਫ਼ ਦਿਮਾਗੀ ਅਤੇ ਵਿੱਤੀ ਤੌਰ ਉਤੇ ਤਸੀਹੇ ਦੇਣ ਤਹਿਤ ਕੇਸ ਦਰਜ ਕਰਵਾਇਆ ਗਿਆ ਹੈ। ਆਕਾਂਸ਼ਾ ਨੇ ਦੋਸ਼ ਲਾਇਆ ਕਿ ਸਹੁਰਾ ਪਰਿਵਾਰ ਉਸ ਨੂੰ ਬੱਚਾ ਪੈਦਾ ਕਰਨ ਲਈ ਦਬਾਅ ਬਣਾ ਰਿਹਾ ਹੈ। ਉਸ ਨੇ ਕਿਹਾ ਕਿ ਯੁਵਰਾਜ ਦਾ ਨਾਮ ਸ਼ਿਕਾਇਤ 'ਚ ਇਸ ਲਈ ਸ਼ਾਮਲ ਕੀਤਾ ਗਿਆ ਹੈ ਕਿਉਂਕਿ ਜ਼ਿਆਦਤੀ ਵੇਲੇ ਉਹ ਸਿਰਫ ਮੂਕ ਦਰਸ਼ਕ ਬਣਿਆ ਰਿਹਾ ਅਤੇ ਪਰਿਵਾਰ ਨੂੰ ਰੋਕਿਆ ਤੱਕ ਨਹੀਂ।

# ਜ਼ਮੀਨੀ ਵਿਵਾਦ ਕਾਰਨ ਪਰਵਾਸੀ ਭਾਰਤੀ ਦੀ ਹੱਤਿਆ

**ਅਬੋਹਰ:** ਪਿੰਡ ਬੱਲੂਆਣਾ ਨੇੜੇ ਢਾਣੀ ਠਾਕਰ ਸਿੰਘ ਵਿਚ ਰਹਿਣ ਵਾਲੇ ਪਰਵਾਸੀ ਭਾਰਤੀ ਬਲਕਰਨ ਸਿੰਘ ਭੁੱਲਰ ਦੀ ਕੁਝ ਵਿਅਕਤੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਹੱਤਿਆ ਕਰ ਦਿੱਤੀ। ਬਲਕਰਨ ਸਿੰਘ ਭੁੱਲਰ ਸੜਕ 'ਤੇ ਸੈਰ ਕਰ ਰਿਹਾ ਸੀ। ਮ੍ਰਿਤਕ ਬਲਕਰਨ ਸਿੰਘ ਭੁੱਲਰ ਦਾ ਕੁਝ ਵਿਅਕਤੀਆਂ ਨਾਲ ਕਾਫੀ ਸਮੇਂ ਤੋਂ ਜ਼ਮੀਨੀ ਵਿਵਾਦ ਚੱਲ ਰਿਹਾ ਸੀ ਤੇ ਬੀਤੀ 25 ਸਤੰਬਰ ਨੂੰ ਅਦਾਲਤ ਵੱਲੋਂ ਇਸ ਕੇਸ ਦਾ ਫੈਸਲਾ ਬਲਕਰਨ ਸਿੰਘ ਭੁੱਲਰ ਦੇ ਹੱਕ 'ਚ ਕਰ ਦਿੱਤਾ ਗਿਆ ਸੀ। ਬਲਕਰਨ ਸਿੰਘ ਦਾ ਬਾਕੀ ਪਰਿਵਾਰ ਕੈਨੇਡਾ ਰਹਿੰਦਾ ਹੈ ਅਤੇ ਉਸ ਦੇ ਖੁਦ ਦੇ ਕੈਨੇਡਾ ਅਤੇ ਭਾਰਤ ਵਿਚ ਕਈ ਕਾਰੋਬਾਰ ਹਨ, ਜਿਸ ਕਾਰਨ ਉਸ ਦਾ ਕੈਨੇਡਾ ਤੋਂ ਭਾਰਤ ਆਮ ਆਉਣਾ-ਜਾਣਾ ਬਣਿਆ ਰਹਿੰਦਾ ਸੀ।

# ਸੰਸਾਰ ਸਿਹਤ ਪ੍ਰੋਗਰਾਮਾਂ ਦੀ ਕਮਾਂਡ ਭਾਰਤ ਦੇ ਹੱਥ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦੀ ਡਾਇਰੈਕਟਰ ਜਨਰਲ ਸਾਉਮੀਆ ਸਵਾਮੀਨਾਥਨ ਦੀ ਸੰਸਾਰ ਦੀ ਉਚਤਮ ਸਿਹਤ ਸੰਸਥਾ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵਿਖੇ ਡਿਪਟੀ ਡਾਕਟਰ ਇੰਸਪੈਕਟਰ ਜਨਰਲ (ਪ੍ਰੋਗਰਾਮਜ਼) ਵਜੋਂ ਨਿਯੁਕਤੀ ਭਾਰਤ ਲਈ ਬਹੁਤ



ਸਾਉਮੀਆ ਸਵਾਮੀਨਾਥਨ

ਮਾਣ ਵਾਲੀ ਗੱਲ ਹੈ। ਜੇ ਸਾਉਮੀਆ ਦੇ ਪਿਤਾ ਐਮ. ਐਸ. ਸਵਾਮੀਨਾਥਨ ਨੇ ਡਾ. ਐਮ. ਐਸ. ਰੰਧਾਵਾ ਨਾਲ ਮਿਲ ਕੇ ਦੇਸ਼ ਵਿਚ ਹਰੀ ਕ੍ਰਾਂਤੀ ਦੀ ਨੀਂਹ ਰੱਖੀ ਤਾਂ ਸਾਉਮੀਆ ਦੁਨੀਆਂ ਭਰ ਦੇ ਸਿਹਤ ਪ੍ਰੋਗਰਾਮਾਂ ਨੂੰ ਸੇਧ ਦੇਣ ਜਾ ਰਹੀ ਹੈ।

ਸਾਉਮੀਆ ਦਾ ਮੱਤ ਹੈ ਕਿ ਪੂਰੇ ਸੰਸਾਰ ਨੂੰ ਸੱਠ ਪ੍ਰਤੀਸ਼ਤ ਮੁਢਲੀਆਂ ਦਵਾਈਆਂ ਸਪਲਾਈ ਕਰਨ ਵਾਲਾ ਭਾਰਤ ਇਹੋ ਜਿਹੀਆਂ ਜੜ੍ਹੀ-ਬੂਟੀਆਂ ਦਾ ਦੇਸ਼ ਹੈ ਜੋ ਦੂਜੇ ਦੇਸ਼ਾਂ ਦੇ ਸਿਹਤ ਵਿਗਿਆਨੀਆਂ ਨਾਲ ਮਿਲ ਕੇ ਆਮ ਰੋਗਾਂ ਦੇ ਮੁਢਲੇ ਚਿੰਨ੍ਹ ਪਛਾਣਨ ਤੇ ਉਨ੍ਹਾਂ ਲਈ ਸਸਤੀਆਂ ਦਵਾਈਆਂ ਤਿਆਰ ਕਰਨ ਵਿਚ ਪਹਿਲਾਂ ਨਾਲੋਂ ਵਡੇਰਾ ਯੋਗਦਾਨ ਪਾ ਸਕਦਾ ਹੈ। ਖਾਸ ਕਰਕੇ ਅਜਿਹੇ ਰੋਗਾਂ ਲਈ ਜਿਹੜੇ ਘੜੀ-ਮੁੜੀ ਸਿਰ ਚੁੱਕਣ ਤੋਂ ਬਾਜ਼ ਨਹੀਂ ਆਉਂਦੇ। ਇਹ ਕੰਮ ਖੁੱਲ੍ਹੀ ਮਾਇਕ ਸਹਾਇਤਾ ਤੇ ਵਡੇਰੀ ਲਗਨ ਤੋਂ ਬਿਨਾ ਨਹੀਂ ਹੋ ਸਕਦਾ। ਡਬਲਯੂ. ਐਚ. ਓ. ਦੇ ਮਾਇਕ ਵਸੀਲਿਆਂ ਤੇ ਪੂੰਜੀਵਾਦੀ ਦੇਸ਼ਾਂ ਦੇ ਸਮਰਥਨ ਸਦਕਾ ਭਵਿੱਖ ਵਿਚ ਬਹੁਤ ਚੰਗੇ ਨਤੀਜੇ ਲਏ ਜਾ ਸਕਦੇ ਹਨ। ਉਹ ਇਹ ਮੰਨ ਕੇ ਚਲਦੀ ਹੈ ਕਿ ਸ਼ਹਿਰੀ ਪ੍ਰਯੋਗਸ਼ਾਲਾ ਨਾਲੋਂ ਦੂਰ-ਦੁਰੇਡੇ ਖੇਤਾਂ ਵਿਚ ਕੰਮ ਕੀਤਿਆਂ ਚੰਗੇਰੇ ਨਤੀਜੇ ਮਿਲਦੇ ਹਨ।

ਜੇ ਭਾਰਤੀ ਚਿਕਿਤਸਾ ਦੇ ਮਾਹਰ ਆਪਣੇ ਦੇਸ਼ ਨੂੰ ਪੋਲੀਓ ਮੁਕਤ ਕਰਨ ਵਿਚ ਸਫਲ ਹੋ ਸਕਦੇ ਹਨ ਤਾਂ ਮਾਇਕ ਵਸੀਲੇ ਮਿਲਣ ਨਾਲ ਤਪਦਿਕ ਵਰਗੇ ਗੰਭੀਰ ਰੋਗਾਂ ਉਤੇ ਵੀ ਕਾਬੂ ਪਾ ਸਕਦੇ ਹਨ। ਨਿਸ਼ਚੇ ਹੀ ਜੈਨੇਵਾ ਵਾਲੇ ਵੱਡੇ ਦਫਤਰ ਦੀ ਕਮਾਂਡ ਸੰਭਾਲਣ ਤੋਂ ਪਿਛੋਂ ਉਹ ਆਪਣੀ ਪਿੱਤਰੀ ਸੰਸਥਾ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨੂੰ ਨਹੀਂ ਭੁਲਣ ਲੱਗੀ।

ਜੈਨੇਵਾ ਲਈ ਸਾਉਮੀਆ ਸਵਾਮੀਨਾਥਨ ਦਾ ਚਿਹਰਾ ਪਹਿਲਾ ਭਾਰਤੀ ਨਹੀਂ ਹੋਣ ਲੱਗਿਆ। ਚਾਰ ਦਹਾਕੇ ਪਹਿਲਾਂ ਸਵਰਗਵਾਸੀ ਪੰਜਾਬੀ ਕਵੀ ਦੀਵਾਨ ਸਿੰਘ ਕਾਲੇਪਾਣੀ ਦਾ ਬੇਟਾ ਡਾ. ਐਚ. ਐਸ. ਢਿੱਲੋਂ ਇਸ ਸੰਸਥਾ ਵਿਖੇ ਪਿਛਲੀ ਸਦੀ ਦੇ 7ਵੇਂ-8ਵੇਂ ਦਹਾਕੇ ਵਿਚ ਅਠਾਰਾਂ ਸਾਲ ਸਲਾਹਕਾਰ ਵਜੋਂ ਤਾਇਨਾਤ ਰਹਿ ਚੁਕਾ ਹੈ। ਉਹ ਦੁਨੀਆਂ ਭਰ ਦੇ ਸਿਹਤ ਵਿਦਿਆ ਸੰਗਠਨਾਂ ਦਾ ਕੰਮ ਦੇਖਦਾ ਸੀ। ਨਿਸ਼ਚੇ ਹੀ ਉਸ ਦਾ ਅਧਿਕਾਰ ਖੇਤਰ ਸਾਉਮੀਆ ਸਵਾਮੀਨਾਥਨ ਜਿੰਨਾ ਨਹੀਂ ਸੀ ਪਰ ਸਮੁੱਚੇ ਸੰਸਾਰ ਨੂੰ ਮੁਢਲੀ ਸਿਹਤ ਵਿਦਿਆ ਦੇਣਾ ਵੀ ਘਟ ਅਹਿਮ ਨਹੀਂ।

**ਪੀਪਲਜ਼ ਫੋਰਮ ਬਰਗਾੜੀ ਦਾ ਸਾਹਿਤਕ ਉਦਮ:** ਅੱਜ ਜਦੋਂ ਪੰਜਾਬੀ ਪ੍ਰਕਾਸ਼ਕ ਅਤੇ ਲੇਖਕ ਲਗਾਤਾਰ ਇਹ ਤੌਖਲਾ ਪ੍ਰਗਟ ਕਰ ਰਹੇ ਹਨ ਕਿ ਸਾਹਿਤਕ ਪਾਠਕ ਘਟ ਰਹੇ ਹਨ ਤਾਂ ਪੀਪਲਜ਼ ਫੋਰਮ (ਰਜਿ:) ਬਰਗਾੜੀ (ਜੈਤੋ) ਪੰਜਾਬੀ ਨੇ 600 ਤੋਂ ਵੱਧ ਪਾਠਕਾਂ ਦਾ ਇਕ ਅਜਿਹਾ ਗਰੁਪ ਕਾਇਮ ਕਰ ਲਿਆ ਹੈ ਜਿਸ ਦੇ ਹਰੇਕ ਮੈਂਬਰ ਨੂੰ ਸੰਸਥਾ ਵੱਲੋਂ ਹਰ ਦੋ ਮਹੀਨੇ ਬਾਅਦ ਪੰਜ ਸਾਹਿਤਕ ਪੁਸਤਕਾਂ ਦਾ ਇੱਕ ਸੈਟ 250 ਰੁਪਏ ਵਿਚ ਭੇਜਿਆ ਜਾਂਦਾ ਹੈ। ਫੋਰਮ ਦੀ ਕਮਾਂਡ ਉਦਮੀ ਨੌਜਵਾਨ ਖੁਸ਼ਵੰਤ ਬਰਗਾੜੀ ਦੇ ਹੱਥ ਹੈ।

ਅਕਤੂਬਰ 2013 ਤੋਂ ਸ਼ੁਰੂ ਕੀਤੀ ਇਸ ਮੁਹਿੰਮ ਅਧੀਨ ਹੁਣ ਤੱਕ ਭੇਜੇ ਗਏ 29 ਸੈਟਾਂ ਵਿਚ 140 ਵੱਖ-ਵੱਖ ਪੁਸਤਕਾਂ ਦੇਸ਼-ਵਿਦੇਸ਼ ਵਿਚ ਹਜ਼ਾਰਾਂ ਪੁਸਤਕ ਪ੍ਰੇਮੀਆਂ ਕੋਲ ਭੇਜੀਆ ਜਾ ਚੁਕੀਆਂ ਹਨ। ਇਸ ਮੁਹਿੰਮ ਦੀ ਖਾਸੀਅਤ ਇਹ ਹੈ ਕਿ ਵੱਖ-ਵੱਖ ਲੇਖਕਾਂ, ਪ੍ਰਕਾਸ਼ਕਾਂ ਅਤੇ ਵਿਧਾਵਾਂ ਦੀਆਂ ਪੁਸਤਕਾਂ ਘਰ ਬੈਠੇ ਹੀ ਪਾਠਕ ਨੂੰ ਸਿਰਫ ਲਾਗਤ ਮੁੱਲ 'ਤੇ ਮਿਲ ਜਾਂਦੀਆਂ ਹਨ। ਅੱਜ ਦੇ ਦਿਨ ਪੰਜਾਬ, ਹਰਿਆਣਾ ਤੋਂ ਇਲਾਵਾ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ, ਇੰਗਲੈਂਡ, ਇਟਲੀ, ਸਪੇਨ, ਮਲੇਸ਼ੀਆ, ਹਾਂਗਕਾਂਗ ਵਿਚ ਬੈਠੇ ਪੰਜਾਬੀ ਪਾਠਕ ਇਸ ਮੁਹਿੰਮ ਨਾਲ ਜੁੜ ਚੁਕੇ ਹਨ। ਦੇਸ਼ ਭਰ ਵਿਚ ਪੰਜਾਬ ਤੇ ਹਰਿਆਣਾ ਤੋਂ ਬਾਹਰ ਦੇ ਵੱਡੇ ਅਫਸਰ ਹੀ ਨਹੀਂ, ਖੇਤ ਮਜ਼ਦੂਰ ਵੀ ਇਸ ਚੇਤਨਾ ਮੁਹਿੰਮ ਨਾਲ ਜੁੜ ਚੁਕੇ ਹਨ।




ਪਿਛਲੇ ਅੱਠ ਸਾਲਾਂ ਤੋਂ ਇਹ ਸੰਸਥਾ ਹਰ ਵਰ੍ਹੇ ਫਰੀਦਕੋਟ ਵਿਚ ਪੰਜ ਦਿਨਾ ਪੁਸਤਕ ਮੇਲਾ ਵੀ ਲਾਉਂਦੀ ਹੈ ਜਿਸ ਵਿਚ ਲੱਖਾਂ ਰੁਪਏ ਦੀਆਂ ਪੁਸਤਕਾਂ ਪਾਠਕ ਖਰੀਦਦੇ ਹਨ। ਪੁਸਤਕ ਸੱਭਿਆਚਾਰ ਪੈਦਾ ਕਰਨ ਵਿਚ ਪੀਪਲਜ਼ ਫੋਰਮ ਬਰਗਾੜੀ ਵੱਡਾ ਕੰਮ ਕਰ ਰਹੀ ਹੈ। ਇਥੇ ਹੀ ਬੱਸ ਨਹੀਂ, ਇਹ ਫੋਰਮ ਪੰਜਾਬੀ ਦੇ ਚੰਗੇ ਸਾਹਿਤਕ ਰਸਾਲਿਆਂ ਦੀਆਂ 650 ਕਾਪੀਆਂ ਲੱਗੇ ਮੁਲ 'ਤੇ ਖਰੀਦ ਦੇ ਆਪਣੇ ਪਾਠਕਾਂ ਤੱਕ ਪਹੁੰਚਾਉਂਦੀ ਹੈ। ਫੋਰਮ ਨੇ ਇਸ ਮੁਹਿੰਮ ਦਾ ਨਾਂ 'ਅੱਧਾ ਕੱਪ ਚਾਹ ਦੇ ਮੁੱਲ ਦੀ ਲਾਇਬਰੇਰੀ' ਰੱਖਿਆ ਹੈ।

**ਅੰਤਿਕਾ:**

ਅਬ ਹਵਾਏਂ ਹੀ ਕਰੇਂਗੀ ਰੋਸ਼ਨੀ ਕਾ ਫੈਸਲਾ
ਜਿਸ ਦੀਏ ਮੇਂ ਜਾਨ ਹੋਗੀ
ਵੁਹ ਦੀਆ ਰਹਿ ਜਾਏਗਾ।

# ਖੁਦਕੁਸ਼ੀਆਂ ਦੀ ਫਸਲ ਤੇ ਸਰਕਾਰ ਦੀ ਟਾਲ-ਮਟੋਲ

ਛੇ ਮਹੀਨਿਆਂ ਤੋਂ ਪੰਜਾਬ ਸਰਕਾਰ ਕਿਸਾਨ-ਮਜ਼ਦੂਰ ਕਰਜ਼ਿਆਂ ਅਤੇ ਖੁਦਕੁਸ਼ੀਆਂ ਦੇ ਮੁੱਦੇ ਨੂੰ ਲਗਾਤਾਰ ਟਾਲਦੀ ਆ ਰਹੀ ਹੈ। ਗੁਰਦਾਸਪੁਰ ਜ਼ਿਮਨੀ ਚੋਣਾਂ ਦੇ ਮੱਦੇਨਜ਼ਰ ਸਰਕਾਰ ਨੇ ਕਰਜ਼ਾ ਮੁਆਫ਼ੀ ਦਾ ਨੋਟੀਫਿਕੇਸ਼ਨ ਤਾਂ ਜਾਰੀ ਕਰ ਦਿੱਤਾ, ਪਰ ਅਜੇ ਤਕ ਬੈਂਕਾਂ ਤੋਂ ਸਰਕਾਰ ਨੂੰ ਹਰੀ ਝੰਡੀ ਦੀ ਉਡੀਕ ਹੈ। ਜ਼ਿਮਨੀ ਚੋਣਾਂ ਦੌਰਾਨ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਸੀ ਕਿ ਕਰਜ਼ਾ ਮੁਆਫ਼ੀ ਦਾ ਅਮਲ ਗੁਰਦਾਸਪੁਰ ਦੀਆਂ ਚੋਣ ਤੋਂ ਬਾਅਦ ਫੌਰੀ ਸ਼ੁਰੂ ਕਰ ਦਿੱਤਾ ਜਾਵੇਗਾ, ਪਰ ਹੁਣ ਚੋਣ ਮਗਰੋਂ ਵੀ ਕਈ ਦਿਨ ਹਿੱਲਜੁੱਲ ਦਿਖਾਈ ਨਹੀਂ ਦਿੱਤੀ। ਇਸ ਤਰ੍ਹਾਂ ਅਮਲੀ ਰੂਪ ਵਿੱਚ ਕੁਝ ਠੋਸ ਅਜੇ ਸਾਹਮਣੇ

**ਡਾ. ਮੋਹਨ ਸਿੰਘ**
**ਫੋਨ: +91-78883-27695**

ਆਉਣਾ ਬਾਕੀ ਹੈ। ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਨਾਲ ਤਰ੍ਹਾਂ ਤਰ੍ਹਾਂ ਦੇ ਵਾਅਦੇ ਕੀਤੇ ਸਨ, ਪਰ ਕਿਸਾਨਾਂ-ਮਜ਼ਦੂਰਾਂ ਲਈ ਕਰਜ਼ਾ ਮੁਆਫ਼ੀ ਅਤੇ ਝੋਨੇ ਦੀ ਪਰਾਲੀ ਨੂੰ ਸਾੜਨ ਦੇ ਮੁੱਦੇ ਉਨ੍ਹਾਂ ਲਈ ਗਲੇ ਦੀ ਹੱਡੀ ਬਣੇ ਹੋਏ ਹਨ। ਇਨ੍ਹਾਂ ਮੁੱਦਿਆਂ ਨੇ ਕਿਸਾਨਾਂ-ਮਜ਼ਦੂਰਾਂ ਤੇ ਸਰਕਾਰ ਦਰਮਿਆਨ ਤਿੱਖਾ ਟਕਰਾਅ ਪੈਦਾ ਕਰ ਦਿੱਤਾ ਹੈ। ਕਿਸਾਨਾਂ-ਮਜ਼ਦੂਰਾਂ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਵੱਡੇ ਅੰਦੋਲਨ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਕਾਂਗਰਸ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਆਪਣੇ ਚੋਣ ਮੈਨੀਫੈਸਟੋ ਵਿੱਚ ਪੰਜਾਬ ਦੇ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਦੇ ਹਰ ਕਿਸਮ ਦੇ ਕਰਜ਼ੇ ਨੂੰ ਮੁਆਫ਼ ਕਰਨ, ਮੁਫ਼ਤ ਬਿਜਲੀ ਜਾਰੀ ਰੱਖਣ, ਫਸਲੀ ਵਿਭਿੰਨਤਾ ਲਿਆਉਣ, ਫਸਲਾਂ ਅਤੇ ਸਿਹਤ ਦਾ ਮੁਫ਼ਤ ਬੀਮਾ ਕਰਨ, ਡੇਅਰੀ ਕਿੱਤੇ ਨੂੰ ਵਿਕਸਿਤ ਕਰਨ, ਘਰ ਦੇ ਇੱਕ ਮੈਂਬਰ ਨੂੰ ਰੁਜ਼ਗਾਰ ਦੇਣ ਅਤੇ ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦੇਣ ਦੇ ਵਾਅਦੇ ਕੀਤੇ ਸਨ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਸਰਕਾਰ ਆਪਣੇ ਵਾਅਦਿਆਂ ਤੋਂ ਪਿੱਛੇ ਖਿਸਕਦੀ ਗਈ ਹੈ। ਸਾਰਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਸੁੰਗੜ ਕੇ ਸਿਰਫ਼ ਸੀਮਾਂਤਕ (ਢਾਈ ਏਕੜ ਤਕ) ਅਤੇ ਛੋਟੇ (ਢਾਈ ਤੋਂ ਪੰਜ ਏਕੜ ਤਕ ਵਾਲੇ) ਕਿਸਾਨ ਪਰਿਵਾਰਾਂ ਦੇ 31 ਮਾਰਚ 2017 ਤਕ ਦੇ ਬੈਂਕਾਂ ਤੋਂ ਲਏ ਮਹਿਜ਼ 2 ਲੱਖ ਰੁਪਏ ਦੇ ਫ਼ਸਲੀ ਕਰਜ਼ੇ ਅਤੇ ਪਹਿਲੀ ਅਪਰੈਲ 2017 ਤੋਂ ਬੈਂਕ ਵਿਆਜ ਮੁਆਫ਼ ਕਰਨ ਤਕ ਰਹਿ ਗਿਆ ਹੈ ਜਦੋਂਕਿ ਪੇਂਡੂ ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ ਬਾਰੇ ਕਮੇਟੀ ਬਣਾ ਕੇ ਚੁੱਪ ਵੱਟ ਲਈ ਗਈ ਹੈ।

ਕੈਪਟਨ ਸਰਕਾਰ ਹੁਣ ਕਰਜ਼ਾ ਕਿਵੇਂ ਮੁਆਫ਼ ਕਰਦੀ ਹੈ, ਇਹ ਵੱਖਰੀ ਗੱਲ ਹੈ। ਪਰ ਕਿਸੇ ਸਮੇਂ ਖੇਤੀਬਾੜੀ ਦੇ ਖੋਜ ਵਿਕਾਸ ਲਈ ਜਾਣੀ ਜਾਂਦੀ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਸਰਕਾਰ ਦੀਆਂ ਕਿਸਾਨ-ਮਜ਼ਦੂਰ ਵਿਰੋਧੀ ਆਰਥਿਕ ਨੀਤੀਆਂ ਦੀ ਬਜਾਏ ਹੁਣ 'ਸਾਦੇ ਵਿਆਹ-ਸਾਦੇ ਭੋਗ, ਨਾ ਕਰਜ਼ਾ-ਨਾ ਚਿੰਤਾ ਰੋਗ' ਦੇ ਨਾਅਰੇ ਤਹਿਤ ਵਿਆਹਾਂ-ਭੋਗਾਂ ਆਦਿ ਉਤੇ ਹੁੰਦੇ ਖ਼ਰਚ 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਪੀਏਯੂ ਦੇ ਉਪ ਕੁਲਪਤੀ ਮੁਤਾਬਿਕ ਅਧਿਐਨ ਰਿਪੋਰਟਾਂ ਵਿੱਚ ਕਿਸਾਨ ਕਰਜ਼ੇ ਅਤੇ ਖੁਦਕੁਸ਼ੀਆਂ ਦੇ ਆਰਥਿਕ ਕਾਰਨਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਮੁਤਾਬਿਕ ਭਾਈਚਾਰਕ ਸਾਂਝ ਦਾ ਟੁੱਟਣਾ ਖੁਦਕੁਸ਼ੀਆਂ ਦਾ ਇੱਕ ਵੱਡਾ ਕਾਰਨ ਹੈ ਤੇ ਅਜਿਹੇ ਮੌਕਿਆਂ 'ਤੇ ਕਿਸਾਨਾਂ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ। ਪੰਜਾਬ ਦੇ ਕਿਸਾਨਾਂ ਦੀ ਪ੍ਰਤੀ ਏਕੜ ਆਮਦਨ ਸਾਰੇ ਭਾਰਤ ਨਾਲੋਂ ਵੱਧ ਹੈ। ਪਰ ਵੀਸੀ ਸਾਇਦ ਇਹ ਭੁੱਲ ਗਏ ਕਿ ਪੰਜਾਬ ਦੀਆਂ ਖੇਤੀ ਲਾਗਤਾਂ ਅਤੇ ਹੋਰ ਘਰੇਲੂ ਖ਼ਰਚੇ ਵੀ ਸਾਰੇ ਭਾਰਤ ਨਾਲੋਂ ਵੱਧ ਹਨ।

ਬਰਤਾਨਵੀ ਰਾਜ ਸਮੇਂ ਵੀ ਪੰਜਾਬ ਦਾ ਕਿਸਾਨ ਕਰਜ਼ੇ ਥੱਲੇ ਰਹਿੰਦਾ ਸੀ, ਪਰ ਖੁਦਕੁਸ਼ੀ ਨਹੀਂ ਕਰਦਾ ਸੀ ਕਿਉਂਕਿ ਉਸ ਸਮੇਂ ਸਾਂਝਾ ਭਾਈਚਾਰਾ ਹੁੰਦਾ ਸੀ ਜਿਹੜਾ ਬਰਤਾਨਵੀ ਹਕੂਮਤ ਦੇ ਕੂੜ ਪ੍ਰਚਾਰ ਕਰਕੇ ਕਰਜ਼ੇ ਨੂੰ ਕਿਸਾਨਾਂ ਵੱਲੋਂ ਖ਼ੁਦ ਦੀਆਂ ਸਹੇੜੀਆਂ ਹੋਈਆਂ 'ਭੈੜੀਆਂ ਵਾਦੀਆਂ' ਜਾਂ ਫਿਰ ਕਾਲ ਅਤੇ ਬੰਦਿਆਂ ਤੇ ਪਸ਼ੂਆਂ ਨੂੰ ਪੈਂਦੀਆਂ ਮਹਾਂਮਾਰੀਆਂ ਨੂੰ ਕੁਦਰਤੀ ਹੋਣੀ ਸਮਝਦਾ ਸੀ। ਪਰ 1947 ਤੋਂ ਬਾਅਦ ਅਮਰੀਕੀ ਸਾਮਰਾਜ ਵੱਲੋਂ ਥੋਪੇ ਗਏ 'ਹਰੇ ਇਨਕਲਾਬ' ਅਤੇ 1990ਵਿਆਂ ਤੋਂ ਬਾਅਦ ਨਵ-ਉਦਾਰਵਾਦੀ ਨੀਤੀਆਂ ਕਾਰਨ ਕਿਸਾਨਾਂ-ਮਜ਼ਦੂਰਾਂ ਨੂੰ ਸਾਫ਼ ਦਿਖਾਈ ਦਿੰਦਾ ਹੈ ਕਿ ਉਨ੍ਹਾਂ ਸਿਰ ਕਰਜ਼ੇ ਦਾ ਕਾਰਨ ਖੇਤੀਬਾੜੀ ਦਾ ਲਾਗਤਾਂ ਪੱਖੋਂ ਦੇਸੀ-ਵਿਦੇਸ਼ੀ ਕੰਪਨੀਆਂ ਦੇ ਮਹਿੰਗੇ ਮਾਲ 'ਤੇ ਨਿਰਭਰ ਹੋਣਾ ਹੈ। ਖੇਤੀਬਾੜੀ ਵਿੱਚ ਪੂੰਜੀਵਾਦ ਨੇ ਪੁਰਾਣੇ ਸਾਂਝੇ ਭਾਈਚਾਰੇ ਤਰਖਾਣ, ਲੁਹਾਰ ਆਦਿ ਦੀ ਕਿਰਤ ਵੰਡ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ ਅਤੇ ਰਿਸ਼ਤਿਆਂ ਵਿੱਚ ਅਪਣੱਤ ਦੀ ਥਾਂ ਪੂੰਜੀ ਨੇ ਲੈ ਲਈ ਹੈ। ਸਮਾਜ ਵਿੱਚ ਮਾਨਵਤਾ ਦੀ ਥਾਂ ਬੇਗਾਨਗੀ ਨੇ ਲੈ



ਲਈ ਹੈ। ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਪੇਂਡੂ ਮਜ਼ਦੂਰ ਅਤੇ ਸੀਮਾਂਤ ਤੇ ਛੋਟੇ ਕਿਸਾਨ ਇੰਨੇ ਕਰਜ਼ਈ ਹੋ ਚੁੱਕੇ ਹਨ ਕਿ ਉਹ ਕਰਜ਼ਾ ਲਾਹੁਣ ਦੀ ਹਾਲਤ ਵਿੱਚ ਨਹੀਂ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਸਿਰ ਕਰਜ਼ਾ ਫ਼ਜ਼ੂਲ-ਖ਼ਰਚੀ ਕਾਰਨ ਨਹੀਂ ਚੜ੍ਹਿਆ। ਜਿੱਥੋਂ ਤਕ ਕਿਸਾਨਾਂ ਦੇ ਖ਼ਰਚੇ ਅਤੇ ਕਰਜ਼ੇ ਦਾ ਸਬੰਧ ਹੈ, ਪੀਏਯੂ ਦੇ ਅਧਿਐਨਾਂ ਮੁਤਾਬਿਕ ਕਿਸਾਨ ਕਰਜ਼ੇ ਦਾ ਤਿੰਨ-ਚੌਥਾਈ ਹਿੱਸਾ ਖੇਤੀਬਾੜੀ ਪੈਦਾਵਾਰ ਲਾਗਤਾਂ (ਉਪਜਾਊ ਖ਼ਰਚ) ਅਤੇ ਇਸ ਦਾ ਸਿਰਫ਼ 7.7 ਫ਼ੀਸਦੀ ਵਿਆਹਾਂ, ਭੋਗਾਂ ਆਦਿ (ਅਣਉਪਜਾਊ ਕੰਮਾਂ) 'ਤੇ ਲੱਗਦਾ ਹੈ। ਇਸ ਦੇ ਬਾਵਜੂਦ ਪੀਏਯੂ ਦੇ ਕਿਸਾਨ ਮੇਲੇ ਵਿੱਚ ਜਾਰੀ ਕੀਤੇ ਕਿਤਾਬਚੇ ਵਿੱਚ 'ਸਾਦੇ ਵਿਆਹ-ਸਾਦੇ ਭੋਗ' ਰਾਹੀਂ ਕਿਸਾਨ ਖੁਦਕੁਸ਼ੀਆਂ ਦੇ ਅਸਲੀ ਕਾਰਨਾਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਕਿਸਾਨ ਮੇਲੇ ਦੌਰਾਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਸਾਨਾਂ ਨੂੰ ਇੱਕ ਡੰਗ ਰੋਟੀ ਖਾ ਕੇ ਵੀ ਬੱਚੇ ਪੜ੍ਹਾਉਣ ਦੀ ਨਸੀਹਤ ਦਿੱਤੀ, ਪਰ ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਇੱਕ ਡੰਗ ਦੀ ਰੋਟੀ ਛੱਡ ਕੇ ਵੀ ਇੰਨੀ ਮਹਿੰਗੀ ਵਿੱਦਿਆ ਨਹੀਂ ਦਿੱਤੀ ਜਾ ਸਕਦੀ। ਉਂਜ ਵੀ ਕਿਸਾਨ ਔਖੇ ਹੋ ਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਕਿਉਂ ਕਰਵਾਉਣ ਜਦੋਂਕਿ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰਾਂ ਰੁਜ਼ਗਾਰ ਦੇ ਨਹੀਂ ਰਹੀਆਂ। ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਨੇ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ-ਮਜ਼ਦੂਰਾਂ ਨੂੰ ਬੁਜ਼ਦਿਲ ਕਹਿ ਕੇ ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ। ਕੀ ਮੀਂਹ, ਹਨੇਰੀਆਂ, ਝੱਖੜਾਂ ਅਤੇ ਸੱਪਾਂ ਦੀਆਂ ਸਿਰੀਆਂ ਮਿਧਦੇ ਪੰਜਾਬ ਦੇ 15 ਹਜ਼ਾਰ ਤੋਂ ਵੱਧ ਅਤੇ ਭਾਰਤ ਦੇ 3.5 ਲੱਖ ਤੋਂ ਵੱਧ ਖੇਤੀ ਕਾਮਿਆਂ ਨੇ ਪਿਛਲੇ ਦੋ ਦਹਾਕਿਆਂ ਤੋਂ ਬੁਜ਼ਦਿਲੀ ਕਾਰਨ ਖੁਦਕੁਸ਼ੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ? ਖੁਦਕੁਸ਼ੀ ਕਰਨਾ ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਹੁੰਦਾ ਹੈ। ਕੋਈ ਵੀ ਮਿਹਨਤੀ ਵਿਅਕਤੀ ਉਦੋਂ ਖੁਦਕੁਸ਼ੀ ਕਰਦਾ ਹੈ, ਜਦੋਂ ਉਸ ਨੂੰ ਕੋਈ ਹੋਰ ਰਸਤਾ ਦਿਖਾਈ ਨਹੀਂ ਦਿੰਦਾ। ਪੇਂਡੂ ਮਜ਼ਦੂਰਾਂ ਅਤੇ ਕਿਸਾਨਾਂ ਦੀ ਉਪਜੀਵਕਾ ਦਾ ਸਾਧਨ ਜ਼ਮੀਨ ਹੁੰਦੀ ਹੈ, ਪਰ ਹੁਣ ਜ਼ਮੀਨ ਖਿਸਕਣ ਕਾਰਨ ਪੰਜਾਬ ਦੇ ਦੋ ਲੱਖ ਛੋਟੇ ਕਿਸਾਨ ਖੇਤੀਬਾੜੀ ਛੱਡ ਚੁੱਕੇ ਹਨ। ਉਹ ਆਪਣੀ ਜ਼ਮੀਨ ਜਾਇਦਾਦ ਵੇਚ ਕੇ ਵੀ ਬੱਚਿਆਂ ਦੀ ਪੜ੍ਹਾਈ, ਬਿਮਾਰੀ ਅਤੇ ਰੋਜ਼ਮੱਰਾ ਦੇ ਮਹਿੰਗੇ ਖ਼ਰਚਿਆਂ ਕਾਰਨ ਆਪਣਾ ਜੀਵਨ ਪੱਧਰ ਬਰਕਰਾਰ ਨਹੀਂ ਰੱਖ ਸਕਦੇ। ਬੈਂਕਾਂ, ਸ਼ਾਹੂਕਾਰਾਂ ਅਤੇ ਰਿਸ਼ਤੇਦਾਰਾਂ ਕੋਲੋਂ ਉਨ੍ਹਾਂ ਦੇ ਉਧਾਰ ਸੋਮੇ ਵੀ ਖ਼ਤਮ ਹੋ ਚੁੱਕੇ ਹਨ। ਬੇਗਾਨਗੀ ਅਤੇ ਚਿੰਤਾ ਦੇ ਆਲਮ ਵਿੱਚ ਉਨ੍ਹਾਂ ਕੋਲ ਖੁਦਕੁਸ਼ੀਆਂ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਦਾ। ਮਸ਼ੀਨੀਕਰਨ ਅਤੇ ਰਸਾਇਣਾਂ ਦੀ ਵੱਡੇ ਪੱਧਰ 'ਤੇ ਵਰਤੋਂ ਨੇ ਪੇਂਡੂ ਮਜ਼ਦੂਰਾਂ ਦਾ ਰੁਜ਼ਗਾਰ ਖਾ ਲਿਆ ਹੈ। ਉਹ ਪਿਛਲੇ ਛੇ ਮਹੀਨਿਆਂ ਤੋਂ ਸਰਕਾਰ ਦੀ ਬੇਰੁਖ਼ੀ ਕਾਰਨ ਘੋਰ ਨਿਰਾਸ਼ਾ ਵਿੱਚ ਹਨ। ਜਦੋਂ ਯੂਨੀਅਨਾਂ ਦੀ ਅਗਵਾਈ ਹੇਠ ਕਿਸਾਨ ਸੰਘਰਸ਼ ਕਰਨ ਲਈ ਮਜਬੂਰ ਹੁੰਦੇ ਹਨ ਤਾਂ ਮੁੱਖ ਮੰਤਰੀ ਸਾਹਿਬ ਕਹਿੰਦੇ ਹਨ ਕਿ ਯੂਨੀਅਨਾਂ ਦੇ ਆਗੂ, ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ।

ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਕਿਸਾਨਾਂ ਦੀ ਹਾਲਤ ਬਰਤਾਨਵੀ ਹਕੂਮਤ ਨਾਲੋਂ ਵੀ ਬਦਤਰ ਹੋਈ ਹੈ। ਬਰਤਾਨਵੀ ਰਾਜ ਸਮੇਂ ਬੰਗਾਲ ਵਿੱਚ 30 ਲੱਖ ਲੋਕ ਅਤੇ ਪੰਜਾਬ ਵਿੱਚ 1850 ਤੋਂ 1900 ਵਿਚਕਾਰ 25 ਵਾਰੀ ਕਾਲ ਪੈਣ ਨਾਲ ਕਰਜ਼ੇ ਥੱਲੇ ਦੱਬੇ ਲੱਖਾਂ ਗ਼ਰੀਬ ਲੋਕ ਭੁੱਖੇ ਮਰ ਗਏ ਸਨ। ਉਨ੍ਹਾਂ ਨੇ ਖੁਦਕੁਸ਼ੀਆਂ ਇਸ ਕਰਕੇ ਨਹੀਂ ਕੀਤੀਆਂ ਕਿਉਂਕਿ ਉਹ ਇਸ ਨੂੰ 'ਰੱਬ ਦਾ ਭਾਣਾ' ਮੰਨਦੇ ਸਨ। ਇਸ ਰੱਬ ਦੇ ਭਾਣੇ ਵਿੱਚ ਨਾ ਅੰਗਰੇਜ਼, ਨਾ ਜਾਗੀਰਦਾਰ ਅਤੇ ਨਾ ਹੀ ਸ਼ਾਹੂਕਾਰ ਮਰਿਆ। ਹੁਣ ਆਜ਼ਾਦ ਭਾਰਤ ਵਿੱਚ ਖੁਦਕੁਸ਼ੀਆਂ ਕਰਨ ਵਾਲੇ ਵੀ ਗ਼ਰੀਬ ਕਿਸਾਨ-ਮਜ਼ਦੂਰ ਹੀ ਹਨ, ਪਰ ਹੁਣ ਉਹ ਜਾਣਦੇ ਹਨ ਕਿ ਇਹ ਰੱਬ ਦਾ ਭਾਣਾ ਨਹੀਂ ਸਗੋਂ ਸਰਕਾਰਾਂ ਅਤੇ ਸਾਮਰਾਜੀ ਦੇਸ਼ਾਂ ਦੀ ਕਰੋਪੀ ਹੈ। ਭਾਰਤੀ ਸਰਕਾਰ ਵਾਂਗ ਬ੍ਰਿਟਿਸ਼ ਹਕੂਮਤ ਵੀ ਪੰਜਾਬ ਦੇ ਕਿਸਾਨਾਂ ਨੂੰ ਸ਼ਰਾਬੀ, ਮੁਕੱਦਮੇਬਾਜ਼ ਅਤੇ 'ਜੱਟ-ਬੂਟ' ਸਮਝਦੀ ਸੀ। ਬਰਤਾਨਵੀ ਹਕੂਮਤ ਬਸਤੀਵਾਦੀਆਂ, ਸ਼ਾਹੂਕਾਰਾਂ ਅਤੇ ਜਾਗੀਰਦਾਰਾਂ ਵੱਲੋਂ ਕੀਤੀ ਜਾਂਦੀ ਅੰਨ੍ਹੀ ਲੁੱਟ 'ਤੇ ਪਰਦਾਪੋਸ਼ੀ ਕਰਦੀ ਸੀ। ਹੁਣ ਦੇਸ਼ ਦੇ ਹਾਕਮਾਂ ਵੱਲੋਂ ਕਾਰਪੋਰੇਟਾਂ ਦੇ ਹਿਤ ਪਾਲਣ ਲਈ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾ ਕੇ ਕਰਜ਼ੇ ਅਤੇ ਖੁਦਕੁਸ਼ੀਆਂ ਦਾ ਭਾਂਡਾ ਵੀ ਕਿਸਾਨਾਂ-ਮਜ਼ਦੂਰਾਂ ਸਿਰ ਹੀ ਭੰਨਿਆ ਜਾ ਰਿਹਾ ਹੈ।

# ਨਵਾਜ਼ ਸਰਕਾਰ ਦੀ ਬੰਦ ਹੋਈ ਆਵਾਜ਼

ਨਵਾਜ਼ ਸ਼ਰੀਫ਼ ਦੇ ਜੁਆਈ ਸੇਵਾ-ਮੁਕਤ ਕੈਪਟਨ ਸਫ਼ਦਰ ਵਲੋਂ ਕੌਮੀ ਅਸੈਂਬਲੀ ਵਿਚ ਅਹਿਮਦੀਆਂ ਖ਼ਿਲਾਫ਼ ਕੀਤੇ ਤਿੱਖੇ ਹਮਲੇ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਇਕ ਸੀਨੀਅਰ ਲੀਡਰ ਨੇ ਕਿਹਾ ਕਿ 'ਲਗਦਾ ਹੈ, ਅਸੀਂ ਸਵੈ-ਇੱਛਾ ਨਾਲ ਮਰਨ ਦਾ ਫ਼ੈਸਲਾ ਕਰ ਲਿਆ ਹੈ', ਪਰ ਪ੍ਰਧਾਨ ਮੰਤਰੀ ਸ਼ਾਹਿਦ ਖ਼ਕਾਨ ਅੱਬਾਸੀ ਨੇ ਇਸ ਘਟਨਾਕ੍ਰਮ 'ਤੇ ਇਹ ਕਹਿੰਦਿਆਂ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਨਫ਼ਰਤ ਭਰਿਆ ਨਹੀਂ, ਜਜ਼ਬਾਤੀ ਹੋ ਕੇ ਦਿੱਤਾ ਭਾਸ਼ਣ ਸੀ।

ਜੇ ਇਹ ਕੋਈ ਇਕੱਲੀ ਇਕਹਿਰੀ ਘਟਨਾ ਹੁੰਦੀ ਤਾਂ ਪ੍ਰਧਾਨ ਮੰਤਰੀ ਨਾਲ ਸਹਿਮਤੀ ਪ੍ਰਗਟ ਕੀਤੀ ਜਾ ਸਕਦੀ ਸੀ, ਪਰ ਇਹ ਅਜਿਹਾ ਮਾਮਲਾ

**ਆਰਿਫ ਨਿਜ਼ਾਮੀ**

ਨਹੀਂ। ਕੌਮੀ ਜਵਾਬਦੇਹੀ ਬਿਊਰੋ ਦੀ ਅਦਾਲਤ ਦੇ ਸਾਹਮਣੇ 'ਕਾਲੇ ਕੋਟਾਂ' ਦੇ ਭੇਸ ਵਿਚ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਗੁੰਡਿਆਂ ਵਲੋਂ ਜਿਸ ਤਰ੍ਹਾਂ ਦਾ ਵਿਖਾਵਾ ਕੀਤਾ ਗਿਆ, ਉਹ ਨਵਾਜ਼ ਸ਼ਰੀਫ਼ ਪਰਿਵਾਰ ਦੀ ਵਿਸ਼ੇਸ਼ ਮਾਨਸਿਕਤਾ ਦਾ ਪ੍ਰਗਟਾਵਾ ਕਰਦਾ ਹੈ। ਅਦਾਲਤ ਵਿਚ ਉਸ ਸਮੇਂ ਨਵਾਜ਼ ਸ਼ਰੀਫ਼, ਉਸ ਦੀ ਲੜਕੀ ਮਰੀਅਮ ਅਤੇ ਉਸ ਦੇ ਜੁਆਈ ਵਿਰੁਧ ਭ੍ਰਿਸ਼ਟਾਚਾਰ ਦੇ ਕੇਸ ਵਿਚ ਦੋਸ਼ ਤੈਅ ਹੋਣੇ ਸਨ।

ਬਿਨਾਂ ਸ਼ੱਕ ਇਸ ਤਰ੍ਹਾਂ ਦੇ ਪਾਗਲਪਨ ਦੀ ਇਕ ਸ਼ੈਲੀ ਹੈ। ਬੇਵਸ ਹੋਏ ਜਵਾਬਦੇਹੀ ਬਿਊਰੋ ਦੇ ਜੱਜ ਨੂੰ ਨਵਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਪਰਿਵਾਰ ਖ਼ਿਲਾਫ਼ ਦੋਸ਼ ਤੈਅ ਕਰਨ ਦਾ ਅਮਲ ਮੁਲਤਵੀ ਕਰਨਾ ਪਿਆ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਨਵਾਜ਼ ਸ਼ਰੀਫ਼ ਪਰਿਵਾਰ ਅਦਾਲਤ ਵਿਚ ਚੱਲ ਰਹੇ ਮਾਮਲਿਆਂ ਨੂੰ ਵੱਧ ਤੋਂ ਵੱਧ ਸਮੇਂ ਤੱਕ ਲਮਕਾਉਣਾ ਚਾਹੁੰਦਾ ਹੈ। ਮਰੀਅਮ, ਜਿਸ ਨੂੰ ਸਖ਼ਤ ਮਿਜ਼ਾਜ ਆਗੂ ਸਮਝਿਆ ਜਾਂਦਾ ਹੈ, ਆਪਣੀ ਕਿਸਮ ਦੀ ਸਿਆਸਤ ਖੇਡ ਰਹੀ ਹੈ। ਜਦੋਂ ਨਵਾਜ਼ ਸ਼ਰੀਫ਼ ਸੱਤਾ ਵਿਚ ਸਨ ਤਾਂ ਉਹ ਮਰੀਅਮ ਨੂੰ ਆਪਣਾ ਸਿਆਸੀ ਵਾਰਸ ਬਣਾਉਣਾ ਚਾਹੁੰਦੇ ਸਨ, ਭਾਵੇਂ ਹੁਣ ਉਹ ਸਭ ਕੁਝ ਗੁਆ ਬੈਠੇ ਹਨ, ਪਰ ਅਜੇ ਵੀ ਉਨ੍ਹਾਂ ਨੇ ਕੋਈ ਸਬਕ ਨਹੀਂ ਸਿੱਖਿਆ। ਮਰੀਅਮ ਵਿਚ ਫ਼ੌਜ ਵਿਰੋਧੀ ਤੁਅੱਸਬ ਹੈ, ਜਿਸ ਦਾ ਪ੍ਰਗਟਾਵਾ ਉਸ ਦੇ ਖਾਵੰਦ ਦੀਆਂ ਊਟਪਟਾਂਗ ਕਾਰਵਾਈਆਂ ਤੋਂ ਵੀ ਹੁੰਦਾ ਹੈ। ਕਾਇਦ-ਏ-ਆਜ਼ਮ ਯੂਨੀਵਰਸਿਟੀ ਵਿਚ ਅਹਿਮਦੀਆ ਭਾਈਚਾਰੇ ਨਾਲ ਸਬੰਧਤ ਨੋਬੇਲ ਇਨਾਮ ਹਾਸਲ ਕਰ ਚੁੱਕੇ ਵਿਗਿਆਨੀ ਡਾ. ਅਬਦੁਸ ਸਲਾਮ ਦੇ ਨਾਂ 'ਤੇ ਚੇਅਰ ਕਾਇਮ ਕਰਨ ਅਤੇ ਪੰਜਾਬ ਦੇ ਤਤਕਾਲੀਨ ਗਵਰਨਰ ਸਲਮਾਨ ਤਾਸੀਰ ਦੇ ਕਾਤਲ ਮੁਮਤਾਜ਼ ਕਾਦਰੀ ਨੂੰ ਫਾਂਸੀ ਲਾਉਣ ਆਦਿ ਦੀਆਂ ਦੋਵੇਂ ਘਟਨਾਵਾਂ ਨਵਾਜ਼ ਸ਼ਰੀਫ਼ ਦੇ ਕਾਰਜਕਾਲ ਵਿਚ ਹੀ ਵਾਪਰੀਆਂ ਸਨ। ਇਹ ਰਿਪੋਰਟਾਂ ਮਿਲੀਆਂ ਹਨ ਕਿ ਮਰੀਅਮ ਦੇ ਨੇੜਲੇ ਸਲਾਹਕਾਰਾਂ ਵਿਚ ਸ਼ਾਮਿਲ ਕੁਝ ਲੋਕਾਂ ਦਾ ਫ਼ੌਜ ਵਿਰੁਧ ਆਪਣਾ ਏਜੰਡਾ ਹੈ। ਸੈਨੇਟ ਵਿਚ ਵਿਰੋਧੀ ਧਿਰ ਦੇ ਆਗੂ ਚੌਧਰੀ ਇਤਜਾਜ਼ ਅਹਿਸਨ ਮੁਤਾਬਿਕ ਨਵਾਜ਼ ਸ਼ਰੀਫ਼ ਦੇ ਜੁਆਈ ਸਫ਼ਦਰ ਵਲੋਂ ਅਹਿਮਦੀਆਂ ਖ਼ਿਲਾਫ਼ ਜੋ ਤਿੱਖਾ ਭਾਸ਼ਣ ਦਿੱਤਾ ਗਿਆ ਸੀ, ਉਹ ਅਸਲ ਵਿਚ ਥਲ ਸੈਨਾ ਦੇ ਮੁਖੀ ਕਮਰ ਜਾਵੇਦ ਬਾਜਵਾ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਸੀ। ਜਦੋਂ ਨਵਾਜ਼ ਸ਼ਰੀਫ਼ ਨੇ ਜਨਰਲ ਬਾਜਵਾ ਦੀ ਇਸ ਉਚ ਅਹੁਦੇ ਲਈ ਚੋਣ ਕੀਤੀ ਸੀ, ਉਸ ਸਮੇਂ ਵੀ ਫ਼ੌਜੀ ਸਥਾਪਤੀ ਵਿਚ ਸ਼ਾਮਿਲ ਕੁਝ ਲੋਕਾਂ ਨੇ ਉਨ੍ਹਾਂ ਦਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ ਸੀ।

ਸਪਸ਼ਟ ਰੂਪ ਵਿਚ ਭਾਵੇਂ ਜਨਰਲ ਬਾਜਵਾ ਦੇ ਵਿਰੋਧੀਆਂ ਵਲੋਂ ਅਜਿਹਾ ਕੀਤਾ ਗਿਆ ਸੀ, ਪਰ ਇਸ ਪ੍ਰਚਾਰ ਨੂੰ ਬਹੁਤਾ ਸਮਰਥਨ ਨਹੀਂ ਸੀ ਮਿਲਿਆ। ਉਂਜ, ਇਹ ਸ਼ਰਮ ਵਾਲੀ ਗੱਲ ਹੈ ਕਿ ਨਵਾਜ਼ ਸ਼ਰੀਫ਼, ਜਿਨ੍ਹਾਂ ਨੇ ਉਸ ਸਮੇਂ ਜਨਰਲ ਬਾਜਵਾ ਵਿਰੋਧੀ ਨਫ਼ਰਤ ਭਰੇ ਪ੍ਰਚਾਰ ਦੀ ਪ੍ਰਵਾਹ ਨਾ ਕਰਦਿਆਂ ਜਨਰਲ ਬਾਜਵਾ ਨੂੰ ਥਲ ਸੈਨਾ ਦੇ ਮੁਖੀ ਵਜੋਂ ਨਿਯੁਕਤੀ ਦਿੱਤੀ ਸੀ, ਨੇ ਹੁਣ ਆਪਣੇ ਜੁਆਈ ਵਲੋਂ ਆਰੰਭ ਕੀਤੀ ਨਫ਼ਰਤ ਭਰੀ ਮੁਹਿੰਮ ਤੋਂ ਆਪਣੇ-ਆਪ ਨੂੰ ਵੱਖ ਨਹੀਂ ਕੀਤਾ।

ਅੰਤਰ-ਸੇਵਾਵਾਂ ਲੋਕ ਸੰਪਰਕ ਦੇ ਡੀ.ਜੀ. ਮੇਜਰ ਜਨਰਲ ਆਸਿਫ਼ ਗਫ਼ੂਰ ਨੇ ਠੀਕ ਹੀ ਆਖਿਆ ਹੈ ਕਿ ਕਿਸੇ ਨੂੰ ਵੀ ਕਿਸੇ ਦੂਜੇ ਨੂੰ ਇਸ ਗੱਲ ਦੀ ਸਫ਼ਾਈ ਦੇਣ ਦੀ ਲੋੜ ਨਹੀਂ ਹੈ ਕਿ ਉਹ ਮੁਸਲਮਾਨ ਹੈ। ਪੰਜਾਬ ਦੇ ਕਾਨੂੰਨ ਮੰਤਰੀ ਰਾਣਾ ਸਨਾਹਉੱਲਾ ਨੂੰ ਵੀ ਮੰਦਾ ਬੋਲਣ ਦੀ ਗੰਭੀਰ ਬਿਮਾਰੀ ਹੈ। ਉਹ ਆਪਣੀ ਇਸ ਬਿਆਨਬਾਜ਼ੀ ਨਾਲ ਦੂਜੀ ਹੱਦ 'ਤੇ ਪਹੁੰਚ ਗਏ ਕਿ ਅਹਿਮਦੀਆਂ

***ਨਵਾਜ਼ ਸ਼ਰੀਫ਼ ਆਪਣੀ ਬਿਮਾਰ ਪਤਨੀ ਦਾ ਇਲਾਜ ਕਰਵਾਉਣ ਅਤੇ ਕੌਮੀ ਜਵਾਬਦੇਹੀ ਬਿਊਰੋ ਤੋਂ ਬਚਣ ਲਈ ਲੰਡਨ ਵਿਚ ਹਨ। ਦੂਜੇ ਪਾਸੇ ਪ੍ਰਧਾਨ ਮੰਤਰੀ ਅੱਬਾਸੀ ਇਸ ਤਰ੍ਹਾਂ ਦੀਆਂ ਸਾਰੀਆਂ ਸਥਿਤੀਆਂ ਤੋਂ ਜਾਂ ਤਾਂ ਅਨਜਾਣ ਹਨ, ਜਾਂ ਬੇਵਸ। ਜਾਪਦਾ ਹੈ ਕਿ ਗੱਦੀ ਤੋਂ ਲਾਹੇ ਗਏ ਪ੍ਰਧਾਨ ਮੰਤਰੀ ਰਿਮੋਟ ਕੰਟਰੋਲ ਰਾਹੀਂ ਆਪਣੇ ਨਿਯੁਕਤ ਕੀਤੇ ਹੋਏ ਪ੍ਰਮੁੱਖ ਸਕੱਤਰ ਫ਼ਵਾਦ ਹੁਸੈਨ ਫ਼ਵਾਦ ਰਾਹੀਂ ਸਰਕਾਰ ਚਲਾ ਰਹੇ ਹਨ। ਸਭ ਤੋਂ ਦਿਲਚਸਪ ਮਾਮਲਾ ਇਸ਼ਹਾਕ ਡਾਰ ਦਾ ਹੈ। ਕੌਮੀ ਜਵਾਬਦੇਹੀ ਬਿਊਰੋ ਦੀ ਅਦਾਲਤ ਵਿਚ ਉਸ ਵਿਰੁਧ ਦੋਸ਼ ਤੈਅ ਹੋ ਚੁੱਕੇ ਹਨ। ਇਸ ਦੇ ਬਾਵਜੂਦ ਵਿੱਤ ਮੰਤਰੀ ਵਜੋਂ ਉਹ ਆਪਣੇ ਅਹੁਦੇ ਨਾਲ ਚਿੰਬੜੇ ਹੋਏ ਹਨ। ਮੀਡੀਆ ਰਿਪੋਰਟਾਂ ਅਨੁਸਾਰ, ਨਾ ਤਾਂ ਡਾਰ ਅਸਤੀਫ਼ਾ ਦੇ ਰਹੇ ਹਨ ਅਤੇ ਨਾ ਹੀ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਕਿਹਾ ਹੈ।***

ਨੂੰ ਸਾਰੇ ਵਿਵਾਹਕ ਮੰਤਵਾਂ ਲਈ ਮੁਸਲਮਾਨ ਕਰਾਰ ਦੇ ਦੇਣਾ ਚਾਹੀਦਾ ਹੈ, ਭਾਵੇਂ ਉਹ ਵਿਸ਼ਵਾਸ ਨਹੀਂ ਕਰਦੇ ਕਿ ਮੁਹੰਮਦ ਸਾਹਿਬ ਅੱਲ੍ਹਾ ਦੇ ਆਖ਼ਰੀ ਨਬੀ ਸਨ। ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਕਾਨੂੰਨ ਮੰਤਰੀ ਨੂੰ ਆਪਣਾ ਬਿਆਨ ਵਾਪਸ ਲੈਣ ਲਈ ਕਹਿਣਾ ਚਾਹੀਦਾ ਸੀ, ਜਿਸ ਨਾਲ ਮੁੱਲਿਆਂ ਨੂੰ ਵਿਰੋਧੀ ਪ੍ਰਚਾਰ ਕਰਨ ਦਾ ਮੌਕਾ ਮਿਲਿਆ ਹੈ।

ਸੱਤਾਧਾਰੀ ਪਾਰਟੀ ਨਾਲ ਸਬੰਧਿਤ ਵਕੀਲਾਂ ਵਲੋਂ ਗੁੰਡਾਗਰਦੀ ਕਰਨ ਅਤੇ ਨਵਾਜ਼ ਸ਼ਰੀਫ਼ ਦੇ ਜੁਆਈ ਵਲੋਂ ਅਹਿਮਦੀਆਂ ਖ਼ਿਲਾਫ਼ ਤਿੱਖੀ ਭਾਸ਼ਣਬਾਜ਼ੀ ਕਰਨ ਦੇ ਬਾਵਜੂਦ ਮੁਸਲਿਮ ਲੀਗ (ਨਵਾਜ਼) ਅੰਦਰ ਕੋਈ ਹਲਚਲ ਹੋਈ ਨਜ਼ਰ ਨਹੀਂ ਆਉਂਦੀ। ਮੀਰ ਜ਼ਫ਼ਰਉੱਲਾ ਖਾਨ ਜਮਾਲੀ, ਜੋ ਦਲਬਦਲੀ ਅਤੇ ਮੌਕਾਪ੍ਰਸਤੀ ਲਈ ਆਮ ਹੀ ਜਾਣੇ ਜਾਂਦੇ ਹਨ, ਵਲੋਂ ਪਾਰਟੀ ਤੋਂ ਵੱਖ ਹੋਣ ਸਬੰਧੀ ਕਿਸੇ ਨੂੰ ਵੀ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਜਮਾਲੀ ਨੂੰ ਜਨਰਲ ਮੁਸ਼ੱਰਫ਼ ਨੇ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਸੀ, ਪਰ ਉਹ ਆਪਣੀ ਵਿਲਾਸਤਾ ਭਰੀ ਜੀਵਨ ਸ਼ੈਲੀ ਕਰ ਕੇ ਬਹੁਤੀ ਦੇਰ ਟਿਕ ਨਹੀਂ ਸਕੇ ਸਨ। ਹੁਣ ਉਨ੍ਹਾਂ ਨੇ ਮੌਸਮੀ ਕੁੱਕੜ ਵਾਂਗ ਹਵਾ ਦਾ ਰੁਖ਼ ਪਛਾਣ ਲਿਆ ਹੈ। ਇਹੋ ਜਿਹੇ ਬੰਦੇ ਵਲੋਂ ਪਾਰਟੀ ਛੱਡਣ 'ਤੇ ਸੱਤਾਧਾਰੀ ਪਾਰਟੀ ਨੂੰ ਕੋਈ ਦੁੱਖ ਨਹੀਂ ਹੋਣਾ ਚਾਹੀਦਾ; ਸਗੋਂ ਇਸ ਨੂੰ ਹੋਰ ਅਜਿਹੇ ਲੋਕਾਂ ਵਲੋਂ ਪਾਰਟੀ ਛੱਡਣ ਦੀ ਆਸ ਰੱਖਣੀ ਚਾਹੀਦੀ ਹੈ। ਖ਼ੁਫ਼ੀਆ ਏਜੰਸੀ ਆਈ.ਬੀ. ਦੇ ਡੀ.ਜੀ. ਵਲੋਂ ਕੌਮੀ ਅਸੈਂਬਲੀ ਦੇ 37 ਮੈਂਬਰਾਂ ਦੇ ਜਹਾਦੀਆਂ ਨਾਲ ਸਬੰਧ ਹੋਣ ਸਬੰਧੀ ਖ਼ੁਫ਼ੀਆ ਏਜੰਸੀ ਨੂੰ ਜਾਂਚ ਲਈ ਲਿਖੇ ਗਏ ਪੱਤਰ ਕਾਰਨ ਰਿਆਜ਼ ਪੀਰਜ਼ਾਦਾ ਸਮੇਤ ਕਈ ਹੋਰ ਕੇਂਦਰੀ ਮੰਤਰੀ ਅਜੇ ਵੀ ਪ੍ਰੇਸ਼ਾਨ ਹਨ। ਪ੍ਰਧਾਨ ਮੰਤਰੀ ਨੇ ਭਾਵੇਂ ਅਸੈਂਬਲੀ ਵਿਚ ਇਹ ਕਿਹਾ ਸੀ ਕਿ ਇਸ ਤਰ੍ਹਾਂ ਦਾ ਕੋਈ ਵੀ ਪੱਤਰ ਨਹੀਂ ਲਿਖਿਆ ਗਿਆ ਅਤੇ ਜੇ ਕੋਈ ਇਸ ਤਰ੍ਹਾਂ ਦਾ ਪੱਤਰ ਹੈ ਤਾਂ ਉਹ ਜਾਅਲੀ ਹੈ। ਇਸ ਦੇ ਬਾਵਜੂਦ ਇਸ ਮਾਮਲੇ 'ਤੇ ਅਜੇ ਵੀ ਚਰਚਾ ਹੋ ਰਹੀ ਹੈ।


ਇਸ ਸਮੇਂ ਨਵਾਜ਼ ਸ਼ਰੀਫ਼ ਆਪਣੀ ਬਿਮਾਰ ਪਤਨੀ ਦਾ ਇਲਾਜ ਕਰਵਾਉਣ ਅਤੇ ਕੌਮੀ ਜਵਾਬਦੇਹੀ ਬਿਊਰੋ ਤੋਂ ਬਚਣ ਲਈ ਲੰਡਨ ਵਿਚ ਹਨ। ਦੂਜੇ ਪਾਸੇ ਪ੍ਰਧਾਨ ਮੰਤਰੀ ਅੱਬਾਸੀ ਇਸ ਤਰ੍ਹਾਂ ਦੀਆਂ ਸਾਰੀਆਂ ਸਥਿਤੀਆਂ ਤੋਂ ਜਾਂ ਤਾਂ ਅਨਜਾਣ ਹਨ, ਜਾਂ ਬੇਵਸ। ਅਜਿਹਾ ਜਾਪਦਾ ਹੈ ਕਿ ਗੱਦੀ ਤੋਂ ਲਾਹੇ ਗਏ ਪ੍ਰਧਾਨ ਮੰਤਰੀ ਰਿਮੋਟ ਕੰਟਰੋਲ ਰਾਹੀਂ ਆਪਣੇ ਨਿਯੁਕਤ ਕੀਤੇ ਹੋਏ ਪ੍ਰਮੁੱਖ ਸਕੱਤਰ ਫ਼ਵਾਦ ਹੁਸੈਨ ਫ਼ਵਾਦ ਰਾਹੀਂ ਸਰਕਾਰ ਚਲਾ ਰਹੇ ਹਨ।

ਸਭ ਤੋਂ ਦਿਲਚਸਪ ਮਾਮਲਾ ਇਸ਼ਹਾਕ ਡਾਰ ਦਾ ਹੈ। ਕੌਮੀ ਜਵਾਬਦੇਹੀ ਬਿਊਰੋ ਦੀ ਅਦਾਲਤ ਵਿਚ ਉਸ ਵਿਰੁਧ ਦੋਸ਼ ਤੈਅ ਹੋ ਚੁੱਕੇ ਹਨ। ਇਸ ਦੇ ਬਾਵਜੂਦ ਵਿੱਤ ਮੰਤਰੀ ਵਜੋਂ ਉਹ ਆਪਣੇ ਅਹੁਦੇ ਨਾਲ ਚਿੰਬੜੇ ਹੋਏ ਹਨ। ਮੀਡੀਆ ਰਿਪੋਰਟਾਂ ਅਨੁਸਾਰ, ਨਾ ਤਾਂ ਡਾਰ ਅਸਤੀਫ਼ਾ ਦੇ ਰਹੇ ਹਨ ਅਤੇ ਨਾ ਹੀ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਕਿਹਾ ਹੈ।

ਹਾਲ ਹੀ ਵਿਚ ਹੋਈ ਕੌਮੀ ਸੁਰੱਖਿਆ ਕਮੇਟੀ ਦੀ ਮੀਟਿੰਗ ਵਿਚ ਥਲ ਸੈਨਾ ਮੁਖੀ ਨੇ ਦੇਸ਼ ਦੀ ਆਰਥਿਕਤਾ ਸਬੰਧੀ ਆਪਣੀ ਨਿਰਾਸ਼ਾ ਦਾ ਪ੍ਰਗਟਾਵਾ ਕੀਤਾ ਸੀ। ਇਸ ਮੀਟਿੰਗ ਵਿਚ ਡਾਰ ਵੀ ਹਾਜ਼ਰ ਸਨ। ਹੁਣ ਉਨ੍ਹਾਂ ਨੇ ਅਜਿਹੀ ਟਿੱਪਣੀ ਜਨਤਕ ਤੌਰ 'ਤੇ ਵੀ ਕੀਤੀ ਹੈ। ਉਨ੍ਹਾਂ ਨੇ ਕੌਮੀ ਸੁਰੱਖਿਆ ਦਾ ਸਬੰਧ ਆਰਥਿਕਤਾ ਨਾਲ ਜੋੜਿਆ ਸੀ। ਇਹ ਬਿਲਕੁਲ ਸਹੀ ਹੈ ਕਿ ਮਜ਼ਬੂਤ ਆਰਥਿਕ ਆਧਾਰ ਤੋਂ ਬਿਨਾਂ ਕੌਮੀ ਸੁਰੱਖਿਆ ਨੂੰ ਹੰਢਣਸਾਰ ਨਹੀਂ ਬਣਾਇਆ ਜਾ ਸਕਦਾ।

ਕੁਝ ਲੋਕਾਂ ਦਾ ਅੰਦਾਜ਼ਾ ਹੈ ਕਿ ਅਗਲੀਆਂ ਆਮ ਚੋਣਾਂ ਵਿਚ ਸ਼ਾਹਬਾਜ਼ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਏ ਜਾਣ ਸਬੰਧੀ ਫ਼ੈਸਲਾ ਹੋ ਚੁੱਕਾ ਹੈ, ਪਰ ਜ਼ਮੀਨੀ ਹਕੀਕਤਾਂ ਤੋਂ ਇਸ ਦੀ ਪੁਸ਼ਟੀ ਨਹੀਂ ਹੁੰਦੀ। ਸ਼ਰੀਫ਼ ਪਰਿਵਾਰ ਦਾ ਕੇਂਦਰ ਅਜੇ ਕਿਸੇ ਤਬਦੀਲੀ ਲਈ ਤਿਆਰ ਹੋਇਆ ਨਜ਼ਰ ਨਹੀਂ ਆਉਂਦਾ।

# ਇਕ ਤਬਸਰਾ ਮਾਝੇ ਦੀ ਪੰਜਾਬੀ ਗਾਇਕੀ 'ਤੇ




ਐਸ. ਅਸ਼ੋਕ ਭੌਰਾ
ਫੋਨ: 510-415-3315

ਜਦੋਂ ਪੰਜਾਬ ਵਿਚ ਗਰਮ ਹਵਾਵਾਂ ਚੱਲਦੀਆਂ ਸਨ ਤਾਂ ਮਾਝੇ ਨੇ ਸਭ ਤੋਂ ਵੱਧ ਸੇਕ ਹੰਢਾਇਆ। ਪਰ ਫਿਰ ਵੀ ਮਾਝਾ ਗੀਤ ਸੰਗੀਤ 'ਚ ਪਿੱਛੇ ਨਹੀਂ ਰਿਹਾ। ਢਾਡੀ ਗੁਰਚਰਨ ਸਿੰਘ ਗੋਹਲਵੜ, ਕਵੀਸ਼ਰ ਜੋਗਾ ਸਿੰਘ ਜੋਗੀ, ਧਾਰਮਿਕ ਸੰਗੀਤ ਅਤੇ ਸਿੱਖ ਇਤਿਹਾਸ ਵਿਚ ਮਾਝੇ ਦੀ ਪਛਾਣ ਹਨ, ਪਰ ਕਿਉਂਕਿ ਵਿਸ਼ਾ ਇੱਥੇ ਪੰਜਾਬੀ ਗੀਤ ਸੰਗੀਤ ਦਾ ਇਸ ਲਈ ਇਨ੍ਹਾਂ ਦੀ ਗੱਲ ਫੇਰ ਕਿਤੇ ਕਰਾਂਗੇ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰੀਤ ਨਗਰ ਨੂੰ ਸਲਾਮ ਹੈ। ਇਸ ਮੈਗਜ਼ੀਨ 'ਚ ਛਪਣਾ ਕਿਸੇ ਵੇਲੇ ਲੇਖਕਾਂ ਲਈ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਕਰਨ ਵਾਂਗ ਸੀ। ਹੁਣ ਵੀ ਲੇਖਕ ਇਸ ਥਾਂ 'ਤੇ ਜਾਣ ਨੂੰ ਇਕ ਤਰ੍ਹਾਂ ਨਾਲ ਹੱਜ ਹੀ ਮੰਨਦੇ ਹਨ। ਭਾਈ ਚਤਰ ਸਿੰਘ ਜੀਵਨ ਸਿੰਘ ਹੁਰਾਂ ਦੀ ਪ੍ਰਕਾਸ਼ਨਾ ਧਾਰਮਿਕ, ਸਾਹਿਤ ਅਤੇ ਪੰਜਾਬੀ ਦੇ ਰਵਾਇਤੀ ਸਾਹਿਤ ਨੂੰ ਗੂੜ੍ਹੀ ਸਾਂਝ ਰੱਖਦੀ ਹੈ। ਪੰਜਾਬੀ ਗੀਤਕਾਰਾਂ ਦੀਆਂ ਬਹੁਤੀਆਂ ਹਿੱਟ ਗੀਤਾਂ ਦੀਆਂ ਕਿਤਾਬਾਂ ਵੀ ਅੰਮ੍ਰਿਤਸਰ ਤੋਂ ਹੀ ਛਪਦੀਆਂ ਰਹੀਆਂ ਹਨ। ਰਿਕਾਰਡਿੰਗ ਪੱਖੋਂ ਇੱਥੇ ਰੂਬੀ ਹੁਰਾਂ ਦੀ ਫਾਈਨ ਟੱਚ ਕੰਪਨੀ ਚਰਚਿਤ ਰਹੀ ਹੈ। ਆਡੀਓ ਟੱਚ ਦੀ ਵੀ ਚੰਗੀ ਥਾਂ ਬਣੀ ਰਹੀ ਹੈ। ਕੁੱਲ ਮਿਲਾ ਕੇ ਮਾਝੇ ਦੀ ਗੱਲ ਪੰਜਾਬੀ ਗਾਇਕੀ ਦੇ ਪੱਖੋਂ ਇਸ ਕਰਕੇ ਵੀ ਕਰਨੀ ਬਣਦੀ ਹੈ ਕਿਉਂਕਿ ਲੰਬੀ ਹੇਕ ਦੀ ਗਾਇਕਾ ਗੁਰਮੀਤ ਬਾਵਾ ਦਾ ਸ਼ਹਿਰ ਅੰਮ੍ਰਿਤਸਰ ਹੀ ਹੈ।

ਗੁਰਮੀਤ ਬਾਵਾ ਨਾਲ ਮੇਰੀ ਸਾਂਝ ਇਸ ਕਰਕੇ ਵੀ ਬਣੀ ਰਹੀ ਹੈ ਕਿ ਮੇਰੀ ਲਿਖਣ ਸ਼ੈਲੀ 'ਚ ਕਿਰਪਾਲ ਬਾਵਾ ਤੇ ਗੁਰਮੀਤ ਬਾਵਾ ਨੇ ਕਈ ਥਾਂ ਟੋਕਾਟਾਕੀ ਹੀ ਨਹੀਂ ਕੀਤੀ ਸਗੋਂ ਇਸ ਕਾਰਜ ਵਿਚ ਗਾਹੇ ਬਗਾਹੇ ਨੇਕ ਸੁਝਾਅ ਵੀ ਦਿੱਤੇ। ਚਾਹੇ ਮੇਲਾ ਪ੍ਰੋ. ਮੋਹਣ ਸਿੰਘ ਦਾ ਹੋਵੇ, ਤੇ ਚਾਹੇ ਮਾਹਿਲਪੁਰ ਦਾ ਸ਼ੌਕੀ ਮੇਲਾ, ਚਾਹੇ ਕਿਤੇ ਪੰਜਾਬੀ


ਛਈਆਂ ਛਈਆਂ ਵਾਲਾ ਅੰਮ੍ਰਿਤਸਰੀਆ ਸੁਖਵਿੰਦਰ

ਵਿਰਾਸਤ ਦੀ ਪੇਸ਼ਕਾਰੀ ਲਈ ਸਰਕਾਰੀ ਸਮਾਗਮ ਹੋਣ, ਹਰ ਪੰਜਾਬੀ ਦਾ ਸਿਰ ਗੁਰਮੀਤ ਬਾਵਾ ਦੇ ਸੰਗੀਤਕ ਕੈਰੀਅਰ ਪ੍ਰਤੀ ਸਤਿਕਾਰ 'ਚ ਝੁਕਦਾ ਰਿਹਾ ਹੈ। ਪਹਿਲੀ ਵਾਰ ਮੇਲ ਜੱਸੋਵਾਲ ਦੇ ਘਰ ਗੁਰਦੇਵ ਨਗਰ ਲੁਧਿਆਣੇ ਹੋਇਆ। ਉਹ ਮੈਨੂੰ ਕਲਾਵੇ 'ਚ ਪੁੱਤਾਂ ਵਾਂਗ ਘੁੱਟ ਕੇ ਕਹਿਣ ਲੱਗੀ, "ਅਸ਼ੋਕ ਤੂੰ ਬਹੁਤ ਅੱਛਾ ਕੰਮ ਕਰ ਰਿਹਾ ਹੈਂ, ਕਦੇ ਇਹ ਪੰਜਾਬੀ ਗਾਇਕੀ ਦਾ ਇਤਿਹਾਸ ਬਣੇਗਾ, ਪੰਜਾਬੀ ਤੇਰੀਆਂ ਲਿਖਤਾਂ ਦਾ ਹਵਾਲਾ ਦਿਆ ਕਰਨਗੇ।" ਕਿਰਪਾਲ ਬਾਵਾ ਦੁਆਬੇ ਤੋਂ ਹੈ। ਰਹੇ ਉਹ ਸਾਰੀ ਉਮਰ ਅੰਮ੍ਰਿਤਸਰ ਹੀ। ਮਾਸਕੋ 'ਚ ਹੋਏ ਸਭਿਆਚਾਰਕ ਮੇਲੇ 'ਚ ਭੰਗੜੇ ਦੇ ਨਾਲ ਗੁਰਮੀਤ ਬਾਵਾ ਦੇ ਗੀਤਾਂ ਦੀ ਪੇਸ਼ਕਾਰੀ ਹੋਈ ਸੀ। ਉਹ ਸ਼ੌਕੀ ਮੇਲੇ 'ਤੇ ਸਨਮਾਨ ਲੈਣ ਆਈ ਤੇ ਗਿਆਰਾਂ ਸੌ ਦੀ ਨਕਦ ਰਾਸ਼ੀ ਇਹ ਕਹਿ ਕੇ ਮੇਰੀ ਜੇਬ ਵਿਚ ਪਾ ਗਈ ਕਿ, 'ਕਾਕਾ ਤੂੰ ਨਾ ਗਾਉਂਦਾ ਆਂ, ਨਾ ਵਜਾਉਂਦਾ ਆਂ ਪਰ ਇਹ ਤੇਰੀ ਗਾਇਕੀ ਨੂੰ ਦੇਣ ਦਾ ਨਜ਼ਰਾਨਾ ਆ।' ਇੱਥੋਂ ਹੀ ਗੁਰਮੀਤ ਬਾਵਾ ਮੇਰੇ ਲਈ ਦੇਵੀ ਵੀ ਰਹੀ, ਮਾਂ ਵੀ ਤੇ ਸੰਗੀਤ ਦੀ ਉਹ ਮੂਰਤੀ ਵੀ, ਜਿਸ ਦੀ ਮੈਂ ਅਰਾਧਨਾ ਵੀ ਕਰਦਾ ਹਾਂ ਤੇ ਪੂਜਾ ਵੀ। ਉਹਨੇ ਵਿਆਹ-ਸ਼ਾਦੀ ਦੇ ਪ੍ਰੋਗਰਾਮ ਬਹੁਤ ਘੱਟ ਕੀਤੇ ਹਨ। ਨਹੀਂ ਤਾਂ ਮੈਂ ਉਸ ਨੂੰ ਅਨੇਕਾਂ ਵਾਰ ਬੁਲਾਵਾ ਭੇਜਦਾ ਹੀ ਰਹਿਣਾ ਸੀ। ਉਹ ਦੂਰਦਰਸ਼ਨ ਦੀ ਸਮਰੱਥ ਗਾਇਕਾ ਰਹੀ ਹੈ। ਕਿਸੇ ਵੇਲੇ ਦੂਰਦਰਸ਼ਨ ਉਸ ਨੂੰ ਬੜੇ ਮਾਣ ਨਾਲ ਪੇਸ਼ ਕਰਦਾ ਸੀ। ਉਹਦੀਆਂ ਦੋਵੇਂ ਧੀਆਂ ਲਾਚੀ ਬਾਵਾ ਤੇ ਗਲੋਰੀ ਬਾਵਾ ਵੀ ਦੂਰਦਰਸ਼ਨ ਦੀ ਹੀ ਪੇਸ਼ਕਸ਼ ਹਨ, ਜਿਨ੍ਹਾਂ ਨੇ ਆਪਣੀ ਮਾਂ ਦੇ ਰਵਾਇਤੀ ਸੰਗੀਤ ਸੰਸਾਰ ਨੂੰ ਆਪਣੀ ਕਲਾ ਨਾਲ ਜਗਮਗਾਉਂਦਾ ਰੱਖਿਆ ਹੈ।

ਮੈਨੂੰ ਹੇਰਵਾ ਰਿਹਾ ਹੈ ਕਿ ਪੰਜਾਬੀ ਗਾਇਕੀ 'ਚ ਵਿਚਰਦਿਆਂ ਉਸ ਵੇਲੇ ਦੀ ਹਰ ਮਹਾਨ ਸੁਰ ਮੇਰੇ ਘਰ ਦੀ ਦੇਹਲੀ ਲੰਘਦੀ ਰਹੀ ਪਰ ਗੁਰਮੀਤ ਬਾਵਾ ਤੋਂ ਮੇਰਾ ਘਰ ਵਿਰਵਾ ਹੀ ਰਿਹਾ। ਬੇਸੁਰੀਆਂ ਹੇਕਾਂ ਲਾਉਣ ਵਾਲੇ ਯੁੱਗ 'ਚ ਹੁਣ ਵਿਗਿਆਨਕ


ਲੰਬੀ ਹੇਕ ਦੀ ਗਾਇਕਾ ਗੁਰਮੀਤ ਬਾਵਾ

ਯੰਤਰਾਂ ਨਾਲ ਲੰਬੀਆਂ ਹੇਕਾਂ ਤਾਂ ਕਿਸੇ ਤੋਂ ਵੀ ਲੁਆਈਆਂ ਜਾ ਸਕਦੀਆਂ ਹਨ ਪਰ ਅਮਲੀ ਰੂਪ ਵਿਚ ਗੁਰਮੀਤ ਬਾਵਾ, ਕਰਮਜੀਤ ਧੂਰੀ, ਨਰਿੰਦਰ ਬੀਬਾ ਤੇ ਸੁਰਜੀਤ ਬਿੰਦਰਖੀਏ ਦੀ ਲੰਬੀਆਂ ਹੇਕਾਂ ਦਾ ਰਿਕਾਰਡ ਸ਼ਾਇਦ ਕਿਸੇ ਤੋਂ ਵੀ ਨਹੀਂ ਟੁੱਟੇਗਾ। ਮਹਿਲਾ ਗਾਇਕਾਵਾਂ 'ਚੋਂ ਗੁਰਮੀਤ ਬਾਵਾ ਹੀ ਹੈ ਜਿਸ ਦਾ ਚਾਲੀ ਸਕਿੰਟ ਲੰਬੀ ਹੇਕ ਲਾਉਣ ਦਾ ਰਿਕਾਰਡ ਹੈ ਤੇ ਮਿਰਜ਼ੇ ਨੂੰ ਗਾਉਣ 'ਚ ਔਰਤ ਗਾਇਕਾਵਾਂ 'ਚੋਂ ਹਾਲੇ ਤੱਕ ਕਿਸੇ ਨੇ ਵੀ ਗੁਰਮੀਤ ਬਾਵਾ ਵਾਲੀ ਥਾਂ ਨਹੀਂ ਲਈ। ਸ਼ਾਇਦ ਪੰਜਾਬੀਆਂ ਨੂੰ ਗੁਰਮੀਤ ਬਾਵਾ ਨਾਲ ਚਿਮਟਾ ਵਜਾਉਣ ਵਾਲੇ ਦੀ ਕਲਾਕਾਰੀ ਯਾਦ ਹੋਵੇਗੀ ਜੋ ਸਰੀਰਕ ਪੱਖੋਂ ਚਿਮਟੇ ਵਰਗਾ ਹੀ ਸੀ ਤੇ ਉਹਦੀਆਂ ਅਦਾਵਾਂ ਗੁਰਮੀਤ ਬਾਵਾ ਦੀ ਗਾਇਕੀ ਦਾ ਇਕ ਤਰ੍ਹਾਂ ਨਾਲ ਨਿਖਾਰ ਹੀ ਰਹੀਆਂ ਸਨ।

ਧਨੀ ਰਾਮ ਚਾਤ੍ਰਿਕ ਦਾ ਸਬੰਧ ਲੋਪੋਕੇ ਨਾਲ ਹੈ। ਪਰ ਪੰਜਾਬ ਦੀ ਸੂਫੀ ਗਾਇਕੀ ਦਾ ਦਿਲ ਮਾਝੇ ਦੀ ਧੂੰਨੀ ਗੁਰੂ ਕੀ ਵਡਾਲੀ 'ਚ ਧੜਕਦਾ ਰਿਹਾ ਹੈ। ਇੱਥੋਂ ਦੇ ਦੋ ਚੰਦ-ਪਿਆਰੇ ਲਾਲ ਤੇ ਪੂਰਨ ਚੰਦ ਗੁਰੂ ਕੀ ਵਡਾਲੀ, ਹਮੇਸ਼ਾ ਗੋਡਣੀ ਮਾਰ ਕੇ ਚੜ੍ਹੇ ਰਹੇ ਹਨ। ਇਹ ਉਹੀ ਚੰਦ ਹਨ, ਜਿਨ੍ਹਾਂ ਨੂੰ ਆਪਣੇ ਪਿੰਡਾਂ ਲਾਗੇ ਪੱਲੀ ਝਿੱਕੀ ਪਿੰਡ 'ਚ ਝਿੰਜੀ ਦੇ ਮੇਲੇ 'ਤੇ ਨਕਲਾਂ ਕਰਦੇ ਵੀ ਵੇਖਿਆ ਹੈ। ਪਿਆਰੇ ਲਾਲ ਨੂੰ ਔਰਤਾਂ ਵਾਲੇ ਕੱਪੜੇ ਪਾ ਕੇ ਨੱਚਦਿਆਂ ਵੀ ਵੇਖਿਆ ਹੈ ਤੇ ਇਹ ਓਹੀ ਪਿਆਰੇ ਲਾਲ ਹਨ ਜੋ ਭਾਰਤ ਦੇ ਵੱਡੇ ਟੀ ਵੀ ਚੈਨਲਾਂ ਤੇ ਕਮਾਲ ਦੀ ਪੇਸ਼ਕਾਰੀ ਕਰਦੇ ਰਹੇ ਹਨ, ਰਾਸ਼ਟਰਪਤੀ ਅੱਗੇ ਗਾਉਂਦੇ ਰਹੇ ਹਨ ਤੇ ਉਨ੍ਹਾਂ ਨੂੰ ਭਾਰਤ ਸਰਕਾਰ ਨੇ ਪਦਮਸ੍ਰੀ ਨਾਲ



ਗਾਇਕ ਜੋੜੀ ਰਛਪਾਲ ਰਸੀਲਾ ਤੇ ਮੋਹਣੀ ਰਸੀਲਾ

ਨਿਵਾਜਿਆ ਹੈ। 'ਰਾਂਝੇ ਨਹੀ ਸੀ ਰਹਿਣਾ, ਬੇਲੇ ਖੈਰ ਹੋਵੇ' ਤੋਂ 'ਮਾਹੀਆ ਤੇਰੇ ਵੇਖਣ ਨੂੰ, ਚੱਕ ਚਰਖਾ ਗਲੀ ਵਿਚ ਡਾਹਵਾਂ' ਤੱਕ ਲੱਗਦਾ ਨਹੀਂ ਕਿ ਉਨ੍ਹਾਂ ਨੇ ਭੂਗੋਲਿਕ ਤੌਰ ਤੇ ਭਾਵੇਂ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦਾ ਸਫਰ ਤੈਅ ਕੀਤਾ ਹੋਵੇ ਪਰ ਉਨ੍ਹਾਂ ਨੇ ਇਸ ਦਾ ਸੰਗਮ ਜ਼ਰੂਰ ਕਰਕੇ ਦਿਖਾਇਆ ਹੈ। ਗਿਆਰਾਂ ਰੁਪਏ ਸਾਈ ਲੈ ਕੇ ਗਾਉਣ ਵਾਲੇ ਇਨ੍ਹਾਂ ਵਡਾਲੀ ਬੰਧੂਆਂ ਨੇ ਗਿਆਰਾਂ ਲੱਖ ਤੱਕ ਲੈ ਕੇ ਪ੍ਰੋਗਰਾਮ ਪੇਸ਼ ਕੀਤੇ ਹਨ। ਮੇਰੇ ਨਾਲ ਉਨ੍ਹਾਂ ਦੀ ਸੰਗੀਤਕ ਗਲਵੱਕੜੀ ਪਈ ਰਹੀ ਹੈ ਪਰ ਗਿਲੇ ਸ਼ਿਕਵੇ ਵੀ ਰਹੇ ਹਨ, ਪਰ ਸਾਡੇ ਪਿਆਰ ਦੀ ਤੰਦ 'ਚ ਕਿਤੇ ਵੀ ਜਰਕ ਨਹੀਂ ਆਈ। ਇਹ ਵੀ ਮਾਣ ਵਾਲੀ ਗੱਲ ਹੈ ਕਿ ਇਸ ਪਰਿਵਾਰ ਨੇ ਲਖਵਿੰਦਰ ਵਡਾਲੀ ਵਰਗਾ ਇਕ ਸਮਰੱਥ ਨੌਜਵਾਨ ਗਵੱਈਆ ਆਪਣੀਆਂ ਪੈੜਾਂ 'ਤੇ ਤੋਰ ਕੇ ਪੰਜਾਬੀ ਗਾਇਕੀ ਦੇ ਅੰਬਰ 'ਤੇ ਚੰਨ ਵਾਂਗ ਚੜ੍ਹਾਇਆ ਹੈ। ਪੂਰਨ ਚੰਦ ਦਾ ਇਹ ਸੰਵਾਦ ਮੇਰੇ ਚੇਤੇ 'ਚੋਂ ਕਦੇ ਨਹੀਂ ਖਿਸਕੇਗਾ ਜਦੋਂ ਉਹ ਆਪਣੀ ਪਤਨੀ ਨੂੰ ਆਖ ਦੇਂਦਾ ਹੈ, 'ਧਾਂਤੀਏ ਤੈਂ ਕਿਤੇ ਸੂਈਆਂ ਵੇਚਦੀ ਹੋਣਾ ਸੀ ਤੇ ਅਸੀਂ ਕਿਤੇ ਬਾਜੀਆਂ ਪਾਉਂਦੇ ਹੋਣਾ ਸੀ। ਵੱਧ ਤੋਂ ਵੱਧ ਤੂੰ ਵਿਆਹ 'ਤੇ ਘੋੜੀਆਂ ਗਾ ਲੈਂਦੀ। ਪਰ ਸਾਡੇ ਗਾਣਿਆਂ ਨੇ ਤੇਰੀ ਝੋਲੀ 'ਚ ਸੁੱਚੇ ਮੋਤੀਆਂ ਦਾ ਪਰਾਗਾ ਪਾਇਆ ਹੈ।' ਪੂਰਨ ਚੰਦ ਦੀ ਪਛਾਣ ਉਹਦੀਆਂ ਮੁੱਛਾਂ ਵੀ ਹਨ। ਪਰ ਉਹ ਕੋਰਾ ਅਨਪੜ੍ਹ ਹੈ। ਕਮਾਲ ਦੀ ਗੱਲ ਹੈ ਕਿ ਉਸ ਨੂੰ ਵਾਰਿਸ ਸ਼ਾਹ ਜ਼ੁਬਾਨੀ ਯਾਦ ਹੈ, ਬੁੱਲੇ ਸ਼ਾਹ ਵੀ, ਪੀਲੂ ਤੇ ਦਮੋਦਰ ਵੀ। ਕਦੇ ਗੁਰੂ ਕੀ ਵਡਾਲੀ ਗਏ ਤਾਂ ਉਹ ਤੁਹਾਨੂੰ ਘੁੱਟ ਕੇ ਜੱਫੀ ਪਾਉਣਗੇ, ਬਦਾਮਾਂ ਵਾਲਾ ਦੁੱਧ ਵੀ ਪਿਆਉਣਗੇ, ਗਾ ਕੇ ਵੀ ਸੁਣਾਉਣਗੇ ਤੇ ਢਲਦੀ ਸ਼ਾਮ ਹੋਈ ਤਾਂ ਕੌੜੇ ਘੁੱਟ ਦੀ ਸੁਲਾਹ ਵੀ ਮਾਰਨਗੇ। ਸ਼ੱਕ ਨਹੀਂ ਕਿ ਵਡਾਲੀ ਭਰਾ ਸਾਡੇ ਸਮਿਆਂ ਦੇ ਮਹਾਨ ਗਵੱਈਏ ਨੇ।

ਸੁਖਵਿੰਦਰ ਬਿਨਾ ਮਾਝੇ ਦੀ ਗੱਲ ਮੁਕੰਮਲ ਨਹੀਂ ਹੋਏਗੀ। ਹਿੰਦੀ ਫਿਲਮਾਂ ਦੀ ਪਿੱਠਵਰਤੀ ਗਾਇਕੀ 'ਚ ਸੁਖਵਿੰਦਰ ਬਬਲੂ ਦੀ ਆਪਣੀ ਪਹਿਚਾਣ ਹੈ। 'ਛਈਆਂ ਛਈਆਂ' ਜਾਂ 'ਯੇ ਈਲੂ ਈਲੂ ਕਿਆ ਹੈ' ਦੀ ਗੱਲ ਹੀ ਨਹੀ ਸਗੋਂ 'ਕੁੜੀ ਲੱਭੇ ਮੁੰਡਾ, ਮੁੰਡਾ ਕੁੜੀ ਨੂੰ ਭਾਲਦਾ। ਹੋਇਆ ਕੀ ਜੇ ਕੁੜੀ ਏਂ ਤੂੰ ਲੁੱਦੇਹਾਣੇ ਦੀ ਮੁੰਡਾ ਸਾਊਥਾਲ ਦਾ' ਵਰਗੇ ਗੀਤ ਸੁਖਵਿੰਦਰ ਨੇ ਹੀ ਗਾਏ ਨੇ। ਮੈਨੂੰ ਫਖਰ ਹੈ ਕਿ ਅੰਮ੍ਰਿਤਸਰ 'ਚ ਜਨਮੇ ਸੁਖਵਿੰਦਰ ਨੂੰ ਸਭ ਤੋਂ ਪਹਿਲਾਂ ਅਜੀਤ ਦੇ ਫਿਲਮ ਅੰਕ ਜ਼ਰੀਏ ਪੰਜਾਬੀਆਂ ਦੇ ਰੂਬਰੂ ਮੈਂ ਹੀ ਕਰਵਾਇਆ ਸੀ। ਹੰਸ ਵਾਂਗ ਉਹ ਰੱਜ ਕੇ ਸੁਨੱਖਾ ਮੁੰਡਾ ਹੈ। ਮੈਂ ਉਸ ਨੂੰ ਕਈ ਵਾਰ ਸ਼ੌਕੀ ਮੇਲੇ 'ਤੇ ਲਿਆਉਣ ਦਾ ਯਤਨ ਕੀਤਾ ਪਰ ਸੰਭਵ ਨਾ ਹੋ ਸਕਿਆ। ਸੁਖਵਿੰਦਰ ਨਾਲ ਮੇਰੀ ਪਹਿਲੀ ਮੁਲਾਕਾਤ ਜਲੰਧਰ ਦੂਰਦਰਸ਼ਨ ਦੇ ਹਰਜੀਤ ਸਿੰਘ ਦੇ ਫੁੱਟਬਾਲ ਚੌਂਕ ਨੇੜਲੇ ਘਰ 'ਚ ਹੋਈ ਸੀ।

'ਮੇਲਾ ਮਿਲਣੀ ਦਾ ਮੇਲ ਦਿਓ ਮਹਾਰਾਜ', 'ਐਸੇ ਐਸੇ ਵੇਲੇ ਕੌਣ ਕੌਣ ਲੋੜੀਦਾ' ਗੀਤ ਕਿਸੇ ਵੇਲੇ ਪੰਜਾਬ 'ਚ ਹਰ ਵਿਆਹ ਤੇ ਬਣਨ ਵਾਲੀ ਵੀਡੀਓ ਫਿਲਮ ਦਾ ਸ਼ਿੰਗਾਰ ਹੁੰਦੇ ਸਨ। ਇਨ੍ਹਾਂ ਗੀਤਾਂ ਵਿਚ ਰਸ ਤਾਂ ਭਾਵੇਂ ਓਨਾ ਹੀ ਹੈ ਪਰ ਇਹ ਬੀਤੇ ਹੋਏ ਕੱਲ੍ਹ ਦੀ ਗੱਲ ਬਣ ਕੇ ਰਹਿ ਗਏ ਹਨ ਤੇ ਬੀਤੇ ਹੋਏ ਕੱਲ ਦੀ ਗੱਲ ਹੀ ਬਣ ਗਿਆ ਹੈ ਖੁਸ਼ਦਿਲ ਖੇਲਿਆਂ ਵਾਲਾ। ਹੁਣ ਹਾਲਾਤ ਇਹ ਨੇ ਕਿ ਲੋਕ ਪੁੱਛਦੇ ਨੇ ਜਸਵੀਰ ਖੁਸ਼ਦਿਲ ਖੇਲਿਆਂ ਵਾਲਾ ਹੁਣ ਕਿੱਥੇ ਰਹਿੰਦਾ ਹੈ, ਤੇ ਪਤਾ ਮੈਨੂੰ ਵੀ ਨਹੀਂ। ਹਾਂ ਸੁਣਨ ਵਿਚ ਆਇਆ ਸੀ ਕਿ ਉਹ ਵਿਦੇਸ਼ੀ ਸੰਗੀਤਕ ਦੌਰੇ ਕਰਦਾ ਕਰਦਾ ਕਬੂਤਰ ਪਾਲਣ ਲੱਗ ਪਿਆ ਤੇ ਕਬੂਤਰਾਂ ਦੇ ਚੱਕਰ 'ਚ ਉਲਝ ਕੇ ਸੰਗੀਤਕ ਦੁਨੀਆਂ 'ਚੋਂ ਮਨਫੀ ਹੋ ਗਿਆ। ਖੁਸ਼ਦਿਲ ਖੇਲਿਆਂ ਵਾਲੇ ਦੀ ਪਛਾਣ ਉਹਦੇ ਨਾਲ ਗਾਉਣ ਵਾਲੀ ਉਹਦੀ ਦੂਜੀ ਪਤਨੀ ਕਰਕੇ ਵੀ ਰਹੀ ਕਿ ਉਹ ਬੇਹੱਦ ਖੂਬਸੂਰਤ ਸੀ ਅਤੇ ਜਦੋਂ ਇਹ ਜੋੜੀ ਅੰਬੈਸਡਰ ਗੱਡੀ ਵਿਚੋਂ ਉਤਰਦੀ ਤਾਂ ਉਹਦੇ ਕੱਕੇ ਵਾਲਾਂ ਨੂੰ ਵੇਖ ਕੇ ਮੰਡੀਰ ਰੌਲਾ ਪਾਉਣ ਲੱਗਦੀ, 'ਖੇਲਿਆਂ ਵਾਲਾ ਆ ਗਿਆ, ਖੇਲਿਆਂ ਵਾਲਾ ਆ ਗਿਆ'। ਸਾਡੇ ਘਰ ਉਹਦਾ ਆਉਣਾ-ਜਾਣਾ ਅਕਸਰ ਰਿਹਾ ਪਰ ਵੱਖਰੇ ਰਾਹ ਹੋਣ ਕਰਕੇ ਸਾਡੀ ਇਕਸੁਰਤਾ ਬਹੁਤਾ ਚਿਰ ਬਣ ਨਾ ਸਕੀ। ਅੰਮ੍ਰਿਤਸਰ ਹੀ ਰਹਿਣ ਵਾਲਾ ਇਹ ਗਾਇਕ ਉਂਜ ਮੇਰੇ ਦਿਲ ਵਿਚ ਵਸਦਾ ਹੈ। ਉਹਦੇ ਕੁਝ ਗੀਤਾਂ ਨੂੰ ਦਿਲ ਵਿਚੋਂ ਕੱਢਿਆ ਹੀ ਨਹੀਂ ਜਾ ਸਕਦਾ। ਉਹਦੀ ਖਾਸ ਕਿਸਮ ਦੀ ਲਚਕਵੀਂ ਆਵਾਜ਼ ਅਤੇ ਸੁਰੀਲੀ ਅਦਾ ਖੁਸ਼ਦਿਲ ਨੂੰ ਭੁੱਲਣ ਵੀ ਨਹੀਂ ਦਿੰਦੀ। ਉਹ ਪੀਣ ਦਾ ਸ਼ੌਕੀਨ ਸੀ ਤੇ ਸ਼ੌਕੀਨ ਹੋਰ ਵੀ ਬੜਾ ਸੀ। ਉਹ ਅੰਮ੍ਰਿਤਸਰ ਤੋਂ ਲੁਧਿਆਣੇ ਆ ਕੇ ਵੀ ਰਹਿਣ ਲੱਗ ਪਿਆ। ਉਹ ਵਿਚ ਵਿਚਾਲੇ ਟਰਾਂਸਪੋਰਟਰ ਵੀ ਬਣਨ ਦਾ ਯਤਨ ਕਰਨ ਲੱਗਾ ਸੀ। ਪਰ ਸੱਚ ਇਹ ਹੈ ਕਿ ਖੁਸ਼ਦਿਲ ਦਾ ਹੁਣ ਯੁੱਗ ਲੰਘ ਚੁੱਕਾ ਹੈ।

'ਹਾੜਾ ਚੱਲੀ ਏ ਬਸ਼ੀਰਾਂ ਮੁਕਲਾਵੇ', 'ਭੁੱਖਿਓ ਦਾਜ ਨਾ ਮੰਗੋ, ਧੀਆਂ ਤੇਲ ਪਾ ਕੇ ਸਾੜੋ ਨਾ ਬੇਗਾਨੀਆਂ', 'ਕਾਰ ਮਰੂਤੀ'-ਇਨ੍ਹਾਂ ਦੋਗਾਣਿਆ ਨਾਲ ਕਿਸੇ ਵੇਲੇ ਸਿਖਰੀਆਂ ਝੰਡਾਂ ਕਰਨ ਵਾਲੀ ਜੋੜੀ ਸੀ-ਰਛਪਾਲ ਰਸੀਲਾ ਤੇ ਮੋਹਣੀ ਰਸੀਲਾ। ਅੰਤਰਜਾਤੀ ਵਿਆਹ ਕਰਵਾਉਣ ਵਾਲੀ ਇਹ ਜੋੜੀ ਬਹੁਤ ਚਰਚਿਤ ਰਹੀ। ਸੋਨੋਟੋਨ ਰਿਕਾਰਡਿੰਗ ਕੰਪਨੀ ਦੀ ਕਿਸੇ ਵੇਲੇ ਇਹ ਸਭ ਤੋਂ ਵੱਧ ਵਿਕਣ ਵਾਲੀ ਜੋੜੀ ਸੀ। ਮੋਹਣੀ ਰੱਜ ਕੇ ਸੁਨੱਖੀ ਤੇ ਰਸ਼ਪਾਲ ਯਾਰਾਂ ਦਾ ਯਾਰ। ਮਿਲਵਰਤਣ 'ਚ ਸ਼ਾਇਦ ਗਾਇਕਾਂ 'ਚੋਂ ਉਹ ਸਭ ਤੋਂ ਵੱਧ ਪਰਿਵਾਰਕ ਇਨਸਾਨ ਹੈ। ਇਸੇ ਕਰਕੇ ਮੇਰੇ ਨੇੜੇ ਰਿਹਾ, ਸਾਡੀ ਪਰਿਵਾਰਕ ਸਾਂਝ ਰਹੀ ਤੇ ਕਰੀਬ ਇਕ ਦਹਾਕਾ ਸਾਡੇ ਘਰ ਦੇ ਕਿਸੇ ਮਾਮੂਲੀ ਸਮਾਗਮ 'ਚ ਵੀ ਇਸ ਜੋੜੀ ਦਾ ਹਾਜ਼ਰ ਹੋਣਾ ਜ਼ਰੂਰੀ ਹੁੰਦਾ ਸੀ। ਪੇਸ਼ਕਾਰੀ 'ਚ ਦੋਹਾਂ ਦਾ ਜਵਾਬ ਨਹੀਂ। ਮੈਂ ਦੂਰਦਰਸ਼ਨ ਤੇ ਇਸ ਜੋੜੀ ਨੂੰ ਗੁਆਇਆ। ਸ਼ੌਕੀ ਮੇਲੇ ਤੇ ਉਹ ਦੋਵੇਂ ਦਿਨ ਮੇਰੇ ਨਾਲ ਰਹਿੰਦੇ ਸਨ। ਇਸ ਕਰਕੇ ਵੀ ਕਿ ਰਸੀਲਾ ਹਥਿਆਰਾਂ ਦਾ ਸ਼ੌਕੀ ਬੜਾ ਸੀ ਤੇ ਉਹਦੇ ਡੱਬ 'ਚ ਹਰ ਵੇਲੇ ਲੋਡਿਡ ਰਿਵਾਲਵਰ ਹੁੰਦਾ ਸੀ। ਮਾੜੇ ਹਾਲਾਤਾਂ 'ਚ ਉਹ ਮੇਰੇ ਨਾਲ ਭਰਾਵਾਂ ਵਾਂਗ ਵਿਚਰਿਆ ਤੇ ਇਕ ਤਰ੍ਹਾਂ ਨਾਲ ਮੇਰੀ ਸਕਿਉਰਿਟੀ ਵੀ ਕਰਦਾ ਰਿਹਾ। ਮੈਂ ਨਹੀਂ ਮੇਰੀ ਸਾਰੀ ਰਿਸ਼ਤੇਦਾਰੀ, ਮੇਰੇ ਭੈਣ ਭਰਾ ਰਸੀਲੇ ਤੇ ਮੋਹਣੀ ਨੂੰ ਆਪਣਿਆਂ ਵਾਂਗ ਪਿਆਰ ਕਰਦੇ, ਉਹ ਸਾਰਿਆਂ ਨੂੰ ਜਾਣਦਾ ਹੈ, ਹਾਲੇ ਵੀ ਮੈਂ ਉਨ੍ਹਾਂ ਨੂੰ ਵਾਜ ਮਾਰਾਂ ਤਾਂ ਭੱਜੇ ਆਉਂਦੇ ਨੇ। ਫਤਿਹਗੜ੍ਹ ਚੂੜੀਆਂ ਰੋਡ ਤੇ ਉਨ੍ਹਾਂ ਦੀ ਵੱਡੀ ਕੋਠੀ ਹੈ, ਤੇ ਇਸ ਕੋਠੀ 'ਚ ਅਸੀਂ ਦਰਜਣਾਂ ਵਾਰ ਮਹਿਫਲਾਂ ਲਾਈਆਂ ਹਨ। ਉਨ੍ਹਾਂ ਦਾ ਇਕੋ ਹੀ ਪੁੱਤਰ ਸ਼ੁਗਲੀ ਆਸਟ੍ਰੇਲੀਆ 'ਚ ਹੈ। ਗਾਉਣ ਨੂੰ ਹੁਣ ਉਸ ਨੇ


ਵਡਾਲੀ ਬੰਧੂ ਪੂਰਨ ਚੰਦ ਪਿਆਰੇ ਲਾਲ ਤੇ ਲਖਵਿੰਦਰ ਵਡਾਲੀ

ਸ਼ੁਗਲ ਬਣਾ ਲਿਆ ਹੈ ਤੇ ਅੱਜ ਕੱਲ ਮੋਟਲ ਚਲਾ ਰਿਹਾ ਹੈ। ਅੰਮ੍ਰਿਤਸਰ 'ਚ ਬਹੁਤੀਆਂ ਯਾਦਾਂ ਮੇਰੀਆਂ ਰਸੀਲੇ ਨਾਲ ਹੀ ਜੁੜੀਆਂ ਹੋਈਆਂ ਹਨ। 'ਜੀਤਾਂ ਪੀ ਲੈ ਪਾਣੀ ਵਾਰ ਕੇ, ਨੀ ਮੈਂ ਇਹੋ ਜਿਹੇ ਪੁੱਤ ਨੇ ਵਿਆਹੁਣੇ' ਅਮਰ ਹੋਣ ਵਾਲੀ ਧਾਰਮਿਕ ਰਚਨਾ ਪ੍ਰੀਤੀ ਬਾਲਾ ਦੀ ਹੈ, ਤੇ ਪ੍ਰੀਤੀ ਬਾਲਾ ਦਾ ਸ਼ਹਿਰ ਵੀ ਅੰਮ੍ਰਿਤਸਰ ਹੀ ਹੈ। ਮਿਊਜ਼ਿਕ ਡਾਇਰੈਕਟਰ ਗੁਰਮੀਤ ਸਿੰਘ ਵੀ ਮਾਝੇ ਤੋਂ ਹੀ ਹੈ।

ਮੇਰੇ ਨਾਲ ਘੁੰਮਦਾ ਫਿਰਦਾ ਰਿਹਾ, ਕੋਟ ਫਤੂਹੀ ਦੇ ਸਕੂਲ 'ਚ ਕਈ ਵਾਰ ਆ ਕੰਧ ਤੇ ਬੈਠਾ ਰਹਿੰਦਾ ਸੀ, 'ਚੰਨਾ ਵੇ ਤੇਰੀ ਚਾਨਣੀ ਨਾਲ' ਚਰਨਜੀਤ ਅਹੂਜਾ ਨੇ ਉਸ ਨੂੰ ਸੁਰਖੀਆਂ 'ਚ ਲਿਆਂਦਾ ਸੀ ਤੇ ਫਿਰ 'ਕੁੜੀ ਗੁਜਰਾਤ ਦੀ' ਨਾਲ ਕਾਮਯਾਬੀ ਦੇ ਸਿਖਰਲੇ ਡੰਡੇ ਤੇ ਜਾ ਬੈਠਾ ਇਹ ਜਸਵੀਰ ਜੱਸੀ ਹੈ ਗੁਰਦਾਸਪੁਰ ਸ਼ਹਿਰ ਤੋਂ। ਪ੍ਰੀਤ ਹਰਪਾਲ ਬਟਾਲੇ ਤੋਂ ਹੈ। ਫਿਲਮ ਸੰਗੀਤ ਨਿਰਦੇਸ਼ਕ ਐਸ ਮਹਿੰਦਰ ਵੀ ਉਥੋਂ ਹੀ ਹੈ। 'ਬੁਲੀਆਂ' ਵਾਲਾ ਸੁਰਜੀਤ ਭੁੱਲਰ ਵੀ ਅੰਮ੍ਰਿਤਸਰ ਤੋਂ ਹੈ। ਅਮਰਿੰਦਰ ਗਿੱਲ ਬਿਨਾਂ ਮਾਝੇ ਦੀ ਪੰਜਾਬੀ ਗਾਇਕ ਮੁਕੰਮਲ ਨਹੀਂ ਹੋ ਸਕਦੀ। 'ਹਾਏ ਤੇਰੀ ਤੱਕਣੀ ਕਮਾਲ ਕਰ ਗਈ', 'ਇਸ਼ਕ ਹੋ ਗਿਆ', 'ਕਿਤੇ ਮਿਲੇ ਉਹ ਕੁੜੀ' ਨਾਲ ਸ਼ੋਹਰਤ ਦੀਆਂ ਗੁੱਡੀਆਂ ਘੁਮਾਉਣ ਵਾਲਾ ਅਮਰਿੰਦਰ ਗਿੱਲ 'ਅੰਗਰੇਜ਼' ਫਿਲਮ ਨਾਲ ਪੰਜਾਬੀਆਂ ਦੇ ਬਹੁਤ ਨੇੜੇ ਹੋ ਗਿਆ ਹੈ। ਮਾਣ ਹੈ ਕਿ ਇਹ ਅੱਜਕੱਲ ਮੇਰੇ ਚੰਗੇ ਮਿੱਤਰਾਂ 'ਚੋਂ ਹੈ। ਚਮਨ ਲਾਲ ਸ਼ੁਗਲ ਬਿਨਾਂ ਗੱਲ ਅਧੂਰੀ ਰਹੇਗੀ। ਜਿਨ੍ਹਾਂ ਦਿਨਾਂ 'ਚ ਮੈਂ ਫਗਵਾੜੇ ਪੜ੍ਹਦਾ ਹੁੰਦਾ ਸੀ, ਉਨ੍ਹੀਂ ਦਿਨੀਂ ਮੈਂ ਜਲੰਧਰ ਤੋਂ ਛਪਦੇ 'ਹਾਣੀ' ਮੈਗਜ਼ੀਨ ਨੂੰ ਉਚੇਚਾ ਜਲੰਧਰੋਂ ਇਸ ਕਰਕੇ ਹੀ ਖਰੀਦਣ ਜਾਂਦਾ ਕਿ ਇਸ ਵਿਚ ਇਕ ਕਾਲਮ ਸੀ 'ਸਵਾਲ ਤੁਹਾਡੇ ਤੇ ਜਵਾਬ ਚਮਨ ਲਾਲ ਸ਼ੁਗਲ ਦੇ'। ਚਮਨ ਲਾਲ ਸ਼ੁਗਲ ਨੇ ਆਪਣੀ ਸ਼ਾਇਰੀ 'ਚ ਸ਼ੁਗਲ ਬੜੇ ਕੀਤੇ ਨੇ, ਗੰਭੀਰ ਗੀਤ ਵੀ ਬਹੁਤ ਲਿਖੇ ਨੇ, ਫਿਲਮਾਂ 'ਚ ਉਹ ਹਾਜ਼ਰ ਰਿਹਾ। 'ਕਿੱਥੇ ਚੱਲੀ ਏਂ ਸਰੋਂ ਦਾ ਫੁੱਲ ਬਣ ਕੇ', 'ਮੇਰੇ ਰੰਗ ਤੇ ਦੁੱਪਟਾ ਕਿਹੜਾ ਜਚਦਾ, ਕੁੜੀਆਂ ਨੂੰ ਪੁੱਛਦੀ ਫਿਰਾਂ' ਆਦਿ ਲੋਕ ਗੀਤਾਂ ਜਿਹੇ ਮੁਖੜੇ ਚਮਨ ਲਾਲ ਸ਼ੁਗਲ ਦੇ ਹੀ ਹਨ।

ਹਰਪਾਲ ਠੱਠੇਵਾਲਾ, ਮੁਖਤਿਆਰ ਅਦਲੀਵਾਲਾ ਵੀ ਮਾਝੇ ਦੀ ਪੰਜਾਬੀ ਗਾਇਕੀ 'ਚ ਜਾਣੇ ਪਛਾਣੇ ਨਾਮ ਰਹੇ ਹਨ। ਬਲਕਾਰ ਅਣਖੀਲਾ ਵੀ ਇੱਥੋਂ ਦਾ ਹੀ ਹੈ ਜਿਸ ਨੇ ਤੱਤੇ ਗੀਤਾਂ ਨੂੰ ਹਵਾ ਬੜੀ ਦਿੱਤੀ ਹੈ।

ਹਰਭਜਨ ਜੱਬਲ ਤੇ ਜਤਿੰਦਰ ਕੌਰ ਨਾਟਕਾਂ ਤੇ ਸਕਿੱਟਾਂ ਦੇ ਸਦਾਬਹਾਰ ਸ਼ਾਹਕਾਰ ਹਨ। ਭਾਜੀ ਗੁਰਸ਼ਰਨ ਸਿੰਘ ਨੂੰ ਸਲਾਮ ਹੈ, ਕੇਵਲ ਧਾਲੀਵਾਲ ਨਾਟਕਾਂ 'ਚ ਸਥਾਪਿਤ ਨਾਮ ਹੈ। ਸਾਰਾ ਕੁਝ ਇੱਕੋ ਗੰਢ 'ਚ ਨਹੀਂ ਬੰਨ੍ਹਿਆ ਜਾ ਸਕਦਾ, ਇਸ ਲਈ ਖਿਮਾ ਚਾਹਾਂਗਾ। ਕਹਿ ਸਕਦੇ ਹਾਂ ਕਿ ਮਾਝੇ ਨੇ ਪੰਜਾਬੀ ਗੀਤ ਸੰਗੀਤ ਨੂੰ ਸਿਹਤਮੰਦ ਰੁਝਾਨ ਦਿੱਤਾ।


ਅਮਰਿੰਦਰ ਗਿੱਲ ਤੇ ਐਸ ਅਸ਼ੋਕ ਭੌਰਾ

# 'ਸਵਰਗ ਦੀ ਅਣਦੇਖੀ'

ਪੰਜਵੀਂ ਵਿਚ ਪੜ੍ਹਦਿਆਂ ਪੰਜਾਬੀ ਦੀ ਕਿਤਾਬ ਵਿਚ ਕਸ਼ਮੀਰ 'ਤੇ ਇੱਕ ਪਾਠ ਹੁੰਦਾ ਸੀ ਜਿਸ ਦੇ ਸਿਰਲੇਖ ਤੋਂ ਹੇਠਾਂ ਛੋਟੇ ਅੱਖਰਾਂ ਵਿਚ ਛਪਿਆ ਹੋਇਆ ਸੀ:

ਦੁਨੀਆਂ 'ਤੇ ਜੇ ਕੋਈ ਸਵਰਗ ਹੈ
ਤਾਂ ਇਹੀ ਹੈ, ਇਹੀ ਹੈ, ਇਹੀ ਹੈ!

ਸਾਡੇ ਹੈਡ ਮਾਸਟਰ ਅਮਰਨਾਥ (ਜਿਨ੍ਹਾਂ ਦਾ ਨਾਂ ਤਾਂ ਹਿੰਦੂਆਂ ਵਾਲਾ ਸੀ ਪਰ ਅਸਲ ਵਿਚ ਪੂਰਨ ਗੁਰਸਿੱਖ ਸਨ, ਨਾਲ ਦੇ ਪਿੰਡ ਸਿਹਾਲੇ ਤੋਂ ਪੜ੍ਹਾਉਣ ਆਉਂਦੇ ਸਨ) ਇਹ ਪਾਠ ਪੜ੍ਹਾਉਣ ਵੇਲੇ ਜਿਵੇਂ ਧਰਤੀ 'ਤੇ ਵਾਕਿਆ ਹੀ ਸਵਰਗ ਦਾ ਨਕਸ਼ਾ ਖਿੱਚ ਦਿੰਦੇ। ਉਹ ਕਸ਼ਮੀਰ ਵਿਚਲੇ ਸੇਬਾਂ ਦਾ ਜ਼ਿਕਰ ਕਰਦੇ ਤੇ ਸੇਬ-ਰੰਗੇ ਕਸ਼ਮੀਰ ਦੇ ਲੋਕਾਂ ਬਾਰੇ ਦੱਸਦਿਆਂ ਕਹਿੰਦੇ, "ਪੰਜਾਬ ਦੀ ਧੁੱਪ ਤਾਂ ਹਿਰਨਾਂ ਦੇ ਪਿੰਡੇ ਵੀ ਕਾਲੇ ਕਰ ਦਿੰਦੀ ਹੈ ਪਰ ਕਸ਼ਮੀਰ ਦੀ ਠੰਢ ਕਰਕੇ ਉਥੋਂ ਦੇ ਲੋਕਾਂ ਦਾ ਰੰਗ ਏਨਾ ਗੋਰਾ ਹੁੰਦਾ ਹੈ।"



ਡਾ. ਗੁਰਨਾਮ ਕੌਰ, ਕੈਨੇਡਾ

ਜਦੋਂ ਥੋੜੀ ਵੱਡੀ ਹੋਈ ਤੇ ਹਾਈ ਸਕੂਲ ਵਿਚ ਪਹੁੰਚੀ ਤਾਂ ਦੁਨੀਆਂ ਦੇ ਨਕਸ਼ੇ 'ਤੇ ਸੁੰਦਰ ਥਾਂਵਾਂ ਬਾਰੇ ਪੜ੍ਹਨ ਨੂੰ ਮਿਲਿਆ ਜਿਸ ਤੋਂ ਪਤਾ ਲੱਗਾ ਕਿ ਕਸ਼ਮੀਰ ਵਾਂਗ ਹੀ ਯੂਰਪ ਵਿਚਲਾ ਮੁਲਕ ਸਵਿਟਜ਼ਰਲੈਂਡ ਵੀ ਬਹੁਤ ਸੋਹਣਾ ਹੈ ਅਤੇ ਇਹ ਵੀ ਕਿ ਕਸ਼ਮੀਰ ਭਾਰਤ ਦਾ 'ਸਵਿਟਜ਼ਰਲੈਂਡ' ਹੈ। ਜਦੋਂ ਕੁੜੀਆਂ ਦੇ ਸਰਕਾਰੀ ਕਾਲਜ, ਲੁਧਿਆਣਾ ਵਿਚ ਗਿਆਰ੍ਹਵੀਂ ਵਿਚ ਦਾਖਲਾ ਲਿਆ ਤਾਂ ਰਿਹਾਇਸ਼ ਹੋਸਟਲ ਵਿਚ ਕੀਤੀ। ਕਾਲਜ ਵਿਚ ਹਰ ਪੰਦਰਾਂ ਦਿਨਾਂ ਬਾਅਦ ਕੋਈ ਹਿੰਦੀ ਫਿਲਮ ਅਸੈਂਬਲੀ ਹਾਲ ਵਿਚ ਦਿਖਾਉਣ ਦਾ ਪ੍ਰਬੰਧ ਹੁੰਦਾ ਸੀ ਅਤੇ ਹੋਸਟਲ ਵਿਚ ਰਹਿੰਦੀਆਂ ਤਕਰੀਬਨ ਸਾਰੀਆਂ ਕੁੜੀਆਂ ਹੀ ਫਿਲਮ ਦੇਖਦੀਆਂ ਕਿਉਂਕਿ ਬਹੁਤ ਥੋੜ੍ਹੇ ਜਿਹੇ ਪੈਸਿਆਂ ਦੀ ਟਿਕਟ 'ਤੇ ਫਿਲਮ ਦਿਖਾਈ ਜਾਂਦੀ ਸੀ ਅਤੇ ਹੋਸਟਲ ਵਿਚੋਂ ਫਿਲਮ ਦੇਖਣ ਜਾਣ ਲਈ ਉਚੇਚ ਵੀ ਨਹੀਂ ਸੀ ਕਰਨਾ ਪੈਂਦਾ। ਉਦੋਂ ਬਹੁਤੀਆਂ ਹਿੰਦੀ ਫਿਲਮਾਂ ਦੀ ਸ਼ੂਟਿੰਗ ਕਸ਼ਮੀਰ ਵਿਚ ਜ਼ਰੂਰ ਹੀ ਹੋਇਆ ਕਰਦੀ ਸੀ ਬਲਕਿ ਉਨ੍ਹਾਂ ਦਿਨਾਂ ਵਿਚ 'ਕਸ਼ਮੀਰ ਕੀ ਕਲੀ' ਵਰਗੀਆਂ ਫਿਲਮਾਂ ਬਣੀਆਂ ਹੀ ਕਸ਼ਮੀਰ ਦੀ ਸੁੰਦਰਤਾ ਉਤੇ ਸਨ। ਇੰਜ ਪੜ੍ਹਦੇ ਤੇ ਕਸ਼ਮੀਰ ਦੀ ਸੁੰਦਰਤਾ ਦੇਖ ਕੇ ਮਨ ਵਿਚ ਇੱਕ ਵਿਚਾਰ ਅਕਸਰ ਹੀ ਆਉਂਦਾ ਕਿ ਇੱਕ ਵਾਰ 'ਧਰਤੀ ਉਪਰਲਾ ਸਵਰਗ' ਕਸ਼ਮੀਰ ਜ਼ਰੂਰ ਦੇਖਣਾ ਹੈ ਪਰ ਅਜ ਤੱਕ ਕਸ਼ਮੀਰ ਨਹੀਂ ਦੇਖ ਸਕੀ। ਫਿਲਮਾਂ 'ਚ ਸ੍ਰੀਨਗਰ, ਫਿਰ ਝੀਲਾਂ ਵਿਚ ਚੱਲਦੇ ਸ਼ਿਕਾਰੇ ਤੇ ਸੇਬਾਂ ਦੇ ਬਾਗ, ਨਜ਼ਾਰਾ ਹੀ ਕੁਝ ਹੋਰ ਹੁੰਦਾ ਸੀ!

ਪਾਕਿਸਤਾਨ ਤੋਂ ਨਿਕਲਦੀ ਅਖਬਾਰ 'ਡਾਅਨ' ਦੇ 13 ਅਕਤੂਬਰ ਦੇ ਅੰਕ ਵਿਚ ਇੱਕ ਛੋਟਾ ਜਿਹਾ ਫੀਚਰ ਛਪਿਆ ਹੈ ਜਿਸ ਦਾ ਸਿਰਲੇਖ ਹੈ, "ਫੁੱਟਪ੍ਰਿੰਟਸ: ਪੈਰਾਡਾਈਜ਼ ਇਨ ਨਗਲੈਕਟ" (ਅਮੀਰ ਮਿਰਜ਼ਾ। ਅਪਡੇਟਿਡ) ਪੜ੍ਹ ਕੇ ਮਨ ਸੋਚਾਂ ਵਿਚ ਪੈ ਗਿਆ। ਇਹ ਲੇਖ ਅੰਗਰੇਜ਼ੀ ਵਿਚ ਜਨਾਬ ਅਮੀਰ ਮਿਰਜ਼ਾ ਨੇ ਲਿਖਿਆ ਹੈ, ਜਿਸ ਦਾ ਪ੍ਰਭਾਵ ਕੁਝ ਇਸ ਤਰ੍ਹਾਂ ਹੈ,

ਜਨਾਬ ਅਮੀਰ ਮਿਰਜ਼ਾ ਲਿਖਦੇ ਹਨ ਕਿ ਰਾਵਾਲਕੋਟ ਬਸਤੀ ਕੋਈ 54,000 ਫੁੱਟ ਦੀ ਉਚਾਈ 'ਤੇ ਹੈ ਜੋ ਮਰੀ ਤੋਂ ਥੋੜ੍ਹੀ ਜਿਹੀ ਨਿਵਾਣ 'ਤੇ ਹੈ। ਇੱਥੋਂ ਦੋ ਕੁ ਘੰਟੇ ਦੀ ਡਰਾਈਵ ਤੋਂ ਬਾਅਦ 8500 ਜਾਂ 9000 ਫੁੱਟ ਦੀ ਉਚਾਈ 'ਤੇ ਪਹੁੰਚ ਕੇ ਸੱਚ ਹੀ ਬੱਦਲਾਂ ਵਿਚ ਪਹੁੰਚ ਜਾਈਦਾ ਹੈ। ਇਸ ਉਚਾਈ 'ਤੇ ਪਹੁੰਚ ਕੇ ਤਾਪਮਾਨ ਖਾਸ ਤੌਰ 'ਤੇ ਘਟ ਜਾਂਦਾ ਹੈ। ਬਾਘ ਤੋਂ ਸਫਰ ਕਰਦਿਆਂ, ਜੋ ਵਾਦੀ ਵਿਚ ਵਸਿਆ ਹੋਇਆ ਹੈ, ਤਾਪਮਾਨ 34 ਸੈਲਸੀਅਸ ਡਿਗਰੀ ਦੇ ਨੇੜੇ, ਅਤੇ ਹਾਜੀ ਪੀਰ 'ਚ 18 ਸੈਲਸੀਅਸ ਡਿਗਰੀ ਦੇ ਕਰੀਬ ਹੈ।

ਅਮੀਰ ਮਿਰਜ਼ਾ ਅੱਗੇ ਦੱਸਦੇ ਹਨ ਕਿ ਜਿਉਂ ਹੀ ਉਹ ਲਾਸਡਾਨਾ ਵਿਖੇ ਚਾਹ ਦੇ ਕੱਪ ਲਈ ਰੁਕਦੇ ਹਨ ਤਾਂ ਉਹ ਮੁਕਾਮੀ ਵਸਨੀਕਾਂ ਦਾ ਧਿਆਨ ਦਿਵਾਉਂਦਿਆਂ ਕਹਿੰਦੇ ਹਨ ਕਿ ਉਹ ਤਾਂ ਸਵਰਗ ਵਿਚ ਰਹਿ ਰਹੇ ਹਨ ਤਾਂ ਇਕ ਆਦਮੀ ਜਦੋਂ ਹੈਰਾਨ ਹੋ ਕੇ ਕਹਿੰਦਾ ਹੈ ਤਾਂ ਉਤਰ ਖਰਵੇਪਣ ਦਾ ਇਜ਼ਹਾਰ ਕਰਦਾ ਹੈ, "ਜੇ ਤੁਸੀਂ ਸੈਲਾਨੀ ਹੋ ਤਾਂ ਇਹ ਬਹੁਤ ਵਧੀਆ ਹੈ, ਪਰ ਜੇ ਤੁਸੀਂ ਹਰ ਰੋਜ਼ ਹੇਠਾਂ-ਉਪਰ ਜਾਂਦੇ-ਆਉਂਦੇ ਹੋ, ਅਤੇ ਮੌਲਿਕ ਸਹੂਲਤਾਂ ਤੱਕ ਤੁਹਾਡੀ ਪਹੁੰਚ ਨਿਗੂਣੀ ਹੈ, ਕੀ ਤੁਸੀਂ ਫਿਰ ਵੀ ਇਹੀ ਗੱਲ ਕਹੋਗੇ?"

ਕੁਝ ਦਿਨਾਂ ਦੀ ਯਾਤਰਾ ਉਸ ਆਦਮੀ ਦੀ ਟਿੱਪਣੀ ਵਿਚਲੀ ਸੱਚਾਈ ਨੂੰ ਸਾਬਤ ਕਰ ਦਿੰਦੀ ਹੈ। ਇੱਥੇ, ਬਹੁਤ ਥੋੜੇ ਉਦਯੋਗ ਅਤੇ ਮੱਧਵਰਗ ਜਮਾਤ ਦੀ ਮਹੱਤਵਪੂਰਨ ਗੈਰਹਾਜ਼ਰੀ ਨਾਲ, ਅਣਗਹਿਲੀ ਪ੍ਰਤੱਖ ਰੂਪ ਵਿਚ ਨਜ਼ਰ ਆਉਂਦੀ ਹੈ। ਜਿਹੜੇ ਅਮੀਰ ਹਨ, ਉਹ ਰਾਵਲਪਿੰਡੀ ਅਤੇ ਦੂਸਰੇ ਵੱਡੇ ਸ਼ਹਿਰੀ ਕੇਂਦਰਾਂ ਵਿਚ ਚਲੇ ਜਾਂਦੇ ਹਨ। ਬਹੁਤੇ ਸਟੋਰਾਂ ਵਿਚ ਘਟੀਆ ਸਮਾਨ ਰੱਖਿਆ ਹੁੰਦਾ ਹੈ, ਬਹੁਤਾ ਕਰਕੇ ਸਥਾਨਕ ਹੈ, ਉਪਜਾਂ ਅਤੇ ਖਾਣ ਵਾਲੀਆਂ ਚੀਜ਼ਾਂ ਪੁਰਾਤਨ ਕਿਸਮ ਦੀਆਂ ਹਨ, ਜਿੱਥੇ ਉਹ ਠਹਿਰੇ ਹੋਏ ਸਨ, ਘਰੇਲੂ ਮੀਟ ਦਾ ਕੋਟਾ ਰਾਵਲਪਿੰਡੀ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਅਮੀਰ ਮਿਰਜ਼ਾ ਲਿਖਦਾ ਹੈ ਕਿ ਸਾਡੀ ਸਮਰੱਥਾ ਦਾ ਅਹਿਸਾਸ ਨਾ ਕਰਦਿਆਂ ਸਾਡੇ ਮੁਲਕ ਦੀ ਕਿਸਮਤ ਨਾਲ ਕਠੋਰਤਾ ਨਾਲ ਜੋੜ ਦਿੱਤਾ ਜਾਪਦਾ ਹੈ। ਸੋਮਿਆਂ ਦੀ ਬਹੁਲਤਾ ਦੇ ਬਾਵਜੂਦ, ਅਸੀਂ ਉਨ੍ਹਾਂ ਨੂੰ ਕੌਮੀ ਆਰਥਿਕਤਾ ਲਈ ਨਹੀਂ ਵਰਤ ਸਕੇ। ਮੁਲਕ ਦੇ ਉਤਰੀ ਇਲਾਕੇ ਆਪਣੀ ਅਦੁੱਤੀ ਸੁੰਦਰਤਾ ਅਤੇ ਖੁਸ਼ਗਵਾਰ ਜਲਵਾਯੂ ਕਾਰਨ ਸੈਰ-ਸਪਾਟੇ ਲਈ ਆਹਲਾ ਮੌਕੇ ਮੁਹੱਈਆ ਕਰਦੇ ਹਨ। ਮਸ਼ਹੂਰ ਠਿਕਾਣਿਆਂ ਵਿਚ, ਆਜ਼ਾਦ ਜੰਮੂ ਅਤੇ ਕਸ਼ਮੀਰ (ਪਾਕਿਸਤਾਨੀ ਕਬਜ਼ੇ ਹੇਠਲਾ) ਬਹੁਤ ਘੱਟ ਯਾਤਰਾ ਕੀਤਾ ਇਲਾਕਾ ਰਹਿ ਜਾਂਦਾ ਹੈ।

ਸਥਾਨਕ ਲੋਕ ਮਈ ਅਤੇ ਜੂਨ ਵਿਚ ਕਸ਼ਮੀਰ ਆਉਣ ਦੀ ਸਲਾਹ ਦਿੰਦੇ ਹਨ। ਮੌਸਮ ਬਿਲਕੁਲ ਦਰੁਸਤ ਹੁੰਦਾ ਹੈ ਅਤੇ ਵਾਦੀ ਦੇ ਅਦਭੁੱਤ ਨਜ਼ਾਰਿਆਂ ਦਾ ਅਧਿਐਨ ਬਿਨਾ ਕਿਸੇ ਰੁਕਾਵਟ ਦੇ ਕੀਤਾ ਜਾ ਸਕਦਾ ਹੈ। ਉਹ, ਅਣਜਾਣੇ ਵਿਚ, ਬਰਸਾਤ ਦੇ ਮੌਸਮ ਵਿਚ ਆ ਗਏ ਸੀ। ਰਾਵਲਪਿੰਡੀ ਅਤੇ ਕਹੂਟਾ ਵਿਚੋਂ ਦੀ ਰਾਵਾਲਕੋਟ ਨੂੰ ਜਾਂਦੀ ਸੜਕ ਮੁਰੰਮਤ ਦੀ ਭਿਆਨਕ ਹਾਲਤ ਵਿਚ ਹੈ, ਜਿਸ ਤਰ੍ਹਾਂ ਕਿ ਸਾਰੇ 'ਏਜੇਕੇ' (ਪਾਕਿਸਤਾਨੀ ਕਸ਼ਮੀਰ) ਦੀਆਂ ਬਹੁਤੀਆਂ ਸੜਕਾਂ ਦਾ ਹਾਲ ਹੈ। ਰਾਵਲਪਿੰਡੀ ਤੋਂ ਕਾਰ ਵਿਚ ਜਾਣ ਲਈ ਕੋਈ ਚਾਰ ਘੰਟੇ ਲੱਗ ਜਾਂਦੇ ਹਨ। ਪਹਿਲਾਂ ਲੋਕਾਂ ਕੋਲ ਹਵਾਈ ਸਫਰ ਕਰਨ ਦੀ ਚੋਣ ਸੀ, ਪ੍ਰੰਤੂ ਰਾਵਾਲਕੋਟ ਹਵਾਈ ਅੱਡਾ, ਪਾਕਿਸਤਾਨ 'ਚ ਸਭ ਤੋਂ ਆਕਰਸ਼ਕ ਅਤੇ ਸੁੰਦਰ, ਹੁਣ ਉਜਾੜ ਪਿਆ ਹੈ। ਹਵਾਈ ਦੌੜ-ਪੱਟੀ ਨੂੰ ਲੋਕ ਹੁਣ ਮਨ-ਪਰਚਾਵੇ ਅਤੇ ਬੱਕਰੀਆਂ ਬੰਨਣ ਲਈ ਵਰਤਦੇ ਹਨ। ਕਾਰਨ ਹੈ, ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨ ਕੋਲ ਛੋਟੇ ਜਹਾਜ਼ਾਂ ਦੀ ਕਮੀ।

ਕਸ਼ਮੀਰ (ਪਾਕਿਸਤਾਨੀ) ਵਿਚ ਗਰੀਬੀ ਦਾ ਵਿਸਥਾਰ ਖੜ੍ਹੇ ਰੁਖ ਹੈ। ਜਿਵੇਂ ਜਿਵੇਂ ਤੁਸੀਂ ਉਚਾਈ ਵੱਲ ਜਾਂਦੇ ਹੋ, ਉਦਯੋਗ ਦੀਆਂ ਸਾਰੀਆਂ ਨਿਸ਼ਾਨੀਆਂ ਖਤਮ ਹੋ ਜਾਂਦੀਆਂ ਹਨ ਅਤੇ ਪੂਰਨ ਸਵੈ-ਨਿਰਭਰ, ਪਸ਼ੂ-ਆਧਾਰਤ ਪੇਂਡੂ ਚਰਵਾਹਿਆਂ ਵਾਲੀ ਜੀਵਨ-ਸ਼ੈਲੀ ਰਹਿ ਜਾਂਦੀ ਹੈ। ਇਲਾਕੇ ਵਿਚ ਆਮ ਤੌਰ 'ਤੇ ਮੰਗਣ ਦਾ ਸਿਲਸਿਲਾ ਘੱਟ ਹੈ ਪ੍ਰੰਤੂ ਫਿਰ ਜਿਵੇਂ ਤੁਸੀਂ ਉਪਰ ਵੱਲ ਜਾਂਦੇ ਹੋ, ਇਸ ਵਿਚ ਵਾਧਾ ਹੁੰਦਾ ਜਾਂਦਾ ਹੈ ਅਤੇ ਮਸ਼ਹੂਰ ਸੈਰ-ਸਪਾਟੇ ਦੀਆਂ ਥਾਂਵਾਂ 'ਤੇ ਇਹ ਆਮ ਗੱਲ ਹੈ।

ਮੁੱਢਲੀਆਂ ਸਹੂਲਤਾਂ ਬਹੁਤ ਘੱਟ ਹਨ, ਖਾਸ ਕਰਕੇ ਸਿਹਤ ਸਬੰਧੀ। ਵਿਰਲੀਆਂ ਟਾਵੀਆਂ ਸਿਹਤ ਇਕਾਈਆਂ ਤੋਂ ਬਿਨਾ, ਪਸ਼ਿਚੇ ਇਲਾਕਿਆਂ ਵਿਚ ਜ਼ਿਆਦਾ ਸਿਹਤ-ਸੇਵਾਵਾਂ ਫੌਜ ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਕੁਝ ਵੱਡੇ ਕਸਬਿਆਂ ਵਿਚ ਵੱਡੇ ਹਸਪਤਾਲ ਹਨ ਪ੍ਰੰਤੂ ਉਹ ਫੌਜ ਵੱਲੋਂ ਚਲਾਏ ਜਾਂਦੇ ਹਨ। ਫੌਜੀ ਡਾਕਟਰਾਂ ਦਾ ਕਹਿਣਾ ਹੈ ਕਿ ਮਰੀਜ਼ਾਂ ਵਿਚੋਂ 70% ਸ਼ਹਿਰੀ ਲੋਕ ਹੁੰਦੇ ਹਨ। ਫਿਰ ਵੀ, ਮਰੀਜ਼ਾਂ ਨੂੰ ਇਹ ਸਹੂਲਤਾਂ ਦੇਣਾ ਵੀ ਅਜ਼ਮਾਇਸ਼ ਹੈ। ਉਨ੍ਹਾਂ ਨੂੰ ਦੱਸਿਆ ਗਿਆ, "ਐਮਰਜੈਂਸੀ ਸਮੇਂ ਅਤੇ ਲੈਂਡ-ਸਲਾਈਡਾਂ ਕਾਰਨ ਸੜਕੀ ਰੁਕਾਵਟਾਂ ਸਮੇਂ ਬਹੁਤ ਘੱਟ ਹੈ ਜੋ ਅਸੀਂ ਕਰ ਸਕਦੇ ਹਾਂ।"

ਸਿੱਖਿਆ ਸਬੰਧੀ ਆਧਾਰਭੂਤ-ਸਹੂਲਤਾਂ ਥੋੜ੍ਹੀਆਂ ਜਿਹੀਆਂ ਬਿਹਤਰ ਹਨ, ਇਲਾਕੇ ਵਿਚ ਪਬਲਿਕ, ਪ੍ਰਈਵੇਟ ਅਤੇ ਐਨ. ਜੀ. ਓ ਵੱਲੋਂ ਚਲਾਏ ਜਾ ਰਹੇ ਸਕੂਲਾਂ ਤੇ ਕਾਲਜਾਂ ਕਰਕੇ, ਪ੍ਰੰਤੂ ਅਸੰਤੁਲਨ ਪੈਦਾ ਹੋ ਗਿਆ ਹੈ, ਔਰਤਾਂ ਜ਼ਿਆਦਾ ਸਿੱਖਿਅਤ ਹਨ। ਇਹ ਆਪਣੇ-ਆਪ ਵਿਚ ਚੰਗੀ ਗੱਲ ਹੈ, ਪ੍ਰੰਤੂ ਇਹ ਸਮਾਜ ਨੂੰ ਬਦਲ ਰਹੀ ਹੈ। "ਪਹਿਲਾਂ, ਅਸੀਂ ਦੁਧਾਰੂ ਪਸ਼ੂਆਂ ਦਾ ਪਾਲਣ ਕਰਕੇ ਸਵੈ-ਨਿਰਭਰ ਸੀ," ਇੱਕ ਆਦਮੀ ਕਹਿੰਦਾ ਹੈ, "ਹੁਣ, ਔਰਤਾਂ ਸ਼ਿਕਾਇਤ ਕਰਦੀਆਂ ਹਨ ਕਿ ਉਹ ਮੁਸ਼ਕ ਨਹੀਂ ਸਹਾਰ ਸਕਦੀਆਂ!"

ਆਜ਼ਾਦ ਕਸ਼ਮੀਰ (ਪਾਕਿਸਤਾਨ ਕਬਜ਼ੇ ਹੇਠਲਾ) ਦੇ ਸੀਮਤ ਵਿਕਾਸ ਵਿਚ ਕੁਝ ਅੰਤਰਨਿਹਿਤ ਰੁਕਾਵਟਾਂ ਹਨ। ਬਹੁਤੇ ਲੋਕ ਲਾਈਨ ਆਫ ਕੰਟਰੋਲ ਦੀ ਛਾਂ ਹੇਠ ਰਹਿ ਰਹੇ ਹਨ; ਰਾਤ ਵੇਲੇ ਇਹ ਡਰ ਅਸਲੀ ਹੋ ਜਾਂਦਾ ਹੈ। ਬਹੁਤ ਤਾਰ ਲੱਗੀ ਸਰਹੱਦ 'ਤੇ ਲਾਈਟਾਂ ਜਗਾ ਦਿੰਦਾ ਹੈ: ਰੌਸ਼ਨੀਆਂ ਦਾ ਹੜ੍ਹ ਅਸ਼ੁਭ ਲੱਗਦਾ ਹੈ, ਪਹਾੜਾਂ ਦੀਆਂ ਚੋਟੀਆਂ ਦੀ ਰੀੜ੍ਹ ਦੀ ਹੱਡੀ 'ਤੇ ਤੁਰ ਰਹੀ ਚਮਕਦੀ ਹੋਈ ਸੁੰਡੀ। ਭਾਰਤੀ ਪਾਸੇ ਤੋਂ ਗੋਲੀਬੰਦੀ ਦੀ ਵਾਰ ਵਾਰ ਉਲੰਘਣਾ, ਖਾਸ ਕਰਕੇ ਇਨ੍ਹਾਂ ਦਿਨਾਂ ਵਿਚ।

ਪਹਾੜੀ ਇਲਾਕਾ ਹੋਣ ਕਰਕੇ, ਥਾਂ ਜ਼ਰੂਰ ਹੀ ਘੱਟ ਹੈ। ਮਨੁੱਖ ਅਤੇ ਜਾਨਵਰ ਛੱਤਾਂ ਅਤੇ ਸੜਕਾਂ ਉਤੇ ਥਾਂ ਲਈ ਹੋੜ ਲਗਾਉਂਦੇ ਹਨ। ਪੌੜੀਦਾਰ ਖੇਤੀਬਾੜੀ ਵਾਲੀ ਜ਼ਮੀਨ ਮਾਮੂਲੀ ਹੈ, ਸਿਵਾਏ ਘਰਾਂ ਦੇ ਨਾਲ ਨਾਲ ਬੀਜੀ ਥੋੜ੍ਹੀ ਬਹੁਤ ਮੱਕੀ ਦੇ। ਮੁਰਦੇ ਭੀ ਜਿਉਂਦਿਆਂ ਵਿਚ ਅਰਾਮ ਫਰਮਾ ਰਹੇ ਹਨ। ਬਹੁਤੇ ਘਰਾਂ ਦੇ ਜਾਂ ਛੋਟੇ ਟੋਲਿਆਂ ਦੇ ਆਪਣੇ ਕਬਰਿਸਤਾਨ ਹਨ। ਉਨ੍ਹਾਂ ਵਿਚੋਂ ਕੁਝ ਆਲੀਸ਼ਾਨ ਨਜ਼ਾਰਾ ਪੇਸ਼ ਕਰਦੇ ਹਨ, ਅਨੰਤ ਸ਼ਾਂਤੀ ਵਿਚ ਅਰਾਮ ਕਰਨ ਲਈ ਸਹੀ ਥਾਂ। ਰਸਦਾਰ ਬਨਸਪਤੀਆਂ ਬਹੁਤਾਤ ਵਿਚ ਹਨ, ਜਿਨ੍ਹਾਂ ਲਈ ਥੋੜ੍ਹੇ ਜਿਹੇ ਉਦਮ ਅਤੇ ਪਾਣੀ ਦੀ ਜ਼ਰੂਰਤ ਹੈ। ਬਹੁਤ ਸਾਰੇ ਸਵਦੇਸ਼ੀ ਫਲ ਉਗਦੇ ਹਨ, ਜਿਨ੍ਹਾਂ ਵਿਚ ਨਾਸ਼ਪਾਤੀਆਂ, ਸੇਬ (ਆਮ ਤੌਰ 'ਤੇ ਛੋਟੀਆਂ ਕਿਸਮਾਂ), ਅਖਰੋਟ, ਅੰਜੀਰ (ਛੋਟੀ ਕਿਸਮ) ਅਤੇ ਹੋਰ ਬਹੁਤ ਸਾਰੇ ਫਲ ਹਨ। ਫਿਰ ਵੀ ਇਨ੍ਹਾਂ ਦੀ ਤਜਾਰਤ ਦਾ ਕੋਈ ਠੋਸ ਪ੍ਰਬੰਧ ਨਹੀਂ ਜਾਪਦਾ।



ਇਲਾਕੇ ਦੀ ਕੁਦਰਤੀ ਸਮਰੱਥਾ ਨੂੰ ਅੱਖੋਂ ਪਰੋਖੇ ਕੀਤਾ ਹੋਇਆ ਹੈ। ਸੈਰ-ਸਪਾਟੇ, ਖੇਤੀਬਾੜੀ (ਫਲਦਾਰ ਦਰੱਖਤ) ਅਤੇ ਛੋਟੇ ਤੋਂ ਵਿਚਕਾਰਲੇ ਅਕਾਰ ਦੇ ਹਾਈਡਲ ਪਾਵਰ ਪਲਾਂਟਾਂ ਦੀਆਂ ਮੂਲ ਸਹੂਲਤਾਂ ਦੇ ਵਿਕਾਸ 'ਤੇ ਕੀਤਾ ਥੋੜ੍ਹਾ ਜਿਹਾ ਖਰਚ ਸਥਾਨਕ ਲੋਕਾਂ ਦੀ ਕਿਸਮਤ ਵਿਚ ਪੂਰਨ ਤਬਦੀਲੀ ਲੈ ਆਵੇਗਾ। ਜੇ ਇਸ ਨੂੰ ਸਹੀ ਢੰਗ ਨਾਲ ਕੀਤਾ ਜਾਵੇ, ਤਾਂ ਸ਼ਾਇਦ ਕਸ਼ਮੀਰ ਜਿਵੇਂ ਮੁਗਲ ਬਾਦਸ਼ਾਹ ਨੇ ਧਿਆਨ ਦੁਆਇਆ ਸੀ, "ਜੇ ਦੁਨੀਆਂ 'ਤੇ ਕੋਈ ਸਵਰਗ ਹੈ, ਤਾਂ ਇਹੀ ਹੈ, ਇਹੀ ਹੈ!"

ਅਮੀਰ ਮਿਰਜ਼ਾ ਦਾ ਉਪਰ ਦਿੱਤਾ ਫੀਚਰ ਪੜ੍ਹ ਕੇ ਮਨ ਸੋਚਾਂ ਵਿਚ ਪੈ ਜਾਂਦਾ ਹੈ। ਕਸ਼ਮੀਰ ਦਾ ਇਤਿਹਾਸ ਵਿਸ਼ਾਲ ਭਾਰਤੀ ਉਪਮਹਾਂਦੀਪ ਦੇ ਇਤਿਹਾਸ ਨਾਲ ਗੁੰਦਿਆ ਹੋਇਆ ਹੈ। ਪਹਿਲੇ ਮਿਲੇਨੀਅਮ ਦੇ ਪਹਿਲੇ ਅੱਧ ਵਿਚ ਕਸ਼ਮੀਰ ਵਾਦੀ ਹਿੰਦੂ ਧਰਮ ਦਾ ਅਹਿਮ ਕੇਂਦਰ ਸੀ ਅਤੇ ਪਿੱਛੋਂ ਬੁੱਧ ਧਰਮ ਦਾ ਕੇਂਦਰ ਬਣ ਗਿਆ, ਨੌਵੀਂ ਸਦੀ ਵਿਚ ਇਥੇ ਸ਼ੈਵ ਪਰੰਪਰਾ ਦੀ ਚੜ੍ਹਤ ਹੋ ਗਈ। ਇਸ ਦਾ ਇਸਲਾਮੀਕਰਣ ਤੇਰਵ੍ਹੀਂ ਤੋਂ ਪੰਦਰ੍ਹਵੀਂ ਸਦੀ ਤੱਕ ਹੋਇਆ ਜਿਸ ਨਾਲ ਕਸ਼ਮੀਰੀ ਸ਼ੈਵ ਮੱਤ ਨੂੰ ਢਾਹ ਲੱਗੀ, ਬੇਸ਼ੱਕ ਪਹਿਲੀ ਸਭਿਅਤਾ ਦੀਆਂ ਪ੍ਰਾਪਤੀਆਂ ਨੂੰ ਗੁੰਮਣ ਨਹੀਂ ਦਿੱਤਾ ਗਿਆ ਅਤੇ ਇਸੇ ਵਿਚੋਂ ਕਸ਼ਮੀਰ ਦੀ ਸੂਫੀ ਰਹੱਸਵਾਦੀ ਪਰੰਪਰਾ ਪੈਦਾ ਹੋਈ। 1339 ਈਸਵੀ ਵਿਚ ਸ਼ਾਹ ਮੀਰ ਕਸ਼ਮੀਰ ਦਾ ਮੁਸਲਿਮ ਰਾਜਾ ਬਣਿਆ ਅਤੇ ਅਗਲੀਆਂ ਪੰਜ ਸਦੀਆਂ ਤੱਕ ਸਣੇ ਮੁਗਲਾਂ ਦੇ, ਕਸ਼ਮੀਰ ਮੁਸਲਿਮ ਰਾਜ ਹੇਠ ਰਿਹਾ (ਜਿਵੇਂ ਬਾਕੀ ਭਾਰਤ 'ਤੇ ਵੀ ਮੁਗਲ ਬਾਦਸ਼ਾਹਾਂ ਦਾ ਰਾਜ ਸੀ)।

1819 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਜਿੱਤ ਕੇ ਉਥੇ ਸਿੱਖ ਰਾਜ ਕਾਇਮ ਕਰ ਦਿੱਤਾ। ਪਹਿਲੀ ਐਂਗਲੋ-ਸਿੱਖ ਲੜਾਈ ਤੋਂ ਬਾਅਦ 1846 ਈ. ਵਿਚ ਅੰਮ੍ਰਿਤਸਰ ਸੰਧੀ ਅਨੁਸਾਰ ਅੰਗਰੇਜ਼ਾਂ ਕੋਲੋਂ ਰਾਜਾ ਗੁਲਾਬ ਸਿੰਘ ਨੇ ਰਿਆਸਤ ਖਰੀਦ ਲਈ ਅਤੇ ਅੰਗਰੇਜ਼ਾਂ ਦੀ ਸਰਪ੍ਰਸਤੀ ਵਿਚ 1947 ਤੱਕ ਉਸ ਦੇ ਖਾਨਦਾਨ ਨੇ ਰਾਜ ਕੀਤਾ। 1947 ਵਿਚ ਅੰਗਰੇਜ਼ਾਂ ਦੇ ਭਾਰਤ ਨੂੰ ਛੱਡ ਜਾਣ 'ਤੇ ਇਸੇ ਖਾਨਦਾਨ ਦੇ ਰਾਜਾ ਹਰੀ ਸਿੰਘ ਨੇ ਇੱਕ ਸਮਝੌਤੇ ਤਹਿਤ ਕਸ਼ਮੀਰ ਦੀ ਰਿਆਸਤ ਨੂੰ ਭਾਰਤ ਨਾਲ ਮਿਲਾ ਲਿਆ। ਪਰ ਪਾਕਿਸਤਾਨੀ ਫੌਜ ਨੇ ਕਬਾਇਲੀਆਂ ਦੇ ਭੇਸ ਵਿਚ ਕਸ਼ਮੀਰ 'ਤੇ ਹਮਲਾ ਕਰ ਦਿੱਤਾ। ਹੁਣ ਕਸ਼ਮੀਰ ਦਾ 30% ਹਿੱਸਾ ਪਾਕਿਸਤਾਨ ਦੇ ਕਬਜ਼ੇ ਵਿਚ ਹੈ ਜਿਸ ਨੂੰ ਉਸ ਨੇ 'ਆਜ਼ਾਦ ਕਸ਼ਮੀਰ' ਦਾ ਨਾਂ ਦਿੱਤਾ ਹੋਇਆ ਹੈ। ਇਸ ਵਿਚ ਗਿਲਗਿਤ ਅਤੇ ਬਾਲਤਿਸਤਾਨ ਵੀ ਸ਼ਾਮਲ ਹੈ ਅਤੇ ਕਸ਼ਮੀਰ ਦਾ 10% ਹਿੱਸਾ ਚੀਨ ਦੇ ਕਬਜ਼ੇ ਹੇਠਾਂ ਹੈ। ਭਾਰਤ ਨੇ ਸੰਵਿਧਾਨ ਦੀ ਧਾਰਾ 370 ਤਹਿਤ ਕਸ਼ਮੀਰ ਨੂੰ ਖਾਸ ਰੁਤਬਾ ਦਿੱਤਾ ਹੋਇਆ ਹੈ।

ਜੰਮੂ ਅਤੇ ਕਸ਼ਮੀਰ ਜਿਸ ਨੂੰ 'ਜੇ ਐਂਡ ਕੇ' ਕਰਕੇ ਜਾਣਿਆ ਜਾਂਦਾ ਹੈ, ਵਿਚ ਲੱਦਾਖ ਵੀ ਸ਼ਾਮਲ ਹੈ। ਕਸ਼ਮੀਰ ਹਿਮਾਲਿਆ ਦੀਆਂ ਪਹਾੜੀਆਂ ਵਿਚ ਸਥਿਤ ਹੈ ਅਤੇ ਇਸ ਦੀ ਇੱਕ ਹੱਦ ਹਿਮਾਚਲ ਪ੍ਰਦੇਸ਼ ਨਾਲ, ਦੱਖਣ ਵੱਲ ਪੰਜਾਬ ਨਾਲ ਲੱਗਦੀ ਹੈ। ਅੰਤਰਰਾਸ਼ਟਰੀ ਸਰਹੱਦ ਉਤਰ ਤੇ ਪੂਰਬ ਵਿਚ ਚੀਨ ਅਤੇ ਲਾਈਨ ਆਫ ਕੰਟਰੋਲ ਇਸ ਨੂੰ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਤੋਂ ਅਲੱਗ ਕਰਦੀ ਹੈ। ਇਸ ਸ਼ਾਹੀ ਰਿਆਸਤ ਦੇ ਪੱਛਮੀ ਜ਼ਿਲਿਆਂ ਅਤੇ ਗਿਲਗਿਤ ਬਾਲਤਿਸਤਾਨ 'ਤੇ 1947 ਤੋਂ ਪਾਕਿਸਤਾਨ ਕਾਬਜ਼ ਹੈ।

ਜੰਮੂ-ਕਸ਼ਮੀਰ ਦੀ ਆਮਦਨ ਦਾ ਮੁੱਖ ਸਰੋਤ ਖੇਤੀਬਾੜੀ ਹੈ ਜਿਸ ਵਿਚ ਜੌਂ, ਮੱਕੀ, ਕੇਸਰ, ਚਾਰਾ, ਸਬਜ਼ੀਆਂ, ਕਣਕ ਆਦਿ ਸ਼ਾਮਲ ਹੈ। ਇੱਥੋਂ ਦੀ ਲੱਕੜ, ਜੋ ਕ੍ਰਿਕਟ ਦੇ ਬੈਟ ਵਗੈਰਾ ਬਣਾਉਣ ਦੇ ਕੰਮ ਆਉਂਦੀ ਹੈ, ਠੰਢੇ ਪਾਣੀ ਤੋਂ ਪੈਦਾ ਕੀਤੀ ਮੱਛੀ, ਫਲਾਂ ਵਿਚ ਸੇਬ, ਚੈਰੀ, ਨਾਸ਼ਪਾਤੀਆਂ, ਬੇਰ, ਬਦਾਮ, ਅਖਰੋਟ ਆਦਿ ਸ਼ਾਮਲ ਹਨ; ਬਾਹਰ ਭੇਜੇ ਜਾਂਦੇ ਸਮਾਨ ਵਿਚ ਸ਼ਾਲ, ਗਲੀਚੇ ਅਤੇ ਦਸਤਕਾਰੀ ਦਾ ਹੋਰ ਸਮਾਨ ਚੰਗੀ ਕਮਾਈ ਦੇ ਵਸੀਲੇ ਹਨ। ਪ੍ਰਾਂਤ ਦੇ ਆਰਥਿਕ ਵਿਕਾਸ ਵਿਚ ਬਾਗਬਾਨੀ ਦਾ ਵੱਡਾ ਹੱਥ ਹੈ ਜੋ ਅੰਕੜਿਆਂ ਅਨੁਸਾਰ ਤਕਰੀਬਨ ਸਾਲਾਨਾ 47 ਮਿਲੀਅਨ ਅਮਰੀਕਨ ਡਾਲਰ ਬਣਦਾ ਹੈ। ਇਸ ਤੋਂ ਇਲਾਵਾ ਵਿਦੇਸ਼ੀ ਮੁਦਰਾ ਦੀ ਕਮਾਈ ਤਕਰੀਬਨ 12 ਮਿਲੀਅਨ ਅਮਰੀਕਨ ਡਾਲਰ ਦੇ ਬਰਾਬਰ ਹੈ। ਡੋਡਾ ਜ਼ਿਲ੍ਹਾ ਕੇਸਰ ਲਈ ਮਸ਼ਹੂਰ ਹੈ। ਜੰਮੂ ਖਿੱਤਾ ਸਮਾਨ ਤਿਆਰ ਕਰਨ ਅਤੇ ਹੋਰ ਸੇਵਾਵਾਂ ਵਿਚ ਅੱਗੇ ਵਧ ਰਿਹਾ ਹੈ। ਹਾਲ ਹੀ ਦੇ ਸਮਿਆਂ ਵਿਚ ਉਪਭੋਗਤਾ ਵਸਤੂਆਂ ਦੀਆਂ ਕਈ ਕੰਪਨੀਆਂ ਨੇ ਉਤਪਾਦਨ ਇਕਾਈਆਂ ਖੋਲ੍ਹੀਆਂ ਹਨ। ਭਾਰਤੀ ਸਰਕਾਰ ਇਸ ਦਾ ਆਰਥਿਕ ਤੌਰ 'ਤੇ ਬਾਕੀ ਮੁਲਕ ਨਾਲ ਏਕੀਕਰਣ ਕਰਦੀ ਰਹੀ ਹੈ ਅਤੇ ਗਰਾਂਟਾਂ ਦੇ ਖੁੱਲ੍ਹੇ ਗੱਫੇ ਦਿੱਤੇ ਜਾਂਦੇ ਹਨ ਜੋ ਤਕਰੀਬਨ ਹਰ ਸਾਲ 812 ਮਿਲੀਅਨ ਅਮਰੀਕਨ ਡਾਲਰ ਬਣਦੇ ਹਨ। ਦੇਸ਼ ਦੇ ਬਾਕੀ ਹਿੱਸਿਆ ਨਾਲੋਂ ਸਭ ਤੋਂ ਘੱਟ ਗਰੀਬੀ ਹੈ ਜੋ ਤਕਰੀਬਨ 4% ਬਣਦੀ ਹੈ। ਭਾਰਤੀ ਰੇਲਵੇ ਵਿਭਾਗ ਰੇਲਾਂ ਦਾ ਪੂਰੇ ਖਿੱਤੇ ਵਿਚ ਜਾਲ ਵਿਛਾ ਰਿਹਾ ਹੈ ਜਿਵੇਂ ਜੰਮੂ-ਬਾਰਾਮੂਲਾ, ਬਾਰਾਮੂਲਾ-ਬਨਿਹਾਲ, ਪੀਰ ਪੰਜਾਲ ਰੇਲਵੇ ਸੁਰੰਗ ਰਾਹੀਂ ਕਾਜ਼ੀ ਕੁੰਡ-ਬਨਿਹਾਲ, ਉਧਮਪੁਰ-ਕੱਟੜਾ, ਕੱਟੜਾ-ਬਨਿਹਾਲ, ਬਿਲਾਸ ਪੁਰ-ਮੰਡੀ-ਲੇਹ ਰੇਲਵੇ, ਸ੍ਰੀ ਨਗਰ-ਕਾਰਗਿਲ-ਲੇਹ ਰੇਲਵੇ, ਜੰਮੂ-ਪੁਣਛ ਰੇਲਵੇ। ਇਨ੍ਹਾਂ ਉਤੇ ਤਕਰੀਬਨ ਢਾਈ ਮਿਲੀਅਨ ਅਮਰੀਕਨ ਡਾਲਰ ਖਰਚੇ ਗਏ ਹਨ। ਕਸ਼ਮੀਰ ਵਿਚ ਪ੍ਰਸਿੱਧ ਹਿੰਦੂ ਤੀਰਥ ਸਥਾਨ ਅਤੇ ਹੋਰ ਸੈਰ-ਸਪਾਟੇ ਦੀਆਂ ਥਾਂਵਾਂ ਵੀ ਹਨ ਜਿਸ ਕਰਕੇ ਸੈਲਾਨੀਆਂ ਤੋਂ ਬਹੁਤ ਆਮਦਨ ਹੁੰਦੀ ਰਹੀ ਹੈ।

ਸੰਨ 1989 ਦੀਆਂ ਆਮ ਚੋਣਾਂ ਤੋਂ ਬਾਅਦ ਅਤਿਵਾਦੀ-ਵੱਖਵਾਦੀ ਗਤੀਵਿਧੀਆਂ ਤੇ ਪਾਕਿਸਤਾਨੀ ਘੁਸਪੈਠ ਕਾਰਨ ਜੰਮੂ-ਕਸ਼ਮੀਰ ਦੇ ਹਾਲਾਤ ਬਹੁਤ ਖਰਾਬ ਹੋਏ ਹਨ। ਘੱਟ-ਗਿਣਤੀ ਪੰਡਿਤਾਂ ਨੂੰ ਪਲਾਇਨ ਕਰਕੇ ਭਾਰਤ ਦੇ ਹੋਰ ਸੂਬਿਆਂ ਵਿਚ ਜਾਣਾ ਪਿਆ ਹੈ। ਸਟੇਟ ਦੀ ਆਰਥਿਕਤਾ ਨੂੰ ਬਹੁਤ ਧੱਕਾ ਲੱਗਿਆ ਹੈ, ਖਾਸ ਕਰ ਸੈਰ-ਸਪਾਟਾ ਸਨਅਤ ਨੂੰ। ਸੈਲਾਨੀਆਂ ਦੀ ਆਵਾਜਾਈ ਬੰਦ ਹੋ ਜਾਣ ਨਾਲ ਬਹੁਤ ਨੁਕਸਾਨ ਹੋਇਆ ਹੈ, ਸਥਾਨਕ ਲੋਕਾਂ ਦੀ ਆਮਦਨੀ ਘਟੀ ਹੈ। ਹੜਤਾਲਾਂ, ਅਤਿਵਾਦੀ ਹਮਲਿਆਂ, ਸੁਰੱਖਿਆ ਦਸਤਿਆਂ ਵੱਲੋਂ ਇਨ੍ਹਾਂ ਨੂੰ ਰੋਕਣ ਲਈ ਕੀਤੀਆਂ ਜਾਂਦੀਆਂ ਕਾਰਵਾਈਆਂ ਆਦਿ ਨਾਲ ਆਮ ਜਨ-ਜੀਵਨ ਦੁਸ਼ਵਾਰ ਹੋ ਗਿਆ ਹੈ। ਇਸ ਦਾ ਵਿਸਥਾਰ ਰੋਜ਼ ਅਖਬਾਰਾਂ ਵਿਚ ਪੜ੍ਹੀਦਾ ਹੈ।

ਕਸ਼ਮੀਰ ਮਸਲੇ ਦੇ ਹੱਲ ਸਬੰਧੀ ਕਾਫੀ ਡਿਬੇਟ ਚੱਲ ਰਹੀ ਹੈ। ਮਿਸਾਲ ਵਜੋਂ ਬੈਰਿਸਟਰ ਹਾਮਿਦ ਬਾਸ਼ਾਨੀ ਅਤੇ ਤਾਰਿਕ ਫਤਿਹ ਵੱਲੋਂ ਕੀਤੀ ਜਾਂਦੀ ਗੱਲਬਾਤ ਕਈ ਵਾਰ ਸੁਣੀ ਹੈ। ਆਮ ਰਾਇ ਇਹ ਹੈ ਕਿ ਕਸ਼ਮੀਰ ਮਸਲੇ ਦਾ ਹੱਲ ਹੀ ਭਾਰਤ ਨਾਲ ਪਾਕਿਸਤਾਨ ਦੇ ਸਬੰਧ ਸੁਖਾਵੇਂ ਬਣਾ ਸਕਦਾ ਹੈ। ਯੂ. ਐਨ. ਓ. ਜਾਂ ਹੋਰ ਕਿਸੇ ਵੀ ਬਾਹਰਲੀ ਧਿਰ ਦਾ ਦਖਲ ਦੇਣਾ ਮਸਲੇ ਦਾ ਹੱਲ ਨਹੀਂ ਹੈ। ਯੂ. ਐਨ. ਓ. ਵਾਲਾ ਫਾਰਮੂਲਾ ਉਦੋਂ ਹੀ ਸਾਰਥਿਕ ਸੀ ਜਦੋਂ ਪਾਕਿਸਤਾਨ ਨੇ ਕਬਜ਼ਾ ਕੀਤਾ ਸੀ ਪਰ ਹੁਣ ਇਸ ਦੀ ਕੋਈ ਸਾਰਥਿਕਤਾ ਨਹੀਂ ਹੈ।

ਜਦੋਂ ਹੋਰ ਰਿਆਸਤਾਂ ਦੀ ਤਰ੍ਹਾਂ ਕਸ਼ਮੀਰ ਭਾਰਤ ਵਿਚ ਮਿਲਿਆ ਸੀ ਤਾਂ ਇਸ ਦਾ ਸਦਰ ਸ਼ੇਖ ਅਬਦੁੱਲਾ ਨੂੰ ਹੀ ਰੱਖਿਆ ਜਾਣਾ ਚਾਹੀਦਾ ਸੀ ਅਤੇ ਰਾਜੇ ਦਾ ਸਟੇਟਸ ਵੀ ਉਵੇਂ ਰਹਿੰਦਾ ਤਾਂ ਸ਼ਾਇਦ ਇਹ ਹਾਲਤ ਨਾ ਹੁੰਦੀ। ਇੱਕ ਰਾਇ ਇਹ ਵੀ ਹੈ ਕਿ ਪਾਕਿਸਤਾਨ ਅਤੇ ਚੀਨ ਦੇ ਕਬਜ਼ੇ ਹੇਠਲੇ ਕਸ਼ਮੀਰ ਖੇਤਰ ਵਿਚੋਂ ਹੱਦਾਂ ਹਟ ਜਾਣੀਆਂ ਚਾਹੀਦੀਆਂ ਹਨ ਤੇ ਕਸ਼ਮੀਰ ਇੱਕ ਹੋਣਾ ਚਾਹੀਦਾ ਹੈ। ਅੰਦਰੂਨੀ ਪ੍ਰਬੰਧ ਸਥਾਨਕ ਲੋਕਾਂ ਦੇ ਹਵਾਲੇ ਹੋਵੇ ਕਿਉਂਕਿ ਮਹਾਰਾਜਾ ਹਰੀ ਸਿੰਘ ਨੇ ਕਸ਼ਮੀਰ ਭਾਰਤ ਨਾਲ ਮਿਲਾ ਦਿੱਤਾ ਸੀ ਅਤੇ ਇਹ ਭਾਰਤ ਦਾ ਅਟੁੱਟ ਅੰਗ ਹੈ। ਇਸ ਲਈ ਉਸ ਸੰਧੀ ਅਨੁਸਾਰ ਬਾਕੀ ਸਾਰੇ ਮਾਮਲੇ ਭਾਰਤ ਸਰਕਾਰ ਦੇ ਹੱਥ ਵਿਚ ਹੋਣੇ ਚਾਹੀਦੇ ਹਨ। ਇੱਕ ਰਾਇ ਅਨੁਸਾਰ ਇਸਲਾਮਕ ਸਟੇਟ ਇੱਕੀਵੀਂ ਸਦੀ ਦੇ ਹਾਣ ਦਾ ਫਾਰਮੂਲਾ ਨਹੀਂ ਹੈ। ਅਰਬੀ ਦੇਸ਼ਾਂ ਦੀ ਬੋਲੀ ਇੱਕ ਹੈ, ਧਰਮ ਇੱਕ ਹੈ, ਸਭਿਆਚਾਰ ਇੱਕ ਹੈ, ਲੜਨ ਦਾ ਢੰਗ ਇੱਕ ਹੈ, ਫਿਰ ਵੀ ਉਹ ਕੋਈ ਇੱਕ ਮੁਲਕ ਨਹੀਂ ਹੈ, ਅਰਬ ਖੇਤਰ ਦੇ 22 ਮੁਲਕ ਹਨ। ਪੰਡਿਤਾਂ ਦਾ ਹੱਕ ਵੀ ਕਸ਼ਮੀਰ 'ਤੇ ਓਨਾ ਹੀ ਹੈ ਜਿੰਨਾ ਮੁਸਲਮਾਨਾਂ ਦਾ।

ਜੇ ਇਸਲਾਮਕ ਸਟੇਟ ਬਣਦਾ ਹੈ ਤਾਂ ਘੱਟ ਗਿਣਤੀ ਫਿਰਕਿਆਂ ਲਈ ਕੀ ਗਾਰੰਟੀ ਹੈ? ਭਾਰਤੀ ਸੰਵਿਧਾਨ ਦੁਨੀਆਂ ਦਾ ਸਭ ਤੋਂ ਸੈਕੂਲਰ ਸੰਵਿਧਾਨ ਹੈ ਬਸ਼ਰਤੇ ਇਸ ਨੂੰ ਈਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਤਾਂ। ਸਥਾਨਕ ਲੋਕਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਕੀ ਉਹ ਇਸ ਤੋਂ ਜ਼ਿਆਦਾ ਵਧੀਆ ਸੈਕੂਲਰ ਸੰਵਿਧਾਨ ਦੇ ਸਕਦੇ ਹਨ? ਉਦਾਹਰਣ ਲਈ ਪਾਕਿਸਤਾਨ ਇਸਲਾਮ ਦੇ ਆਧਾਰ 'ਤੇ ਬਣਾਇਆ ਗਿਆ ਸੀ; ਕੀ ਉਨ੍ਹਾਂ ਨੇ ਭਾਰਤ ਤੋਂ ਅਲੱਗ ਹੋ ਕੇ ਕੋਈ ਜ਼ਿਆਦਾ ਵਧੀਆ ਪ੍ਰਬੰਧ ਲੋਕਾਂ ਨੂੰ ਦਿੱਤਾ ਜਾਂ ਕੋਈ ਬਹੁਤਾ ਵਧੀਆ ਵੱਖਰਾ ਸਿਸਟਮ ਦਿੱਤਾ? ਜੇ ਅਜਿਹੀ ਗੱਲ ਸੀ ਤਾਂ ਬੰਗਲਾ ਦੇਸ਼ ਕਿਉਂ ਅਲੱਗ ਹੋਇਆ? ਚੀਨ ਨਾਲ ਲੱਗਦੇ ਇਲਾਕੇ ਵਿਚ ਪਾਕਿਸਤਾਨ ਨੇ ਪੰਜਾਹ ਹਜ਼ਾਰ ਚੀਨੀ ਕਿਉਂ ਵਸਾਏ ਹਨ? ਇਸਲਾਮ ਤਾਂ ਇੱਕ ਹੈ ਫਿਰ ਸ਼ੀਆ-ਸੁੰਨੀ ਜਾਂ ਅਹਿਮਦੀਆ ਝਗੜੇ ਕਿਉਂ? ਅਸੀਂ ਸਿੱਖ ਜਾਣਦੇ ਹਾਂ ਕਿ ਪੰਜਵੇਂ ਪਾਤਿਸ਼ਾਹ ਹਜ਼ੂਰ ਨੇ ਜਦੋਂ ਹਰਿਮੰਦਰ ਸਾਹਿਬ ਬਣਾਇਆ ਸੀ ਤਾਂ ਮਾਨਵਤਾ ਦੀ ਏਕਤਾ ਦੇ ਪ੍ਰਤੀਕ ਵਜੋਂ ਇਸ ਦੀ ਨੀਂਹ ਸੂਫੀ ਫਕੀਰ ਮੀਆਂ ਮੀਰ ਕੋਲੋਂ ਰਖਵਾਈ ਅਤੇ ਇਸ ਦੇ ਦਰਵਾਜ਼ੇ ਸਾਰੀ ਮਾਨਵਤਾ ਲਈ ਖੁਲ੍ਹੇ ਰੱਖੇ। ਅੱਜ ਕੀ ਹੋ ਰਿਹਾ ਹੈ? ਅੱਜ ਸ਼੍ਰੋਮਣੀ ਕਮੇਟੀ 'ਤੇ ਇੱਕ ਧੜੇ ਦਾ ਕਬਜ਼ਾ ਹੈ ਅਤੇ ਉਹ ਜਿਸ ਨੂੰ ਚਾਹੇ ਅੰਦਰ ਆਉਣ ਦੇਵੇ ਜਾਂ ਨਾ ਆਉਣ ਦੇਵੇ। ਜੋ ਕੁਝ ਅੱਜ ਕੱਲ ਉਥੇ ਵਾਪਰ ਰਿਹਾ ਹੈ, ਉਸ ਨਾਲ ਸਿੱਖਾਂ ਦਾ ਸਿਰ ਸੰਸਾਰ ਸਾਹਮਣੇ ਨੀਵਾਂ ਹੀ ਹੁੰਦਾ ਹੈ, ਕੋਈ ਫਖਰ ਕਰਨ ਵਾਲੀ ਗੱਲ ਨਹੀਂ ਹੈ।

# ਅਰਦਾਸ ਦੀ ਮਹਾਨਤਾ ਅਤੇ ਦਰਸ਼ਨ ਸਿੰਘ ਫੇਰੂਮਾਨ

**48ਵੀਂ ਬਰਸੀ 'ਤੇ ਵਿਸ਼ੇਸ਼**

ਆਜ਼ਾਦੀ ਤੋਂ ਪਹਿਲਾਂ ਸਾਡੇ ਮੁਲਕ ਦੇ ਮਹਾਨ ਲੀਡਰਾਂ ਨੇ ਰਾਵੀ ਦੇ ਕੰਢੇ ਲਾਹੌਰ ਵਿਖੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਅਤੇ ਮੁਲਕ ਵਾਸੀਆਂ ਨਾਲ ਵਾਅਦਾ ਕੀਤਾ ਕਿ ਆਜ਼ਾਦੀ ਮਿਲਣ ਪਿਛੋਂ ਸਾਰੇ ਸੂਬਿਆਂ ਦਾ ਭਾਸ਼ਾ ਦੇ ਆਧਾਰ 'ਤੇ ਪੁਨਰਗਠਨ ਕੀਤਾ ਜਾਵੇਗਾ। ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਨਾਲ ਤਾਂ ਇਹ ਵਾਅਦਾ ਵੀ ਕੀਤਾ ਗਿਆ ਸੀ ਕਿ ਉਤਰੀ ਭਾਰਤ ਵਿਚ ਸਿੱਖਾਂ ਨੂੰ ਅਜਿਹਾ ਖਿੱਤਾ ਦਿੱਤਾ ਜਾਵੇਗਾ ਜਿਥੇ ਉਹ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ।

ਆਜ਼ਾਦੀ ਵਾਸਤੇ ਪੰਜਾਬੀਆਂ (ਖਾਸ ਕਰ ਸਿੱਖਾਂ ਨੇ) 90% ਕੁਰਬਾਨੀਆਂ ਦਿੱਤੀਆਂ। 15 ਅਗਸਤ 1947 ਨੂੰ ਮੁਲਕ ਆਜ਼ਾਦ ਹੋ ਗਿਆ, ਪਰ ਪੰਜਾਬ ਵੰਡਿਆ ਗਿਆ।



ਜਸਵੰਤ ਸਿੰਘ ਸੰਧੂ (ਘਰਿੰਡਾ)
ਫੋਨ: 510-516-5971

ਪੱਛਮੀ ਪੰਜਾਬ (ਪਾਕਿਸਤਾਨ) ਤੋਂ ਉਜੜ ਕੇ ਸਿੱਖਾਂ-ਹਿੰਦੂਆਂ ਨੂੰ ਪੂਰਬੀ ਪੰਜਾਬ (ਭਾਰਤ) ਆਉਣਾ ਪਿਆ। ਅਕਤੂਬਰ 1947 ਵਿਚ ਭਾਰਤ ਸਰਕਾਰ ਨੇ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਰਾਹੀਂ ਆਰਡੀਨੈਂਸ ਜਾਰੀ ਕੀਤਾ, ਜਿਸ ਵਿਚ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਕਰਾਰ ਦਿੱਤਾ ਗਿਆ ਅਤੇ ਉਨ੍ਹਾਂ 'ਤੇ ਖਾਸ ਨਜ਼ਰ ਰੱਖਣ ਲਈ ਕਿਹਾ ਗਿਆ। ਪੂਰਬੀ ਪੰਜਾਬ ਵਿਚ ਇਸ ਆਰਡੀਨੈਂਸ ਦਾ ਵਿਰੋਧ ਕਾਂਗੜੇ ਦੇ ਤਤਕਾਲੀਨ ਡਿਪਟੀ ਕਮਿਸ਼ਨਰ ਤੇ ਸਿੱਖ ਵਿਦਵਾਨ ਸ. ਕਪੂਰ ਸਿੰਘ ਆਈ.ਸੀ.ਐਸ. ਨੇ ਕੀਤਾ।

ਸਿਵਾਏ ਮਦਰਾਸ (ਅੱਜ ਕੱਲ੍ਹ ਤਾਮਿਲਨਾਡੂ) ਅਤੇ ਪੰਜਾਬ ਦੇ, ਭਾਰਤ ਵਿਚ ਸਾਰੇ ਸੂਬਿਆਂ ਦਾ ਭਾਸ਼ਾ ਦੇ ਆਧਾਰ 'ਤੇ ਪੁਨਰਗਠਨ ਕਰ ਦਿੱਤਾ ਗਿਆ। ਮਦਰਾਸ ਨੂੰ ਭਾਸ਼ਾ ਦੇ ਆਧਾਰ 'ਤੇ ਸੂਬਾ ਉਸ ਵਕਤ ਬਣਾ ਦਿੱਤਾ ਗਿਆ ਜਦ ਰਮੋਲੋਂ ਨਾਂ ਦੇ ਮਦਰਾਸੀ ਨੇ ਭਾਸ਼ਾਈ ਸੂਬਾ ਬਣਾਉਣ ਲਈ ਆਤਮਦਾਹ ਕਰ ਲਿਆ, ਪਰ ਪੰਜਾਬੀ ਸੂਬਾ ਨਾ ਬਣਾਇਆ। ਜਦ ਪੰਜਾਬ ਦੇ ਅਕਾਲੀ ਲੀਡਰਾਂ ਨੇ ਮੁਲਕ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਆਜ਼ਾਦੀ ਤੋਂ ਪਹਿਲਾਂ ਦਾ ਕੀਤਾ ਵਾਅਦਾ ਯਾਦ ਕਰਵਾਇਆ ਤਾਂ ਉਨ੍ਹਾਂ ਇਕ ਵਾਕ ਨਾਲ ਹੀ ਗੱਲ ਮੁਕਾ ਦਿੱਤੀ, "ਹੁਣ ਹਾਲਾਤ ਬਦਲ ਗਏ ਹਨ।"

ਅਖੀਰ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਨਾਲ ਇਸ ਵਿਤਕਰੇ ਖਿਲਾਫ ਪੰਜਾਬੀ ਸੂਬਾ ਬਣਾਉਣ ਲਈ ਮੋਰਚਾ ਲਾ ਦਿੱਤਾ। ਸਰਕਾਰ ਨੇ ਪੰਜਾਬੀ ਸੂਬੇ ਦੇ ਨਾਅਰੇ 'ਤੇ ਪਾਬੰਦੀ ਲਾ ਦਿੱਤੀ। ਪੰਜਾਬੀਆਂ ਨੇ ਗ੍ਰਿਫਤਾਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਭਰ ਗਈਆਂ, ਪਰ ਲੋਕ ਅਜੇ ਵੀ ਗ੍ਰਿਫਤਾਰੀਆਂ ਦੇ ਰਹੇ ਸਨ। ਉਸ ਵਕਤ 57,129 ਲੋਕ ਜੇਲ੍ਹਾਂ ਵਿਚ ਗਏ।

ਇਸੇ ਦੌਰਾਨ ਪਾਕਿਸਤਾਨ ਨਾਲ 1965 ਦੀ ਲੜਾਈ ਸ਼ੁਰੂ ਹੋ ਗਈ। ਪੰਜਾਬੀਆਂ ਨੇ ਮੁਲਕ ਦੇ ਸੰਕਟ ਨੂੰ ਮੁਖ ਰੱਖ ਕੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੀ ਅਪੀਲ 'ਤੇ ਮੋਰਚਾ ਕੁਝ ਚਿਰ ਲਈ ਮੁਲਤਵੀ ਕਰ ਦਿੱਤਾ। ਜੰਗ ਵਿਚ ਸਿੱਖਾਂ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਸ. ਹੁਕਮ ਸਿੰਘ ਦੀ ਅਗਵਾਈ ਵਿਚ ਕਮੇਟੀ ਬਣਾ ਦਿੱਤੀ ਗਈ, ਜਿਸ ਪੰਜਾਬੀ ਸੂਬੇ ਬਾਰੇ ਵਿਚਾਰ ਕਰ ਕੇ ਪੰਜਾਬੀ ਸੂਬਾ ਬਣਾਉਣ ਦੀ ਸਿਫਾਰਸ਼ ਕਰ ਦਿੱਤੀ। ਪੰਜਾਬ ਪੁਨਰਗਠਨ ਦਾ ਆਧਾਰ 1961 ਦੀ ਮਰਦਮਸ਼ੁਮਾਰੀ ਨੂੰ ਰੱਖਿਆ ਗਿਆ, ਜਿਸ ਵਿਚ 'ਹਿੰਦ ਸਮਾਚਾਰ' ਸਮੂਹ ਦੇ ਅਖਬਾਰਾਂ ਰਾਹੀਂ ਪ੍ਰਚਾਰ ਕਰ ਕੇ ਪੰਜਾਬੀਆਂ ਦੇ ਇਕ ਹਿੱਸੇ ਨੂੰ ਆਪਣੀ ਮਾਂ-ਬੋਲੀ ਹਿੰਦੀ ਲਿਖਵਾਉਣ ਨੂੰ ਕਿਹਾ ਗਿਆ ਸੀ। ਪੰਜਾਬੀ ਸੂਬਾ ਬਣਾ ਤਾਂ ਦਿੱਤਾ ਗਿਆ, ਪਰ ਕਈ ਪੰਜਾਬੀ ਬੋਲਦੇ ਇਲਾਕੇ ਹਿਮਾਚਲ ਤੇ ਹਰਿਆਣਾ ਵਿਚ ਚਲੇ ਗਏ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੇ ਹੈਡ ਵਰਕਸ ਆਦਿ ਕੇਂਦਰ ਨੇ ਪੰਜਾਬ ਤੋਂ ਖੋਹ ਲਏ।


ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਨੇ ਵਾਰੀ ਵਾਰੀ ਮਰਨ ਵਰਤ ਰੱਖੇ। ਸ੍ਰੀ ਅਕਾਲ ਤਖਤ ਸਾਹਿਬ 'ਤੇ ਆਤਮਦਾਹ ਕਰਨ ਲਈ ਅਗਨਕੁੰਡ ਬਣਾਏ ਗਏ, ਪਰ ਜਦ ਮੌਤ ਨੇ ਥੋੜ੍ਹਾ ਜਿਹਾ ਘੁੰਡ ਚੁਕਿਆ ਤਾਂ ਬਿਨਾ ਕੁਝ ਪ੍ਰਾਪਤ ਕੀਤਿਆਂ ਅਰਦਾਸਾਂ ਭੰਗ ਕਰ ਦਿਤੀਆਂ।

ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਰਾਜਧਾਨੀ ਪ੍ਰਾਪਤ ਕਰਨ ਅਤੇ ਅਨੰਦਪੁਰ ਦੇ ਮਤੇ (ਜੋ ਸ. ਕਪੂਰ ਸਿੰਘ ਨੇ ਡਰਾਫਟ ਕੀਤਾ ਸੀ ਅਤੇ ਰਾਜ ਨੂੰ ਖੁਦਮੁਖਤਾਰੀ ਦਿੰਦਾ ਸੀ) ਲਈ ਮੋਰਚਾ ਚਲ ਰਿਹਾ ਸੀ। ਗੁਰਦੁਆਰਾ ਮੰਜੀ ਸਾਹਿਬ ਦੇ ਦੀਵਾਨ ਹਾਲ ਵਿਚ ਦੀਵਾਨ ਸਜਿਆ ਹੋਇਆ ਸੀ। ਸਟੇਜ 'ਤੇ ਅਕਾਲੀ ਲੀਡਰਾਂ ਵਿਚ ਪ੍ਰਸਿਧ ਢਾਡੀ ਤੇ ਵਿਦਵਾਨ ਗਿਆਨੀ ਸੋਹਣ ਸਿੰਘ ਸੀਤਲ ਵੀ ਢਾਡੀ ਜਥੇ ਸਮੇਤ ਬੈਠੇ ਸਨ। ਸ. ਹਰਚਰਨ ਸਿੰਘ ਹੁਡਿਆਰਾ ਸਟੇਜ ਸੈਕਟਰੀ ਸਨ। ਗਿਆਨੀ ਸੀਤਲ ਦੇ ਜਥੇ ਨੂੰ ਟਾਈਮ ਦਿੰਦਿਆਂ ਉਨ੍ਹਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਗਿਆ, "ਸੀਤਲ ਜੀ! ਤੁਸੀਂ ਵੀ ਇਸ ਮੋਰਚੇ ਵਿਚ ਕੋਈ ਕੁਰਬਾਨੀ ਕਰੋ।" ਗਿਆਨੀ ਸੀਤਲ ਨੇ ਕਿਹਾ ਸੀ, "ਹੁਡਿਆਰਾ ਜੀ! ਕੁਰਬਾਨੀਆਂ ਕਰਨਾ ਤੁਹਾਡਾ ਸਿਆਸੀ ਲੀਡਰਾਂ ਦਾ ਕੰਮ ਹੈ। ਮੇਰਾ ਕੰਮ ਤਾਂ ਕੁਰਬਾਨੀਆਂ ਕਰਨ ਵਾਲਿਆਂ ਦੀਆਂ ਵਾਰਾਂ ਗਾਉਣ ਦਾ ਹੈ। ਤੁਸੀਂ ਮਰਨ ਵਰਤ ਰੱਖ ਕੇ ਮਰੋ ਵੀ। ਮੈਂ ਤੁਹਾਡੇ ਮਰਨ ਪਿਛੋਂ ਤੁਹਾਡੀ ਕੁਰਬਾਨੀਆਂ ਦੀਆਂ ਵਾਰਾਂ ਗਾਇਆ ਕਰਾਂਗਾ।"

ਅਕਾਲੀ ਲੀਡਰਾਂ ਦੇ ਮਰਨ ਵਰਤ ਰੱਖ ਕੇ ਤੋੜਨ ਨਾਲ ਸਿੱਖ ਪੰਥ ਦੀ ਬਹੁਤ ਬਦਨਾਮੀ ਹੋਈ। ਇਸ ਬਦਨਾਮੀ ਦੇ ਦਾਗ ਨੂੰ ਧੋਣ ਲਈ ਸ. ਦਰਸ਼ਨ ਸਿੰਘ ਫੇਰੂਮਾਨ ਮੈਦਾਨ ਵਿਚ ਨਿੱਤਰੇ।

ਸ. ਦਰਸ਼ਨ ਸਿੰਘ ਫੇਰੂਮਾਨ ਦਾ ਜਨਮ ਪਹਿਲੀ ਅਗਸਤ 1885 ਨੂੰ ਸ. ਚੰਦਾ ਸਿੰਘ ਤੇ ਮਾਤਾ ਰਾਜ ਕੌਰ ਦੇ ਘਰ ਪਿੰਡ ਫੇਰੂਮਾਨ ਵਿਚ ਹੋਇਆ। ਦਸਵੀਂ ਕਰਨ ਪਿਛੋਂ ਉਹ 1912 ਵਿਚ ਫੌਜ ਵਿਚ ਸਿਪਾਹੀ ਭਰਤੀ ਹੋ ਗਏ। ਫੌਜ ਵਿਚ ਦੋ ਸਾਲ ਨੌਕਰੀ ਕਰਨ ਪਿਛੋਂ ਹਿਸਾਰ ਵਿਚ ਰਹਿ ਕੇ ਠੇਕੇਦਾਰੀ ਕੀਤੀ। ਉਸ ਵਕਤ ਦੁਰਾਚਾਰੀ ਮਹੰਤਾਂ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਅਕਾਲੀ ਲਹਿਰ ਚੱਲ ਰਹੀ ਸੀ। ਸ. ਫੇਰੂਮਾਨ ਨੇ ਵੀ ਅਕਾਲੀ ਲਹਿਰ ਵਿਚ ਕੁੱਦਣ ਦਾ ਫੈਸਲਾ ਕਰ ਲਿਆ। ਚਾਬੀਆਂ ਦੇ ਮੋਰਚੇ ਵਿਚ 1921 ਵਿਚ ਗ੍ਰਿਫਤਾਰ ਹੋਏ। ਮੁਕੱਦਮਾ ਚਲਿਆ ਜਿਸ ਵਿਚ ਉਨ੍ਹਾਂ ਨੂੰ ਇਕ ਸਾਲ ਦੀ ਕੈਦ ਹੋਈ। 1924 ਵਿਚ ਗੰਗਸਰ ਜੈਤੋ ਦਾ ਮੋਰਚਾ ਲੱਗ ਗਿਆ। ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ-ਪੰਜ ਸੌ ਦੇ ਜਥੇ ਜਾਣੇ ਸ਼ੁਰੂ ਹੋ ਗਏ। ਆਪ ਨੂੰ ਚੌਦਵੇਂ ਜਥੇ ਦਾ ਜਥੇਦਾਰ ਥਾਪਿਆ ਗਿਆ। ਜਥੇ ਦੀ ਗ੍ਰਿਫਤਾਰੀ ਪਿਛੋਂ 10 ਮਹੀਨੇ ਦੀ ਕੈਦ ਹੋਈ।

1926 ਵਿਚ ਸ. ਦਰਸ਼ਨ ਸਿੰਘ ਫੇਰੂਮਾਨ ਮਲਾਇਆ ਚਲੇ ਗਏ। ਉਥੇ ਵੀ ਸੰਘਰਸ਼ ਢਿੱਲਾ ਨਹੀਂ ਪੈਣ ਦਿੱਤਾ। ਜੇਲ੍ਹ ਜਾਣਾ ਪਿਆ। ਜੇਲ੍ਹ ਵਿਚ ਕਛਹਿਰਾ ਪਹਿਨਣ ਦੀ ਮਨਾਹੀ ਸੀ। 21 ਦਿਨ ਭੁਖ ਹੜਤਾਲ ਕਰ ਕੇ ਜੇਲ੍ਹ ਵਿਚ ਕਛਹਿਰਾ ਪਹਿਨਣ ਦੀ ਮੰਗ ਮੰਨਵਾਈ। ਵਤਨ ਪਰਤਣ 'ਤੇ ਆਜ਼ਾਦੀ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਕਾਂਗਰਸ ਦੀ ਚਲਾਈ ਸਿਵਲ ਨਾ-ਫੁਰਮਾਨੀ ਲਹਿਰ ਅਤੇ ਭਾਰਤ ਛੱਡੋ ਅੰਦੋਲਨ ਵਿਚ ਭਰਪੂਰ ਹਿੱਸਾ ਪਾਇਆ।



ਦਰਸ਼ਨ ਸਿੰਘ ਫੇਰੂਮਾਨ

ਸ. ਦਰਸ਼ਨ ਸਿੰਘ ਫੇਰੂਮਾਨ ਕਾਂਗਰਸ ਵੱਲੋਂ ਰਾਜ ਸਭਾ ਦੇ ਮੈਂਬਰ ਬਣੇ, ਪਰ ਕਾਂਗਰਸ ਨਾਲ ਮਤਭੇਦ ਪੈਦਾ ਹੋ ਜਾਣ ਕਾਰਨ ਕਾਂਗਰਸ ਛੱਡ ਕੇ ਸੁਤੰਤਰ ਪਾਰਟੀ ਵਿਚ ਸ਼ਾਮਲ ਹੋ ਗਏ। ਤਰਨ ਤਾਰਨ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਦੀ ਚੋਣ ਲੜੀ, ਪਰ ਹਾਰ ਗਏ। ਰਾਜਧਾਨੀ ਚੰਡੀਗੜ੍ਹ ਦੀ ਪ੍ਰਾਪਤੀ ਲਈ ਉਨ੍ਹਾਂ 15 ਅਗਸਤ 1969 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਅਰਦਾਸ ਕਰ ਕੇ ਮਰਨ ਵਰਤ ਸ਼ੁਰੂ ਕਰ ਦਿੱਤਾ। ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਇਸ ਮਰਨ ਵਰਤ ਨੂੰ ਸਟੰਟ ਕਰਾਰ ਦਿੱਤਾ।

ਸ. ਫੇਰੂਮਾਨ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਜ਼ਬਰਦਸਤੀ ਖੁਰਾਕ ਦੇਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਇਸ ਦਾ ਵਿਰੋਧ ਕੀਤਾ ਤੇ ਮਰਨ ਵਰਤ ਜਾਰੀ ਰੱਖਿਆ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਨੂੰ ਉਨ੍ਹਾਂ ਪਾਸ ਭੇਜਿਆ ਕਿ ਮਰਨ ਵਰਤ ਛੱਡਣ ਲਈ ਪ੍ਰੇਰਨ। ਸ. ਫੇਰੂਮਾਨ ਨੇ ਗਿਆਨੀ ਮੁਸਾਫਿਰ ਨੂੰ ਕਿਹਾ, "ਮੁਸਾਫਿਰ ਜੀ! ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਹੇ ਹੋ। ਜਿਸ ਮਕਸਦ ਲਈ ਸਿੱਖਾਂ ਦੇ ਇਸ ਤਖਤ ਅੱਗੇ ਅਰਦਾਸ ਕੀਤੀ ਹੋਵੇ, ਕੀ ਉਸ ਨੂੰ ਪ੍ਰਾਪਤ ਕੀਤੇ ਬਿਨਾ ਅਰਦਾਸ ਭੰਗ ਕਰ ਦੇਣੀ ਚਾਹੀਦੀ ਹੈ? ਮੈਨੂੰ ਚੰਡੀਗੜ੍ਹ ਪੰਜਾਬ ਵਿਚ ਸ਼ਾਮਿਲ ਕਰਨ ਦਾ ਲਿਖਤੀ ਸਬੂਤ ਬੀਬੀ ਇੰਦਰਾ ਤੋਂ ਲਿਆ ਦਿਓ, ਮਰਨ ਵਰਤ ਛੱਡ ਦਿਆਂਗਾ।" ਗਿਆਨੀ ਮੁਸਾਫਿਰ ਪਾਸ ਇਸ ਦਾ ਕੋਈ ਉਤਰ ਨਹੀਂ ਸੀ। ਇਸ ਪਿਛੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਬਿਆਨ ਆਇਆ ਕਿ ਮਰਨ ਵਰਤਾਂ ਨਾਲ ਚੰਡੀਗੜ੍ਹ ਪੰਜਾਬ ਨੂੰ ਨਹੀਂ ਮਿਲੇਗਾ। ਇਸ ਬਿਆਨ ਤੋਂ ਬਾਅਦ ਸ. ਫੇਰੂਮਾਨ ਨੇ ਬੀਬੀ ਇੰਦਰਾ ਨੂੰ ਜਵਾਬ ਦਿੱਤਾ, "ਬੀਬੀ ਇੰਦਰਾ! ਤੂੰ ਮੇਰੀਆਂ ਬੇਟੀਆਂ ਵਰਗੀ ਏਂ। ਤੇਰਾ ਬਾਪ ਮੇਰਾ ਦੋਸਤ ਸੀ। ਮੁਲਕ ਨੂੰ ਆਜ਼ਾਦ ਕਰਾਉਣ ਲਈ ਅਸਾਂ ਇਕੱਠਿਆਂ ਸੰਘਰਸ਼ ਕੀਤਾ ਹੈ। ਤੂੰ ਮੈਨੂੰ ਚੰਡੀਗੜ੍ਹ ਨਾ ਦਏਂਗੀ, ਪਰ ਮੈਨੂੰ ਮਰਨ ਤੋਂ ਤਾਂ ਨਹੀਂ ਰੋਕ ਸਕਦੀ।"

ਸ. ਫੇਰੂਮਾਨ ਦਾ ਮਰਨ ਵਰਤ ਚੱਲ ਰਿਹਾ ਸੀ। ਹਰ ਸਾਲ 22 ਅੱਸੂ ਨੂੰ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ (ਝਬਾਲ ਨੇੜੇ) ਵਿਖੇ ਸਾਲਾਨਾ ਧਾਰਮਿਕ ਮੇਲਾ ਲਗਦਾ ਹੈ। ਬਾਬਾ ਖੜਕ ਸਿੰਘ ਬੀੜ ਸਾਹਿਬ ਵਾਲਿਆਂ ਨਾਲ ਕੀਤੇ ਪ੍ਰਣ ਮੁਤਾਬਿਕ ਸੋਹਣ ਸਿੰਘ ਸੀਤਲ ਆਪਣੇ ਢਾਡੀ ਜਥੇ ਸਮੇਤ ਹਰ ਸਾਲ ਸਾਲਾਨਾ ਦੀਵਾਨ ਵਿਚ ਸ਼ਾਮਲ ਹੁੰਦੇ ਸਨ। ਮੈਂ, ਮੇਰਾ ਦੋਸਤ ਪ੍ਰਸਿਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਅਤੇ ਢਾਡੀ ਕਲਾ ਦੇ ਪ੍ਰੇਮੀ ਦੋਸਤ-ਮਿੱਤਰ ਹਰ ਸਾਲ ਗਿਆਨੀ ਸੀਤਲ ਨੂੰ ਸੁਣਨ ਲਈ ਬੀੜ ਬਾਬਾ ਬੁੱਢਾ ਸਾਹਿਬ ਦੇ ਇਸ ਮੇਲੇ 'ਤੇ ਆਉਂਦੇ ਸਾਂ। ਅਸੀਂ ਗਿਆਨੀ ਸੀਤਲ ਨੂੰ ਸ. ਫੇਰੂਮਾਨ ਦੇ ਮਰਨ ਵਰਤ ਬਾਰੇ ਪੁਛਿਆ ਤਾਂ ਉਨ੍ਹਾਂ ਦਾ ਜਵਾਬ ਸੀ, "ਜਿਥੋਂ ਤੱਕ ਮੇਰਾ ਆਪਣਾ ਵਿਚਾਰ ਹੈ, ਉਹ ਬਹੁਤ ਸਿਰੜੀ ਆਦਮੀ ਹੈ। ਉਹ ਬਿਨਾ ਚੰਡੀਗੜ੍ਹ ਪ੍ਰਾਪਤ ਕੀਤੇ ਮਰਨ ਵਰਤ ਨਹੀਂ ਛੱਡੇਗਾ।"

ਗਿਆਨੀ ਸੀਤਲ ਦੀ ਇਹ ਪੇਸ਼ੀਨਗੋਈ ਸੱਚ ਸਾਬਤ ਹੋਈ। ਇਸ ਸਿਰੜੀ ਯੋਧੇ ਨੇ ਅਰਦਾਸ ਦੀ ਮਹਾਨਤਾ ਨੂੰ ਕਾਇਮ ਰੱਖਦਿਆਂ ਲਗਾਤਾਰ 74 ਦਿਨ ਭੁੱਖੇ ਰਹਿ ਕੇ 27 ਅਕਤੂਬਰ 1969 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਦਿੱਤੀ। ਉਦੋਂ ਉਨ੍ਹਾਂ ਇਸ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਸ. ਫੇਰੂਮਾਨ ਬਾਰੇ ਕਵਿਤਾ ਦੀਆਂ ਚਾਰ ਲਾਈਨਾਂ ਲਿਖੀਆਂ ਜੋ ਅਖਬਾਰ 'ਅਜੀਤ' ਵਿਚ ਛਪੀਆਂ ਸਨ:

ਪਿਛੇ ਜਿਹੇ ਕੁਝ ਦਿਲਾਂ ਜਾਂ ਢਿੱਲ ਵਿਖਾਈ,
ਮਿਹਣੇ ਦੇਣ ਲੱਗ ਪਈ, ਪੰਥ ਨੂੰ ਲੋਕਾਈ।
ਧੰਨ ਫੇਰੂਮਾਨ ਹੈ, ਧੰਨ ਉਸ ਦੀ ਮਾਈ,
ਜਿਨ੍ਹੇ ਪਾਈ 'ਸੀਤਲਾ' ਮਰ ਕੇ ਹੀ ਪਾਈ।

ਪੰਜਾਬੀਆਂ ਨੇ ਹਮੇਸ਼ਾ ਆਪਣੇ ਲੀਡਰਾਂ ਦੇ ਹੁਕਮ 'ਤੇ ਫੁੱਲ ਚੜ੍ਹਾਏ, ਪਰ ਲੀਡਰਾਂ ਨੇ ਆਪਣੀਆਂ ਖੁਦਗਰਜ਼ੀਆਂ ਲਈ 1947 ਤੋਂ ਲੈ ਕੇ ਅੱਜ ਤੱਕ ਪੰਜਾਬੀ ਆਵਾਮ ਨਾਲ ਧੋਖਾ ਕੀਤਾ। ਜੇ ਸ. ਫੇਰੂਮਾਨ ਨੇ ਵੀਹਵੀਂ ਸਦੀ ਵਿਚ ਪੰਜਾਬ ਦੀ ਰਾਜਧਾਨੀ ਲਈ ਆਪਣੀ ਜਾਨ ਵਾਰੀ ਤਾਂ ਧੜਿਆਂ ਵਿਚ ਵੰਡੇ ਲੀਡਰਾਂ ਨੇ ਆਪਣੀ ਕੁਰਸੀ ਅਤੇ ਮਾਇਆ ਇਕੱਠੀ ਕਰਨ ਦੀ ਲਾਲਸਾ ਨੇ ਉਨ੍ਹਾਂ ਦੀ ਕੁਰਬਾਨੀ ਨੂੰ ਰੋਲ ਕੇ ਰੱਖ ਦਿੱਤਾ। ਜੇ ਸਾਰਾ ਪੰਜਾਬ ਸਿਆਸਤ ਤੋਂ ਉਪਰ ਉਠ ਕੇ ਉਨ੍ਹਾਂ ਦੀ ਕੁਰਬਾਨੀ ਪਿਛੇ ਇਕ ਹੋ ਜਾਂਦਾ ਤਾਂ ਚੰਡੀਗੜ੍ਹ ਕੀ, ਪੰਜਾਬ ਦੀਆਂ ਸਾਰੀਆਂ ਮੰਗਾਂ ਪੂਰੀਆਂ ਹੋ ਜਾਣੀਆਂ ਸਨ।

ਬਚਪਨ ਵਿਚ ਤਰਨ ਤਾਰਨ ਦੇ ਸੈਂਟਰਲ ਮਾਝਾ ਦੀਵਾਨ ਵਿਚ ਢਾਡੀਆਂ ਕਵੀਸ਼ਰਾਂ ਤੋਂ ਸੁਣਦੇ ਹੁੰਦੇ ਸਾਂ, 'ਡੁੱਲ੍ਹੇ ਜਦ ਖੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ।' 1947 ਤੋਂ ਲੈ ਕੇ ਅੱਜ ਤੱਕ ਬੜਾ ਖੂਨ ਡੁੱਲ੍ਹਿਆ, ਬੜੀਆਂ ਕੁਰਬਾਨੀਆਂ ਹੋਈਆਂ। ਅਜੋਕੇ ਲੀਡਰਾਂ ਦੀ ਗੱਦਾਰੀ ਨੇ ਪੰਜਾਬੀ ਕੌਮ ਦੀ ਤਕਦੀਰ ਬਦਲਣ ਦੀ ਥਾਂ ਨਿਘਾਰ ਦੀ ਡੂੰਘੀ ਖੱਡ ਵਿਚ ਸੁੱਟ ਦਿੱਤਾ ਹੈ। ਅੱਜ ਲੋੜ ਹੈ, ਸ. ਫੇਰੂਮਾਨ ਵਰਗੇ ਸੱਚੇ-ਸੁੱਚੇ ਲੀਡਰ ਦੀ। ਕੁਰਬਾਨੀਆਂ ਹੋਣ ਦੇ ਬਾਵਜੂਦ ਪੰਜਾਬ ਦਾ ਕੁਝ ਨਹੀਂ ਸੌਰਿਆ; ਜਿਵੇਂ ਸ਼ਾਹ ਮੁਹੰਮਦ ਨੇ ਲਿਖਿਆ ਹੈ,

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

# ਬੱਬਰ ਸੁਰਜਨ ਸਿੰਘ ਹਿਆਤਪੁਰ ਰੁੜਕੀ ਤੇ ਸਾਥੀ

ਬੱਬਰ ਸੁਰਜਨ ਸਿੰਘ ਪੁੱਤਰ ਸ. ਹਮੀਰ ਸਿੰਘ ਕੰਧੋਲਾ ਪਿੰਡ ਹਿਆਤਪੁਰ ਰੁੜਕੀ, ਥਾਣਾ ਬਲਾਚੌਰ, ਜ਼ਿਲਾ ਹੁਸ਼ਿਆਰਪੁਰ ਦਾ ਵਸਨੀਕ ਸੀ। ਇਸ ਪਿੰਡ ਦੀ ਹਦਬਸਤ ਨੰਬਰ 280 ਅਤੇ ਰਕਬਾ ਜ਼ਮੀਨ 77 ਹੈਕਟੇਅਰ ਹੈ। ਇਹ ਸਾਰਾ ਪਿੰਡ ਹੀ ਕੰਧੋਲਾ ਗੋਤ ਦੇ ਜੱਟਾਂ ਦਾ ਹੈ।

ਕੰਧੋਲਾ ਗੋਤ ਬਾਰੇ ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ 'ਜੱਟਾਂ ਦਾ ਇਤਿਹਾਸ' ਦੇ ਪੰਨਾ 66 ਉਤੇ ਲਿਖਿਆ ਹੈ, "ਇਹ ਤੂਰ ਰਾਜਪੂਤਾਂ ਦਾ ਉਪ ਗੋਤ ਹੈ। ਜਲੰਧਰ ਜ਼ਿਲ੍ਹੇ ਵਿਚ ਕੰਧੋਲਾ ਕਲਾਂ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਅਤੇ ਕੰਧੋਲਾ ਖੁਰਦ, ਕੰਧੋਲਾ ਜੱਟਾਂ ਦੇ ਪ੍ਰਸਿੱਧ ਪਿੰਡ ਹਨ। ਲੁਧਿਆਣੇ ਦੇ ਹਲਵਾਰਾ ਨੇੜੇ ਵੀ ਕੁਝ ਕੰਧੋਲੇ ਵਸਦੇ ਹਨ। ਹੁਸ਼ਿਆਰਪੁਰ ਦੇ ਨੇੜੇ ਪਿੰਡ ਡਗਾਣਾ ਵਿਚ ਵੀ ਕੰਧੋਲੇ ਹਨ। ਇਕ ਦੰਦ ਕਥਾ ਅਨੁਸਾਰ ਗੁੱਗਾ ਪੀਰ ਦਿੱਲੀ ਦੇ ਤੂਰਾਂ ਦਾ ਦੋਹਤਾ ਸੀ। ਇਸ ਲਈ ਤੂਰਾਂ ਅਤੇ ਕੰਧੋਲਿਆਂ ਦੇ ਬਾਬਾ ਪੀਰ ਦਾ ਰੂਪ ਜ਼ਹਿਰੀਲਾ ਸੱਪ ਨਹੀਂ ਲੜਦਾ। ਕੁਝ ਕੰਧੋਲੇ ਗੋਤ ਦੇ ਜੱਟ ਆਪਣਾ ਗੋਤ ਤੁਰ ਵੀ ਲਿਖਦੇ ਹਨ। ਤੁਰ ਵੀ ਤੂਰ ਦਾ ਹੀ ਵਿਗੜਿਆ ਰੂਪ ਹੈ।"

ਬੱਬਰ ਸੁਰਜਨ ਸਿੰਘ ਰਿਸ਼ਤੇ ਵਿਚ ਬੱਬਰ ਧਰਮ ਸਿੰਘ, ਜਿਸ ਨੂੰ 27 ਫਰਵਰੀ 1926 ਨੂੰ ਫਾਂਸੀ ਲਾ ਦਿੱਤਾ ਗਿਆ ਸੀ, ਦਾ ਚਾਚਾ ਸੀ। ਬੱਬਰ ਸੁਰਜਨ ਸਿੰਘ ਉਤੇ ਇਕ ਦੀਵਾਨ ਮੁਖਬਰ ਦਾ ਕਤਲ ਕਰਕੇ ਲਾਸ਼ ਆਪਣੀ ਹਵੇਲੀ ਵਿਚ ਦਬਾ ਦੇਣ ਅਤੇ ਜਾਡਲੇ ਵਾਲੇ ਡਾਕੇ ਵਿਚ ਭਾਗ ਲੈਣ ਦੇ ਦੋਸ਼ ਸਨ। ਉਸ ਵਿਰੁਧ ਵਾਅਦਾ ਮੁਆਫ ਗਵਾਹ ਰਾਮ ਸਿੰਘ ਹਿਆਤਪੁਰ ਰੜਕੀ ਨੇ ਬਿਆਨ ਦਿੱਤਾ ਸੀ ਕਿ ਬੱਬਰ ਸੁਰਜਨ ਸਿੰਘ, ਬੱਬਰ ਧਰਮ ਸਿੰਘ, ਬੱਬਰ ਸੁੰਦਰ ਸਿੰਘ ਮਖਸੂਸਪੁਰੀ, ਬੱਬਰ ਹਰੀ ਸਿੰਘ ਜੱਸੋਵਾਲ, ਬੱਬਰ ਹਰਦਿੱਤ ਸਿੰਘ ਜੱਸੋਵਾਲ, ਬੱਬਰ ਹਰਬਖਸ਼ ਸਿੰਘ ਜੱਸੋਵਾਲ ਅਤੇ ਮੈਂ-ਸਾਰੇ ਹੀ ਜਾਡਲੇ ਡਾਕਾ ਮਾਰਨ ਵਾਲੇ ਸਾਂ। ਵਾਅਦਾ ਮੁਆਫ ਗਵਾਹ ਆਸਾ ਸਿੰਘ ਜੋ ਖੁਦ ਦੀਵਾਨ ਮੁਖਬਰ ਦੇ ਕਤਲ ਅਤੇ ਉਸ ਦੀ ਲਾਸ਼ ਦਬਾਉਣ ਵਿਚ ਸ਼ਾਮਲ ਸੀ, ਦੀ ਗਵਾਹੀ ਕਾਰਨ ਬੱਬਰ ਧਰਮ ਸਿੰਘ ਨੂੰ ਫਾਂਸੀ ਅਤੇ ਸੁਰਜਨ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ।

**ਬੱਬਰ ਦਲੀਪ ਸਿੰਘ ਧਾਮੀਆਂ ਕਲਾਂ:** ਬੱਬਰ ਦਲੀਪ ਸਿੰਘ ਪੁੱਤਰ ਸ. ਈਸ਼ਰ ਸਿੰਘ ਧਾਮੀ ਜੱਟ ਸਿੱਖ ਪਿੰਡ ਧਾਮੀਆਂ ਕਲਾਂ, ਥਾਣਾ ਹਰਿਆਣਾ, ਜ਼ਿਲਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਸੀ। ਬੱਬਰ ਅਕਾਲੀਆਂ ਨਾਲ ਮੇਲ-ਮਿਲਾਪ ਸਮੇਂ ਉਹ 22 ਕੁ ਸਾਲ ਦਾ ਸੀ। ਉਹ ਬੱਬਰ ਬੰਤਾ ਸਿੰਘ ਧਾਮੀਆਂ ਕਲਾਂ ਦਾ ਨਿਕਟਵਰਤੀ ਸੀ। ਵਾਅਦਾ ਮੁਆਫ ਗਵਾਹ ਬਤਨ ਸਿੰਘ ਝੀਰ ਪਿੰਡ ਪੰਡੋਰੀ ਨਿੱਜਰਾਂ ਇਕ ਦਿਨ ਬੱਬਰ ਬੰਤਾ ਸਿੰਘ ਧਾਮੀਆਂ ਪਾਸ ਆਇਆ ਹੋਇਆ ਸੀ ਤਾਂ ਉਸ ਨੇ ਕਿਹਾ ਕਿ ਅੱਜ ਪਿੰਡ ਨੰਗਲ ਸ਼ਾਮਾ ਵਿਖੇ ਸ਼ਾਮ ਨੂੰ ਅਕਾਲੀਆਂ ਦਾ ਦੀਵਾਨ ਲੱਗਣਾ ਹੈ। ਬਤਨ ਸਿੰਘ ਵੀ ਚਾਈਂ ਚਾਈਂ ਬੱਬਰ ਬੰਤਾ ਸਿੰਘ ਧਾਮੀਆਂ ਕਲਾਂ ਦੇ ਨਾਲ ਸ਼ਾਮ ਚੁਰਾਸੀ ਦੇ ਰੇਲਵੇ ਸਟੇਸ਼ਨ ਤੋਂ ਜੰਡੂ ਸਿੰਘਾ ਦੇ ਰੇਲਵੇ ਸਟੇਸ਼ਨ 'ਤੇ ਪੁੱਜ ਗਏ। ਇਹ ਗੱਲ ਬੜੀ ਦਿਲਚਸਪੀ ਹੈ ਕਿ ਜਿਸ ਰੇਲਵੇ ਸਟੇਸ਼ਨ ਦਾ ਨਾਂ ਸ਼ਾਮ ਚੁਰਾਸੀ ਰੱਖਿਆ ਗਿਆ ਹੈ, ਉਹ ਪਿੰਡ ਕਠਾਰ ਦੀ ਜ਼ਮੀਨ ਵਿਚ ਹੈ ਤੇ ਨਾਲ ਹੀ ਪਿੰਡ ਮੰਡੇਰ ਅਤੇ ਮਸਾਣੀਆਂ ਹਨ। ਪਰ ਸ਼ਾਮ ਚੁਰਾਸੀ ਉਸ ਸਮੇਂ ਵੱਡੇ ਵੱਡੇ ਮੁਸਲਮਾਨ ਜਗੀਰਦਾਰਾਂ ਦਾ ਪਿੰਡ ਸੀ, ਜਿਨ੍ਹਾਂ ਦੇ ਬਜ਼ੁਰਗ ਸ਼ਹਿਨਸ਼ਾਹ ਅਕਬਰ ਦੇ ਸਮੇਂ ਵੱਡੇ ਅਹੁਦਿਆਂ 'ਤੇ ਸਨ। ਇਸੇ ਕਰਕੇ 'ਆਈਨੇ-ਅਕਬਰੀ' ਅਨੁਸਾਰ ਇਹ ਪਿੰਡ ਇਕ ਮਹਾਲ (ਅੱਜ ਕੱਲ ਦਾ ਜ਼ਿਲਾ) ਸੀ, ਅਕਬਰ ਦੇ ਸਮੇਂ।

ਜਦੋਂ ਇਹ ਦੋਵੇਂ ਬੱਬਰ ਜੰਡੂ ਸਿੰਘਾ ਦੇ ਰੇਲਵੇ ਸਟੇਸ਼ਨ 'ਤੇ ਉਤਰੇ ਤਾਂ ਉਥੇ ਇਨ੍ਹਾਂ ਨੂੰ ਹੋਰ ਕਈ ਬੱਬਰ ਸਾਥੀ ਮਿਲੇ ਤੇ ਇਹ ਸਾਰੇ ਪੈਦਲ ਹੀ ਪਿੰਡ ਨੰਗਲ ਸ਼ਾਮਾ ਨੂੰ ਟੁਰ ਪਏ। ਇਸ ਪਾਰਟੀ ਵਿਚ ਕੁਲ 12 ਬੱਬਰ ਸਨ, ਜਿਨ੍ਹਾਂ 'ਤੇ ਨੰਗਰ ਸ਼ਾਮਾ ਦੇ ਝੋਲੀ ਚੁਕ ਨੰਬਰਦਾਰ ਬੂਟਾ ਸਿੰਘ ਤੇ ਉਸ ਦੇ ਪੋਤਰੇ ਸੁਰਜਨ ਸਿੰਘ ਦੇ ਕਤਲ ਦਾ ਮੁਕੱਦਮਾ ਚਲਿਆ ਅਤੇ ਸਾਰਿਆਂ ਨੂੰ ਹੀ ਉਮਰ ਕੈਦ ਦੀ ਸਜ਼ਾ ਹੋਈ। ਉਨ੍ਹਾਂ ਵਿਚੋਂ ਹੀ ਸੀ ਬੱਬਰ ਦਲੀਪ ਸਿੰਘ ਧਾਮੀਆਂ ਕਲਾਂ।

ਬੱਬਰ ਦਲੀਪ ਸਿੰਘ ਨੇ ਅਦਾਲਤ ਵਿਚ ਉਸ ਨੂੰ ਦਿੱਤੇ ਗਏ ਅਣਮਨੁੱਖੀ ਤਸੀਹਿਆਂ ਦਾ ਵਰਣਨ ਕੀਤਾ ਕਿ ਉਸ ਦੇ ਹੱਥ ਮੰਜੇ ਦੇ ਪਾਵਿਆਂ ਹੇਠ ਦੇ ਕੇ ਉਪਰ ਦੋ ਸਿਪਾਹੀ ਬਿਠਾ ਦਿੰਦੇ, ਉਸ ਦੀਆਂ ਲੱਤਾਂ ਦੇ ਜੋੜਾਂ ਵਿਚ ਪੱਥਰ ਦੇ ਕੇ ਉਨ੍ਹਾਂ ਨੂੰ ਬਿਠਾ ਰੱਖਦੇ, ਉਸ ਦੇ ਮੂੰਹ, ਕੰਨਾਂ ਅਤੇ ਅੱਖਾਂ ਵਿਚ ਕੌੜੀਆਂ ਮਿਰਚਾਂ ਦਾ ਪਾਣੀ ਪਾਉਂਦੇ ਤੇ ਜਦੋਂ ਉਹ ਬੇਹੋਸ਼ ਹੋ ਜਾਂਦਾ ਤਾਂ ਹਟਦੇ।

**ਬੱਬਰ ਪਿਆਰਾ ਸਿੰਘ ਧਾਮੀਆਂ ਕਲਾਂ:** ਇਸ ਬੱਬਰ ਨੂੰ ਨੰਗਲ ਸ਼ਾਮਾ ਦੇ ਝੋਲੀਚੁੱਕ ਨੰਬਰਦਾਰ ਬੂਟਾ ਸਿੰਘ ਤੇ ਉਸ ਦੇ ਪੋਤਰੇ ਸੁਰਜਨ ਸਿੰਘ ਦੇ ਕਤਲ ਅਤੇ ਉਨ੍ਹਾਂ ਦੇ ਘਰ ਡਾਕੇ ਦੇ ਦੋਸ਼ ਵਿਚ ਫੜ੍ਹਿਆ ਗਿਆ ਸੀ। ਇਹ ਵੀ ਇਸ ਵਾਰਦਾਤ ਵਿਚ ਸ਼ਾਮਲ 12 ਬੱਬਰਾਂ ਵਿਚੋਂ ਇਕ ਸੀ।

ਬੱਬਰ ਪਿਆਰਾ ਸਿੰਘ ਸੰਨ 1986 ਤੱਕ ਸਿਹਤ ਪੱਖੋਂ ਚੰਗਾ ਸੀ, ਜਦੋਂ ਡਾ. ਬਖਸ਼ਿਸ਼ ਸਿੰਘ ਨਿੱਜਰ ਇਸ ਨੂੰ ਪਿੰਡ ਸੁੰਨੜਾ ਕਲਾਂ, ਤਹਿਸੀਲ ਫਗਵਾੜਾ ਵਿਖੇ ਬੱਬਰ ਅਕਾਲੀਆਂ ਦਾ ਇਤਿਹਾਸ ਲਿਖਣ ਬਾਰੇ ਮਿਲੇ। ਉਸ ਨੇ ਡਾ. ਨਿੱਜਰ ਨੂੰ ਦੱਸਿਆ ਕਿ ਬੱਬਰ ਅਕਾਲੀਆਂ ਨੇ ਨਾਬਾਲਗ ਸੁਰਜਨ ਸਿੰਘ ਨੂੰ ਕਤਲ ਕਰਨ ਦਾ ਅਫਸੋਸ ਕੀਤਾ ਸੀ ਅਤੇ ਅੱਗੇ ਤੋਂ ਜਥੇ ਦੇ ਮੈਂਬਰਾਂ ਨੂੰ ਹਦਾਇਤ ਕੀਤੀ ਸੀ ਕਿ ਬੱਚਿਆਂ ਅਤੇ ਜਨਾਨੀਆਂ 'ਤੇ ਹੱਥ ਨਾ ਚੁੱਕਿਆ ਜਾਵੇ। ਉਸ ਨੇ ਦੱਸਿਆ ਕਿ ਇਸ ਵਾਰਦਾਤ ਸਮੇਂ ਸੁਰਜਨ ਸਿੰਘ ਨੇ ਬੱਬਰ ਮੁਣਸ਼ਾ ਸਿੰਘ ਨੂੰ ਪਛਾਣ ਕੇ ਕਿਹਾ, "ਕੱਲ ਤੁਸੀਂ ਸਾਡੇ ਘਰ ਚਾਹ ਪੀ ਕੇ ਗਏ ਸੀ ਤੇ ਅੱਜ ਸਾਨੂੰ ਮਾਰਨ ਆ ਗਏ ਹੋ?" ਬੱਬਰ ਮੁਣਸ਼ਾ ਸਿੰਘ ਨੇ ਸੋਚਿਆ ਕਿ ਜੇ ਇਹ ਜ਼ਿੰਦਾ ਰਿਹਾ ਤਾਂ ਸਾਡੇ ਬਾਰੇ ਪੁਲਿਸ ਨੂੰ ਦੱਸ ਦੇਵੇਗਾ ਅਤੇ ਉਸ ਨੇ ਤੁਰੰਤ ਹੀ ਛਵੀ ਦੇ ਵਾਰ ਨਾਲ ਮੁੰਡੇ ਦੀ ਗਰਦਨ ਧੜ ਨਾਲੋਂ ਅਲੱਗ ਕਰ ਦਿੱਤੀ।

ਅਦਾਲਤ ਵਿਚ ਜਦੋਂ ਬੂਟੇ ਨੰਬਰਦਾਰ ਦੀ ਪਤਨੀ ਨੇ ਕਿਹਾ ਕਿ ਮੈਨੂੰ ਆਪਣੇ ਪਤੀ ਦਾ ਐਨਾ ਅਫਸੋਸ ਨਹੀਂ, ਕਿਉਂਕਿ ਉਹ ਬੱਬਰਾਂ ਦੇ ਵਿਰੁਧ ਡਾਇਰੀਆਂ ਦਿੰਦਾ ਸੀ, ਮੈਨੂੰ ਤਾਂ ਅਫਸੋਸ ਆਪਣੇ ਪੋਤੇ ਸੁਰਜਨ ਦੇ ਕਤਲ ਦਾ ਹੈ, ਤਾਂ ਉਸ ਸਮੇਂ ਬੱਬਰ ਕਿਸ਼ਨ ਸਿੰਘ ਗੜਗੱਜ ਨੇ ਆਖਿਆ, "ਮਾਤਾ ਜੀ, ਬੱਚੇ ਦੀ ਮੌਤ ਦਾ ਸਾਨੂੰ ਵੀ ਗ਼ਮ ਹੈ।"

ਐਡੀਸ਼ਨਲ ਸੈਸ਼ਨ ਜੱਜ ਨੇ ਤਿੰਨ ਬੱਬਰਾਂ-ਰਤਨ ਸਿੰਘ ਸੀਂਗੜੀਵਾਲ, ਦਲੀਪ ਸਿੰਘ ਧਾਮੀਆਂ ਕਲਾਂ ਅਤੇ ਬੱਬਰ ਪਿਆਰਾ ਸਿੰਘ ਧਾਮੀਆਂ ਕਲਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।





## ਚੇਤਿਆਂ ਵਿਚ ਫੁੱਟਬਾਲ-1

# ਵੇਦਨਾ ਤੇ ਵਜਦ ਦੀ ਇੰਤਹਾ

***2017 ਵਾਲਾ ਫੀਫਾ ਅੰਡਰ-17 ਵਿਸ਼ਵ ਕੱਪ ਅੱਜ ਕੱਲ੍ਹ ਭਾਰਤ ਅੰਦਰ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ ਜਿਸ ਦਾ ਫਾਈਨਲ ਮੁਕਾਬਲਾ 28 ਅਕਤੂਬਰ ਨੂੰ ਤੈਅ ਹੈ। ਇਸ ਟੂਰਨਾਮੈਂਟ ਵਿਚ ਭਾਰਤ ਦਾ ਮੁਕਾਮ ਭਾਵੇਂ ਕੁਝ ਵੀ ਨਹੀਂ, ਪਰ ਇਸ ਟੂਰਨਾਮੈਂਟ ਨਾਲ ਨਵੀਂ ਪੀੜ੍ਹੀ ਅੰਦਰ ਫੁੱਟਬਾਲ ਲਈ ਮੁਹੱਬਤ ਸਾਫ ਨਜ਼ਰੀਂ ਪੈ ਰਹੀ ਹੈ। ਉਤਸ਼ਾਹ ਦੇ ਇਸ ਪ੍ਰਸੰਗ ਵਿਚ ਹੀ 'ਪੰਜਾਬ ਟਾਈਮਜ਼' ਨਾਲ ਜੁੜੇ ਹੋਏ ਸੀਨੀਅਰ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਪਿਛਲੇ ਸਾਲ ਕੋਪਾ ਅਮਰੀਕਾ ਕੱਪ ਦੇ ਫਾਈਨਲ ਮੈਚ ਦਾ ਹਾਲ ਆਪਣੇ ਇਸ ਲੇਖ ਵਿਚ ਬਹੁਤ ਦਿਲਚਸਪ ਢੰਗ ਨਾਲ ਕਹਿ ਸੁਣਾਇਆ ਹੈ। ਇਸ ਦੀ ਪਹਿਲੀ ਕੜੀ ਪੇਸ਼ ਹੈ। -ਸੰਪਾਦਕ***

ਜੂਨ ਦੀ 26 ਤਰੀਕ ਹੈ ਅਤੇ ਸਾਲ 2016। ਕੋਪਾ ਅਮਰੀਕਾ ਫੁੱਟਬਾਲ ਦੇ ਸੌ ਸਾਲਾ ਜਸ਼ਨਾਂ 'ਚ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਟੂਰਨਾਮੈਂਟ ਦਾ ਫਾਈਨਲ ਮੁਕਾਬਲਾ, ਲਿਓਨਲ ਮੈਸੀ ਦੀ ਕਪਤਾਨੀ ਹੇਠ ਖੇਡ ਰਹੇ ਅਰਜਨਟੀਨੀਅਨ ਸ਼ੇਰਾਂ ਦਾ ਟਾਕਰਾ, ਅਲੈਕਸਿਜ ਸੰਚੇਜ਼ ਦੀ ਅਗਵਾਈ ਹੇਠਲੇ ਚਿਲੀਅਨ ਚੀਤਿਆਂ ਨਾਲ ਹੈ। ਮੈਚ ਸ਼ੁਰੂ ਹੋਣ ਵਿਚ ਅਜੇ ਕੁਝ ਮਿੰਟ ਬਾਕੀ ਹਨ। ਟੋਰਾਂਟੋ (ਕੈਨੇਡਾ) 'ਚ ਸ਼ਾਮ ਦਾ ਵਕਤ ਹੈ। ਭਾਰਤ 'ਚ ਸਵੇਰ ਚੜ੍ਹਨ ਦਾ ਸਮਾਂ ਹੈ। ਮੈਂ ਆਪਣੇ ਅਜ਼ੀਜ਼ ਗੁਰਫਤਿਹ ਸਿੰਘ ਬਦੇਸ਼ਾ, ਡਾ. ਬਲਕਾਰ ਸਿੰਘ, ਕੰਵਲਜੀਤ ਸਿੰਘ ਸੰਧੂ, ਡਾ. ਕਿਹਰ ਸਿੰਘ ਅਤੇ ਪ੍ਰਿੰ. ਅਮਰਜੀਤ ਸਿੰਘ ਪਰਾਗ ਯਾਨਿ ਸਾਰੇ ਹੀ ਮਿੱਤਰਾਂ ਨੂੰ ਕਾਹਲੀ-ਕਾਹਲੀ ਫੋਨ 'ਤੇ ਸਾਵਧਾਨ ਕਰਨ



**ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

ਦੀ ਕੋਸ਼ਿਸ਼ ਕੀਤੀ ਹੈ: ਇਹ ਨਜ਼ਾਰਾ ਕਿਧਰੇ ਮਿਸ ਨਾ ਕਰ ਦੇਣਾ!

ਮੈਚ ਸ਼ੁਰੂ ਹੁੰਦਿਆਂ ਹੀ ਅਰਜਨਟੀਨਾ ਦੇ ਖਿਡਾਰੀਆਂ ਨੇ ਚਿਲੀਅਨ ਗੋਲਾਂ ਉਪਰ ਹਮਲੇ ਸ਼ੁਰੂ ਕਰ ਦਿੱਤੇ ਹਨ। ਅਜੇ ਕਈ ਹੋਰ ਮਿੱਤਰਾਂ ਨੂੰ ਫੋਨ ਕਰਨੇ ਰਹਿੰਦੇ ਹਨ, ਪਰ ਲਾਗੇ ਬੈਠੇ ਆਪਣੇ ਲੜਕੇ ਗੁਰਨੀਤ ਦਾ ਮੱਧਮ ਜਿਹਾ ਸੰਕੇਤ ਮੰਨਦਿਆਂ ਇਹ ਕੰਮ ਠੱਪ ਕਰਨਾ ਪੈਂਦਾ ਹੈ। ਉਹ ਆਖ ਰਿਹਾ ਹੈ ਕਿ ਮੈਚ ਜਿਸ ਗਤੀ ਨਾਲ ਸ਼ੁਰੂ ਹੋਇਆ ਹੈ ਤੇ ਅਰਜਨਟੀਨੀਅਨ ਟੀਮ ਜਿਸ ਕਿਸਮ ਦੀ ਫਾਰਮ ਵਿਚ ਹੈ, ਉਨ੍ਹਾਂ ਸੈਮੀ ਫਾਈਨਲ ਵਿਚ ਅਮਰੀਕਾ ਨੂੰ ਜਿਸ ਤਰ੍ਹਾਂ 4-0 ਨਾਲ ਹਰਾਇਆ ਹੋਇਆ ਹੈ, ਇਸ ਮੈਚ ਵਿਚ ਜਿੱਤ-ਹਾਰ ਦਾ ਅੰਤਰ ਟੈਨਿਸ ਸਕੋਰ ਵਾਲਾ ਵੀ ਹੋ ਸਕਦਾ ਹੈ। ਮੈਂ ਉਸ ਨੂੰ ਯਾਦ ਕਰਵਾਉਂਦਾ ਹਾਂ ਕਿ ਚਿਲੀਅਨ ਟੀਮ ਵਿਚ ਸੰਚੇਜ਼ ਅਤੇ ਵਾਰਗਸ ਹੀ ਨਹੀਂ, ਆਰਤੂਰੋ ਵੀਦਾਲ, ਚਾਰਲਸ ਅਰੰਗੀਸ ਵੀ ਲੈਅ ਵਿਚ ਹਨ ਅਤੇ ਉਨ੍ਹਾਂ ਦੇ ਗੋਲਾਂ ਦੀ ਰਾਖੀ ਕਰ ਰਹੇ ਕਲਾਦੀਓ ਬਰਾਵੋ ਦਾ ਤਾਂ ਕੋਈ ਜਵਾਬ ਨਹੀਂ ਹੈ। ਅਜੇ ਹਫਤਾ ਕੁ ਪਹਿਲਾਂ ਹੀ ਮੈਕਸੀਕੋ ਵਰਗੀ ਜਾਂਬਾਜ਼ ਟੀਮ ਨੂੰ ਪ੍ਰੀ-ਕੁਆਰਟਰ ਮੈਚ 'ਚ ਉਨ੍ਹਾਂ ਨੇ ਸਿਫਰ ਦੇ ਮੁਕਾਬਲੇ 7 ਗੋਲਾਂ ਨਾਲ ਜਦੋਂ ਹਰਾਇਆ ਸੀ, ਤਾਂ ਭਲੇ ਵਕਤਾਂ ਵਿਚ ਭਾਰਤੀ ਹਾਕੀ ਦੇ ਇਤਿਹਾਸਕ ਮੈਚਾਂ ਦੇ ਅੰਕੜੇ ਵਾਰ-ਵਾਰ ਯਾਦ ਆਉਂਦੇ ਰਹੇ ਸਨ। ਸਾਡੇ ਖੇਮੇ ਦੇ ਸਭ ਸਾਥੀਆਂ ਦੀ ਤਾਂਘ ਤਾਂ ਬਿਨਾ ਸ਼ੱਕ ਅਰਜਨਟੀਨਾ ਦੀ ਟੀਮ ਨੂੰ ਜਿੱਤਦਿਆਂ ਵੇਖਣ ਦੀ ਹੀ ਹੈ, ਪਰ ਅਜੇ ਕੁਝ ਕਿਹਾ ਨਹੀਂ ਜਾ ਸਕਦਾ।

ਇਸੇ ਦੌਰਾਨ ਸਾਡੇ ਸੱਜਣਾਂ ਵਿਚੋਂ ਕੋਈ ਇਹ ਗੱਲ ਮੰਨਣੀ ਤਾਂ ਕੀ, ਕਿਸੇ ਸੂਰਤ ਵਿਚ ਅਰਜਨਟੀਨੀਅਨ ਟੀਮ ਦੀ ਹਾਰ ਦੀ ਸੰਭਾਵਨਾ ਤਸੱਵਰ ਵਿਚ ਲਿਆਉਣ ਲਈ ਵੀ ਤਿਆਰ ਨਹੀਂ ਸੀ। ਗੁਰਨੀਤ ਦੇ ਆਪਣੇ ਤਰਕ ਸਨ। ਅਰਜਨਟੀਨੀਅਨ ਹਮਲਾਵਰ ਪੰਕਤੀ ਵਿਚ ਗੋਂਜ਼ਾਲੋ ਇਗੂਆਈਨ ਅਤੇ ਅੰਖਿਲ ਦੀ ਮਾਰੀਆ ਦੀ ਫਾਰਮ ਦਾ ਉਸ ਨੂੰ ਵਧੇਰੇ ਪਤਾ ਸੀ। ਇਤਫਾਕਵਸ, ਇਸ ਟੂਰਨਾਮੈਂਟ ਦੌਰਾਨ ਅਰਜਨਟੀਨਾ ਦਾ ਸ਼ੁਰੂਆਤੀ ਮੈਚ ਚਿਲੀਅਨ ਟੀਮ ਨਾਲ ਹੀ ਪਿਆ ਸੀ। ਲਿਓਨਲ ਮੈਸੀ ਨੂੰ ਲੱਕ ਵਿਚ ਗੰਭੀਰ ਸੱਟ ਲੱਗੀ ਹੋਣ ਕਾਰਨ ਗਰਾਊਂਡ ਵਿਚ ਉਤਾਰਿਆ ਨਹੀਂ ਸੀ ਗਿਆ। ਉਸ ਦਿਨ ਉਸ ਦੀ ਥਾਂ ਗੈਤੋਂ ਖੇਡ ਰਿਹਾ ਸੀ ਤੇ ਉਸ ਨੇ ਚਿਲੀਅਨ ਟੀਮ ਨੂੰ ਵਕਤ ਪਾਈ ਰੱਖਿਆ ਸੀ। ਉਹ ਮੈਚ ਉਨ੍ਹਾਂ ਇਕ ਦੇ ਮੁਕਾਬਲੇ ਦੋ ਗੋਲਾਂ ਨਾਲ ਸਹਿਜੇ ਹੀ ਜਿੱਤ ਲਿਆ ਸੀ। ਉਸ ਦਿਨ ਮੈਚ ਦਾ ਸਾਰਾ ਹੀ ਸਮਾਂ ਅੰਖਿਲ ਦੀ ਮਾਰੀਆ ਪੂਰੀ ਤਰ੍ਹਾਂ ਖੇਡ 'ਤੇ ਹਾਵੀ ਰਿਹਾ। ਗੋਲ ਦੋਵੇਂ ਉਸ ਦੀਆਂ ਬੇਹੱਦ ਆਕਰਸ਼ਕ ਚਾਲਾਂ 'ਤੇ ਹੀ ਹੋਏ ਸਨ ਅਤੇ ਉਸ ਦਿਨ 'ਮੈਨ ਆਫ ਦਿ ਮੈਚ' ਵੀ ਉਹੀ ਬਣਿਆ ਸੀ। ਕੁਝ ਦਿਨ ਪਿਛੋਂ ਲੀਗ ਦੇ ਪਨਾਮਾ ਖਿਲਾਫ ਅਗਲੇ ਮੈਚ ਵਿਚ ਉਨ੍ਹਾਂ ਨੇ ਮੈਸੀ ਨੂੰ ਮਹਿਜ਼ 15-20 ਮਿੰਟਾਂ ਲਈ ਮੈਦਾਨ ਵਿਚ ਉਤਾਰਿਆ ਸੀ। ਉਨ੍ਹਾਂ ਥੋੜ੍ਹੇ ਜਿਹੇ ਪਲਾਂ ਵਿਚ ਟੂਰਨਾਮੈਂਟ ਦੀ ਪਹਿਲੀ ਹੈਟ੍ਰਿਕ ਵੀ ਉਸੇ ਨੇ ਮਾਰੀ ਸੀ। ਫਿਰ ਰੱਖਿਅਕ ਪੰਕਤੀ ਵਿਚ ਕੰਬਿਆਸੋ ਅਤੇ ਉਸ ਦੇ ਪਿਛੇ ਮਾਰਕੋਸ ਰੋਖੋ ਕੰਧਾਂ ਵਰਗੇ ਅਨੁਭਵੀ ਖਿਡਾਰੀ ਸਨ। ਹਾਂ, ਗੁਰਨੀਤ ਨੂੰ ਇਕ ਚਿੰਤਾ ਜ਼ਰੂਰ ਸੀ ਕਿ ਅਰਜਨਟੀਨੀਅਨ ਮੱਧ ਪੰਕਤੀ ਦੇ ਧੁਰੇ ਵਜੋਂ ਖੇਡ ਰਹੇ ਇਜ਼ੀਕਲ ਲਵੇਜ਼ੀ ਜਿਸ ਨੇ ਅਮਰੀਕਾ ਖਿਲਾਫ ਮੈਚ ਵਿਚ ਪਹਿਲਾ ਗੋਲ ਕੀਤਾ ਸੀ, ਉਸ ਦਿਨ ਉਸ ਦੀ ਬਾਂਹ ਕੂਹਣੀ ਤੋਂ ਟੁੱਟ ਗਈ ਹੋਣ ਕਾਰਨ ਉਹ ਮੈਦਾਨ ਵਿਚ ਹਾਜ਼ਰ ਨਹੀਂ ਸੀ। ਨਿਰਸੰਦੇਹ ਉਸ ਦਾ ਲਿਓਨਲ ਮੈਸੀ ਨਾਲ ਬਹੁਤ ਤਾਲਮੇਲ ਸੀ। 2014 ਦੇ ਇਰਾਨ ਖਿਲਾਫ ਵਿਸ਼ਵ ਕੱਪ ਲੀਗ ਵਿਚ ਘਮਸਾਣ ਦੇ ਮੁਕਾਬਲੇ ਦੌਰਾਨ ਜਦੋਂ ਉਨ੍ਹਾਂ ਨੇ ਅਰਜਨਟੀਨੀਅਨ 'ਹਨੇਰੀ' ਨੂੰ ਕੇਰਾਂ ਬੰਨ੍ਹ ਕੇ ਰੱਖ ਦਿੱਤਾ ਸੀ, ਤਾਂ ਮੈਚ ਦਾ ਇਕੋ ਇਕ ਫੈਸਲਾਕੁਨ ਗੋਲ ਮੈਸੀ ਨੇ ਲਵੇਜ਼ੀ ਦੇ ਬੇਹੱਦ ਸਟੀਕ ਪਾਸ 'ਤੇ ਹੀ ਕੱਢਿਆ ਸੀ, ਪਰ ਉਸ ਦੇ ਬਦਲ ਹੈਗੇ ਸਨ।

ਫੁੱਟਬਾਲ ਜਗਤ 'ਚ ਲਿਓਨਲ ਮੈਸੀ ਦੀ ਪ੍ਰਤਿਭਾ ਅਤੇ ਸਮਰੱਥਾ ਦਾ ਇਸ ਸਮੇਂ ਕੋਈ ਸਾਨੀ ਨਹੀਂ ਹੈ। ਸਬੂਤ ਇਹ ਹੈ ਕਿ 5 ਵਾਰ ਤਾਂ ਫੀਫਾ ਵੱਲੋਂ 'ਪਲੇਅਰ ਆਫ ਦਿ ਯੀਅਰ' ਚੁਣਿਆ ਗਿਆ; ਚਾਰ ਵਾਰ ਚੈਂਪੀਅਨ ਲੀਗ ਖਿਤਾਬ ਜਿੱਤੇ ਅਤੇ ਸਪੈਨਿਸ਼ ਲੀਗ ਵਿਚ ਆਪਣੇ ਬਾਰਸੀਲੋਨਾ ਕਲੱਬ ਲਈ ਖੇਡਦਿਆਂ ਉਸ ਨੇ ਇਹ ਕੌਤਕ 8 ਵਾਰੀ ਕੀਤਾ ਹੋਇਆ ਹੈ।

ਪੇਲੇ ਜਾਂ ਮਾਰਾਡੋਨਾ ਵਿਚੋਂ ਸਦੀ ਦਾ ਸਭ ਤੋਂ ਮਹਾਨ ਫੁੱਟਬਾਲਰ ਕੌਣ ਹੈ, ਇਹ ਬਹਿਸ ਪਿਛਲੇ 15-20 ਵਰ੍ਹਿਆਂ ਤੋਂ ਚੱਲ ਰਹੀ ਹੈ। 2000 ਵਿਚ ਫੀਫਾ ਨੇ ਖੇਡ ਮਾਹਿਰਾਂ ਅਤੇ ਪੱਤਰਕਾਰਾਂ ਤੋਂ ਰਾਏ ਲੈਣ ਲਈ ਜੋ ਸਰਵੇਖਣ ਕਰਵਾਇਆ ਸੀ, ਉਸ ਵਿਚ ਪੇਲੇ ਨੂੰ 1705 ਅੰਕ ਮਿਲੇ ਸਨ; ਉਹ ਸਿਖਰ 'ਤੇ ਸੀ। ਮਾਰਾਡੋਨਾ ਉਸ ਤੋਂ ਕਾਫੀ ਪਿੱਛੇ ਪੰਜਵੇਂ ਥਾਂ 'ਤੇ ਰਿਹਾ, ਪਰ ਆਮ ਦਰਸ਼ਕਾਂ ਤੇ ਖੇਡ ਪ੍ਰੇਮੀਆਂ ਤੋਂ ਜਦੋਂ ਰਾਏ ਪੁੱਛੀ ਗਈ ਤਾਂ ਮਾਰਾਡੋਨਾ 53.6 ਫੀਸਦ ਅੰਕਾਂ ਨਾਲ ਬਹੁਤ ਅੱਗੇ ਨਿਕਲ ਗਿਆ ਸੀ ਅਤੇ ਦੂਜੇ ਨੰਬਰ 'ਤੇ ਪੇਲੇ ਸੀ। ਵੋਟਾਂ ਉਸ ਨੂੰ ਕੇਵਲ 18.53 ਫੀਸਦ ਹੀ ਮਿਲੀਆਂ ਸਨ। ਇਹ ਅਲੱਗ ਗੱਲ ਹੈ ਕਿ ਫਰਾਂਜ ਬੈਕਨਬਾਵਰ, ਜਿਨੇਡਨ ਜਿਡਾਨ, ਜੀਕੋ ਪਲਾਟੀਨੀ ਵਰਗੇ ਸਟਾਰਾਂ ਦੀਆਂ ਵੋਟਾਂ ਕਰੀਬ 5 ਫੀਸਦ ਹੀ ਰਹੀਆਂ। ਕੀ ਮੈਸੀ ਇਸ ਪੱਖੋਂ ਦੋਵਾਂ ਧੁਨੰਤਰ ਪੁਰਖਿਆਂ ਨੂੰ ਪਛਾੜ ਨਹੀਂ ਸੀ ਗਿਆ?

ਬਰਾਜ਼ੀਲ ਨੇ 1958 ਵਿਚ ਸਵੀਡਨ ਦੀ ਧਰਤੀ 'ਤੇ ਖੇਡਦਿਆਂ ਪਹਿਲੀ ਵਾਰ ਵਿਸ਼ਵ ਕੱਪ ਜਿੱਤਿਆ। ਪੇਲੇ ਉਸ ਸਮੇਂ ਮਹਿਜ਼ 17 ਸਾਲ ਦਾ ਸੀ। ਇਹ ਕੱਪ ਜਿੱਤਣ ਵਿਚ ਫੁੱਟਬਾਲ ਦੇ ਇਤਿਹਾਸ ਵਿਚ ਉਸ ਨੂੰ 'ਪੇਲੇ ਦਾ ਕੱਪ' ਕਿਹਾ ਜਾਂਦਾ ਹੈ। ਕਰੀਬ ਤਿੰਨ ਦਹਾਕੇ ਪਿਛੋਂ 1986 ਦੇ ਵਿਸ਼ਵ ਕੱਪ ਦੌਰਾਨ ਫਿਰ ਉਸੇ ਤਰ੍ਹਾਂ ਦੀ ਭੂਮਿਕਾ ਮਾਰਾਡੋਨਾ ਨੇ ਅਰਜਨਟੀਨਾ ਦੀ ਸ਼ਾਨਦਾਰ ਜਿੱਤ ਵਿਚ ਨਿਭਾਈ।

ਹੁਣ ਮੈਸੀ ਦੀ ਵਾਰੀ ਸੀ, ਪਰ ਕੀ ਇਸ ਮੈਚ ਵਿਚ ਉਹ ਅਜਿਹਾ ਕੌਤਿਕ ਕਰ ਸਕੇਗਾ?

ਯੂਰਪ ਦੀਆਂ ਲੀਗਾਂ ਵਿਚ ਖਿਡਾਰੀਆਂ ਦਾ ਵਿਸ਼ਵ ਕੱਪ ਨਾਲ ਵੀ ਕਰੜਾ ਇਮਤਿਹਾਨ ਹੋ ਜਾਂਦਾ ਹੈ ਅਤੇ ਇਹ ਇਮਤਿਹਾਨ ਮੈਸੀ ਨੇ ਵਾਰ-ਵਾਰ ਕਿਸ ਸ਼ਾਨ ਨਾਲ ਪਾਸ ਕਰਵਾ ਕੇ ਦਿਖਾਏ, ਸਭ ਨੂੰ ਪਤਾ ਹੈ। ਉਹ 2014 ਦੇ ਵਿਸ਼ਵ ਕੱਪ ਸਮੇਤ ਤਿੰਨ ਵਾਰੀ ਆਪਣੇ ਮੁਲਕ ਦੀ ਟੀਮ ਨੂੰ ਫਾਈਨਲ ਗੇੜ ਤੱਕ ਲੈ ਕੇ ਗਿਆ, ਪਰ ਤਿੰਨੇ ਵਾਰੀ ਪੈਨਲਟੀ ਕਿੱਕਾਂ ਦੇ ਗੇੜ ਵਿਚ ਜਾ ਕੇ ਉਸ ਦੀ ਹਾਰ ਹੁੰਦੀ ਰਹੀ। ਆਮ ਖੇਡ ਪ੍ਰੇਮੀਆਂ ਦੀ ਰਾਇ ਅਨੁਸਾਰ, ਅੱਜ ਦੀ ਤਰੀਕ ਵਿਚ ਉਸ ਦਾ ਮੁਕਾਮ ਪਹਿਲਾਂ ਹੀ ਪੇਲੇ ਅਤੇ ਆਪਣੇ ਉਸਤਾਦ ਮਾਰਾਡੋਨਾ ਤੋਂ ਉਪਰ ਉਠ ਗਿਆ ਹੋਇਆ ਹੈ, ਪਰ ਕਿਸੇ ਨਾ ਕਿਸੇ ਅਹਿਮ ਟੂਰਨਾਮੈਂਟ ਵਿਚ ਸੋਨ ਤਮਗਾ ਚੁੱਕੇ ਬਗੈਰ ਪੂਰੀ ਗੱਲ ਬਣਦੀ ਨਹੀਂ ਅਤੇ ਉਸੇ ਦੀ ਉਡੀਕ ਵਿਚ ਹੁਣ ਅਸੀਂ ਬੈਠੇ ਸਾਂ।

ਕਾਫੀ ਸਮਾਂ ਪਹਿਲਾਂ ਤੱਕ ਏਸ਼ੀਅਨ ਮੁਲਕਾਂ ਸਮੇਤ ਤੀਸਰੇ ਜਗਤ ਵਿਚ ਖੇਡ ਪ੍ਰੇਮੀਆਂ ਅੰਦਰ ਬਰਾਜ਼ੀਲ ਦੀ ਟੀਮ ਲਈ ਵਿਸ਼ੇਸ਼ ਆਕਰਸ਼ਣ ਸੀ, ਪਰ ਮਾਰਾਡੋਨਾ ਦੇ ਮਕਬੂਲ ਹੋਣ ਬਾਅਦ ਇਹ ਸਥਾਨ ਅਰਜਨਟੀਨੀਅਨ ਫੁੱਟਬਾਲ ਟੀਮ ਨੇ ਹਥਿਆ ਲਿਆ ਹੋਇਆ ਹੈ, ਤੇ 1986 ਦੇ ਜੇਤੂ ਕੱਪ ਤੋਂ ਬਾਅਦ ਹਰ ਵਾਰ ਵਧੀਆ ਖੇਡਣ ਦੇ ਬਾਵਜੂਦ ਅਰਜਨਟੀਨਾ ਕਦੀ ਪ੍ਰੀ-ਕੁਆਰਟਰ ਫਾਈਨਲ ਗੇੜ ਅਤੇ ਕਦੀ ਕੁਆਰਟਰ ਫਾਈਨਲ ਗੇੜ ਵਿਚ ਹਾਰ ਕੇ ਬਾਹਰ ਹੁੰਦਾ ਰਿਹਾ।

ਇਹ ਸੀ ਉਹ ਪਿਛੋਕੜ ਜਿਸ ਵਿਚ ਇਕ ਪਾਸੇ ਮੈਸੀ ਅਤੇ ਦੂਜੇ ਪਾਸੇ ਸੰਚੇਜ਼ ਦੀਆਂ ਟੀਮਾਂ ਰਣਤੱਤੇ ਵਿਚ ਆਹਮੋ-ਸਾਹਮਣੇ ਸਨ। ਅੰਖਿਲ ਦਿ ਮਾਰੀਆ, ਗੰਜ਼ਾਲੋ ਇਗੂਆਈਨ ਅਤੇ ਮੈਸੀ ਪੂਰੀ ਲੈਅ ਵਿਚ ਸਨ। ਚਿਲੀਅਨ ਰੱਖਿਅਕ ਪੰਕਤੀ ਦੇ ਖਿਡਾਰੀਆਂ ਦਾ ਸਾਰਾ ਧਿਆਨ ਮੈਸੀ 'ਤੇ ਸੀ। 20 ਮਿੰਟਾਂ ਦੀ ਖੇਡ ਲੰਘਦਿਆਂ ਹੀ ਉਨ੍ਹਾਂ ਦੇ ਅਹਿਮ ਖਿਡਾਰੀ ਮੈਡਲ ਤੋਂ ਜ਼ਰਾ ਕੁ ਜਿੰਨੀ ਗਲਤੀ ਹੁੰਦਿਆਂ ਹੀ ਗੰਜ਼ਾਲੋ ਇਗੂਆਈਨ ਨੇ ਬਾਲ 'ਤੇ ਕਬਜ਼ਾ ਕੀਤਾ ਤੇ ਗੋਲ ਕਰਨ ਦਾ ਸੁਨਹਿਰੀ ਮੌਕਾ ਲੈ ਲਿਆ। ਗੋਲਕੀਪਰ ਬਰਾਵੋ ਬੀਟ ਹੋ ਚੁੱਕਾ ਸੀ, ਪਰ ਗੰਜ਼ਾਲੋ ਇਗੂਆਈਨ ਤੋਂ ਗੱਲ ਬਣੀ ਨਾ, ਤੇ ਬਾਲ ਪੋਸਟ ਨੂੰ ਖਹਿੰਦੀ ਹੋਈ ਪਾਸੇ ਨਿਕਲ ਗਈ। ਸਾਡੇ ਸਾਹ ਸੂਤੇ ਗਏ, ਪਰ ਜ਼ਾਹਰ ਹੈ, ਚਿਲੀਅਨ ਖਿਡਾਰੀਆਂ ਦਾ ਸਾਹ ਵਿਚ ਸਾਹ ਆਇਆ ਹੋਵੇਗਾ। ਗੁਰਨੀਤ ਮੈਨੂੰ ਦੱਸ ਰਿਹਾ ਸੀ ਕਿ ਇਗੂਆਈਨ ਬਹੁਤ ਸਮਰੱਥ ਖਿਡਾਰੀ ਹੈ, ਕੋਈ ਰੌਲਾ ਨਹੀਂ; ਪਰ ਉਸ ਨੇ ਜਰਮਨੀ ਖਿਲਾਫ ਵਿਸ਼ਵ ਕੱਪ ਫਾਈਨਲ ਮੁਕਾਬਲੇ ਦੌਰਾਨ ਐਨ ਇਸੇ ਤਰ੍ਹਾਂ ਹੀ ਗੋਲ ਕਰਨ ਦਾ ਸੁਨਹਿਰੀ ਮੌਕਾ ਗੁਆਇਆ ਸੀ।

ਇੰਨੇ ਨੂੰ ਮੋਬਾਈਲ ਦੀ ਘੰਟੀ ਖੜਕੀ। ਹਰਿੰਦਰ ਸਿੰਘ ਮਹਿਬੂਬ ਦੇ ਛੋਟੇ ਭਾਈ, ਸਾਡੇ ਮਿੱਤਰ ਡਾ. ਮਲਕੀਤ ਦਾ ਲੁਧਿਆਣੇ ਤੋਂ ਫੋਨ ਸੀ: ਮਹਿਜ਼ ਇਹ ਚਿੰਤਾ ਜ਼ਾਹਰ ਕਰਨ ਲਈ ਕਿ ਇਗੂਆਈਨ ਨੇ ਇਹ ਕੀ ਕਰ ਦਿੱਤਾ ਸੀ!

ਚਿਲੀਅਨ ਟੀਮ ਪਹਿਲਾਂ ਹੀ ਚੌਕੰਨੀ ਸੀ। ਲਗਾਤਾਰ ਮੰਡਰਾ ਰਹੇ ਖਤਰੇ ਦੇ ਲੰਘਦਿਆਂ ਸਾਰ ਉਹ ਪਹਿਲਾਂ ਤੋਂ ਵੀ ਵੱਧ ਚੌਕਸੀ ਨਾਲ ਮੈਸੀ ਦੇ ਸਿਰ ਹੋ ਗਏ; ਇਕ ਦੋ ਨਹੀਂ, ਬਲਕਿ 3-4 ਖਿਡਾਰੀ ਉਸ ਦੇ ਨਾਲ ਹੀ ਚੰਬੜ ਗਏ। ਉਹ ਮੈਸੀ ਦੀ ਲੈਅ ਤੋੜਨ ਲਈ ਐਨ ਉਨ੍ਹਾਂ ਹੀ ਹੱਥਕੰਡਿਆਂ 'ਤੇ ਉਤਰ ਆਏ ਸਨ ਜਿਹੜੇ 1982 ਦੇ ਦੂਜੇ ਹੀ ਗੇੜ ਦੇ ਫੈਸਲਾਕੁਨ ਮੁਕਾਬਲੇ ਦੌਰਾਨ ਕਦੀ ਇਤਾਲਵੀ ਫੁੱਟਬਾਲ ਟੀਮ ਨੇ 22 ਵਰ੍ਹਿਆਂ ਦੀ ਉਮਰ ਦੇ, ਆਪਣੀ ਪ੍ਰਤਿਭਾ ਦੇ ਸਿਖਰ 'ਤੇ ਚਲ ਰਹੇ ਮਾਰਾਡੋਨਾ ਦੀ ਲੈਅ ਨੂੰ ਬਰਬਾਦ ਕਰਨ ਲਈ ਅਪਨਾਏ ਸਨ। ਮਲਕੀਤ ਨੇ ਉਹ ਮੈਚ ਟੈਲੀਵਿਜ਼ਨ 'ਤੇ ਤੱਕਿਆ ਹੋਇਆ ਸੀ ਅਤੇ ਫੋਨ ਉਪਰ ਉਸ ਨੇ ਯਾਦ ਕਰਵਾਇਆ ਕਿ ਚਿਲੀਅਨ ਡਿਫੈਂਸ, ਮੈਸੀ ਨਾਲ ਐਨ ਉਸੇ ਤਰ੍ਹਾਂ ਕਰ ਰਿਹਾ ਹੈ। ਇਤਾਲਵੀ ਫੁੱਟਬਾਲ ਟੀਮ ਦੀਆਂ ਬਰਾਜ਼ੀਲ, ਅਰਜਨਟੀਨਾ, ਜਰਮਨੀ ਤੇ ਇੰਗਲੈਂਡ ਵਾਂਗ ਵੱਡੀਆਂ ਅਤੇ ਸ਼ਾਨਾਂਮਤੀਆਂ ਰਵਾਇਤਾਂ ਹਨ। ਕੱਪ ਚੁੱਕਿਆਂ 30-35 ਵਰ੍ਹੇ ਉਨ੍ਹਾਂ ਨੂੰ ਲੰਘ ਗਏ ਸਨ। ਕੈਬਰੀਨੀ, ਟਾਰਡੇਲੀ, ਗਰਾਜਿਆਨੀ, ਕੋਂਟੀ ਅਤੇ ਸਭ ਤੋਂ ਵੱਧ ਪਾਅਲੋ ਰੋਸੀ ਵਰਗੇ ਸਟਾਰ ਖਿਡਾਰੀਆਂ ਨਾਲ ਉਹ ਲੈਸ ਸਨ। 20ਵੀਂ ਸਦੀ ਦੇ ਸਭ ਤੋਂ ਸਖਤ ਜਾਨ ਡਿਫੈਂਸਿਵ ਮਿੱਡ ਫੀਲਡਰ ਕਲਾਦੀਓ ਜੈਨਟਾਇਲ ਦੀਆਂ ਸੇਵਾਵਾਂ ਉਨ੍ਹਾਂ ਨੂੰ ਹਾਸਲ ਸਨ। ਕਪਤਾਨ ਉਨ੍ਹਾਂ ਦਾ ਕੀਪਰ ਡੀਨੋ ਜ਼ੌਫ ਸੀ ਜਿਸ ਦੀ ਕੁਸ਼ਲਤਾ ਦਾ ਕੋਈ ਪਾਰਾਵਾਰ ਨਹੀਂ ਸੀ ਅਤੇ ਉਸ ਨੇ ਮੈਚ ਦੇ ਸਾਰੇ ਸਮੇਂ ਤੱਕ ਮਾਰਾਡੋਨਾ ਨੂੰ ਬੰਨ੍ਹ ਕੇ ਰੱਖੀ ਰੱਖਣ ਦੀ ਜ਼ਿੰਮੇਵਾਰੀ ਮੈਚ ਸ਼ੁਰੂ ਹੁੰਦਿਆਂ ਹੀ ਜੈਨਟਾਇਲ ਨੂੰ ਸੰਭਾਲ ਦਿੱਤੀ ਸੀ। ਦੂਜੇ ਗੇੜ ਵਿਚ ਤਿੰਨ-ਤਿੰਨ ਵੱਡੀਆਂ ਟੀਮਾਂ ਦੇ ਚਾਰ ਪੂਲ ਸਨ ਅਤੇ ਅਗਲਾ ਮੈਚ ਉਨ੍ਹਾਂ ਦੇ ਜ਼ੀਕੋ, ਸੌਕਰੇਟਸ, ਫਾਲਸਾਓ ਜੂਨੀਅਰ ਤੇ ਸੇਰਜੋ ਵਰਗੇ ਮਹਾਨ ਖਿਡਾਰੀਆਂ ਵਾਲੀ ਬਰਾਜ਼ੀਲੀਅਨ ਟੀਮ ਨਾਲ ਹੋਣਾ ਸੀ। ਰੂਸ ਅਤੇ ਪੋਲੈਂਡ ਦੀਆਂ ਉਨ੍ਹਾਂ ਵਕਤਾਂ ਦੀਆਂ ਸ਼ਕਤੀਸ਼ਾਲੀ ਟੀਮਾਂ ਪੂਲ ਏ ਵਿਚ ਸਨ। ਪਲਾਟੀਨੀ ਦੀ ਅਗਵਾਈ ਹੇਠ ਫਰਾਂਸੀਸੀ ਟੀਮ ਵੱਖਰੇ ਪੂਲ ਵਿਚ ਸੀ ਅਤੇ ਚੌਥੇ ਪੂਲ ਵਿਚ ਜਰਮਨ, ਮੇਜ਼ਬਾਨ ਸਪੇਨ ਅਤੇ ਇੰਗਲੈਂਡ ਦੀਆਂ ਟੀਮਾਂ ਕੜਿਆ ਰਹੀਆਂ ਸਨ। ਚਾਰਾਂ ਪੂਲਾਂ ਵਿਚੋਂ ਇਕ-ਇਕ ਟੀਮ ਨੇ ਹੀ ਅਗਾਂਹ ਸੈਮੀ ਫਾਈਨਲ ਵੱਲ ਜਾਣਾ ਸੀ। ਸੋ, ਮਾਰਾਡੋਨਾ ਨੂੰ ਹਰ ਹੱਥਕੰਡਾ ਵਰਤਦਿਆਂ ਰੋਕਣ ਲਈ ਡੀਨੋ ਜ਼ੌਫ ਦੀ ਤੱਦੀ ਦਾ ਰੈਸ਼ਨਲ ਸੀ।

ਕਲਾਡੀਓ ਜੈਨਟਾਇਲ ਨੇ ਕਪਤਾਨ ਡੀਨੋ ਜ਼ੌਫ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਮੈਚ ਦੌਰਾਨ ਉਹਨੇ ਮਾਰਾਡੋਨਾ ਰੂਪੀ 'ਤੂਫਾਨ' ਨੂੰ ਜਕੜੀ ਰੱਖਿਆ। ਗਲਤ ਜਾਂ ਠੀਕ, ਉਸ ਦਾ ਉਹ ਕੌਤਕ ਵਿਸ਼ਵ ਕੱਪ ਫੁੱਟਬਾਲ ਦੀਆਂ ਦੰਤ-ਕਥਾਵਾਂ ਦਾ ਮੁੱਖ ਹਿੱਸਾ ਬਣ ਗਿਆ। ਇਟਲੀ ਦੀ ਟੀਮ 2-1 ਨਾਲ ਜੇਤੂ ਰਹੀ ਅਤੇ ਅਰਜਨਟੀਨਾ ਵੱਲੋਂ ਕਪਤਾਨ ਪੈਸੇਗਲਾ ਨੇ ਇਕ ਗੋਲ ਲਾਹਿਆ, ਪਰ ਉਹ ਆਪਣੀ ਟੀਮ ਨੂੰ ਹਾਰਨ ਤੋਂ ਬਚਾ ਨਾ ਸਕਿਆ। ਇਟਲੀ ਦੀ ਟੀਮ ਦਾ ਆਤਮ ਵਿਸ਼ਵਾਸ ਪਰਤ ਆਇਆ। ਅੱਗੇ ਬਰਾਜ਼ੀਲ ਦੀ ਮਹਾਨ ਟੀਮ ਨੂੰ ਉਹਨੇ 2 ਦੇ ਮੁਕਾਬਲੇ 3 ਗੋਲਾਂ ਨਾਲ ਹਰਾਇਆ। ਉਹ ਤਿੰਨੇ ਗੋਲ ਪਾਅਲੋ ਰੋਸੀ ਦੇ ਸਨ। ਉਹਨੇ ਉਸ ਮੈਚ ਵਿਚ ਹੈਟ੍ਰਿਕ ਮਾਰੀ, ਅਗਾਂਹ ਸੈਮੀ ਫਾਈਨਲ ਅਤੇ ਫਿਰ ਗੋਲਡ ਕੱਪ ਇਤਾਲਵੀ ਟੀਮ ਨੇ ਬੜੀ ਸ਼ਾਨ ਨਾਲ ਹਥਿਆਇਆ।

ਖੈਰ! ਗੱਲ ਅਸੀਂ ਮੈਸੀ ਅਤੇ ਚਿਲੀਅਨ ਟੀਮ ਦੀ ਕਰ ਰਹੇ ਸਾਂ। ਉਨ੍ਹਾਂ ਨੇ ਗੰਜ਼ਾਲੋ ਦੇ ਹਮਲੇ ਤੋਂ ਬਚਣ ਤੋਂ ਤੁਰੰਤ ਬਾਅਦ ਆਪਣੇ ਸਭ ਤੋਂ ਕਰੜੇ ਡਿਫੈਂਸਿਵ ਮਿੱਡ ਫੀਲਡਰ ਅਰਸੇਲੋ ਡੀਆਜ਼ ਨੂੰ 'ਘੁੱਗੀ ਵਾਂਗ ਮਾਸੂਮ' ਨਜ਼ਰ ਆਉਂਦੇ ਮੈਸੀ ਨੂੰ ਰੌਂਦਣ ਦੀ ਡਿਊਟੀ ਲਾ ਦਿੱਤੀ। ਡਿਆਜ਼ ਨੇ ਉਸ ਨੂੰ ਪਹਿਲੀ ਵਾਰੀ ਸੁੱਟਿਆ ਤਾਂ ਰੈਫਰੀ ਨੇ ਚਿਤਾਵਨੀ ਦਿੱਤੀ; ਦੂਜੀ ਵਾਰੀ ਉਹਨੂੰ ਪੀਲਾ ਕਾਰਡ ਦਿਖਾਇਆ ਗਿਆ, ਤੇ ਜਦੋਂ ਉਹ ਹਟਿਆ ਹੀ ਨਾ, ਤਾਂ ਖੇਡ ਦੇ ਅੱਧੇ ਕੁ ਘੰਟੇ ਵਿਚ ਹੀ ਉਸ ਨੂੰ ਦੂਜੀ ਵਾਰੀ ਪੀਲਾ ਕਾਰਡ ਦਿਖਾ ਦਿੱਤਾ।

ਰੈਫਰੀ ਦਾ ਕਦਮ ਸਹੀ ਸੀ, ਪਰ ਪਹਿਲੇ ਅੱਧ ਦੀ ਖੇਡ ਖਤਮ ਹੋਣ ਵਿਚ ਮਹਿਜ਼ 2-4 ਮਿੰਟ ਹੀ ਰਹਿੰਦੇ ਸਨ ਕਿ ਉਸੇ 'ਸਾਰਜੈਂਟ' ਨੇ ਮਾਨੋਂ ਮੈਚ ਨੂੰ ਸਾਵਾਂ ਕਰਨ ਦੀ ਸੋਚਦਿਆਂ ਅਰਜਨਟੀਨਾ ਦੇ ਮੱਧ ਪੰਕਤੀ ਦੇ ਖਿਡਾਰੀ ਮਾਰਕੋਸ ਰੋਖੋ ਦੀ ਕੁਤਾਹੀ 'ਤੇ ਉਸ ਨੂੰ ਸਿੱਧਾ ਹੀ ਲਾਲ ਕਾਰਡ ਦਿਖਾ ਕੇ ਗਰਾਊਂਡ ਵਿਚੋਂ ਬਾਹਰ ਕੱਢ ਦਿੱਤਾ। ਨਿਰਸੰਦੇਹ, ਉਹਨੇ ਤੇਜ਼ ਤਰਾਰ ਚਿਲੀਅਨ ਖਿਡਾਰੀ ਆਰਤੂਰੋ ਵੀਦਾਲ ਨੂੰ ਗਲਤ ਅੰਦਾਜ਼ ਵਿਚ ਟੈਕਲ ਕੀਤਾ ਸੀ। ਚਿਤਾਵਨੀ ਉਸ ਨੂੰ ਮਿਲਣੀ ਹੀ ਚਾਹੀਦੀ ਸੀ, ਪਰ ਮੈਚ ਨੂੰ ਆਪ ਦੀ ਤਰਫੋਂ ਪੂਰੇ ਗਹੁ ਨਾਲ ਦੇਖਦਿਆਂ ਲਾਲ ਛੱਡੋ, ਪੀਲਾ ਕਾਰਡ ਵੀ ਉਸ ਨੂੰ ਦਿਖਾਉਣ ਤੱਕ ਦੀ ਵਜ੍ਹਾ ਸਾਨੂੰ ਸਮਝ ਨਾ ਲੱਗੀ।

ਜ਼ਾਹਰ ਹੈ ਕਿ ਮੈਸੀ, ਗੰਜ਼ਾਲੋ ਇਗੂਆਇਨ

***(ਬਾਕੀ ਅਗਲੇ ਸਫੇ 'ਤੇ)***


***ਟੀਮ ਦੀ ਹਾਰ ਤੋਂ ਪਿੱਛੋਂ ਤਾਂ ਚੁਫੇਰੇ ਕਰੁਣਾ ਛਾਈ ਹੋਈ ਸੀ। ਮੈਸੀ ਦੇ ਚਿਹਰੇ 'ਤੇ ਭੋਲੇਪਣ ਅਤੇ ਬੇਵਸੀ ਨੂੰ ਤੱਕਦਿਆਂ ਦਿਲ ਮੂੰਹ ਨੂੰ ਆਉਣ ਨੂੰ ਕਰ ਰਿਹਾ ਸੀ। ਮੈਚ ਖਤਮ ਹੋਣ ਤੋਂ ਬਾਅਦ ਇਕ ਪਾਸੇ ਚਿਲੀਅਨ ਕੈਂਪ ਵਿਚ ਅਨੰਤ ਚਾਅ ਦਾ ਮਾਹੌਲ ਸੀ। ਚਿੱਲੀ ਦੀ ਰਾਜਧਾਨੀ ਸਾਂਤਿਆਗੋ ਵਿਚ ਜਸ਼ਨ ਸ਼ੁਰੂ ਹੋ ਗਏ ਸਨ। ਦੂਜੇ ਪਾਸੇ ਸਾਡੇ ਸਾਥੀਆਂ ਦੇ ਖੇਮੇ ਵਿਚ ਅਨੰਤ ਮਾਯੂਸੀ ਅਤੇ ਬੇਵਸੀ ਵਾਲਾ ਮਹੌਲ ਸੀ। ਟੀ.ਵੀ. ਸਕਰੀਨ ਉਪਰ ਮੈਸੀ ਦੀ ਉਦਾਸੀ ਦੇ ਇਕ ਤੋਂ ਬਾਅਦ ਇਕ ਬਿੰਬ ਫਲੈਸ਼ ਹੋ ਰਹੇ ਸਨ। ਕਿਧਰੇ ਅੰਖਿਲ ਦੀ ਮਾਰੀਆ ਉਸ ਨੂੰ ਪੈਰਾਂ 'ਤੇ ਖੜ੍ਹੇ ਹੋਣ ਲਈ ਮਦਦ ਕਰ ਰਿਹਾ ਸੀ; ਕਿਧਰੇ ਅਗੇਰੋ ਉਸ ਨੂੰ ਹੌਸਲਾ ਦੇ ਰਿਹਾ ਸੀ।***



***ਅਰਜਨਟੀਨਾ ਦੀ ਹਾਰ ਤੋਂ ਬਾਅਦ ਗਰਾਊਂਡ 'ਤੇ ਬੈਠਾ ਲਿਓਨਲ ਮੈਸੀ।***

# ਖੱਬਾ ਸੱਜਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਖੱਬਾ ਤੇ ਸੱਜਾ ਆਪਸ ਵਿਚ ਸਾਪੇਖਿਕ ਪਾਸੇ ਹਨ। ਇਸ ਦਾ ਭਾਵ ਹੈ ਕਿ ਕੋਈ ਵੀ ਪੱਕੀ ਦਿਸ਼ਾ ਇਨ੍ਹਾਂ ਦੇ ਸਮਾਨੰਤਰ ਨਹੀਂ ਹੈ। ਇਨ੍ਹਾਂ ਨੂੰ ਹਉਂ-ਕੇਂਦ੍ਰਿਤ ਦਿਸ਼ਾਵਾਂ ਕਹਿ ਸਕਦੇ ਹਾਂ ਕਿਉਂਕਿ ਇਹ ਹਰ ਵਿਅਕਤੀ ਦੀ ਸਥਿਤੀ ਅਨੁਸਾਰ ਨਿਜੀ ਹਨ। ਜੋ ਮੇਰੇ ਲਈ ਖੱਬਾ ਹੈ, ਉਹੀ ਮੇਰੇ ਸਾਹਮਣੇ ਖੜ੍ਹੇ ਵਿਅਕਤੀ ਲਈ ਸੱਜਾ ਹੈ। ਇਧਰ-ਉਧਰ ਹੋਰ ਖੜ੍ਹਿਆਂ ਦੀ ਸਥਿਤੀ ਸਮਝਾਉਣੀ ਹੋਵੇ ਤਾਂ ਬੜੇ ਵੇਰਵੇ ਦੇਣੇ ਪੈਣਗੇ। ਅਗਾੜੀ, ਪਿਛਾੜੀ, ਉਪਰ, ਥੱਲਾ ਆਦਿ ਵੀ ਅਜਿਹੀਆਂ ਹੀ ਦਿਸ਼ਾਵਾਂ ਹਨ। ਫਿਰ ਕੋਸ਼ਕਾਰ ਅਜਿਹੀਆਂ ਦਿਸ਼ਾਵਾਂ ਦੀ ਪਰਿਭਾਸ਼ਾ ਕਿਵੇਂ ਕਰੇਗਾ? ਸਪੱਸ਼ਟ ਹੈ ਕਿ ਉਸ ਨੂੰ ਕਿਸੇ ਪੱਕੀ ਦਿਸ਼ਾ ਦੇ ਸਬੰਧ ਵਿਚ ਹੀ ਇਨ੍ਹਾਂ ਦੀ ਸਥਿਤੀ ਸਮਝਾਉਣੀ ਪਵੇਗੀ। ਮਿਸਾਲ ਵਜੋਂ ਇਕ ਕੋਸ਼ ਨੇ ਖੱਬੇ ਦੀ ਪਰਿਭਾਸ਼ਾ ਦਿੰਦਿਆਂ ਲਿਖਿਆ ਹੈ, 'ਉਤਰ ਵੱਲ ਮੂੰਹ ਕਰਕੇ ਖੜ੍ਹੇ ਹੋਣ ਸਮੇਂ ਪੱਛਮ ਵਾਲਾ ਪਾਸਾ।' ਸਪੱਸ਼ਟ ਹੈ, ਇਥੇ ਕੁਦਰਤੀ ਪੱਕੀਆਂ ਦਿਸ਼ਾਵਾਂ ਯਾਨਿ ਉਤਰ ਤੇ ਪੱਛਮ ਨੂੰ ਹਵਾਲੇ ਵਜੋਂ ਵਰਤਿਆ ਗਿਆ ਹੈ। ਇਕ ਹੋਰ ਕੋਸ਼ ਨੇ ਕੰਮ ਕੁਝ ਸੁਖਾਲਾ ਕਰ ਦਿੱਤਾ ਹੈ, 'ਆਮ ਤੌਰ 'ਤੇ ਮਨੁੱਖ ਦੇ ਦਿਲ ਵਾਲਾ ਪਾਸਾ।' ਇਥੇ 'ਆਮ ਤੌਰ 'ਤੇ' ਇਸ ਲਈ ਲਾਉਣਾ ਪਿਆ ਕਿਉਂਕਿ ਕਦੇ ਕਦਾਈਂ ਸੱਜੇ ਪਾਸੇ ਦਿਲ ਰਖਦੇ ਲੋਕ ਵੀ ਮਿਲ ਜਾਂਦੇ ਹਨ।

ਅਸੀਂ ਨਾਵਲਾਂ ਆਦਿ ਵਿਚ ਅਕਸਰ ਹੀ ਪੜ੍ਹਦੇ ਹਾਂ, 'ਨਦੀ ਦਾ ਸੱਜਾ ਕੰਢਾ।' ਜ਼ਿਕਰ ਕੀਤੀ ਜਾ ਰਹੀ ਨਦੀ ਦੇ ਖੱਬੇ ਸੱਜੇ ਕਿਧਰ-ਕਿਧਰ ਹਨ? ਨਾਲੇ ਨਦੀ ਦਾ ਤਾਂ ਦਿਲ ਹੀ ਨਹੀਂ ਹੁੰਦਾ, ਫਿਰ ਇਸ ਦੇ ਸੱਜੇ ਕੰਢੇ ਦਾ ਕਿਵੇਂ ਪਤਾ ਲੱਗੇਗਾ? ਨਦੀ ਆਦਿ ਦੇ ਮਾਮਲੇ ਵਿਚ ਰਵਾਇਤ ਇਹ ਹੈ ਕਿ ਜਿਧਰੋਂ ਪਾਣੀ ਆ ਰਿਹਾ ਹੈ ਜੇ ਉਧਰ ਮੂੰਹ ਕਰਕੇ ਖੜ੍ਹੇ ਹੋ ਜਾਈਏ ਤਾਂ ਖੜ੍ਹੇ ਹੋਣ ਵਾਲੇ ਵਿਅਕਤੀ ਦਾ ਖੱਬਾ ਪਾਸਾ ਨਦੀ ਦਾ ਸੱਜਾ ਕੰਢਾ ਕਹਾਉਂਦਾ ਹੈ। ਜਿਧਰੋਂ ਪਾਣੀ ਆ ਰਿਹਾ ਹੈ, ਉਹ ਪਾਸਾ ਸਿਰ ਵਾਲਾ ਤੇ ਜਿਧਰ ਜਾ ਰਿਹਾ ਹੈ, ਉਹ ਪਾਸਾ ਪੈਰ ਵਾਲਾ। ਚਲਦੀ ਨਦੀ ਨੂੰ ਜੀਵਿਤ ਪ੍ਰਾਣੀ ਦਾ ਰੂਪਕ ਬਣਾਇਆ ਗਿਆ ਹੈ।

ਕੁਝ ਇੱਕ ਭਾਸ਼ਾਵਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਸੱਜਾ, ਖੱਬਾ ਤਾਂ ਕੀ ਉਪਰ, ਥੱਲੇ ਲਈ ਵੀ ਸ਼ਬਦ ਨਹੀਂ ਹਨ। ਇਨ੍ਹਾਂ ਭਾਸ਼ਾਵਾਂ ਵਿਚ ਵਿਅਕਤੀ ਦੇ ਸਬੰਧ ਵਿਚ ਕਿਸੇ ਚੀਜ਼ ਦੀ ਸਥਿਤੀ ਦਰਸਾਉਣੀ ਹੋਵੇ ਤਾਂ ਪੱਕੀਆਂ ਦਿਸ਼ਾਵਾਂ ਤੋਂ ਕੰਮ ਲਿਆ ਜਾਂਦਾ ਹੈ। ਮਿਸਾਲ ਵਜੋਂ 'ਤੈਨੂੰ ਦੀਹਦਾ ਨਹੀਂ, ਤੇਰੇ ਸੱਜੇ ਪਾਸੇ ਟਮਾਟਰ ਦਾ ਬੂਟਾ ਹੈ?' ਕਹਿਣ ਦੀ ਬਜਾਏ ਅਜਿਹੀ ਭਾਸ਼ਾ ਬੋਲਣ ਵਾਲੇ ਕਹਿਣਗੇ, 'ਤੈਨੂੰ ਦੀਹਦਾ ਨਹੀਂ, ਟਮਾਟਰ ਦਾ ਬੂਟਾ ਤੈਥੋਂ ਦੱਖਣ ਦੀ ਦਿਸ਼ਾ ਵੱਲ ਹੈ?'

ਆਮ ਤੌਰ 'ਤੇ ਸੱਜਾ ਹੱਥ ਤਕੜਾ ਅਤੇ ਖੱਬਾ ਕਮਜ਼ੋਰ ਹੁੰਦਾ ਹੈ। ਇਸ ਲਈ ਕੋਈ ਕੰਮ ਸੱਜੇ ਹੱਥ ਨਾਲ ਸੌਖਿਆਂ ਹੋ ਸਕਦਾ ਹੈ ਪਰ ਖੱਬੇ ਨਾਲ ਕੀਤਿਆਂ ਜਾਂ ਤਾਂ ਔਖਿਆਈ ਮਹਿਸੂਸ ਹੁੰਦੀ ਹੈ ਜਾਂ ਅਟਪਟਾ ਜਿਹਾ ਲਗਦਾ ਹੈ। ਇਸ ਲਈ ਮੁਹਾਵਰਾ ਵੀ ਹੈ, 'ਇਹ ਤਾਂ ਮੇਰੇ ਖੱਬੇ ਹੱਥ ਦਾ ਕੰਮ ਹੈ।' ਵਾਰਿਸ ਸ਼ਾਹ ਨੇ ਸੱਜੇ ਹੱਥ ਦੀ ਮਹਿਮਾ ਕੀਤੀ ਹੈ,

ਜਿਹੜੇ ਪੀਰ ਦੀ ਮਿਹਰ ਮਨਜ਼ੂਰ ਹੋਏ,
ਘਰ ਤਿਨ੍ਹਾਂ ਦੇ ਪੀਰੀਆਂ ਮੀਰੀਆਂ ਨੀ।
ਰੋਜ਼ ਹਸ਼ਰ ਦੇ ਪੀਰ ਦੇ ਤਾਲਬਾਂ ਨੂੰ,
ਹੱਥ ਸਜਣੇ ਮਿਲਣਗੀਆਂ ਚੀਰੀਆਂ ਨੀ।

ਹਥਿਆਰ ਆਦਿ ਸੱਜੇ ਹੱਥ ਨਾਲ ਚਲਾਏ ਜਾਂਦੇ ਹਨ। ਫਜ਼ਲ ਸ਼ਾਹ ਦੀ ਸੋਹਣੀ ਵਿਚੋਂ ਮਿਸਾਲ ਪੇਸ਼ ਹੈ,

ਧਣਵਾਂ ਪਗੜ ਬਹਾਦਰਾਂ, ਹੱਥ ਖੱਬੇ ਫੜੀਆਂ।
ਉਨ੍ਹਾਂ ਸੱਜੇ ਚਿਲਾ ਖਿੱਚਿਆ,
ਖਿਚ ਕੰਨੀਂ ਖੜੀਆਂ।
ਜੋਗ ਜਿਵੇਂ ਸੰਨਯਾਸੀਆਂ,
ਚੁਕ ਬਾਹੀਂ ਖੜ੍ਹੀਆਂ।
ਗੁਣ ਬੋਲਣ ਮਾਰੂ ਲੱਖ ਰਾਗ,
ਬੰਦ ਰੋਗਨ ਜੜੀਆਂ।

ਖਬਚੂ ਲੋਕਾਂ ਦੀ ਗਿਣਤੀ ਘਟ ਹੀ ਹੁੰਦੀ ਹੈ, ਇਸ ਲਈ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਵਰਤੇ ਜਾਂਦੇ ਖੱਬਾ ਸ਼ਬਦ ਦਾ ਵਿਸਤ੍ਰਿਤ ਅਰਥ, ਕੁਢੱਬਾ ਜਿਹਾ ਵੀ ਹੈ ਜਿਵੇਂ ਲਾਤੀਨੀ ਵਲੋਂ ਆਏ Sinister ਦਾ ਅਰਥ ਖੱਬਾ ਦੇ ਨਾਲ ਨਾਲ ਮਨਹੂਸ, ਘਟੀਆ, ਅਸ਼ੁਭ ਜਿਹਾ ਵੀ ਹੈ। ਇਸੇ ਤਰ੍ਹਾਂ ਅੰਗਰੇਜ਼ੀ Right ਦਾ ਅਰਥ 'ਠੀਕ, ਸਹੀ' ਵੀ ਹੈ। ਕੁਝ ਅਪਵਾਦ ਵੀ ਹੁੰਦੇ ਹਨ। ਖੱਬੇ ਹੱਥ ਨਾਲ ਸੌਖੀ ਤਰ੍ਹਾਂ ਕੰਮ ਕਰਨ ਵਾਲੇ ਨੂੰ ਖੱਬੂ ਜਾਂ ਖਬਚੂ ਕਿਹਾ ਜਾਂਦਾ ਹੈ। ਕੁਲਦੀਪ ਰਸੀਲਾ ਅਤੇ ਮਿਸ ਪੂਜਾ ਦੇ ਇਕ ਗੀਤ ਵਿਚ ਰਸੀਲੇ ਦੇ ਬੋਲ ਹਨ, 'ਆਥਣ ਵੇਲੇ ਖੱਬਾ ਸੱਜਾ ਕਰਨਾ ਪੈਂਦਾ ਏ।' ਮਤਲਬ ਮੁਫਲਸੀ ਦੀ ਹਾਲਤ ਵਿਚ ਦਾਰੂ ਪੀਣ ਲਈ ਇਧਰ-ਉਧਰ ਹੱਥ ਪੈਰ ਮਾਰਨੇ ਪੈਂਦੇ ਹਨ।

ਚੀਨ ਦੀ ਇਕ ਪੁਰਾਣੀ ਭਾਸ਼ਾ ਵਿਚ ਖੱਬਾ ਸ਼ਬਦ ਦਾ ਅਰਥ ਬੇਰੁਜ਼ਗਾਰੀ ਅਤੇ ਸੱਜਾ ਦਾ ਅਰਥ ਤਰੱਕੀ ਹੈ। ਦੂਜੇ ਪਾਸੇ ਰਾਜਨੀਤੀ ਵਿਚ ਅਗਾਂਹਵਧੂ ਜਾਂ ਗਰਮ ਦ੍ਰਿਸ਼ਟੀਕੋਣ ਰੱਖਣ ਵਾਲਿਆਂ ਨੂੰ ਖੱਬਾ ਜਾਂ ਖੱਬੇ ਪੱਖੀ ਕਿਹਾ ਜਾਂਦਾ ਹੈ; ਵਿਰੋਧੀਆਂ ਵਲੋਂ ਅਜਿਹੇ ਲੋਕਾਂ ਨੂੰ ਨਿਖੇਧੀ-ਸੂਚਕ ਖੱਬੂ ਕਿਹਾ ਜਾਂਦਾ ਹੈ। ਦੂਜੇ ਪਾਸੇ ਪਿਛਾਂਹ ਖਿਚੂਆਂ ਜਾਂ ਰੂੜੀਵਾਦੀਆਂ ਲਈ ਸੱਜਾ, ਸੱਜੇ ਪੱਖੀ ਅਤੇ ਨਿਖੇਧੀ-ਸੂਚਕ ਸੱਜੂ ਸ਼ਬਦ ਪ੍ਰਚਲਿਤ ਹਨ। ਫਰਾਂਸੀਸੀ ਇਨਕਲਾਬ ਸਮੇਂ ਲੋਕਤੰਤਰਕ ਅਤੇ ਉਦਾਰਵਾਦੀ ਮੈਂਬਰਾਂ ਨੂੰ ਪਾਰਲੀਮੈਂਟ ਸਦਨ ਦੇ ਖੱਬੇ ਪਾਸੇ ਵਾਲੀਆਂ ਸੀਟਾਂ 'ਤੇ ਬਿਠਾਇਆ ਜਾਂਦਾ ਸੀ ਤੇ ਦੂਜਿਆਂ ਨੂੰ ਸੱਜੇ ਪਾਸੇ ਵਾਲੀਆਂ 'ਤੇ। ਖੱਬਾ, ਸੱਜਾ ਸ਼ਬਦਾਂ ਦੇ ਰਾਜਨੀਤਕ ਅਰਥ ਇਥੋਂ ਪ੍ਰਚਲਿਤ ਹੋਏ।

ਅਜੋਕੀਆਂ ਹਿੰਦ-ਆਰੀਆਈ ਭਾਸ਼ਾਵਾਂ ਵਿਚ ਪੰਜਾਬੀ ਤੋਂ ਬਿਨਾ ਸ਼ਾਇਦ ਰਾਜਸਥਾਨੀ ਅਤੇ ਸਿੰਧੀ ਵਿਚ ਹੀ ਸੱਜਾ-ਖੱਬਾ ਨਾਲ ਮਿਲਦੇ-ਜੁਲਦੇ ਸ਼ਬਦ ਵਰਤੇ ਜਾਂਦੇ ਹਨ, ਬਾਕੀਆਂ ਵਿਚ ਬਾਇਆਂ-ਦਾਇਆਂ ਜਿਹੇ ਸ਼ਬਦ ਹੀ ਚਲਦੇ ਹਨ। ਪਰ ਪੰਜਾਬੀ ਖੱਬਾ-ਸੱਜਾ ਸ਼ਬਦਾਂ ਦੀਆਂ ਜੜ੍ਹਾਂ ਸੰਸਕ੍ਰਿਤ ਵਿਚ ਹਨ। ਸੱਜੇ-ਖੱਬੇ ਪਾਸਿਆਂ ਦੇ ਮਾਮਲੇ ਵਿਚ ਤਾਂ ਮਸਲਾ ਕੁਝ ਸੁਲਝਿਆ ਮਲੂਮ ਹੁੰਦਾ ਹੈ ਪਰ ਇਨ੍ਹਾਂ ਨੂੰ ਦਰਸਾਉਂਦੇ ਸ਼ਬਦਾਂ ਦੇ ਆਪਣੇ ਇਤਿਹਾਸ ਵਿਚ ਕੁਝ ਗੜਬੜੀ ਹੈ। ਸੱਜਾ ਖੱਬਾ ਬਣ ਜਾਂਦਾ ਹੈ ਤੇ ਖੱਬਾ ਸੱਜਾ। ਸੰਸਕ੍ਰਿਤ ਵਿਚ ਇਕ ਸ਼ਬਦ ਹੈ 'ਸਵਯ' ਜਿਸ ਦੇ ਅਰਥ ਖੱਬਾ ਤੇ ਸੱਜਾ-ਦੋਵੇਂ ਹੁੰਦੇ ਹਨ। ਕੋਸ਼ਕਾਰਾਂ ਦਾ ਵਿਚਾਰ ਹੈ ਕਿ ਇਸ ਸ਼ਬਦ ਦਾ ਹੋਰ ਪਿਛਲਾ ਰੂਪ 'ਸਕਵਯ+ਕ' ਹੋ ਸਕਦਾ ਹੈ। ਸ਼ਾਇਦ ਪਹਿਲਾ 'ਸ' 'ਸੁ' ਅਗੇਤਰ ਹੈ ਜਿਸ ਵਿਚ ਚੰਗਾ, ਸ਼ੁਭ ਦੇ ਭਾਵ ਹਨ। ਜ਼ਰਾ ਸਵਯ ਸ਼ਬਦ ਦੇ ਸੰਸਕ੍ਰਿਤ ਵਿਚ ਮੁਖ ਅਰਥ ਗਿਣ ਲਈਏ: ਖੱਬਾ, ਖੱਬਾ ਹੱਥ; ਖੱਬੇ ਦਾ ਉਲਟ ਅਰਥਾਤ ਸੱਜਾ, ਦੱਖਣ, ਦੱਖਣੀ; ਉਲਟਾ, ਪੁੱਠਾ, ਪਿਛਾਂਹਖਿਚੂ; ਖੱਬੇ ਮੋਢੇ 'ਤੇ ਪਾਇਆ ਜਨੇਊ, ਅਣਚੋਪੜਿਆ, ਰੁੱਖਾ ਸੁੱਕਾ। ਰਿਗਵੇਦ ਵਿਚ ਸਵਯ ਦਾ ਅਰਥ ਖੱਬਾ ਹੈ। ਪ੍ਰਾਕ੍ਰਿਤ ਸੱਵ ਦਾ ਅਰਥ ਵੀ ਖੱਬਾ ਹੈ। ਮਰਾਠੀ ਵਿਚ ਉਤਰ ਦਿਸ਼ਾ ਲਈ ਨਿਖੇਧੀਯੋਗ ਸ਼ਬਦ 'ਸਵ' ਵੀ ਹੈ। ਦੂਜੇ ਪਾਸੇ ਆਪਟੇ ਦੇ ਸੰਸਕ੍ਰਿਤ ਕੋਸ਼ ਅਨੁਸਾਰ ਅਵਸਵਯ ਜਾਂ ਅਪਸਵਯ ਦਾ ਅਰਥ ਹੈ, 'ਨਖੱਬਾ, ਸੱਜਾ।' ਇਥੇ ਅਵ/ਅਪ ਨਾਂਹਸੂਚਕ ਅਗੇਤਰ ਹਨ। ਪਲੈਟਸ ਅਤੇ ਫੈਲਨ ਅਨੁਸਾਰ ਵੀ ਖੱਬਾ ਸ਼ਬਦ ਸਵਯ ਤੋਂ ਵਿਕਸਿਤ ਹੋਇਆ ਹੈ। 'ਸਵਯ ਅਪਸਵਯ' ਸ਼ਬਦ ਜੁੱਟ ਦਾ ਅਰਥ ਹੈ, 1. ਖੱਬਾ ਸੱਜਾ 2. ਗਲਤ ਸਹੀ।

ਇਸ ਤਰ੍ਹਾਂ ਉਪਰੋਕਤ ਚਰਚਾ ਤੋਂ ਮੋਟੇ ਤੌਰ 'ਤੇ ਇਸ ਗੱਲ ਦਾ ਪਤਾ ਲਗਦਾ ਹੈ ਕਿ ਸੰਸਕ੍ਰਿਤ ਵਿਚ ਸਵਯ ਸ਼ਬਦ ਤੋਂ ਖੱਬਾ ਅਤੇ ਸੱਜਾ-ਦੋਨੋਂ ਭਾਵ ਲਏ ਜਾਂਦੇ ਸਨ। ਭਾਸ਼ਾਵਾਂ ਵਿਚ ਅਜਿਹੇ ਭਾਣੇ ਅਕਸਰ ਵਰਤ ਜਾਂਦੇ ਹਨ। ਆਉਣ ਵਾਲਾ ਦਿਨ ਵੀ ਕਲ੍ਹ ਹੈ ਤੇ ਬੀਤਿਆ ਵੀ ਕਲ੍ਹ ਹੈ। ਲਿਖੇ ਹੋਏ ਕਿਸੇ ਫਿਕਰੇ ਦੇ ਅਖੀਰਲੇ ਸ਼ਬਦ ਨੂੰ ਅਗਲਾ ਸ਼ਬਦ ਜਾਂ ਪਿਛਲਾ ਸ਼ਬਦ ਕਿਹਾ ਜਾਵੇਗਾ? ਪੰਜਾਬੀ ਵਿਚ ਸਵਯ ਸ਼ਬਦ ਨੇ ਵਿਕਾਸ ਪਾ ਕੇ ਧੁਨੀ ਤੇ ਅਰਥ ਪੱਖੋਂ ਦੋ ਵੱਖੋ ਵੱਖਰੇ ਸ਼ਬਦ ਰੂੜ ਕਰ ਲਏ। ਸ਼ਿਆਮ ਦੇਵ ਪਰਾਸ਼ਰ ਨੇ ਵੀ ਆਪਣੀ ਪੁਸਤਕ 'ਸੰਸਕ੍ਰਿਤ ਤਥਾ ਪੰਜਾਬੀ ਕੇ ਸਬੰਧ' ਵਿਚ ਅਜਿਹਾ ਹੀ ਕਿਹਾ ਹੈ। ਲਿਲੀ ਟਰਨਰ ਨੇ ਅਤੇ ਉਸ ਦੀ ਰੀਸੇ ਗ. ਸ. ਰਿਆਲ ਨੇ ਖੱਬਾ ਸ਼ਬਦ ਦੀ ਵਿਉਤਪਤੀ



ਸੰਸਕ੍ਰਿਤ ਖਰਵ (ਛੋਟਾ) ਤੋਂ ਦੱਸੀ ਹੈ। ਸ਼ਿਆਮ ਦੇਵ ਪਰਾਸ਼ਰ ਅਨੁਸਾਰ "ਅਜਿਹਾ ਪ੍ਰਤੀਤ ਹੁੰਦਾ ਹੈ ਕਿ ਖਰਵੋ ਹਰਿਸਵਸ਼ਚ ਵਾਮਨ: (ਅਮਰਕੋਸ਼) ਅਨੁਸਾਰ ਸੰਸਕ੍ਰਿਤ ਦੇ 'ਵਾਮਨ' ਸ਼ਬਦ ਜਿਸ ਦਾ ਅਰਥ ਬੌਨਾ ਹੁੰਦਾ ਹੈ, 'ਬਾਯਾਂ' ਅਰਥ ਦਾ ਵਾਚਕ ਸਮਝੇ ਕੇ ਸੰਸਕ੍ਰਿਤ 'ਖਰਵ' (ਠਿੰਗਣਾ) ਨੂੰ ਵੀ 'ਬਾਯਾਂ' ਅਰਥ ਦਾ ਵਾਚਕ ਸਮਝ ਲਿਆ ਗਿਆ ਹੈ। ਅਸਲ ਵਿਚ ਬਾਯਾਂ ਦਾ ਮੂਲ ਸੰਸਕ੍ਰਿਤ ਸ਼ਬਦ ਵਾਮ ਹੈ, ਨਾ ਕਿ ਵਾਮਨ। ਪੰਜਾਬੀ ਦੇ ਖੱਬਾ ਸ਼ਬਦ ਤੋਂ ਇਉਂ ਵੀ ਪ੍ਰਤੀਤ ਹੁੰਦਾ ਹੈ ਕਿ ਕਿਸੇ ਸਮੇਂ ਸੰਸਕ੍ਰਿਤ ਸਵਯ ਦਰਅਸਲ ਸ਼ਵਯ (ਦੇਵਨਾਗਰੀ ਦਾ ਵਿਡ-ਪਾਤਵਾਂ ਅੱਖਰ 'ਸ਼' ਜੋ 'ਖ' ਵਿਚ ਬਦਲ ਜਾਂਦਾ ਹੈ ਜਿਵੇਂ ਸ਼ੜਯੰਤਰ ਤੋਂ ਖੜਯੰਤਰ) ਸ਼ਬਦ ਦਾ ਉਚਾਰਣ ਸ਼ਵਯ ਰਿਹਾ ਹੋਵੇਗਾ ਜੋ ਕਾਲਅੰਤਰ ਨਾਲ ਖੱਬਾ ਰੂਪ ਵਿਚ ਪਲਟ ਗਿਆ।"

ਦੂਜੇ ਪਾਸੇ ਸਵਯ ਤੋਂ ਸੱਜਾ ਬਣਨਾ ਵਧੇਰੇ ਸਹਿਜ ਹੈ। ਗ. ਸ. ਰਿਆਲ ਨੇ ਆਪਣੇ 'ਪੰਜਾਬੀ ਭਾਸ਼ਾ ਦੇ ਨਿਰੁਕਤ ਕੋਸ਼' ਵਿਚ ਤਿਆਰ, ਲੈਸ, ਸੁਆਰਿਆ, ਸਜਾਇਆ ਆਦਿ ਦੇ ਅਰਥਾਂ ਵਾਲੇ ਸੰਸਕ੍ਰਿਤ ਸ਼ਬਦ 'ਸੱਜ' ਤੋਂ ਵਿਉਤਪਤ ਹੋਇਆ ਦੱਸਿਆ ਹੈ ਜੋ ਕਿ ਸਰੀਰ ਦੇ ਸੱਜੇ ਅੰਗ ਦੇ ਵਧੇਰੇ ਤਕੜੇ ਜਾਂ ਤਤਪਰ ਹੋਣ ਵੱਲ ਸੰਕੇਤ ਕਰਦੇ ਹਨ। ਕੁਝ ਇਸ ਤਰ੍ਹਾਂ ਜਿਵੇਂ ਸੱਜਾ ਉਹ ਹੈ, ਜਿਸ ਨੂੰ ਹਥਿਆਰਾਂ ਨਾਲ ਸਜਾਇਆ ਗਿਆ ਹੈ। ਵਿਆਖਿਆ ਕੁਝ ਕਾਵਿਕ ਜਿਹੀ ਲਗਦੀ ਹੈ।

ਇਕ ਵਿਚਾਰ ਹੈ ਕਿ ਸਵਯ ਸ਼ਬਦ ਭਾਰੋਪੀ ਖਾਸੇ ਵਾਲਾ ਹੈ। ਇਸ ਦਾ ਭਾਰੋਪੀ ਮੂਲ 'ਸਕੇਹਿਵੋ' (Skehiwo) ਜਿਹਾ ਕਲਪਿਆ ਗਿਆ ਹੈ। ਪ੍ਰਾਚੀਨ ਗਰੀਸ ਵਿਚ ਇਸ ਤੋਂ ਬਣਦੇ ਸ਼ਬਦ ਸਕਾਇਸ ਦਾ ਅਰਥ ਖੱਬਾ ਅਤੇ ਪੱਛਮੀ ਤੋਂ ਇਲਾਵਾ ਖਰਵਾ, ਕੱਬਾ, ਕੁਢੱਬਾ ਆਦਿ ਹੈ। ਗਰੀਕ ਕੋਸ਼ 'ਲਿਡਲ ਐਂਡ ਸਕੌਟ' ਅਨੁਸਾਰ ਪੱਛਮ ਦੀ ਦਿਸ਼ਾ ਉਤਰ ਦੇ ਖੱਬੇ ਪਾਸੇ ਹੁੰਦੀ ਹੈ ਕਿਉਂਕਿ ਗਰੀਕ ਹਰੁਸਪੋਪ (ਪੁੱਛਾਂ ਦੇਣ ਵਾਲਾ) ਦਾ ਮੂੰਹ ਹਮੇਸ਼ਾ ਉਤਰ ਦੀ ਦਿਸ਼ਾ ਵੱਲ ਹੁੰਦਾ ਹੈ, ਇਸ ਲਈ ਪੱਛਮ ਦਿਸ਼ਾ ਉਸ ਦੇ ਖੱਬੇ ਪਾਸੇ ਹੋਈ। ਸਜਾਤੀ ਲਾਤੀਨੀ ਸ਼ਬਦ Scaevus ਦੇ ਅਰਥ ਹਨ: ਖੱਬਾ, ਖੱਬਾ ਪਾਸਾ; ਅਭਾਗਾ। ਟਰਨਰ ਅਨੁਸਾਰ ਪੰਜਾਬੀ ਕੱਬਾ ਸ਼ਬਦ ਖੱਬਾ ਦਾ ਹੀ ਵਿਕਸਿਤ ਰੂਪ ਹੈ। ਮਸਲਾ ਬੜਾ ਟੇਢਾ ਜਿਹਾ ਹੈ। ਦਿਸ਼ਾਵਾਂ ਬਾਰੇ ਹੋਰ ਦਿਲਚਸਪ ਚਰਚਾ ਹੁੰਦੀ ਰਹੇਗੀ।

# ਚੇਤਿਆਂ ਵਿਚ ਫੁੱਟਬਾਲ-1


*(ਪਿਛਲੇ ਸਫੇ ਦੀ ਬਾਕੀ)*

ਜਾਂ ਅੰਖਿਲ ਦੀ ਮਾਰੀਆ ਦੀ ਕਰਤਾਰੀ ਖੇਡ ਦੇਖਣ ਦੀ ਸਾਡੀ ਰੀਝ ਪਹਿਲਾਂ ਤਾਂ ਚਿਲੀਅਨ ਟੀਮ ਦੀ ਮਾਰਖੋਰੀ ਯੁੱਧਨੀਤੀ ਨੇ ਪੰਕਚਰ ਕੀਤੀ ਅਤੇ ਰਹਿੰਦੀ ਖੂੰਹਦੀ ਖੇਹ ਰੈਫਰੀ ਹੱਥੋਂ ਹੋ ਗਈ। ਦੂਜੇ ਅੱਧ ਦੀ ਖੇਡ ਦੌਰਾਨ ਖੁਦ ਮੈਸੀ ਨੂੰ ਪੀਲਾ ਕਾਰਡ ਦਿਖਾ ਕੇ ਮੈਚ ਦੇ ਸਿਖਰ ਵੱਲ ਜਾਣ ਦੀ ਸਾਰੀ ਸੰਭਾਵਨਾ ਹੀ ਜਾਇਆ ਕਰ ਦਿੱਤੀ। ਮੈਚ ਦੇ ਆਮ ਸਮੇਂ ਤੱਕ ਕੋਈ ਗੋਲ ਨਾ ਹੋਇਆ ਤਾਂ ਅੱਧੇ ਘੰਟੇ ਦੀ ਵਾਧੂ ਸਮੇਂ ਦੌਰਾਨ ਵੀ ਦੋਵਾਂ ਟੀਮਾਂ ਨੇ ਇਕ ਦੂਜੇ ਉਪਰ ਹਾਵੀ ਹੋਣ ਦੀ ਪੂਰੀ ਵਾਹ ਲਗਾਈ। ਅਰਜਨਟੀਨਾ ਦੇ ਮੈਸੀ, ਮੈਸ਼ਰਾਨੋ ਤੇ ਅਗੇਰੋ, ਤਿੰਨਾਂ ਨੇ ਚਿਲੀਅਨ ਗੋਲਾਂ 'ਤੇ ਰਾਕਟਾਂ ਵਾਂਗ ਕਿੱਕਾਂ ਦਾਗੀਆਂ, ਪਰ ਕਪਤਾਨ ਕਲਾਦੀਓ ਬਰਾਵੋ ਨੇ ਉਨ੍ਹਾਂ ਦੀਆਂ ਸਭ ਕੋਸ਼ਿਸ਼ਾਂ ਉਵੇਂ ਹੀ ਨਿਹਫਲ ਕਰ ਦਿੱਤੀਆਂ, ਜਿਵੇਂ ਇਤਾਲਵੀ ਕੀਪਰ ਕਪਤਾਨ ਡੀਨੋ ਜ਼ੋਫ ਨੇ 34 ਵਰ੍ਹੇ ਪਹਿਲਾਂ ਉਨ੍ਹਾਂ ਦੇ ਮਹਾਨ ਪੁਰਖਿਆਂ ਦੇ 'ਰਾਕਟ' ਜਾਇਆ ਕੀਤੇ ਸਨ।

ਮੈਚ ਪੈਨਲਟੀ ਕਿੱਕਾਂ 'ਤੇ ਆ ਗਿਆ। ਇਸੇ ਦੌਰਾਨ ਮੋਬਾਈਲ ਦੀ ਘੰਟੀ ਕੇਰਾਂ ਮੁੜ ਖੜਕੀ। ਵੈਨਕੂਵਰ ਤੋਂ ਮਿੱਤਰ ਰਛਪਾਲ ਗਿੱਲ ਦੀ ਕਾਲ ਸੀ। ਉਸ ਦਾ ਕਹਿਣਾ ਸੀ, 'ਬੱਲ ਹੁਣ ਤਾਂ ਡਰ ਜਿਹਾ ਲੱਗਦਾ ਹੈ!' ਸਾਨੂੰ ਫੁੱਟਬਾਲ ਦੀ ਸੁੰਦਰ ਖੇਡ ਦੇ ਸਾਰੇ ਜਲਵੇ ਉਪਰ ਕਿਸੇ ਯੂਨਾਨੀ ਦੁਖਾਂਤ ਦਾ ਸਾਇਆ ਮੰਡਰਾਉਂਦਾ ਨਜ਼ਰ ਆ ਰਿਹਾ ਸੀ!

ਖੈਰ, ਟਾਸ ਪਿਆ ਅਤੇ ਡਰਾਮੇ ਦਾ ਸਿਖਰਲਾ ਸੀਨ ਸ਼ੁਰੂ ਹੋਇਆ। ਪਹਿਲੀ ਪੈਨਲਟੀ ਕਿੱਕ ਚਿਲੀਅਨ ਖਿਡਾਰੀ ਵੀਦਾਲ ਨੇ ਬੜੇ ਆਤਮ ਵਿਸ਼ਵਾਸ ਨਾਲ ਮਾਰੀ, ਪਰ ਅਰਜਨਟੀਨਾ ਦੇ ਗੋਲ ਕੀਪਰ ਰਿਮੇਰੋ ਨੇ ਚਕ੍ਰਿਤ ਕਰਨ ਵਾਲੇ ਅੰਦਾਜ਼ ਨਾਲ ਛਲਾਂਗ ਲਾ ਕੇ ਬਾਲ ਰੋਕ ਲਈ ਅਤੇ ਉਸ ਦੀ ਇਸ ਸਫਲਤਾ ਦੇ ਨਾਲ ਹੀ 'ਡਰਾਮੇ' ਦੇ ਸੁਖਾਂਤ ਵਿਚ ਢਲਣ ਦੀਆਂ ਸਾਡੀਆਂ ਉਮੀਦਾਂ ਹਰੀਆਂ ਹੋ ਗਈਆਂ। ਵੀਦਾਲ ਤੋਂ ਬਾਅਦ ਅਰਜਨਟੀਨਾ ਵੱਲੋਂ ਪਹਿਲੀ ਕਿੱਕ ਲੈਣ ਲਈ ਮੈਸੀ ਖੁਦ ਅੱਗੇ ਆਇਆ। ਹੁਣ ਕਪਤਾਨ ਮੈਸੀ ਕਪਤਾਨ ਬਰਾਵੋ ਦੇ ਸਾਹਮਣੇ ਸੀ। ਦੋਵੇਂ ਪਿਛਲੇ ਕਈ ਵਰ੍ਹਿਆਂ ਤੋਂ ਸਪੈਨਿਸ਼ ਲੀਗ ਅੰਦਰ ਜਗਤ ਪ੍ਰਸਿਧ ਬਾਰਸੀਲੋਨਾ ਕਲੱਬ ਵਿਚ ਖੇਡਦੇ ਰਹੇ। ਦੋਵੇਂ ਗੂੜ੍ਹੇ ਮਿੱਤਰ ਹਨ ਅਤੇ ਦੋਵਾਂ ਨੇ ਮਿਲ ਕੇ ਫੁੱਟਬਾਲ ਜਗਤ ਅੰਦਰ ਇਕ ਨਹੀਂ, ਬਲਕਿ ਅਨੇਕਾਂ ਕੀਰਤੀਮਾਨ ਸਥਾਪਤ ਕੀਤੇ ਹੋਏ ਹਨ। ਉਸ ਵਕਤ ਦੋਵੇਂ 'ਮਹਾਂਬਲੀ' ਕੀ ਸੋਚ ਰਹੇ ਹੋਣਗੇ? ਪਰ ਹੋਇਆ ਉਥੇ ਇਹ ਕਿ 'ਪਾਂਡਵਾਂ ਦੀ ਫੌਜ ਦਾ ਮੋਹਰੀ, ਫੁੱਟਬਾਲ ਜਗਤ ਦਾ ਅਜੋਕਾ ਯੁਧਿਸ਼ਟਰ ਆਪਣਾ 'ਅਗਨ ਬਾਣ' ਪੋਸਟ ਵੱਲ ਸਿੱਧਾ ਸੇਧਣ ਦੀ ਜਗ੍ਹਾ ਗੋਲ ਪੋਸਟ ਤੋਂ ਬਾਹਰ ਵੱਲ ਹੀ ਸੇਧ ਗਿਆ। ਮਾਨੋ ਉਹਨੇ ਆਪਣੇ ਗੂੜ੍ਹੇ ਮਿੱਤਰ ਕਲਾਦੀਓ ਬਰਾਵੋ ਨੂੰ 'ਧਰਮ ਸੰਕਟ' ਵਿਚ ਪਾਇਆ ਹੀ ਨਾ!

ਇਸ ਤੋਂ ਬਾਅਦ ਦੋਵਾਂ ਟੀਮਾਂ ਦੇ ਦੋ ਦੋ ਖਿਡਾਰੀਆਂ ਨੇ ਗੋਲ ਕੀਤੇ, ਪਰ ਬਰਾਵੋ ਨੇ ਲੂਕਸ ਬਿਗਲੀਆ ਦੀ ਚੌਥੀ ਪੈਨਲਟੀ ਰੋਕ ਲਈ ਜਦੋਂ ਕਿ ਅਰਜਨਟੀਨਾ ਦਾ ਕੀਪਰ ਰਿਮੇਰੋ, ਸਿਲਵਾ ਦੀ ਕਿੱਕ ਦੀ ਦਿਸ਼ਾ ਸਹੀ ਜੱਜ ਨਾ ਕਰ ਸਕਿਆ। ਮੈਚ ਦਾ ਫੈਸਲਾ 2-4 ਨਾਲ ਹੋ ਗਿਆ ਸੀ। ਇਹ ਤ੍ਰਾਸਦੀ ਲਿਓਨਲ ਮੈਸੀ ਦੀ ਹੀ ਸੀ ਜਾਂ ਉਸ ਦੇ ਕਰੋੜਾਂ ਅਰਜਨਟੀਨੀ ਪ੍ਰਸ਼ੰਸਕਾਂ ਦੀ, ਜਾਂ ਖੁਦ ਸਾਡੀ ਆਪਣੀ ਸੀ, ਸਮਝ ਤੋਂ ਬਾਹਰ ਸੀ। ਇਹ ਚੌਥੀ ਵਾਰ ਸੀ ਕਿ ਮੈਸੀ ਵੱਖ ਵੱਖ ਅਹਿਮ ਟੂਰਨਾਮੈਂਟਾਂ ਦੇ ਫਾਈਨਲ ਤੱਕ ਆਪਣੀ ਟੀਮ ਨੂੰ ਲਿਜਾਂਦਾ ਰਿਹਾ ਸੀ ਅਤੇ ਪੈਨਲਟੀ ਕਿੱਕਾਂ 'ਤੇ ਜਾ ਕੇ ਉਸ ਦੀ ਹਾਰ ਹੁੰਦੀ ਰਹੀ ਸੀ। ਕੇਹੀ ਸੁੰਦਰ ਖੇਡ ਸੀ, ਤੇ ਕੇਹਾ ਕਹਿਰ ਸਾਨੂੰ ਇਹ ਦੇਖਣਾ ਪੈ ਰਿਹਾ ਸੀ!



*ਪੈਨਲਟੀ ਸ਼ੂਟਆਊਟ ਦੌਰਾਨ ਪੈਨਲਟੀ ਮਿਸ ਹੋਣ 'ਤੇ ਨਿਰਾਸ਼ ਹੋਇਆ ਮੈਸੀ।*

ਇਸ ਮਹਾਂ ਦੁਖਾਂਤ ਦੇ ਆਸਾਰ ਤਾਂ ਨਾਇਕ ਦੀ ਪਹਿਲੀ ਕਿੱਕ ਮਿੱਸ ਹੋਣ 'ਤੇ ਹੀ ਬਣ ਗਏ ਸਨ, ਪਰ ਟੀਮ ਦੀ ਹਾਰ ਤੋਂ ਪਿੱਛੋਂ ਤਾਂ ਚੁਫੇਰੇ ਕਰੁਣਾ ਛਾਈ ਹੋਈ ਨਜ਼ਰ ਆ ਰਹੀ ਸੀ। ਮੈਸੀ ਦੇ ਚਿਹਰੇ 'ਤੇ ਭੋਲੇਪਣ ਅਤੇ ਬੇਵਸੀ ਨੂੰ ਤੱਕਦਿਆਂ ਦਿਲ ਮੂੰਹ ਨੂੰ ਆਉਣ ਨੂੰ ਕਰ ਰਿਹਾ ਸੀ। ਮੈਚ ਖਤਮ ਹੋਣ ਤੋਂ ਬਾਅਦ ਇਕ ਪਾਸੇ ਚਿਲੀਅਨ ਕੈਂਪ ਵਿਚ ਅਨੰਤ ਚਾਅ ਦਾ ਮਾਹੌਲ ਸੀ, ਖਿਡਾਰੀ ਖੁਸ਼ੀਆਂ ਮਨਾ ਰਹੇ ਸਨ, ਇਕ ਦੂਜੇ ਨੂੰ ਜੱਫੀਆਂ ਪਾ ਰਹੇ ਸਨ। ਉਨ੍ਹਾਂ ਦੇ ਰਾਸ਼ਟਰਪਤੀ ਨੇ ਜਿੱਤ ਦੀ ਖੁਸ਼ੀ ਵਿਚ ਅਗਲੇ ਦਿਨ ਛੁੱਟੀ ਦਾ ਐਲਾਨ ਕਰ ਦਿੱਤਾ ਸੀ। ਰਾਜਧਾਨੀ ਸਾਂਤਿਆਗੋ ਵਿਚ ਜਸ਼ਨ ਸ਼ੁਰੂ ਹੋ ਗਏ ਸਨ ਜਿਹੜੇ ਅਗਲਾ ਪੂਰਾ ਹਫਤਾ ਚੱਲਣੇ ਸਨ। ਦੂਜੇ ਪਾਸੇ ਸਾਡੇ ਸਾਥੀਆਂ ਦੇ ਖੇਮੇ ਵਿਚ ਅਨੰਤ ਮਾਯੂਸੀ ਅਤੇ ਬੇਵਸੀ ਵਾਲਾ ਮਹੌਲ ਸੀ। ਟੀ.ਵੀ. ਸਕਰੀਨ ਉਪਰ ਮੈਸੀ ਦੀ ਉਦਾਸੀ ਦੇ ਇਕ ਤੋਂ ਬਾਅਦ ਇਕ ਬਿੰਬ ਫਲੈਸ਼ ਹੋ ਰਹੇ ਸਨ। ਕਿਧਰੇ ਅੰਖਿਲ ਦੀ ਮਾਰੀਆ ਉਸ ਨੂੰ ਪੈਰਾਂ 'ਤੇ ਖੜ੍ਹੇ ਹੋਣ ਲਈ ਮਦਦ ਕਰ ਰਿਹਾ ਸੀ; ਕਿਧਰੇ ਅਗੇਰੋ ਉਸ ਨੂੰ ਹੌਸਲਾ ਦੇ ਰਿਹਾ ਸੀ...

...ਮੇਰੇ ਨੇੜੇ ਬੈਠਾ ਗੁਰਨੀਤ ਕਹਿ ਰਿਹਾ ਸੀ ਕਿ ਬਹੁਤ ਮਾੜਾ ਹੋਇਆ ਹੈ... ਅਖੇ, ਏਨਾ ਦੁੱਖ ਤਾਂ ਵਿਸ਼ਵ ਕੱਪ ਫਾਈਨਲ ਵਿਚ ਉਨ੍ਹਾਂ ਦੇ ਜਰਮਨਾਂ ਹੱਥੋਂ ਹਾਰ ਜਾਣ 'ਤੇ ਵੀ ਨਹੀਂ ਸੀ ਹੋਇਆ।

ਇਹ ਸੁਣ ਕੇ ਮੈਨੂੰ ਹਰਿੰਦਰ ਸਿੰਘ ਮਹਿਬੂਬ ਦਾ ਕਥਨ ਯਾਦ ਆ ਗਿਆ। ਉਹ ਦੱਸਦੇ ਹੁੰਦੇ ਸਨ ਕਿ ਸ਼ੁਰੂ ਸ਼ੁਰੂ ਵਿਚ ਉਨ੍ਹਾਂ ਨੂੰ ਭਾਰਤੀ ਹਾਕੀ ਟੀਮ ਨਾਲ ਡਾਢੀ ਉਨਸ ਸੀ ਅਤੇ 1960 ਦੀ ਰੋਮ ਉਲੰਪਿਕ ਜਦੋਂ ਉਹ ਪਹਿਲੀ ਵਾਰੀ ਪਾਕਿਸਤਾਨ ਹੱਥੋਂ ਫਾਈਨਲ ਮੈਚ ਵਿਚ ਇਕ ਗੋਲ 'ਤੇ ਹਾਰੀ ਤਾਂ ਕਈ ਦਿਨਾਂ ਲਈ ਉਨ੍ਹਾਂ ਦੀ ਭੁੱਖ ਹੀ ਮਰ ਗਈ ਸੀ, ਪਰ ਬੜੀ ਜਲਦੀ ਨਜ਼ਰੀਆ ਬਦਲ ਜਾਣ 'ਤੇ ਉਨ੍ਹਾਂ ਦੇ ਕੇਸ ਵਿਚ ਗੱਲ ਉਲਟੀ ਹੋ ਗਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਸਭ ਤੋਂ ਵੱਧ ਤਸੱਲੀ ਨਵੀਂ ਦਿੱਲੀ ਏਸ਼ੀਅਨ ਖੇਡਾਂ ਦੇ ਫਾਈਨਲ ਵਿਚ ਉਸ ਸਮੇਂ ਹੋਈ ਸੀ ਜਦੋਂ ਪਾਕਿਸਤਾਨੀ ਟੀਮ ਨੇ ਭਾਰਤ ਨੂੰ ਇਕ ਦੇ ਮੁਕਾਬਲੇ 7 ਗੋਲਾਂ ਨਾਲ ਦਰੜ ਸੁੱਟਿਆ ਸੀ। ਰੇਲਵੇ ਵਾਲਾ ਬਲਬੀਰ ਉਨ੍ਹਾਂ ਦਾ ਭਣੇਈਆ ਸੀ ਤੇ ਉਹ ਆਪਣੇ ਵਕਤਾਂ ਦੀ ਦੰਤ-ਕਥਾ ਸੀ। ਪਾਕਿਸਤਾਨ ਖਿਲਾਫ ਫਾਈਨਲ ਵਿਚ ਉਸ ਦਾ ਅਲੌਕਿਕ ਅੰਦਾਜ਼ ਵਿਚ ਕੀਤਾ ਗੋਲ ਲੋਕਾਂ ਨੂੰ ਅੱਜ ਤੱਕ ਵੀ ਯਾਦ ਹੈ, ਪਰ ਰੇਲਵੇ ਵੱਲੋਂ ਪੂਰੇ 20 ਸਾਲ ਖੇਡਦਿਆਂ ਉਹ ਲਗਾਤਾਰ ਜਿਸ ਤਰ੍ਹਾਂ ਦੇ ਜਲਵੇ ਖੜ੍ਹੇ ਕਰਦਾ ਰਿਹਾ ਸੀ, ਉਹ ਵੀ ਅੱਜ ਤੱਕ ਲੋਕਾਂ ਨੂੰ ਭੁੱਲੇ ਨਹੀਂ ਹਨ। ਉਹ ਪ੍ਰਿਥੀਪਾਲ ਸਿੰਘ ਦੇ ਵੀ ਤਕੜੇ ਮਦਾਹ ਸਨ, ਪਰ ਪਾਕਿਸਤਾਨ ਦੇ ਸਮੀਉਲਾ, ਕਲੀਮਉਲਾ, ਸ਼ਹਿਨਾਜ਼, ਮਨਜ਼ੂਰ, ਰਸ਼ੀਦ, ਇਸਲਾ-ਓ-ਦੀਨ, ਸ਼ਾਹਬਾਜ਼ ਦੀ ਖੇਡ ਕਲਾ ਦੀ ਗੱਲ ਉਹ ਅਕਸਰ ਏਨੇ ਅਧਿਕਾਰ ਨਾਲ ਕਰਦੇ ਸਨ, ਜਿਵੇਂ ਖੁਦ ਉਨ੍ਹਾਂ ਨਾਲ ਖੇਡਦੇ ਰਹੇ ਹੋਣ। ਇਹ ਇਵੇਂ ਹੀ ਸੀ ਜਿਵੇਂ ਉਨ੍ਹਾਂ ਦੇ ਗੂੜ੍ਹੇ ਮਿੱਤਰ ਅਤੇ 'ਭੁਤਵਾੜਾ' ਅਕੈਡਮੀ ਦੇ ਦਿਨਾਂ ਦੇ ਉਨ੍ਹਾਂ ਦੇ ਸਾਥੀ ਲਾਲੀ ਬਾਬਾ ਪੇਲੇ, ਗਰਿੰਚਾ, ਹਿਵੇਲੀਨੋ, ਸੌਕਰੇਟਸ, ਜ਼ੀਕੋ, ਜੋਹਾਨ ਕਰੂਫ, ਕਿਊਬੀਲਾਸ (ਪੀਰੂ) ਆਦਿ ਫੁੱਟਬਾਲ ਖਿਡਾਰੀਆਂ ਦੀ ਕਰਤਾਰੀ ਖੇਡ ਕਲਾ ਦੇ ਸੁਹੱਪਣ ਦੀ ਚਰਚਾ ਅਕਸਰ ਕਰਦੇ ਸਨ। ਦੋਵਾਂ ਮਹਾਂ ਪੁਰਖਾਂ ਨੂੰ ਵਿਸ਼ਵ ਸਾਹਿਤ, ਕਲਾ ਅਤੇ ਦਰਸ਼ਨ ਦੇ ਨਾਲ ਨਾਲ ਖੇਡਾਂ ਵਿਚ ਵੀ ਏਨੀ ਦਿਲਚਸਪੀ ਸੀ ਕਿ ਜ਼ਿੰਦਗੀ ਦੇ ਸੁਹੱਪਣ ਲਈ ਉਨ੍ਹਾਂ ਦੀ ਤਾਂਘ ਅਤੇ ਜਜ਼ਬੇ ਨੂੰ ਵਿੰਹਦਿਆਂ ਬੜੀ ਹੈਰਾਨੀ ਹੋਇਆ ਕਰਦੀ ਸੀ।

(ਚਲਦਾ)

# ਜੰਗਲ ਵਿਨਾਸ਼: ਜੰਗਲ ਨਹੀਂ ਤਾਂ ਮਨੁੱਖ ਵੀ ਨਹੀਂ

ਭਾਰਤ ਸਰਕਾਰ ਦੇ ਵਣਾਂ ਦਾ ਆਹਲਾ ਅਫਸਰ ਜਨਰਲ ਨਰੈਣ ਬਚਖੇਤੀ ਇਕ ਵਾਰ ਆਪਣੇ ਸਾਹਮਣੇ ਜੰਗਲ ਕਟਾਈ ਬਨਾਮ ਜੰਗਲ ਉਗਾਈ ਦੇ ਨਕਸ਼ੇ ਰੱਖੀ ਝੂਰ ਰਿਹਾ ਸੀ, "ਮਨੁੱਖੀ ਵਿਕਾਸ ਵਿਚ ਸਿਆਣਿਆਂ ਨੇ ਤਿੰਨ ਪੜਾਅ ਮੰਨੇ ਹਨ। ਜੰਗਲ ਪ੍ਰਧਾਨ ਸਭਿਅਤਾਵਾਂ ਦਾ ਦੌਰ, ਜੰਗਲ ਉਪਰ ਕਾਬੂ ਪਾ ਰਹੀਆਂ ਸਭਿਅਤਾਵਾਂ ਦਾ ਦੌਰ ਅਤੇ ਉਹ ਸਭਿਅਤਾਵਾਂ ਜੋ ਜੰਗਲਾਂ 'ਤੇ ਪੂਰੀ ਤਰ੍ਹਾਂ ਹਾਵੀ ਹੋ ਚੁਕੀਆਂ ਹਨ। ਦੁੱਖ ਦੀ ਗੱਲ ਹੈ ਕਿ ਸਾਡਾ ਦੇਸ਼ ਤੀਜੇ ਪੜਾਅ ਵਿਚੋਂ ਲੰਘ ਰਿਹਾ ਹੈ, ਜਿਸ ਵਿਚ ਕੇਵਲ ਜੰਗਲਾਂ ਦਾ ਹੀ ਨਹੀਂ ਸਗੋਂ ਸਭਿਅਤਾਵਾਂ ਦਾ ਵੀ ਵਿਨਾਸ਼ ਹੋਣ ਦਾ ਡਰ ਪੈਦਾ ਹੋ ਚੁਕਾ ਹੈ।"

ਅਸੀਂ ਜੰਗਲਾਂ ਦੀ ਸਮੁੱਚੀ ਕਾਇਨਾਤ ਅਤੇ ਮਨੁੱਖ ਨੂੰ ਦੇਣ ਬਾਰੇ ਡੂੰਘਾਈ 'ਚ ਨਹੀਂ ਜਾਣਦੇ।

**ਵਿਜੈ ਬੰਬੇਲੀ**
ਫੋਨ: 91-94634-39075

ਜੰਗਲਾਂ ਦੇ ਲਾਭ ਦੋ ਤਰ੍ਹਾਂ ਦੇ ਹਨ-ਪ੍ਰੱਤਖ ਅਤੇ ਅਪ੍ਰੱਤਖ। ਪ੍ਰਤੱਖ ਲਾਭਾਂ ਪ੍ਰਤੀ ਵੀ ਅਸੀਂ ਹਾਬੜੀ ਚਾਲ ਤੁਰੇ ਹੋਏ ਹਾਂ। ਜੀਵਨ ਨੂੰ ਸੰਭਵ ਬਣਾਉਣ ਵਾਲੇ ਅਪ੍ਰੱਤਖ ਲਾਭਾਂ ਬਾਰੇ ਅਸੀਂ ਉਦੋਂ ਤੋਂ ਹੀ ਸੋਚਣ ਲੱਗੇ ਹਾਂ ਜਦ ਜੰਗਲ ਰੁੱਸ ਗਏ। ਅੱਜ ਦੇ ਪਦਾਰਥਵਾਦੀ ਮਨੁੱਖ ਨੇ ਜੰਗਲਾਂ ਦੇ ਪ੍ਰਤੱਖ ਲਾਭਾਂ ਨੂੰ ਹੀ ਤਰਜੀਹ ਦਿੰਦੇ ਹੋਏ ਉਨ੍ਹਾਂ ਦੇ ਅਸਿੱਧੇ ਲਾਭਾਂ ਨੂੰ ਅੱਖੋਂ-ਪਰੋਖੇ ਕੀਤਾ ਹੋਇਆ ਹੈ। ਸਿੱਟੇ ਵਜੋਂ ਜੰਗਲਾਂ ਦਾ ਵਿਨਾਸ਼ ਲਗਾਤਾਰ ਜਾਰੀ ਹੈ।

ਜੰਗਲ ਮਿੱਟੀ ਦੀ ਬਣਤਰ ਘੜਨ ਵਾਲੇ ਕਾਰਖਾਨੇ ਹਨ। ਇਹ ਜੀਵਾਂ ਲਈ ਆਕਸੀਜਨ ਅਤੇ ਖਾਧ ਪਦਾਰਥ ਦੇਣ ਵਾਲੀਆਂ ਲੋਕ-ਗਾਥਾਵਾਂ ਵਾਲੀਆਂ 'ਕਪਿਲਾ ਗਊਆਂ' ਹਨ। ਇਹ ਵਰਖਾ ਨੂੰ ਪ੍ਰੇਰਿਤ ਕਰਦੇ ਹਨ। ਇਸੇ ਲਈ ਇਹ ਨਦੀਆਂ ਦੇ ਵੀ ਜਨਮ ਦਾਤੇ ਹਨ। ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ ਅਤੇ ਵਰਖਾ ਦਾ ਜੰਗਲਾਂ ਨਾਲ ਚੋਲੀ-ਦਾਮਨ ਵਾਲਾ ਰਿਸ਼ਤਾ ਹੈ। ਦੱਖਣ ਭਾਰਤ ਦੀਆਂ ਬਹੁਤੀਆਂ ਨਦੀਆਂ ਦੇ ਉਗਮਣ ਸਥਾਨ ਘਣੇ ਜੰਗਲ ਹੀ ਹਨ। ਜੰਗਲ ਜਲ ਨੂੰ ਸਾਡੇ ਪੀਣ, ਵਰਤਣ ਤੇ ਸਿੰਚਾਈ ਲਈ ਇਕ ਰਾਖਵੇਂ ਭੰਡਾਰ ਵਾਂਗ ਆਪਣੀਆਂ ਜੜ੍ਹਾਂ ਰਾਹੀਂ ਸੰਭਾਲ ਲੈਂਦੇ ਹਨ। ਮਿੱਟੀ ਰੁੜ੍ਹਨ ਨਹੀਂ ਦਿੰਦੇ। ਮੁਕਦੀ ਗੱਲ, ਔੜ ਅਤੇ ਹੜ੍ਹ-ਦੋਹਾਂ ਹਾਲਤਾਂ ਵਿਚ ਹੀ ਇਹ ਸਾਡੇ ਲਈ ਵਰਦਾਨ ਹਨ।

**ਵਣਾਂ ਵਿਹੂਣੀ ਭੂਮੀ ਜਾਂ ਹਰਿਆਵਲੀ ਧਰਤੀ, ਬਿਰਖਾਂ ਸੰਗ ਸੰਵਾਦ ਜਾਂ ਉਨ੍ਹਾਂ ਵੱਲ ਬੇ-ਪ੍ਰਤੀਤੀ, ਗੁਟਕਦੇ ਪੰਛੀਆਂ ਦਾ ਬਸੇਰਾ ਜਾਂ ਵੀਰਾਨਗੀ, ਉਪਜਾਊ ਮਿੱਟੀ ਦੀਆਂ ਬਰਕਤਾਂ ਜਾਂ ਵੀਰਾਨ ਮਾਰੂਥਲ, ਕੁਦਰਤਾਂ ਦੀਆਂ ਬਖਸ਼ਿਸ਼ਾਂ ਨਾਲ ਭਰੇ ਦਾਮਨ ਜਾਂ ਖਾਲੀ ਝੋਲੀਆਂ, ਕੁਦਰਤ ਦੇ ਪਾਲਕ ਜਾਂ ਵਿਨਾਸ਼ਕ, ਜਲ-ਕੁੰਡ ਜਾਂ ਕੰਕਰੀਟ ਦੇ ਜੰਗਲ, ਨਮੀ ਯੁਕਤ ਰੁਮਕਦੀਆਂ ਪੌਣਾਂ ਜਾਂ ਪਿੰਡਾ ਲੂਹੰਦਾ ਤਾਪਮਾਨ, ਸਾਫ ਸੁਥਰੇ ਸਾਹ ਜਾਂ ਪਲੀਤ ਹਵਾਵਾਂ, ਗਰਭ ਤੋਂ ਲੈ ਕੇ ਸਿਵਿਆਂ ਤੱਕ ਦਾ ਸਾਥ ਜਾਂ...ਜਾਂ?**

ਭਾਰਤ ਸਰਕਾਰ ਦੇ ਵਣ-ਅੰਕੜੇ ਦੱਸਦੇ ਹਨ ਕਿ ਪਿਛਲੇ ਤਿੰਨ ਦਹਾਕਿਆਂ ਵਿਚ ਹੀ 45 ਲੱਖ ਹੈਕਟਰ ਜੰਗਲੀ ਰਕਬਾ ਪੂਰੀ ਤਰ੍ਹਾਂ ਅਲੋਪ ਹੋ ਚੁਕਿਆ ਹੈ। ਹਰਿਆਵਲੀ ਪਰਤ ਭੁਰੀ ਅਤੇ ਨੰਗੀ ਮਿੱਟੀ ਨੂੰ ਥਾਂ ਦੇ ਰਹੀ ਹੈ। ਇਹੋ ਵਿਨਾਸ਼ ਪਰਬਤਾਂ ਦਾ ਮੁਹਾਂਦਰਾ ਬਦਲ ਰਿਹਾ ਹੈ। ਭੋਂ-ਰੋੜ੍ਹ ਦੀ ਸਮੱਸਿਆ ਹੋਰ ਤੇਜ਼ ਹੋ ਰਹੀ ਹੈ। ਭੋਂ-ਮਾਹਿਰ ਕਮਲਾ ਚੌਧਰੀ ਨੇ ਚੇਤਾਵਨੀ ਦਿੱਤੀ ਹੈ, "ਗੰਗਾ ਦਾ ਮੈਦਾਨ ਆਉਂਦੇ ਦੋ ਦਹਾਕਿਆਂ ਤਾਈਂ ਮਾਰੂਥਲ ਬਣ ਸਕਦਾ ਹੈ।" ਵਾਤਾਵਰਣ ਯੋਜਨਾਬੰਦੀ ਵਾਲੇ ਬੀ.ਬੀ. ਵੋਹਰਾ ਦੇ ਕਥਨ ਅਨੁਸਾਰ, "ਜੰਗਲਾਂ ਦੇ ਵਿਨਾਸ਼ ਕਾਰਨ ਹਰ ਸਾਲ ਹਜ਼ਾਰਾਂ ਟਨ ਉਪਰਲੀ ਮਿੱਟੀ ਰੁੜ੍ਹਦੀ ਜਾ ਰਹੀ ਹੈ। ਹੁਣ ਤੱਕ ਸਾਡੇ ਦੇਸ਼ ਦੀ 7 ਫੀਸਦੀ ਵਾਹੀਯੋਗ ਭੂਮੀ ਵੀਰਾਨ ਹੋ ਚੁਕੀ ਹੈ। ਇਹ ਖੇਤਰ ਸਾਡੀਆਂ ਸਾਲਾਨਾ ਲੋੜਾਂ ਦਾ ਅੱਧਾ ਅਨਾਜ ਪੈਦਾ ਕਰ ਸਕਦਾ ਹੈ। ਦੇਸ਼ ਦੀ ਕੁਲ 306 ਮਿਲੀਅਨ ਵਾਹੀਯੋਗ ਭੂਮੀ ਵਿਚੋਂ 145 ਮਿਲੀਅਨ ਹੈਕਟਰ (45%) ਭੋਂ-ਖੋਰ ਦੀ ਮਾਰ ਹੇਠਾਂ ਆ ਚੁਕੀ ਹੈ। ਇਸ ਨੂੰ ਤੁਰਤ ਭੋਂ ਅਤੇ ਜਲ ਸੰਭਾਲ ਕਾਰਜਾਂ ਦੀ ਲੋੜ ਹੈ। ਇਸ ਨਾਲ ਨਦੀਆਂ ਵਿਚਲੀ ਗਾਰ ਨੇ ਦੇਸ਼ ਦੀਆਂ ਪ੍ਰਮੁੱਖ ਨਦੀ ਘਾਟੀ ਯੋਜਨਾਵਾਂ ਉਪਰ ਭੈੜਾ ਪ੍ਰਭਾਵ ਪਾਇਆ ਹੈ। ਇਹ ਯੋਜਨਾਵਾਂ ਦੇਸ਼ ਲਈ ਅੱਧਿਉਂ ਵੱਧ ਬਿਜਲੀ ਅਤੇ ਇਕ ਚੌਥਾਈ ਸਿੰਜਾਈ ਪ੍ਰਦਾਨ ਕਰ ਰਹੀਆਂ ਹਨ। ਖਤਰੇ ਹੋਰ ਵੀ ਵਧ ਰਹੇ ਹਨ। ਜਿਉਂ ਜਿਉਂ ਇਸ ਤਬਾਹੀ ਦੇ ਅੰਕੜੇ ਸਾਹਮਣੇ ਆ ਰਹੇ ਹਨ, ਤਿਉਂ ਤਿਉਂ ਸੰਭਾਵੀ ਬਰਬਾਦੀ ਦਾ ਭੂਤ ਹੋਰ ਡਰਾਉਣਾ ਬਣਦਾ ਜਾ ਰਿਹਾ ਹੈ। ਇਨ੍ਹਾਂ ਖਤਰਿਆਂ ਦੇ ਭਾਵੀ ਸੰਕਟ ਨੂੰ ਭਾਂਪ ਕੇ ਹੀ ਕੁਦਰਤੀ ਮਾਹਿਰ ਡਾ. ਐਨ. ਡੀ. ਜਿਆਲ ਨੇ ਸਖਤ ਸ਼ਬਦਾਂ 'ਚ ਕਿਹਾ, "ਦਿੱਲੀ ਅਤੇ ਰਾਜਾਂ ਦੀਆਂ ਰਾਜਧਾਨੀਆਂ ਦੇ ਸ਼ੀਸ਼-ਮਹਿਲਾਂ ਵਿਚ ਬੈਠੇ ਲੋਕ ਇਸ ਗੱਲ ਨੂੰ ਉਕਾ ਨਹੀਂ ਮਹਿਸੂਸ ਕਰ ਰਹੇ ਕਿ ਦੂਰ ਹਿਮਾਲਿਆਈ ਢਲਾਣਾਂ 'ਤੇ ਡਿੱਗਾ ਇਕ ਰੁੱਖ ਜਾਂ ਉਥੋਂ ਦਾ ਮਾਮੂਲੀ ਜਿਹਾ ਭੋਂ-ਖਿਸਕਾਅ ਵੀ ਮਨੁੱਖੀ ਸੰਕਟ ਨੂੰ ਹੋਰ ਗਹਿਰਾ ਕਰ ਜਾਂਦਾ ਹੈ।"

ਲੱਗਦਾ ਹੈ, ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿਚ ਉਦੋਂ ਧੂੜ ਵਿਚ ਬਦਲ ਗਿਆ ਜਦ ਜੰਗਲ ਰੁੱਸ ਗਏ। ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਮਾਰੂਥਲ ਦੇ ਜਨਮ ਨਾਲ ਹੋਇਆ। ਮੌਜੂਦਾ ਮਾਰੂਥਲ (ਰੇਗਿਸਤਾਨ) ਮਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੋਂ-ਖੋਰ ਹੈ।

ਮੈਸੋਪਟਾਮੀਆ, ਫਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ, ਉਰ, ਸੁਮੇਰੀਆ, ਬੈਬੇਲੀਨ ਅਤੇ ਅਸੀਰੀਆ ਕਈ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖਤ ਸਨ। ਕਲ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿੰਕਦਰ ਦਾ ਹਰਿਆ ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ 'ਤੇ ਝੂਰ ਰਿਹਾ ਹੈ। ਕਿਉਂ? ਇਨ੍ਹਾਂ ਜੰਗਲਾਂ ਦੀ ਅਜ਼ਮਤ ਜੁ ਲੀਰੋ-ਲੀਰ ਕਰ ਦਿੱਤੀ ਸੀ। ਸਾਡੇ ਆਪਣੇ ਮੋਹੰਜਦਾੜੋ ਤੇ ਹੜੱਪਾ ਵਰਗੇ ਸੱਭਿਅਕ ਖਿੱਤਿਆਂ ਦੀ ਕੀ ਬਣਿਆ? ਅਜੋਕੀਆਂ ਬਰਤਾਨਵੀ, ਫਰਾਂਸੀਸੀ ਅਤੇ ਡੱਚ ਸ਼ਹਿਨਸ਼ਾਹੀਆਂ ਨੇ ਆਪਣੇ ਖਿੱਤਿਆਂ ਵਿਚ ਤਾਂ ਰੇਗਿਸਤਾਨ ਨਹੀਂ ਬਣਨ ਦਿੱਤੇ ਪਰ ਇਨ੍ਹਾਂ ਏਸ਼ੀਆ, ਅਫਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਉਤਰੀ ਅਮਰੀਕਾ ਦੀਆਂ ਨੌ-ਆਬਾਦੀਆਂ ਵਿਚ ਕੁਦਰਤੀ ਸੋਮਿਆਂ ਦਾ ਬੜਾ ਮਾਂਜਾ ਲਾਹਿਆ। ਕੀਨੀਆ, ਯੂਗਾਂਡਾ ਅਤੇ ਇਥੋਪੀਆ ਵਿਚ ਰੁੱਖ ਅਤੇ ਕੁਦਰਤੀ ਘਾਹ ਦੀ ਏਨੀ ਬੇਰਹਿਮੀ ਨਾਲ ਵੱਢ-ਟੁੱਕ ਕੀਤੀ ਗਈ ਕਿ ਨੀਲ ਨਦੀ ਦੇ ਸਹਿਜ ਵਹਿਣ ਨੂੰ ਵੀ ਖਤਰਾ ਪੈਦਾ ਹੋ ਗਿਆ।

ਕਦੇ ਦਜ਼ਲਾ ਅਤੇ ਫਰਾਤ ਜਿਹੀਆਂ ਨਦੀਆਂ ਨਾਲ ਸਿੰਜੇ ਜਾਣ ਵਾਲੇ ਈਰਾਕ ਅਤੇ ਅਸੀਰੀਆ, ਜੋ ਮੈਸੋਪੋਟਾਮੀਆ ਦੇ ਨਾਂ ਨਾਲ ਸਭ ਤੋਂ ਹਰੇ-ਭਰੇ ਇਲਾਕੇ ਸਨ, ਜੰਗਲਾਂ ਤੇ ਪਾਣੀ ਉਜਾੜੇ ਕਾਰਨ ਮਾਰੂਥਲ ਬਣੇ ਹੋਏ ਹਨ। ਇੰਜ ਹੀ ਐਯਾਸ਼ ਬੇਸਮਝੀ ਨਾਲ ਰਾਜਸਥਾਨ ਦੀਆਂ ਰਾਜਪੂਤੀ ਸ਼ਹਿਨਸ਼ਾਹੀਆਂ ਥਾਰ ਵਿਚ ਖਤਮ ਹੋ ਗਈਆਂ। ਅੱਜ ਰਾਜਸਥਾਨ ਨੂੰ ਦੁਨੀਆਂ ਦਾ ਅਤਿ ਧੂੜ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਪਿਛਲੇ ਦੋ ਦਹਾਕਿਆਂ ਵਿਚ ਹੀ ਇਹ ਮਾਰੂਥਲ ਅੱਠ ਫੀਸਦੀ ਵੱਧ ਗਿਆ ਹੈ। ਇਹੀ ਸਥਿਤੀ ਗੁਜਰਾਤ, ਹਰਿਆਣਾ, ਕਰਨਾਟਕਾ ਅਤੇ ਆਂਧਰਾ ਪ੍ਰਦੇਸ਼ ਆਦਿ ਸਮੇਤ ਕਿਸੇ ਹੱਦ ਤੀਕ ਹੁਣ ਪੰਜਾਬ 'ਚ ਵੀ ਪੈਦਾ ਹੋ ਰਹੀ ਹੈ। ਅਜਿਹਾ ਕਿਉਂ ਵਾਪਰ ਰਿਹਾ ਹੈ? ਕਿਉਂਕਿ ਅਸੀਂ ਅਗਿਆਨ ਅਤੇ ਮੁਨਾਫੇ ਦੀ ਲਾਲਸਾ ਹੇਠ ਸਾਵੇਂ ਕੁਦਰਤੀ ਪ੍ਰਬੰਧ 'ਚ ਬੇ-ਕਿਰਕ ਦਖਲ-ਅੰਦਾਜ਼ੀ ਕੀਤੀ। ਅਸੀਂ ਜੰਗਲਾਂ ਦੀ ਸੁਰੱਖਿਆ ਛਤਰੀ ਨੂੰ ਮਧੋਲ ਕੇ ਰੱਖ ਦਿੱਤਾ। ਸਿੱਟਾ-ਰੁੱਤਾਂ ਅਤੇ ਵਰਖਾ ਗੜਬੜਾ ਗਈ, ਪਾਣੀ ਪਤਾਲੀਂ ਜਾ ਵੜਿਆ, ਮਿੱਤਰ ਪੰਛੀ ਸਦੀਵੀ ਉਡਾਰੀ ਮਾਰ ਗਏ ਤੇ ਮਿੱਤਰ ਜੀਵ ਡੂੰਘੀ ਚੁੱਭੀ। ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਨਦੀਆਂ-ਚਸ਼ਮੇ ਮਰ ਮੁੱਕ ਗਏ, ਹਵਾ ਪਲੀਤ ਹੋ ਗਈ। ਨਤੀਜਾ, ਮਨੁੱਖ ਖੁਦ ਮਧੋਲਿਆ ਜਾ ਰਿਹਾ ਹੈ।

ਸ਼ਾਇਦ ਸਾਨੂੰ ਨਹੀਂ ਪਤਾ ਕਿ ਮਾਰੂਥਲਾਂ ਦੀ ਨਿੱਕੀ ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇਕ ਦਿਨ ਵਿਚ ਛੱਡਦੀ ਹੈ ਜੋ ਥਾਰ ਦੀ ਖੁਸ਼ਕ ਫਿਜ਼ਾ ਨੂੰ ਸਿੱਲ੍ਹਾ ਕਰਨ 'ਚ ਸਿਫਤੀ ਰੋਲ ਨਿਭਾਉਂਦੀ ਹੈ। ਜੰਗਲਾਂ ਦਾ ਇਕ ਵਰਗ ਕਿਲੋਮੀਟਰ ਰਕਬਾ ਵੀਹ ਤੋਂ ਪੰਜਾਹ ਹਜ਼ਾਰ ਘਣਮੀਟਰ ਪਾਣੀ ਆਪਣੀਆਂ ਜੜ੍ਹਾਂ ਵਿਚ ਸਾਡੇ ਲਈ ਸੰਭਾਲੀ ਰੱਖਦਾ ਹੈ। ਇਹ ਊਰਜਾ ਦੇ ਵੀ ਸ੍ਰੋਤ ਹਨ। ਇਨ੍ਹਾਂ ਕੋਲੋਂ ਅਥਾਹ ਭੋਜਨ ਮਿਲਦਾ ਹੈ। ਇਹ ਚਿਕਿਤਸਕ ਬੂਟੀਆਂ ਦੇ ਘਰ ਹਨ, ਕੰਦ-ਮੂਲਾਂ ਦੇ ਵੀ। ਸਾਡੀ ਪ੍ਰਿਥਵੀ ਉਤਲੇ ਸਾਰੇ ਪੌਦੇ ਹਰ ਵਰ੍ਹੇ 144 ਅਰਬ ਮੀਟਰਿਕ ਟਨ ਜੀਵੀ-ਪਦਾਰਥ ਪੈਦਾ ਕਰਦੇ ਹਨ। ਇੰਜ ਇਹ ਨਮੀ ਅਤੇ ਮਲੜ੍ਹ (ਪੱਤਖਾਦ) ਬਖਸ਼ ਕੇ ਧਰਤੀ ਨੂੰ ਠੰਡਾ, ਪੋਲਾ, ਮਿੱਤਰ ਕੀਟ-ਯੁਕਤ ਅਰਥਾਤ ਜਰਖੇਜ਼ ਬਣਾਉਂਦੇ ਹਨ, ਜ਼ਹਿਰਾਂ ਚੂਸਦੇ ਹਨ, ਧਰਾਤਲ ਤੇ ਖਲਾਅ ਨੂੰ ਨਮ-ਠੰਡਕ ਬਖਸ਼ਦੇ ਹਨ। ਇਨ੍ਹਾਂ ਨੂੰ ਖੇਤੀ ਲਈ ਦੁੱਧ ਚੁੰਘਾਉਣ ਵਾਲੀ ਮਾਂ ਵੀ ਕਿਹਾ ਜਾ ਸਕਦਾ ਹੈ।


ਕੁਦਰਤ ਦਾ ਵਰਦਾਨ ਹਰੇ ਭਰੇ ਜੰਗਲ

ਸ਼ਾਇਦ ਆਪਾਂ ਇਹ ਵੀ ਨਹੀਂ ਜਾਣਦੇ ਕਿ ਇਕ ਆਮ ਦਰੱਖਤ ਵੀ ਆਪਣੀ ਨਿੱਕੜੀ ਜਿਹੀ ਜ਼ਿੰਦਗੀ 'ਚ ਲੱਖਾਂ ਰੁਪਏ ਦੀ ਕਰੋੜਾਂ ਟਨ ਆਕਸੀਜਨ ਗੈਸ ਛੱਡਦਾ ਹੈ। ਇਕ ਵਰਗ ਕਿਲੋਮੀਟਰ ਜੰਗਲ ਹਰ ਰੋਜ਼ 3.7 ਮੀਟਰਿਕ ਟਨ ਕਾਰਬਨ ਡਾਇਆਕਸਾਈਡ ਵਾਤਾਵਰਣ ਵਿਚੋਂ ਲੈ ਕੇ ਆਕਸੀਜਨ ਛੱਡਦਾ ਹੈ। ਇਕ ਮਨੁੱਖ ਨੂੰ 16 ਰੁੱਖਾਂ ਜਿੰਨੀ ਆਕਸੀਜਨ ਲੋੜੀਂਦੀ ਹੈ। ਆਕਸੀਜਨ ਸਾਡੀ ਧਰੋਹਰ ਹੈ। ਇਹ ਸਿਰ 'ਤੇ ਧੁੱਪ ਸਹਿ ਕੇ ਸਾਨੂੰ ਛਾਂ ਦਿੰਦੇ ਹਨ ਅਤੇ ਪੱਥਰ ਮਾਰਿਆਂ ਫਲ। ਕਿਆ ਮਹਾਨਤਾ ਹੈ।

ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਤੇ ਫਿਰ ਸੰਭਾਲਣ ਵਿਚ ਰੁੱਖਾਂ ਤੇ ਪੌਦਿਆਂ ਦਾ ਬੜਾ ਵੱਡਾ ਯੋਗਦਾਨ ਹੈ। ਇਹੋ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ। ਵੀਰਾਨ ਤੇ ਰੁੱਖ ਵਿਹੂਣੀ ਇਕ ਏਕੜ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਮਾਨਸੂਨੀ ਹੜ੍ਹਾਂ ਕਾਰਨ ਇਹ ਖੋਰ ਹੋਰ ਵੀ ਵੱਧ ਜਾਂਦੀ ਹੈ ਅਤੇ ਮਿੱਟੀ ਦੇ ਉਪਜਾਊ ਤੱਤ ਘੁਲ ਕੇ ਰੋੜ੍ਹ ਦਾ ਹਿੱਸਾ ਬਣ ਜਾਂਦੇ ਹਨ। ਸਿਰਫ ਬਨਸਪਤੀ ਦੀਆਂ ਜੜ੍ਹਾਂ ਹੀ ਜਾਲ ਬਣ ਕੇ ਸਾਡੀ ਮਿੱਟੀ ਨੂੰ ਬਚਾ ਸਕਦੀਆਂ ਹਨ। ਭਾਰਤ ਅਤੇ ਪਾਕਿਸਤਾਨ ਵਿਚ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਸਲ ਵਿਚ ਮਨੁੱਖ ਦੇ ਕੁਦਰਤ ਪ੍ਰਤੀ ਗਲਤ ਵਿਹਾਰ ਦੀ ਹੀ ਵਿਥਿਆ ਹੈ।

ਅਮਰੀਕਨ ਵਿਗਿਆਨੀ ਡਾ. ਹੱਫ ਐਚ. ਬੈਨਿਟ ਨੇ ਢੇਰ ਚਿਰ ਪਹਿਲਾਂ, 1939 ਵਿਚ ਹੀ ਅਮਰੀਕੀ ਕਾਂਗਰਸ ਨੂੰ ਚੇਤਾਵਨੀ ਦੇ ਦਿੱਤੀ ਸੀ, "ਅਮਰੀਕੀ ਸਭਿਅਤਾ ਦੀ ਨੀਂਹ ਸਿਰਫ ਨੌਂ ਇੰਚ ਮੋਟੀ ਮਿੱਟੀ ਦੀ ਪਰਤ ਉਪਰ ਰੱਖੀ ਗਈ ਸੀ, ਇਹ ਪਰਤ ਹੁਣ ਤਿੰਨ ਇੰਚ ਰੁੜ੍ਹ ਚੁਕੀ ਹੈ। ਨੀਂਹਾਂ ਖੁਰ ਰਹੀਆਂ ਹਨ ਕਿਉਂਕਿ ਅਤਿ 'ਆਧੁਨਿਕ' ਖੇਤੀ ਕਾਰਨ ਅਸੀਂ ਜੰਗਲ ਗੁਆ ਰਹੇ ਹਾਂ। ਸਾਡੀ ਕੌਮ ਦੀ ਛੋਟੀ ਜਿਹੀ ਉਮਰ ਵਿਚ ਹੀ ਅਸੀਂ 282 ਮਿਲੀਅਨ ਏਕੜ ਭੂਮੀ ਗਵਾ ਚੁਕੇ ਹਾਂ। ਭੋਂ-ਖੋਰ ਹੋਰ 775 ਮਿਲੀਅਨ ਏਕੜ ਵਿਚ ਕ੍ਰਿਆਸ਼ੀਲ ਹੈ।"

ਇਹ ਤਾਂ 20ਵੀਂ ਸਦੀ ਦੇ ਚੌਥੇ ਦਹਾਕੇ ਦੀਆਂ ਗੱਲਾਂ ਹਨ। ਸਾਡੇ ਆਪਣੇ ਦੇਸ਼ ਵਿਚ ਹੀ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਭੋਂ-ਖੋਰ, ਜਲ-ਸੰਕਟ, ਧੁੰਦ-ਗ਼ੁਬਾਰ, ਰੁੱਤ ਵਿਗਾੜ ਸਮੇਤ ਜਰਖੇਜ਼ਤਾ ਵੀ ਘਟੀ ਹੈ।

ਮਾਹਿਰਾਂ ਅਨੁਸਾਰ ਦਰੱਖਤਾਂ ਦਾ ਰਕਬਾ ਘਟਣ ਅਤੇ ਜੰਗਲਾਂ ਵਿਚ ਅੱਗ ਦੀਆਂ ਘਟਨਾਵਾਂ ਵਾਤਾਵਰਣ ਲਈ ਬੜੀਆਂ ਘਾਤਕ ਨੇ। ਇਸ ਨਾਲ ਆਲਮੀ ਤਪਸ਼ ਹੋਰ ਵਧੇਗੀ। ਇਸ ਨਾਲ ਗਲੇਸ਼ੀਅਰ ਤੇਜ਼ੀ ਨਾਲ ਪਿਘਲਣ ਉਪਰੰਤ ਨਦੀਆਂ ਵਿਚ ਪਹਿਲਾਂ ਭਾਰੀ ਹੜ੍ਹ ਆਉਣਗੇ, ਬਾਅਦ ਵਿਚ ਇਹ ਸੁੱਕਣ ਲੱਗਣਗੀਆਂ। ਜੰਗਲਾਂ ਵਿਚੋਂ ਨਿਕਲਦੀਆਂ ਨਦੀਆਂ ਵੀ ਸਦਾ ਬਹਾਰ ਨਹੀਂ ਰਹਿਣਗੀਆਂ। ਵਾਤਾਵਰਣ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ, "ਦਰੱਖਤਾਂ ਦੀ ਬੇਹੱਦ ਘਾਟ ਨਾਲ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵੀ ਘਟੇਗੀ ਅਤੇ ਮਨੁੱਖ ਦਾ ਸਰੀਰਕ ਆਕਾਰ ਵੀ ਛੋਟਾ ਹੋਣ ਲੱਗੇਗਾ।"

ਵਣਾਂ ਵਿਹੂਣੀ ਭੂਮੀ ਜਾਂ ਹਰਿਆਵਲੀ ਧਰਤੀ, ਬਿਰਖਾਂ ਸੰਗ ਸੰਵਾਦ ਜਾਂ ਉਨ੍ਹਾਂ ਵੱਲ ਬੇ-ਪ੍ਰਤੀਤੀ, ਗੁਟਕਦੇ ਪੰਛੀਆਂ ਦਾ ਬਸੇਰਾ ਜਾਂ ਵੀਰਾਨਗੀ, ਉਪਜਾਊ ਮਿੱਟੀ ਦੀਆਂ ਬਰਕਤਾਂ ਜਾਂ ਵੀਰਾਨ ਮਾਰੂਥਲ, ਕੁਦਰਤਾਂ ਦੀਆਂ ਬਖਸ਼ਿਸ਼ਾਂ ਨਾਲ ਭਰੇ ਦਾਮਨ ਜਾਂ ਖਾਲੀ ਝੋਲੀਆਂ, ਕੁਦਰਤ ਦੇ ਪਾਲਕ ਜਾਂ ਵਿਨਾਸ਼ਕ, ਜਲ-ਕੁੰਡ ਜਾਂ ਕੰਕਰੀਟ ਦੇ ਜੰਗਲ, ਨਮੀ ਯੁਕਤ ਰੁਮਕਦੀਆਂ ਪੌਣਾਂ ਜਾਂ ਪਿੰਡਾ ਲੂਹੰਦਾ ਤਾਪਮਾਨ, ਸਾਫ ਸੁਥਰੇ ਸਾਹ ਜਾਂ ਪਲੀਤ ਹਵਾਵਾਂ, ਗਰਭ ਤੋਂ ਲੈ ਕੇ ਸਿਵਿਆਂ ਤੱਕ ਦਾ ਸਾਥ ਜਾਂ...ਜਾਂ? ਇਸ ਸਭ ਦਾ ਨਿਤਾਰਾ ਸਾਨੂੰ ਅੱਜ ਹੀ ਸਗੋਂ ਹੁਣੇ ਹੀ ਕਰਨਾ ਪੈਣਾ ਹੈ। ਪਹਿਲਾਂ ਹੀ ਬੜੀ ਦੇਰ ਹੋ ਚੁਕੀ ਹੈ। ਕੁਦਰਤ ਦਾ ਇਹ ਅੰਗ ਨਾ ਰਿਹਾ ਤਾਂ ਬੰਦਾ ਵੀ ਨਹੀਂ ਰਹੇਗਾ। ਫਿਰ ਇਹ ਮਹਿਲ-ਮੁਨਾਰੇ ਕਿਸ ਕੰਮ? ਜੰਗਲ ਕੁਦਰਤ ਦਾ ਸਿਰਮੌਰ ਅੰਗ ਹਨ, ਦਿਲ। ਰੁੱਖ ਗਾਇਬ ਹੋ ਗਏ ਤਾਂ ਸਾਵੇਂ ਮੀਂਹਾਂ ਅਤੇ ਰਮਤੇ ਜਨੌਰਾਂ ਵਾਂਗ ਮਨੁੱਖ ਵੀ ਛੁਪਣ-ਛੋਤ ਹੋ ਜਾਵੇਗਾ। ਪਹਿਲਾਂ ਹੀ ਰੁੱਖਾਂ ਦੇ ਕੱਟਣ ਨਾਲ ਜੀਵ ਜੰਤੂਆਂ ਤੇ ਪੌਦਿਆਂ ਦੀਆਂ 66,000 ਕਿਸਮਾਂ ਨੂੰ ਖਤਰਾ ਪੈਦਾ ਹੋ ਗਿਆ ਹੈ। ਅੱਜ ਅਸੀਂ ਅਫਰੀਕੀ ਸਾਹਿਰਾ ਬਾਰੇ ਪੜ੍ਹਦੇ ਹਾਂ, "ਇਕ ਬਹੁਤ ਵੱਡਾ ਵੀਰਾਨ ਮਾਰੂਥਲ ਹੈ...ਬਨਸਪਤੀ ਹੀਣ...ਤਪਦੀ ਹੋਈ ਭੂਮੀ...ਮ੍ਰਿਗ ਤ੍ਰਿਸ਼ਨਾ...!"


ਮਨੁੱਖੀ ਕਮੀਨਗੀ ਦਾ ਸ਼ਿਕਾਰ ਜੰਗਲ


ਜੇ ਇਹ ਸਥਿਤੀ ਇਵੇਂ ਹੀ ਰਹੀ, ਜੇ ਅਸੀਂ ਨਾ ਸੰਭਲੇ ਤਾਂ...ਤਦ ਅੱਜ ਤੋਂ ਇਕ ਅੱਧ ਸਦੀ ਬਾਅਦ ਹੀ ਵਿਦਿਆਰਥੀ ਭਾਰਤ ਦੇ ਸੰਦਰਭ 'ਚ ਵੀ ਕੁਝ ਇਸ ਤਰ੍ਹਾਂ ਦਾ ਹੀ ਪੜ੍ਹਿਆ ਕਰਨਗੇ, "ਵੀਹਵੀਂ ਸਦੀ ਦੇ ਅੰਤ ਤਕ ਭਾਰਤ ਇਕ ਹਰਿਆ ਭਰਿਆ ਤੇ ਸੰਘਣੀ ਆਬਾਦੀ ਵਾਲ ਖਿੱਤਾ ਹੁੰਦਾ ਸੀ। ਇਹ ਦੁਨੀਆਂ ਦੇ ਅਤਿ ਆਧੁਨਿਕ ਤੇ ਸੰਘਣੀ ਅਤੇ ਉਨਤ ਖੇਤੀ ਵਾਲੇ ਦੇਸ਼ਾਂ ਵਿਚ ਸ਼ੁਮਾਰ ਸੀ। ਪਰ ਵਸੋਂ ਦੇ ਬੇ-ਮੁਹਾਰ ਵਾਧੇ ਅਤੇ ਮੁਨਾਫੇ ਦੀ ਹੋੜ ਨੇ ਜੰਗਲਾਂ ਨੂੰ ਨਿਗਲ ਲਿਆ। ਰੁੱਖਾਂ ਦੀ ਤਬਾਹੀ ਐਨੀ ਬੇ-ਕਿਰਕੀ ਨਾਲ ਕੀਤੀ ਗਈ ਕਿ ਮੀਂਹ ਗਾਇਬ ਹੋ ਗਏ। ਭੋਂ-ਖੋਰ ਤੇ ਜਲ ਸੰਕਟ ਵਧਿਆ। ਅੰਤ ਭੂਮੀ ਬੰਜਰ ਬਣ ਕੇ ਥਾਰ ਮਾਰੂਥਲ ਦਾ ਹਿੱਸਾ ਬਣ ਗਈ। ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਗਏ। ਅੱਜ ਇਹ ਉਪ-ਮਹਾਂਦੀਪ ਮੱਧ ਏਸ਼ੀਆਈ ਮਾਰੂਥਲ ਨਾਲ ਮੇਲ ਖਾਂਦਾ ਹੈ। ਕਿਧਰੇ-ਕਿਧਰੇ ਘੁੰਮਕੜ ਲੋਕ ਪਾਣੀ ਅਤੇ ਖੁਰਾਕ ਦੀ ਭਾਲ ਵਿਚ ਭਟਕਦੇ ਦਿਖਾਈ ਦਿੰਦੇ ਹਨ। ਟਾਂਵੇ-ਟਾਂਵੇ ਨਖਲਿਸਤਾਨਾਂ ਵਿਚ ਸੀਮਤ ਜਿਹੀ ਖੇਤੀ ਵੀ ਕੀਤੀ ਜਾਂਦੀ ਹੈ ਤੇ ਭੇਡਾਂ-ਬੱਕਰੀਆਂ ਪਾਲਣ ਦਾ ਕਿੱਤਾ ਚਲਾਇਆ ਜਾਂਦਾ ਹੈ। ਇੱਥੋਂ ਦਾ ਮੁੱਖ ਵਾਹਕ ਊਠ ਹੈ।"

ਸਾਡੇ ਬਹੁਤੇ ਪੁਰਖੇ ਵੀ ਮੱਧ ਏਸ਼ੀਆ 'ਚੋਂ ਆਏ ਸਨ। ਜਦੋਂ ਉਨ੍ਹਾਂ ਦੇ ਵੱਗਾਂ ਨੇ ਉਥੋਂ ਦੀ ਬਨਸਪਤੀ, ਰੁੱਖ ਰੁੰਡ-ਮਰੁੰਡ ਕਰ ਦਿੱਤੇ ਤਾਂ ਚਰਾਂਦਾਂ ਵੀ ਖਤਮ ਹੋ ਗਈਆਂ ਅਤੇ ਜਲ-ਕੁੰਡ ਵੀ। ਫਿਰ ਉਹ ਆਪਣੇ ਪਾਲੀਆਂ ਸਮੇਤ ਪਹਿਲਾਂ-ਪਹਿਲ ਵਰਾਸਤਾ ਸਿੰਧ, ਰਾਜਸਥਾਨ ਵਿਚ ਆ ਟਿਕੇ ਤੇ ਮਗਰੋਂ ਪੰਜਾਬ ਨੂੰ ਧਾਹ ਗਏ। ਉਦੋਂ ਇਹ ਖਿੱਤਾ ਸਪਤ-ਸਿੰਧੂ ਅਖਵਾਉਂਦਾ ਸੀ। ਕੀ ਇਤਿਹਾਸ ਫਿਰ ਦੁਹਰਾਇਆ ਜਾਵੇਗਾ। ਫਿਰ ਅਸੀਂ ਕਿਧਰ ਜਾਵਾਂਗੇ? ਖੈਰ! ਪੁਰਖੇ ਤਾਂ ਸ਼ਾਇਦ 'ਬੇ-ਸਮਝ' ਸਨ, ਸਬਕ ਅਸੀਂ ਵੀ ਤਾਂ ਨਹੀਂ ਨਾ ਸਿੱਖਿਆ।

ਰਿਗ ਵੇਦ, ਅੱਜ ਤੋਂ ਕਰੀਬ ਪੰਜ ਕੁ ਹਜ਼ਾਰ ਵਰ੍ਹੇ ਪਹਿਲਾਂ ਲਿਖਿਆ ਗਿਆ ਸੀ। ਇਹ ਹਿੰਦੋਸਤਾਨ ਦਾ ਪਹਿਲ-ਪਲੱਕੜਾ ਗ੍ਰੰਥ ਸੀ। ਉਦੋਂ ਸਾਡੀ ਧਰਤੀ ਕੁਦਰਤੀ ਬਰਕਤਾਂ ਨਾਲ ਮਾਲੋ-ਮਾਲ ਸੀ ਜੋ ਮਨੁੱਖ ਨੂੰ ਬਹੁ-ਪੱਖੀ ਲਾਭ ਪਹੁੰਚਾ ਰਹੀਆਂ ਸਨ। ਆਪਣੇ ਆਲੇ ਦੁਆਲੇ ਤੋਂ ਪ੍ਰਭਾਵਿਤ, ਵੇਲੇ ਦਾ ਨਿਰਭਰ ਚਿੰਤਕ ਮਨੁੱਖ ਆਪਣੀ ਇਸ ਪਹਿਲ-ਪਲੱਕੜੀ ਵਿਲੱਖਣ ਲਿਖਤ ਵਿਚ 'ਰੱਬ' ਬਾਰੇ ਨਹੀਂ ਬੋਲਦਾ ਸਗੋਂ ਕੁਦਰਤ ਬਾਰੇ ਗੱਲ ਕਰਦਾ ਹੈ। ਮਿੱਟੀ, ਪਾਣੀ, ਬਨਸਪਤੀ, ਅਕਾਸ਼, ਸੂਰਜ, ਚੰਦ ਆਦਿ ਬਾਰੇ ਬੋਲਦਾ ਹੈ, ਇਹ ਗ੍ਰੰਥ। ਇਸ ਗ੍ਰੰਥ ਦੇ ਕੁਝ ਪਹਿਲੂਆਂ ਬਾਰੇ ਸਾਡੇ ਵਿਗਿਆਨਕ ਵਿਚਾਰਧਾਰਾ ਵਾਲਿਆਂ ਦੇ ਕਿੰਨੇ ਵੀ ਮਤਭੇਦ ਕਿਉਂ ਨਾ ਹੋਣ ਪ੍ਰੰਤੂ ਇਸ ਵਿਚ ਕੁਦਰਤ, ਕੁਦਰਤੀ ਸੋਮਿਆਂ ਅਤੇ ਕੁਦਰਤੀ ਮਾਹਿਰਾਂ ਦੀ ਜਿਵੇਂ ਬੱਲੇ-ਬੱਲੇ ਕੀਤੀ ਗਈ ਹੈ, ਉਸ ਦੇ ਕੁਝ ਤੱਥਾਂ ਅਤੇ ਹਕੀਕਤਾਂ ਬਾਰੇ ਹਾਮੀ ਭਰੇ ਬਿਨਾ ਅਸੀਂ ਨਹੀਂ ਰਹਿ ਸਕਦੇ। ਇਸ ਵਿਚ ਉਦੋਂ ਦੇ ਰਾਜਸਥਾਨ ਵਰਗੇ ਖਿੱਤਿਆਂ ਵਿਚ ਉਦੋਂ ਫੈਲੇ ਪਸਰੇ ਰਮਣੀਕ ਨਖਲਿਸਤਾਨਾਂ ਅਤੇ ਇਨ੍ਹਾਂ ਖਿੱਤਿਆਂ ਦੀਆਂ ਉਪਜਾਊ ਸ਼ਾਹ-ਰਗਾਂ ਤੇ ਜੰਗਲਾਂ ਦੀਆਂ ਬਰਕਤਾਂ ਨੂੰ ਵੀ ਵਡਿਆਇਆ ਗਿਆ ਹੈ। ਕੁਦਰਤ ਦੀ ਰਾਖੀ ਨੂੰ ਵੀ ਪਰਮ ਫਰਜ਼ ਦਸਿਆ ਗਿਆ ਹੈ। ਮੁੱਕਦੀ ਗੱਲ, ਸਾਡੀ ਸਭਿਆਚਾਰਕ ਤਵਾਰੀਖ ਵਿਚ ਰੁੱਖਾਂ ਨੂੰ ਦੇਵਤੇ ਦਾ ਦਰਜਾ ਪ੍ਰਾਪਤ ਹੈ ਅਤੇ ਜੰਗਲਾਂ ਨੂੰ ਤੀਰਥਾਂ ਦਾ। ਦਰੱਖਤ ਉਗਾਉਣਾ ਤਾਂ ਸਾਡੀ ਰਹਿਤਲ ਵਿਚ ਹੀ ਪਿਆ ਹੋਇਆ ਹੈ। ਅਸੀਂ ਹੀ ਇਸ ਨੂੰ ਭੁੱਲ ਚੁਕੇ ਹਾਂ। ਇਹ ਰੁੱਖ ਹੀ ਹਨ ਜੋ ਪੰਘੂੜੇ ਤੋਂ ਲੈ ਕੇ ਅਰਥੀ ਤੀਕ ਸਾਡਾ ਸਾਥ ਦਿੰਦੇ ਹਨ।



# ਅੱਥਰੂਆਂ ਦੀ ਆਹਟ



## ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਪੜ੍ਹਾਉਂਦੇ ਤਾਂ ਫਿਜ਼ੀਕਸ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ੀਕਸ ਜਿਹੀ ਖੁਸ਼ਕੀ ਨਹੀਂ ਸਗੋਂ ਇਹ ਕਾਵਿਕਤਾ ਅਤੇ ਸਰੋਦ ਨਾਲ ਲਬਰੇਜ਼ ਹੁੰਦੀਆਂ ਹਨ। ਆਪਣੀ ਨਿਵੇਕਲੀ ਸ਼ੈਲੀ ਵਿਚ ਉਹ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਜ਼ਿੰਦਗੀ ਦਾ ਸੱਚ ਹੰਢਾ ਚੁਕੇ ਕਿਸੇ ਬਜ਼ੁਰਗ ਵਾਂਗ ਜ਼ਿੰਦਗੀ ਦੇ ਸੱਚ ਬਿਆਨਦੇ ਹਨ। ਹਥਲੇ ਲੇਖ ਵਿਚ ਉਨ੍ਹਾਂ ਹੰਝੂਆਂ ਦੀ ਗਾਥਾ ਬਿਆਨੀ ਹੈ, "ਅੱਥਰੂ ਜਦ ਨੈਣਾਂ 'ਚ ਉਮਡਦੇ ਨੇ ਤਾਂ ਖੁਦਕੁਸ਼ੀ ਕਰਦੇ ਨੇ ਅੱਖਾਂ 'ਚ ਲਰਜ਼ਦੇ ਸੁਪਨੇ, ਮੱਥੇ ਵਿਚ ਜਗਦਾ ਚਿਰਾਗ ਭਰਦਾ ਏ ਹਟਕੋਰੇ, ਮਸਤਕ ਰੇਖਾਵਾਂ ਵਿਚ ਉਤਰਦੀ ਏ ਗੁੰਮਸੁਦੀ ਅਤੇ ਮਚਲਦੇ ਕਦਮਾਂ ਵਿਚ ਠਹਿਰਦਾ ਏ ਵੈਰਾਗ।" ਉਹ ਹੋਕਾ ਦਿੰਦੇ ਹਨ, "ਮੋਢੇ 'ਤੇ ਬੋਰੀ ਦੀ ਬਗਲੀ ਪਾਈ ਜੁਆਕ ਦੀਆਂ ਅੱਖਾਂ ਵਿਚ ਜਰਾ ਕੁ ਝਾਕਣਾ, ਤੁਹਾਨੂੰ ਇਨ੍ਹਾਂ ਵਿਚ ਮਰ ਗਏ ਸੁਪਨਿਆਂ 'ਤੇ ਜੰਮ ਗਏ ਅੱਥਰੂ ਨਜ਼ਰ ਆਉਣਗੇ। ਪਰ ਅਫਸੋਸ ਕਿ ਕਿਸੇ ਕੋਲ ਸਮਾਂ ਹੀ ਨਹੀਂ ਅਜਿਹੇ ਅੱਥਰੂਆਂ ਦੀ ਤਾਸੀਰ ਪੜ੍ਹਨ ਦਾ।" -ਸੰਪਾਦਕ*

ਅੱਥਰੂਆਂ ਦੀ ਅਉਧੇ ਜੀਣਾ, ਸਭ ਤੋਂ ਕਠਿਨ। ਇਨ੍ਹਾਂ ਦਾ ਖਾਰਾਪਣ, ਖੋਰ ਦਿੰਦਾ ਏ ਸਾਹਾਂ ਨੂੰ, ਜਨਮਦਾ ਏ ਆਹਾਂ ਨੂੰ ਅਤੇ ਸੋਚਾਂ ਨੂੰ ਤੋਰਦਾ ਏ, ਸਿਵੇ ਵੰਨੀਂ ਜਾਂਦੀਆਂ ਰਾਹਾਂ ਨੂੰ।

ਅੱਥਰੂ-ਅੱਥਰੂ ਹੋ ਕੇ ਜਿਉਣਾ ਬਹੁਤ ਮੁਹਾਲ, ਹਰ ਵੇਲੇ ਕੁਰੇਦਦਾ ਏ ਹੋਂਦ ਦਾ ਸਵਾਲ, ਹੌਕੇ ਬਣ ਜਾਂਦੇ ਨੇ ਪਲ-ਪਲ ਦੇ ਸਾਂਝੀਵਾਲ ਅਤੇ ਸਤਾਉਂਦਾ ਏ ਹਿੱਚਕੀਆਂ ਦਾ ਖਿਆਲ।

ਸਮੇਂ ਦੀ ਬੀਹੀ 'ਚ ਜਦ ਹੰਝੂਆਂ ਦੀ ਬਰਸਾਤ ਹੁੰਦੀ ਏ ਤਾਂ ਸਾਂਝਾਂ, ਸਿਮਰਤੀਆਂ ਅਤੇ ਸੰਵੇਦਨਾਵਾਂ ਦੇ ਪਿੰਡੇ ਤੋਂ ਚੋਂਦਾ ਏ ਤ੍ਰਿੱਪ-ਤ੍ਰਿੱਪ ਨੀਰ, ਆਪਣਿਆਂ ਤੋਂ ਹੀ ਆਪਣਿਆਂ ਦੀ ਟੁੱਟ ਜਾਂਦੀ ਏ ਸੀਰ ਅਤੇ ਬਿਗਾਨੇ ਹੱਥਾਂ ਵੰਨੀਂ ਝਾਕਣ ਲਈ ਹੋ ਜਾਈਦਾ ਏ ਅਧੀਰ। ਅਜਿਹੇ ਵੇਲੇ ਤਿੜਕਦੇ ਸਬੰਧਾਂ ਦੀ ਤਿਲਕਣ ਕਾਰਨ ਬਹੁਤ ਕੁਝ ਦੂਰ ਤੀਕ ਤਿਲਕ ਜਾਂਦਾ ਏ ਅਤੇ ਮਨੁੱਖ ਦੇਖਦਾ ਹੀ ਰਹਿ ਜਾਂਦਾ ਏ।

ਅੱਥਰੂਆਂ ਦੀ ਰੁੱਤ ਵੇਲਾ-ਕੁਵੇਲਾ ਨਹੀਂ ਦੇਖਦੀ ਅਤੇ ਜਦ ਵੀ ਕਿਸੇ ਦਰ 'ਤੇ ਦਸਤਕ ਦਿੰਦੀ ਏ ਤਾਂ ਕੰਬ ਜਾਂਦੇ ਨੇ ਘਰ ਦੇ ਲੇਖ, ਕਮਰਿਆਂ ਵਿਚ ਪੈਦਾ ਹੋ ਜਾਂਦਾ ਏ ਸੰਨਾਟਾ ਅਤੇ ਫਿਜ਼ਾ ਵਿਚ ਫੈਲ ਜਾਂਦੀ ਏ ਮਾਤਮੀ ਚੁੱਪ। ਗੱਲਾਂ, ਠਹਾਕਿਆਂ ਅਤੇ ਗੁਫਤਗੂ ਦੇ ਸਾਹਾਂ 'ਚ ਛਾ ਜਾਂਦਾ ਏ ਸਹਿਮ ਦਾ ਸਾਇਆ। ਜੰਗਾਲੇ ਜਾਂਦੇ ਨੇ ਅਪਣੱਤ, ਮੋਹ ਅਤੇ ਮਾਣ। ਹੋ ਜਾਂਦਾ ਏ ਮਾਸੂਮ ਦੋਸਤੀਆਂ ਦਾ ਘਾਣ ਅਤੇ ਪੰਖੇਰੂਆਂ-ਹਾਰ ਬਣ ਜਾਂਦੀ ਏ ਜਾਨ।

ਅੱਥਰੂ ਜਦ ਕਿਸੇ ਦੀ ਸਿਮਰਤੀ ਵਿਚ ਘੁੱਲ ਜਾਣ ਤਾਂ ਜੀਣ-ਵਿਸਮਾਦ ਬੇਸੁਆਦਾ, ਜੀਵਨ ਮਾਣਨ ਦੀ ਲਾਲਸਾ ਕਿਰਕਰੀ ਅਤੇ ਜੀਵਨ-ਮਿਠਾਸ ਬਕਬਕੀ।

ਅੱਥਰੂ ਜਦ ਨੈਣਾਂ 'ਚ ਉਮਡਦੇ ਨੇ ਤਾਂ ਖੁਦਕੁਸ਼ੀ ਕਰਦੇ ਨੇ ਅੱਖਾਂ 'ਚ ਲਰਜ਼ਦੇ ਸੁਪਨੇ, ਮੱਥੇ ਵਿਚ ਜਗਦਾ ਚਿਰਾਗ ਭਰਦਾ ਏ ਹਟਕੋਰੇ, ਮਸਤਕ ਰੇਖਾਵਾਂ ਵਿਚ ਉਤਰਦੀ ਏ ਗੁੰਮਸੁਦੀ ਅਤੇ ਮਚਲਦੇ ਕਦਮਾਂ ਵਿਚ ਠਹਿਰਦਾ ਏ ਵੈਰਾਗ।

ਅੱਥਰੂਆਂ ਨੂੰ ਹੰਗਾਲਦਿਆਂ ਤੁਹਾਡੀ ਲੱਪ ਵਿਚ ਆਉਂਦੇ ਨੇ ਕੁਝ ਹਾਦਸੇ, ਕੁਝ ਕੁ ਅਣਹੋਣੀਆਂ, ਕੁਝ ਅਣਕਿਆਸੀਆਂ ਘਟਨਾਵਾਂ, ਕੁਝ ਅਣਚਾਹੇ ਹਾਲਾਤ ਦੀ ਮਾਰ, ਕੁਝ ਅਣਕਹੇ ਬੋਲਾਂ ਦਾ ਰੁਦਨ ਅਤੇ ਕੁਝ ਅਣਲਿਖੇ ਹਰਫਾਂ ਦਾ ਦਰਦ। ਇਨ੍ਹਾਂ ਨਾਲ ਸਾਰੀ ਹਯਾਤੀ ਬਿਤਾਉਣਾ ਤੁਹਾਡੀ ਜ਼ਿੰਦਗੀ ਦਾ ਸੱਚ। ਅਜਿਹੇ ਵਕਤਾਂ 'ਚ ਜਿਉਂਦਿਆਂ-ਜਿਉਂਦਿਆਂ ਮਨੁੱਖ ਜਿਉਣ ਤੋਂ ਹੀ ਮੁਨਕਰ ਹੋ ਜਾਂਦਾ ਏ।

ਅੱਥਰੂਆਂ ਦੀ ਆਪਣੀ ਤਾਸੀਰ, ਆਪਣਾ ਕਿਰਦਾਰ, ਨਿਵੇਕਲਾ ਸੰਸਾਰ, ਅੱਡਰਾ ਅਜ਼ਾਬ। ਹਉਕਿਆਂ 'ਚ ਖੂਣੀ ਗਾਥਾ, ਵਕਤ ਦਾ ਸਭ ਤੋਂ ਵੱਡਾ ਸਿਤਮ ਅਤੇ ਮਨੁੱਖ ਇਹ ਸਿਤਮ ਜ਼ਰਨ ਲਈ ਮਜਬੂਰ।

ਅੱਥਰੂਆਂ ਦੀ ਨੈਂਅ 'ਚ ਵਹਿ ਜਾਂਦੇ ਨੇ ਜ਼ਿੰਦਗੀ ਦੇ ਰੰਗੀਲੇ ਪਲ, ਸੁਖਨ 'ਚ ਸਮਾ ਜਾਂਦਾ ਏ ਸਰਾਪਿਆ ਕੱਲ ਅਤੇ ਜੀਵਨ ਦੀ ਘੁੰਮਣਘੇਰੀ ਵਿਚ ਗਵਾਚ ਜਾਂਦੇ ਨੇ ਉਲਝੇ ਪ੍ਰਸ਼ਨਾਂ ਦੇ ਹੱਲ।

ਅੱਥਰੂ ਵੱਗਦੇ ਤਾਂ ਅੰਦਰਲੇ ਦਰਦ ਨੂੰ ਕੁਝ ਰਾਹਤ, ਮਨ ਵਿਚ ਪਨਪੇ ਗੁਬਾਰ ਲਈ ਇਕ ਸੁਰਾਖ, ਮਨ ਦੇ ਝੁੰਜਲਾਏ ਖਿਆਲਾਂ ਨੂੰ ਆਪਣੀ ਰਾਹ ਤਲਾਸ਼ਣ ਲਈ ਸਮਝੌਤੀਆਂ।

ਅੱਥਰੂ ਜਦ ਮੁੱਖ 'ਤੇ ਘਰਾਲਾਂ ਉਲੀਕਦੇ ਨੇ ਤਾਂ ਜੀਵਨ ਵਿਚੋਂ ਬੜਾ ਕੁਝ ਮਨਫੀ ਹੋ ਜਾਂਦਾ ਏ ਜਿਸ ਦੀ ਰੜਕ ਜੀਵਨ ਤੋਰ ਨੂੰ ਅਸਾਵਾਂ ਕਰਨ ਵਿਚ ਕੋਈ ਕਸਰ ਨਹੀਂ ਛੱਡਦੀ।

ਅੱਥਰੂਆਂ ਦੀ ਕਿਣਮਿਣ ਤੋਂ ਇਨ੍ਹਾਂ ਦਾ ਅੱਖਾਂ ਵਿਚ ਜੰਮ ਜਾਣ ਦਾ ਸਫਰ, ਬੜਾ ਦਰਦੀਲਾ। ਮਨ ਦੇ ਖੂੰਜੇ, ਗਮ ਦਾ ਪੀਹੜਾ। ਭਾਵਨਾਵਾਂ ਦੀ ਵਹਿੰਗੀ 'ਚ ਕਰੁਣਾ ਦੀ ਛੋਹ। ਸੰਭਾਵਨਾਵਾਂ ਦੀ



ਅੱਖ ਵਿਚ ਕੁੱਕਰੇ। ਸੰਵੇਦਨਾਵਾਂ ਦੀ ਜਗਦੀ ਜੋਤ ਨੂੰ ਹਿੱਚਕੀਆਂ ਦੀ ਥਾਪੜੀ। ਬੋਲਦੇ ਹਰਫਾਂ ਦੀ ਹਿੱਕ ਵਿਚ ਡੂੰਘੀ ਲਹਿ ਗਈ ਚੁੱਪ ਅਤੇ ਇਸ ਚੁੱਪ ਵਿਚ ਬਹੁਤ ਕੁਝ ਅਣਬੋਲਿਆ, ਹਰ ਵਕਤ ਸਾਨੂੰ ਸੁਣੀਂਦਾ ਏ।

ਜਦ ਮਾਪੇ ਆਪਣੇ ਲਾਡਲੇ ਦੀ ਅਰਥੀ ਨੂੰ ਮੋਢਾ ਦਿੰਦੇ ਨੇ ਤਾਂ ਉਨ੍ਹਾਂ ਦੀ ਹਿੱਕ ਵਿਚ ਜੰਮ ਜਾਂਦਾ ਏ ਤਿੱੜਕੀ ਡੰਗੋਰੀ ਦਾ ਰੁਦਨ, ਅੱਖਾਂ ਵਿਚ ਟਸਕਦੀ ਏ ਸੰਜੋਏ ਸੁਪਨਿਆਂ ਦੀ ਪੀੜਾ ਅਤੇ ਵਹਿਣ ਤੋਂ ਮੁਨਕਰ ਹੋ ਜਾਂਦੀ ਏ ਹੰਝੂਆਂ ਦੀ ਨੈਂਅ, ਅਤੇ ਇਹ ਸੁੱਕੇ ਹੋਏ ਅੱਥਰੂ ਹੀ ਮਾਪਿਆਂ ਦਾ ਆਖਰੀ ਫਾਤਿਆ ਬਣ ਜਾਂਦੇ ਨੇ। ਉਹ ਇਸ ਜਹਾਨ ਤੋਂ ਰੁਖਸਤ ਭਾਲਦੇ ਭਾਲਦੇ ਆਪ ਹੀ ਗੁੰਮਸੁਦਗੀ ਦਾ ਆਖਰੀ ਸਫਰ ਬਣ ਜਾਂਦੇ ਨੇ।

ਚਿੱਟੀ ਚੁੰਨੀ ਜਦ ਕਿਸੇ ਦੀ ਸਦੀਵੀ ਸਾਥਣ ਬਣ ਜਾਵੇ, ਵੀਣੀ ਵਿਚ ਪਾਈਆਂ ਵੰਗਾਂ ਵਿਚ ਸੋਗਮਈ ਸੁਰ ਉਭਰੇ ਤਾਂ ਰੁੱਸ ਜਾਂਦੀਆਂ ਨੇ ਉਡੀਕਾਂ, ਕਦੇ ਨਹੀਂ ਪਰਤ ਕੇ ਆਉਂਦੀਆਂ ਦੂਰ ਤੁਰ ਗਈਆਂ ਪੈੜਾਂ ਅਤੇ ਇਕ ਅਮੁੱਕ ਨਾ-ਉਮੀਦੀ ਉਕਰੀ ਜਾਂਦੀ ਏ ਦਰਾਂ ਦੇ ਨਾਂਵੇਂ।

ਸਿਰ ਦੀ ਛਾਂ ਅਤੇ ਗੋਦ ਦਾ ਨਿੱਘ ਸਦਾ ਲਈ ਰੁਖਸਤ ਹੋ ਜਾਵੇ ਤਾਂ ਬੱਚਿਆਂ ਦੇ ਹਿੱਸੇ ਦਾ ਸੂਰਜ ਗਮਾਂ ਦੇ ਬੱਦਲ ਲੁਕੋ ਲੈਂਦੇ, ਉਨ੍ਹਾਂ ਦਾ ਟੁੱਕ ਵੀ ਕਾਂ ਖਾ ਜਾਂਦੇ, ਉਨ੍ਹਾਂ ਦੇ ਲਾਡ ਤੇ ਚਾਅ ਮਾਯੂਸੀ 'ਚ ਡੁੱਬ ਜਾਂਦੇ ਅਤੇ ਉਨ੍ਹਾਂ ਦੀਆਂ ਰੀਝਾਂ ਨੂੰ ਨਜ਼ਰ ਲੱਗ ਜਾਂਦੀ। ਮਾਪਿਆਂ ਵਰਗਾ ਮਾਣ ਭਾਲਦੇ ਭਾਲਦੇ ਉਹ ਬੌਣੀ ਸ਼ਖਸੀਅਤ ਬਣ ਜਾਂਦੇ, ਅਤੇ ਆਖਰ ਨੂੰ ਉਨ੍ਹਾਂ ਦੇ ਮਨਾਂ ਵਿਚ ਵਸੀਆਂ ਬੁਲੰਦੀਆਂ, ਮਸੋਸ ਕੇ ਹੀ ਰਹਿ ਜਾਂਦੀਆਂ। ਮਾਪਿਆਂ ਦਾ ਬੇ-ਮੌਕਾ ਮੜੀਆਂ ਦੇ ਰਾਹ ਪੈਣਾ, ਬਹੁਤ ਸਾਰੇ ਸੁਪਨਿਆਂ ਦੀ ਰਾਖ ਕਰੇਂਦਾ, ਵਕਤ ਦੇ ਪੈਰਾਂ ਵਿਚ ਵਿਛਾ ਦਿੰਦਾ ਏ ਅਤੇ ਇਸ ਦੀ ਉਡਦੀ ਧੁੱਧਲ ਵਿਚ ਉਨ੍ਹਾਂ ਦੇ ਬੱਚੇ ਕਈ ਵਾਰ ਰਾਹ ਹੀ ਭੁੱਲ ਜਾਂਦੇ ਨੇ। ਬੱਚਿਆਂ ਦੇ ਲਾਡ, ਸਿਰਫ ਮਾਪਿਆਂ ਨਾਲ ਹੀ ਹੁੰਦੇ ਨੇ ਅਤੇ ਮਾਪੇ ਹੀ ਆਪਣੇ ਬੱਚਿਆਂ ਲਈ ਹਰ ਕੁਰਬਾਨੀ ਕਰਦਿਆਂ ਸੁਖਨ ਮਹਿਸੂਸ ਕਰਦੇ ਨੇ।

ਮੋਢੇ 'ਤੇ ਬੋਰੀ ਦੀ ਬਗਲੀ ਪਾਈ ਜੁਆਕ ਦੀਆਂ ਅੱਖਾਂ ਵਿਚ ਜਰਾ ਕੁ ਝਾਕਣਾ, ਤੁਹਾਨੂੰ ਇਨ੍ਹਾਂ ਵਿਚ ਮਰ ਗਏ ਸੁਪਨਿਆਂ 'ਤੇ ਜੰਮ ਗਏ ਅੱਥਰੂ ਨਜ਼ਰ ਆਉਣਗੇ। ਪਰ ਅਫਸੋਸ ਕਿ ਕਿਸੇ ਕੋਲ ਸਮਾਂ ਹੀ ਨਹੀਂ ਅਜਿਹੇ ਅੱਥਰੂਆਂ ਦੀ ਤਾਸੀਰ ਪੜ੍ਹਨ ਦਾ। ਦੀਦਿਆਂ ਵਿਚ ਸੁੱਕ ਗਏ ਅੱਥਰੂ ਸਭ ਤੋਂ ਖਤਰਨਾਕ ਹੁੰਦੇ ਨੇ। ਪਤਾ ਨਹੀਂ ਕਿਹੜੇ ਵੇਲੇ ਇਨ੍ਹਾਂ ਨੇ ਜਾਗ ਕੇ ਤੁਹਾਡੀ ਨੀਂਦਰ ਨੂੰ ਬੇ-ਅਬਾਦ ਕਰਨਾ ਏ ਅਤੇ ਤੁਹਾਡੀ ਸੋਚ-ਜੂਹੇ ਸੋਗੀ ਮਾਹੌਲ ਧਰਨਾ ਏ।

ਜਦ ਅੱਖ ਖੁੱਲ੍ਹਣ ਤੋਂ ਪਹਿਲਾਂ ਹੀ ਕੋਮਲ ਸੁਪਨਾ ਕਤਲ ਕਰ ਦਿੱਤਾ ਜਾਵੇ, ਮਾਸੂਮ ਹਰਫਾਂ ਨੂੰ ਧੁੱਪ 'ਚ ਸੁਕਣੇ ਪਾਇਆ ਜਾਵੇ ਅਤੇ ਤੋਤਲੇ ਬੋਲਾਂ ਨੂੰ ਚੁੱਪ ਦੀ ਫਾਂਸੀ ਚਾੜ੍ਹਿਆ ਜਾਵੇ ਤਾਂ ਸਿਰਫ ਸੁੱਕੇ ਅੱਥਰੂ ਹੀ ਤੁਹਾਡੇ ਅੰਤਰੀਵ ਦਾ ਸੰਗੀ ਬਣ ਤੁਹਾਡੀ ਅਉਧ ਜਿੰਨੀ ਉਮਰ ਭੋਗਣ ਜੋਗੇ ਰਹਿ ਜਾਂਦੇ ਨੇ।

ਨੈਣਾਂ 'ਚ ਜੰਮ ਗਏ ਅੱਥਰੂਆਂ ਦੀ ਇਬਾਦਤ ਬਹੁਤ ਘੱਟ ਲੋਕ ਪੜ੍ਹਦੇ ਨੇ ਅਤੇ ਕੋਈ ਵਿਰਲਾ ਹੀ ਇਸ ਦੇ ਅਰਥਾਂ ਦੀ ਤਹਿ ਤੱਕ ਅਪੜਦਾ ਏ। ਇਸ ਦੀ ਤਾਸੀਰ ਵਿਚ ਖੁਰਨ ਵਾਲੇ ਲੋਕ ਸਿਰਫ ਅੱਥਰੂ ਹੀ ਬਣ ਸਕਦੇ ਨੇ।

ਅੱਖਾਂ 'ਚ ਸੁੱਕੇ ਅੱਥਰੂ ਸਾਡੇ ਜੀਵਨ ਦਾ ਹਿੱਸਾ ਬਣ ਜਾਂਦੇ ਨੇ ਜਦ ਇਕ ਨਿੱਘੀ ਬੁੱਕਲ ਸਾਥੋਂ ਸਦਾ ਲਈ ਦੂਰ ਤੁਰ ਜਾਂਦੀ ਏ। ਇਹ ਬੁੱਕਲ ਭਾਵੇਂ ਜੀਵਨ-ਸਾਥੀ ਦੀ ਹੋਵੇ, ਤਪਸ਼ ਅਤੇ ਸੀਤ ਨੂੰ ਸਮਾਉਣ ਵਾਲੇ ਮਾਂ-ਬਾਪ ਦੀ ਹੋਵੇ, ਦਿਲ ਦੀ ਵੇਦਨਾ ਸੁਣਨ ਵਾਲੇ ਰਲ ਕੇ ਜੰਮਿਆਂ ਦੀ ਹੋਵੇ ਜਾਂ ਰਿਸ਼ਤਿਆਂ ਦੀ ਸਿਖਰ ਵਰਗੇ ਦੋਸਤ ਦੀ ਹੋਵੇ। ਰੁੱਸ ਗਈ ਬੁੱਕਲ ਦੇ ਦਰਦ ਦੀ ਚੀਸ ਬਹੁਤ ਅਸਹਿ ਹੁੰਦੀ ਏ।

ਖੁਸ਼ੀਆਂ, ਖੇੜੇ ਚੂਸਣ ਵਾਲੇ ਅੱਥਰੂ ਉਮਰ ਦੀ ਸਿਮਟਦੀ ਲਕੀਰ। ਚਾਵਾਂ ਅਤੇ ਲਾਡਾਂ ਨੂੰ ਅਲਾਹੁਣੀਆਂ 'ਚ ਹੰਗਾਲਣ ਵਾਲੇ ਹੰਝੂ, ਸਰਾਪੀ ਹੋਈ ਤਕਦੀਰ। ਆਸਾਂ ਅਤੇ ਉਮੀਦਾਂ ਦੇ ਖੇਤ 'ਚ ਕੰਡਿਆਲੀ ਥੋਹਰ ਲਾਉਣ ਵਾਲਾ ਖਾਰਾ ਨੀਰ, ਜੀਵਨ-ਨੈਂਅ ਦੀ ਬਰੇਤਿਆਂ ਹਾਰ ਤਸਵੀਰ। ਜੀਵਨ ਦੀ ਸੁਰਖ ਆਭਾ 'ਚ ਪੀਲੱਤਣ ਫੈਲਾਉਣ ਵਾਲੇ ਜੰਮ ਗਏ ਹੰਝੂ, ਬਹਾਰਾਂ ਸੰਗ ਪਤਝੜਾਂ ਦਾ ਸੀਰ। ਤੁਰਦੇ ਪੈਰਾਂ 'ਚ ਮਾਰੂਥਲ ਬਣ ਵਿਛਣ ਵਾਲੇ ਅੱਥਰੂ ਮੰਜ਼ਿਲਾਂ 'ਤੇ ਪਹੁੰਚਾਣ ਵਾਲਾ ਰੁੱਸਿਆ ਹੋਇਆ ਪੀਰ।

ਜਦ ਸੁਪਨਿਆਂ ਸੰਗ ਲਬਰੇਜ਼ ਨੈਣਾਂ 'ਚ ਲਰਜ਼ਦਾ ਏ ਨੀਰ, ਅੰਬਰੀ ਉਡਦੀ ਜਿੰਦ ਹੋ ਜਾਂਦੀ ਏ ਅਧੀਰ, ਰੱਕੜ-ਮਈ ਭਵਿੱਖ ਜਾਪਦਾ ਏ ਜੀਵਨ-ਸਮੀਰ ਅਤੇ ਸੰਦਲੀ ਮੁਖੜੇ 'ਤੇ ਸਿੰਮਦਾ ਏ ਆਹਾਂ ਦਾ ਖਮੀਰ ਤਾਂ ਜਿਉਣ ਦੇ ਅਰਥ ਹੋ ਜਾਂਦੇ ਨੇ ਅਨਰਥ, ਜੀਵਨ-ਸ਼ੈਲੀ ਵਿਚ ਆ ਜਾਂਦਾ ਏ ਅਣਕਿਆਸਿਆ ਬਦਲਾਅ ਅਤੇ ਹਾਵਿਆਂ ਦੇ ਸੇਕ ਵਿਚ ਝੁਲਸਿਆ ਜਾਂਦਾ ਏ ਜਿਉਣ-ਚਾਅ।

ਇਹ ਅੱਥਰੂ ਬਹੁਤ ਕੁਝ ਅਣਕਿਹਾ ਕਹਿੰਦੇ, ਆਪਣੇ-ਪਰਾਏ ਦਾ ਨਿਖੇੜਾ ਕਰ ਦਿੰਦੇ, ਸਾਂਝਾਂ-ਸਿਮਰਤੀਆਂ 'ਚ ਘਰ ਕਰ ਬਹਿੰਦੇ ਅਤੇ ਜੀਵਨ-ਅਰਥਾਂ 'ਚ ਡੂੰਘੇ ਵਹਿੰਦੇ।

ਦੀਦਿਆਂ ਵਿਚ ਜੰਮੇ ਅੱਥਰੂ, ਮਾਰਗ ਦਰਸ਼ਕ, ਜੀਵਨ-ਜੰਗ ਦੇ ਮੁਹਾਜ ਦੇ ਸਾਥੀ, ਪੀੜਾ ਨੂੰ ਹਰਨ ਵਾਲੇ ਰਹਿਬਰ, ਕਮਜੋਰੀ ਨੂੰ ਸ਼ਕਤੀ ਬਖਸ਼ਣਹਾਰ, ਸਮਾਜ ਦੀਆਂ ਤਲਖੀਆਂ ਨੂੰ ਸਹਿਣ ਦੀ ਸਮਰੱਥਾ ਅਤੇ ਇਨ੍ਹਾਂ ਤੋਂ ਉਭਰਨ ਲਈ ਰਾਹ-ਦਸੇਰੇ, ਹੋਣੀਆਂ ਨੂੰ ਕਰਮਭੂਮੀ 'ਚ ਤਬਦੀਲ ਕਰਨ ਦੇ ਰੁਦਨ ਅਤੇ ਸਿਸਕਦੀ ਆਸ-ਜੋਤ ਲਈ ਚਿਰੰਜੀਵਤਾ ਦਾ ਸੁਨੇਹਾ।

ਅੱਥਰੂਆਂ 'ਤੇ ਉਕਰੀ ਇਬਾਰਤ, ਵਕਤ ਦਾ ਇਤਿਹਾਸ, ਆਉਣ ਵਾਲੀਆਂ ਪੀੜ੍ਹੀਆਂ ਲਈ ਮੰਜ਼ਿਲਾਂ ਦਾ ਸਿਰਨਾਂਵਾਂ, ਹਨੇਰੇ ਅਤੇ ਊਬੜ-ਖੂਬੜ ਰਾਹਾਂ 'ਚ ਜਗਦੀ ਟਟਹਿਣੀ-ਲੋਅ।

ਅੱਥਰੂਆਂ ਕਾਰਨ ਹੀ ਸੁਨਹਿਰੀ ਵਰਕਿਆਂ 'ਚ ਸਮਾਈ ਹੁੰਦੀ ਏ ਵਕਤ ਦੀ ਕਰੁਣਾ, ਲੋਕਾਈ ਦੀ ਚੀਸ, ਮਰਨਹਾਰਿਆਂ ਦੀ ਦਰਦ-ਕਥਾ, ਰੁਆਂਸੇ ਨੈਣਾਂ 'ਚ ਉਗੇ ਰੋਹ-ਵਿਦਰੋਹ ਦਾ ਲਾਵਾ, ਸਮੇਂ ਦੀ ਮੁਹਾਰ ਮੋੜਨ ਦੀ ਕਰਮਯੋਗਤਾ ਅਤੇ ਹਰਫਾਂ 'ਚ ਉਗੀ ਚਾਨਣ ਦੀ ਕਾਤਰ।

ਐ ਖੁਦਾ! ਨੈਣਾਂ 'ਚ ਸੁੱਕੇ ਹੰਝੂਆਂ ਦੀ ਫਸਲ ਨਾ ਉਗਾਵੀਂ, ਮਨ-ਮਸਤਕ ਵਿਚ ਦਰਦਾਂ ਦਾ ਪੀਹੜਾ ਨਾ ਡਾਹਵੀਂ, ਝੋਲੀ ਵਿਚ ਹੌਕੇ ਅਤੇ ਹਾਵਿਆਂ ਦੀ ਖੈਰਾਤ ਨਾ ਪਾਵੀਂ ਅਤੇ ਨਾ ਹੀ ਦਿਲ ਦੀ ਬੀਹੀ ਗਮਾਂ ਦੀ ਹੇਕ ਲਾਵੀਂ।

ਸੁੱਕੇ ਅੱਥਰੂਆਂ ਦੀ ਇਹ ਕਹਾਣੀ, ਤੁਹਾਡੀ ਅਤੇ ਮੇਰੀ, ਸਭਨਾਂ ਦੀ ਹਾਣੀ। ਅਸਾਂ ਹੀ ਜਰਨੀ ਅਤੇ ਸਾਨੂੰ ਹੀ ਪੈਣੀ ਹੰਢਾਣੀ। ਹਰ ਯੁੱਗ ਅਤੇ ਹਰ ਮਨੁੱਖ ਦੇ ਸਾਹਾਂ 'ਤੇ ਉਗੀ ਜਾਂ ਉਕਰੀ ਜਾਣੀ। ਅਸੀਂ ਹੀ ਇਸ ਦੇ ਚਸ਼ਮਦੀਦ ਗਵਾਹ ਅਤੇ ਕਠਪੁਤਲੀਆਂ ਜਿਹੇ ਪਾਤਰ। ਇਸ 'ਚੋਂ ਉਭਰਨਾ ਹੀ ਜੀਵਨ ਦਾ ਸੱਚ ਅਤੇ ਮੁਸ਼ਕਿਲਾਂ 'ਚ ਅਡੋਲ ਰਹਿਣ ਦਾ ਰਹੱਸ।

ਐ ਖੁਦਾਇਆ! ਜੇ ਨੈਣਾਂ ਵਿਚ ਸੁਪਨੇ ਧਰਦਾ ਏਂ ਤਾਂ ਕਦੇ ਵੀ ਹੰਝੂਆਂ ਨੂੰ ਹਾਕ ਨਾ ਮਾਰੀਂ, ਸੱਜਣਾਂ ਦੇ ਤਸੱਵਰ ਵਿਚ ਕਦੇ ਵੀ ਅੱਥਰੂਆਂ ਦੀ ਆਹਣ ਨਾ ਆਵੇ, ਨੈਣਾਂ ਦੇ ਡੂੰਘੇ ਪਾਣੀਆਂ 'ਚ ਕੋਈ ਵੀ ਸੁਹਜ ਵਿਚਾਰ ਡੁੱਬ ਨਾ ਮੋਏ ਅਤੇ ਨਾ ਹੀ ਸੰਦੀਲੇ ਵਿਚਾਰਾਂ ਦੀ ਸਰਦਲ ਨੂੰ ਖਾਰਾਪਣ ਧੋਏ।

---

## ਫਾਸ਼ੀਵਾਦ ਦੇ ਆਸ-ਪਾਸ

ਸਰੀਰ 'ਚੋਂ ਸਾਹਾਂ ਦਾ ਨਿਕਲ ਜਾਣਾ ਹੀ
ਮੌਤ ਨਹੀਂ ਹੁੰਦਾ
'ਆਜ਼ਾਦੀ' ਦੇ ਜਸ਼ਨਾਂ 'ਚ ਸ਼ਮੂਲੀਅਤ ਤੋਂ
ਘਰ ਪਰਤ ਰਹੀ
ਕੁੜੀ ਨਾਲ ਹੋਏ ਬਲਾਤਕਾਰ ਦੀ
ਖਬਰ ਸੁਣ ਮੂੰਹ ਭੁਆ ਲੈਣਾ
ਤੇ ਵਾਹਿਗੁਰੂ ਕਹਿ
ਬਦਲ ਲੈਣਾ ਖਬਰਾਂ ਦਾ ਚੈਨਲ
ਮੌਤ ਹੀ ਤਾਂ ਹੁੰਦਾ ਹੈ ਬੰਦੇ ਦੀ।

ਚਾਰ ਬੰਦਿਆਂ ਦੇ
ਮੋਢਿਆਂ 'ਤੇ ਚੁੱਕੀ ਅਰਥੀ ਹੀ
ਮੌਤ ਨਹੀਂ ਹੁੰਦੀ ਆਕਸੀਜਨ ਖੁਣੋਂ
ਮਰੇ ਬੱਚਿਆਂ ਦੀਆਂ ਲਾਸ਼ਾਂ
ਮਾਂਵਾਂ ਦੀ ਝੋਲੀ ਪਵਾ
ਹਉਕਾ ਵੀ ਨਾ ਭਰਨਾ
ਹੋ ਜਾਣਾ ਚੁਪ ਚਾਪ
ਜਨਮ ਅਸ਼ਟਮੀ ਦੇ
ਜਸ਼ਨਾਂ 'ਚ ਮਸ਼ਰੂਫ
ਮੌਤ ਹੀ ਤਾਂ ਹੁੰਦਾ ਹੈ ਬੰਦੇ ਦੀ।

ਨਾ ਤੜਫਣਾ
ਨਾ ਰੋਣਾ, ਨਾ ਚੀਕਣਾ
ਸਿਰਫ ਚੁੱਪ ਕਰ ਜਾਣਾ
ਸਾਹਮਣੇ ਚੌਕ 'ਚ
ਨਿਲਾਮ ਹੁੰਦੀ ਅਜ਼ਮਤ ਨੂੰ ਦੇਖ
ਬਾਰੀਆਂ ਬੰਦ ਕਰ ਲੈਣਾ
ਮੌਤ ਹੀ ਤਾਂ ਹੁੰਦਾ ਹੈ ਬੰਦੇ ਦੀ।

ਜਦ ਸਹਿਮ ਦਾ ਸਾਇਆ
ਤੁਹਾਡੇ ਸੁਪਨਿਆਂ ਦੇ
ਸੂਤ ਲੈਂਦਾ ਹੈ ਸਾਹ
ਗਰਜਾਂ ਦੀ ਨਸ਼ਤਰ
ਰੂਹਾਂ 'ਚ ਖੁੱਭ
ਕਰ ਦੇਵੇ ਸੀਮਤ
ਜ਼ਿੰਦਗੀ ਦੀ ਵਿਸ਼ਾਲਤਾ ਨੂੰ
ਘਰ ਦੀ ਕਬੀਲਦਾਰੀ ਤੱਕ
ਤੀਆਂ ਦੇ ਹਾਸਿਆਂ 'ਤੇ
ਟਿਕੀਆਂ ਪਿੰਡ ਦੇ
ਵੈਲੀ ਦੀਆਂ ਨਜ਼ਰਾਂ
ਛਿਲਤਰ ਵਾਂਗ ਚੁੱਭ
ਤੁਹਾਡੀਆਂ ਰੂਹਾਂ ਨੂੰ
ਨਾ ਤੜਫਾਏ
ਮੌਤ ਹੀ ਤਾਂ ਹੁੰਦਾ ਹੈ ਬੰਦੇ ਦੀ।

ਮਦਰੱਸਿਆਂ 'ਚ
ਜਬਰੀ ਬੀਜੇ ਜਾ ਰਹੇ
ਆਪਣੀ ਮਰਜੀ ਦੇ ਤਰਾਨੇ
ਕੱਲ ਚਰਚਾਂ
ਗੁਰਦੁਆਰਿਆਂ
ਕਾਲਜਾਂ-ਯੂਨੀਵਰਸਿਟੀਆਂ 'ਚ ਵੀ
ਉਗਾਏ ਜਾਣਗੇ ਧੱਕੇ ਨਾਲ।

ਉਹ ਸਭ ਜਾਣਦੇ ਹਨ
ਕਿ ਗੁਆਂਢੀ ਦੇ ਘਰ
ਲੱਗੀ ਅੱਗ ਨੂੰ 'ਕੱਠੇ ਹੋ
ਬੁਝਾਉਣ ਦੀ ਬਜਾਏ
ਅਸੀਂ ਹੋ ਗਏ ਹਾਂ ਆਦੀ
ਇਹ ਸੋਚਣ ਦੇ ਕਿ
ਅੱਗ ਜਦ ਸਾਡੇ ਘਰ ਲੱਗੂ
ਤਾਂ ਦੇਖ ਲਾਂ'ਗੇ।
ਹਲਕਾਏ ਫਿਰਦੇ ਹਨ ਉਹ
ਤੁਹਾਡੀ ਚੁੱਪ ਦੀ ਹਿੱਕ 'ਤੇ ਬਹਿ
ਤੁਹਾਡੇ ਸੁਪਨਿਆਂ ਨੂੰ ਮਾਰਨ ਲਈ
ਬੋਲਾਂ ਨੂੰ ਕਤਲ ਕਰਨ ਲਈ
ਇਸ ਤੋਂ ਪਹਿਲਾ
ਕਿ ਇਹ ਖਰੂਦੀ ਹੱਥ
ਘਰਾਂ ਦੀਆਂ ਸਰਦਲਾਂ ਟੱਪ
ਪਹੁੰਚ ਜਾਣ
ਤੁਹਾਡੇ ਸ਼ਬਦਾਂ,
ਤੁਹਾਡੇ ਬੋਲਾਂ,
ਤੁਹਾਡੇ ਸੁਪਨਿਆਂ ਦੇ ਤਾਲੂਏ ਤੀਕ।

ਆਉ, ਬੁੱਲਾਂ 'ਤੇ ਪਸਰੀ
ਚੁੱਪ ਨੂੰ ਤੋੜੀਏ
ਬੁੜ ਬੁੜ ਨੂੰ ਬੋਲਾਂ 'ਚ ਬਦਲੀਏ
ਆਪਣੇ ਹਾਸਿਆਂ, ਸੁਪਨਿਆਂ
ਬੋਲਣ ਦੀ ਆਜ਼ਾਦੀ ਲਈ
ਉਠ ਰਹੀ ਹੂਕ ਨੂੰ
ਹੁੰਗਾਰਾ ਭਰੀਏ।

*-ਡਾ. ਸੁਖਦੇਵ ਗੁਰੂ*
*ਫੋਨ: 91-98146-19581*

## ਲੈ ਲੋ, ਲੈ ਲੋ

ਧਰਮ ਦੇ ਨਾਂ 'ਤੇ ਧੰਦੇ ਲੈ ਲੋ
ਵਿਕਦੇ ਇੱਥੇ ਬੰਦੇ ਲੈ ਲੋ।
ਭੁੱਖੇ ਮਰਨ ਦਿਓ ਸੜਕ ਕਿਨਾਰੇ
ਏ. ਸੀ. ਲਾਉਣ ਲਈ ਚੰਦੇ ਲੈ ਲੋ।

ਦੇਸ਼ ਦੀ ਵਾਗਡੋਰ ਸੌਂਪਣੀ
ਲੀਡਰ ਲੁੱਚੇ-ਲਫੰਗੇ ਲੈ ਲੋ।
ਡਿਗਰੀਆਂ ਰੱਖੋ ਬੋਝੇ ਪਾ ਕੇ
ਨੌਕਰੀਆਂ ਹੈ ਨ੍ਹੀਂ, ਡੰਡੇ ਲੈ ਲੋ।

ਗਰੀਬ ਕਿਸਾਨ ਦਾ ਮਾਸ ਉਧੇੜੋ
ਕੁਹਾੜੀਆਂ ਦੀ ਥਾਂ ਰੰਦੇ ਲੈ ਲੋ।
ਮਰ ਮਰ ਕੇ ਹੀ ਜਿਉਣਾ ਪੈਣਾ
ਗਲਾਂ ਦੇ ਲਈ ਹੁਣ ਫੰਦੇ ਲੈ ਲੋ।

ਹਰ ਚੀਜ਼ ਵਿਕਾਊ ਮਿਲ ਜਾਂਦੀ ਏ
ਸਸਤੇ ਭਾਅ 'ਤੇ ਚੰਗੇ ਲੈ ਲੋ।

*-ਬਲਜਿੰਦਰ ਆਲੀਕੇ*
*ਫੋਨ: 91-94645-62678*




# ਇਸ਼ਤਿਹਾਰਾਂ ਦੇ ਓਹਲੇ

ਅੱਜ ਹਰ ਕੋਈ ਟੈਲੀਵਿਜ਼ਨ 'ਤੇ ਚੱਲ ਰਿਹਾ ਇਸ਼ਤਿਹਾਰ ਦੇਖ ਕੇ ਟਿੱਪਣੀ ਤਾਂ ਕਰ ਦਿੰਦਾ ਹੈ, ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਇਸ਼ਤਿਹਾਰ ਉਦਯੋਗ ਦਰਅਸਲ ਹੈ ਕੀ? ਇਸ਼ਤਿਹਾਰ ਏਜੰਸੀਆਂ ਨੂੰ ਹੋਂਦ ਵਿਚ ਆਇਆਂ ਇੱਕ ਸਦੀ ਤੋਂ ਵੱਧ ਦਾ ਅਰਸਾ ਹੋ ਚੁੱਕਾ ਹੈ, ਪਰ ਪਿਛਲੇ ਪੰਜਾਹ ਸਾਲ ਤੋਂ, ਖਾਸ ਕਰ ਕੇ ਸੰਨ ਇਕਾਨਵੇਂ ਵਿਚ ਆਰਥਿਕਤਾ ਦੇ ਉਦਾਰੀਕਰਨ ਤੇ ਨਿੱਜੀਕਰਨ ਦੇ ਤੇਜ਼ ਰੁਝਾਨ ਕਾਰਨ ਖਪਤ ਬਾਜ਼ਾਰ ਦੀਆਂ ਆਸ਼ਾਵਾਂ ਤੇ ਇੱਛਾਵਾਂ ਵਿਚ ਵਾਪਰ ਰਹੇ ਪਰਿਵਰਤਨ ਕਰ ਕੇ ਇਸ਼ਤਿਹਾਰ ਉਦਯੋਗ ਵਿਚ ਵੀ ਭਾਰੀ ਤਬਦੀਲੀ ਵਾਪਰਦੀ ਦਿਖਾਈ ਦੇ ਰਹੀ ਹੈ।

ਇਸ਼ਤਿਹਾਰ ਸਮਾਜ ਦੀਆਂ ਇੱਛਾਵਾਂ ਤੇ ਲੋੜਾਂ ਵਿਚ ਵਾਪਰ ਰਹੇ ਰੂਪਾਂਤਰਨ ਨੂੰ ਸਮਝਣ ਤੇ ਅਧਿਐਨ ਲਈ ਮਹੱਤਵਪੂਰਨ ਖਿੜਕੀ ਹੋ ਨਿਬੜਦਾ ਹੈ। ਇਸ਼ਤਿਹਾਰ ਬਾਰੇ ਪ੍ਰੰਪਰਿਕ ਸਮਝ ਇਹ ਹੈ ਕਿ ਇਸ ਰਾਹੀਂ ਨਵੇਂ ਉਤਪਾਦਨਾਂ ਦੇ ਪਰਿਚੈ ਤੇ ਵਿਕਰੀ ਰਾਹੀਂ ਉਪਭੋਗਤਾ ਦੇ ਵਿਵੇਕ ਤੇ ਭਾਵਨਾ ਨੂੰ ਪ੍ਰਭਾਵਿਤ ਕਰ ਕੇ ਉਸ ਦੇ ਵਿਹਾਰ ਵਿਚ

**ਮਨਮੋਹਨ**
ਫੋਨ: +91-82839-48811

ਤਬਦੀਲੀ ਲਿਆਉਣ ਦਾ ਯਤਨ ਕੀਤਾ ਜਾਂਦਾ ਹੈ। ਇਸ਼ਤਿਹਾਰਕਾਰੀ ਅਕਸਰ ਸਮਾਜ ਤੋਂ ਕੁਝ ਕਦਮ ਅੱਗੇ ਹੀ ਰਹਿੰਦੀ ਹੈ ਅਤੇ ਭਵਿਖ ਦੇ ਰੁਝਾਨਾਂ ਨੂੰ ਵੀ ਇੰਗਿਤ ਕਰਦੀ ਹੈ। ਕਈ ਵਾਰ ਇਹ ਸਦੀਆਂ ਪੁਰਾਣੇ ਰੀਤੀ-ਰਿਵਾਜਾਂ ਅਤੇ ਜੀਵਨ ਸ਼ੈਲੀਆਂ ਨਾਲ ਸਹੀ ਸੰਪਰਕ ਸਥਾਪਿਤ ਕਰਨ ਲਈ ਅਤੀਤ ਵੱਲ ਵੀ ਝਾਤੀ ਮਾਰਦੀ ਹੈ ਤਾਂ ਕਿ ਇਹ ਭਵਿਖਲੇ ਤੇ ਵਰਤਮਾਨ ਰੁਝਾਨਾਂ ਦੀ ਟੋਹ ਲੈ ਸਕੇ। ਮੂਲ ਰੂਪ ਵਿਚ ਇਸ਼ਤਿਹਾਰ ਖਪਤਕਾਰਾਂ ਨੂੰ ਨਵੇਂ ਉਤਪਾਦਨਾਂ ਤੇ ਸੇਵਾਵਾਂ ਦੀ ਖੋਜ ਤੇ ਚੋਣ ਹਿੱਤ ਮਦਦ ਕਰਦਾ ਹੈ। ਇਸ ਮਦਦ ਵਿਚ ਵਿਵੇਕ ਤੇ ਤਰਕ ਦੇ ਨਾਲ ਨਾਲ ਭਾਵੁਕਤਾ ਦੀ ਪੁੱਠ ਵੀ ਹੁੰਦੀ ਹੈ।

ਅਮਰੀਕੀ ਸਭਿਆਚਾਰ ਦਾ ਇਤਿਹਾਸਕਾਰ ਜੈਕਸਨ ਲੀਅਰਜ਼ ਇਸ ਵਿਚਾਰ ਨੂੰ ਤੱਜਦਾ ਹੈ ਕਿ ਇਸ਼ਤਿਹਾਰ ਉਦਯੋਗਿਕ ਸਮਾਜਾਂ ਦਾ ਲੋਕ ਸਾਹਿਤ ਹੁੰਦਾ ਹੈ, ਪਰ ਜਦੋਂ ਅਸੀਂ ਆਪਣੇ ਸਮਾਜ ਵੱਲ ਦੇਖਦੇ ਹਾਂ। ਖਾਸ ਕਰ ਕੇ ਪਿਛਲੇ ਪੰਜ ਦਹਾਕਿਆਂ ਦੇ ਸਮੇਂ ਵੱਲ ਜਿਸ ਦੌਰਾਨ ਨਾ ਸਿਰਫ ਇਸ਼ਤਿਹਾਰਕਾਰੀ ਕਾਰਨ ਜਾਂ ਇਸ ਦੇ ਪ੍ਰਭਾਵਾਂ ਰਾਹੀਂ ਲੋਕ ਸਾਹਿਤ ਹੀ ਪੈਦਾ ਹੋਇਆ ਹੈ, ਬਲਕਿ ਇਸ ਤੋਂ ਸਮਾਜ ਦੀ ਸੂਝ ਨੂੰ ਸਮਝਣ ਲਈ ਬੜੀਆਂ ਰੋਚਕ ਅੰਤਰਦ੍ਰਿਸ਼ਟੀਆਂ ਵੀ ਪ੍ਰਾਪਤ ਹੋਈਆਂ ਹਨ। ਫਰਾਂਸਿਸੀ ਚਿੰਨ੍ਹ ਵਿਗਿਆਨੀ ਰੋਲਾਂ ਬਾਰਥ ਦਾ ਕਹਿਣਾ ਹੈ ਕਿ ਵਪਾਰਕ ਇਸ਼ਤਿਹਾਰ ਇਸ ਲਈ ਅਸਰਦਾਰ ਹੁੰਦੇ ਹਨ, ਕਿਉਂਕਿ ਉਤਪਾਦਨ ਦਾ ਕੋਈ ਬੀਜ ਵਿਚਾਰ, ਉਪਭੋਗਤਾ ਦੇ ਮਨ ਵਿਚ ਪਹਿਲਾਂ ਹੀ ਪਿਆ ਹੁੰਦੈ। ਇਹ ਵਿਚਾਰ ਹੀ ਇਸ਼ਤਿਹਾਰ ਦੀ ਸ਼ਕਤੀ ਰਾਹੀਂ ਮਿੱਥ ਵਿਚ ਰੂਪਾਂਤਰਿਤ ਹੋ ਜਾਂਦੇ ਹਨ। ਜਿਵੇਂ ਯੂਨਾਨੀਆਂ ਕੋਲ ਸ਼ਕਤੀ ਦਾ ਪੁੰਜ ਹੋਮਰ ਸੀ, ਉਵੇਂ ਹੀ ਅੱਜ ਦੇ ਖਪਤਕਾਰਾਂ ਨੂੰ ਇਸ਼ਤਿਹਾਰ, ਕਿਸੇ ਨਾ ਕਿਸੇ ਸ਼ਕਤੀਸ਼ਾਲੀ ਨਾਇਕ ਨੂੰ ਪਰੋਸਦਾ ਹੈ। ਦ੍ਰਿਸ਼ ਮੀਡੀਆ ਜਿਵੇਂ ਟੈਲੀਵਿਜ਼ਨ ਦੇ ਇਸ਼ਤਿਹਾਰ ਸ਼ਹਿਰੀ-ਪੇਂਡੂ ਮਿੱਥਾਂ ਨੂੰ ਪੈਦਾ ਕਰਨ ਵਿਚ ਵੱਡੀ ਭੂਮਿਕਾ ਅਦਾ ਕਰਦੇ ਹਨ।

ਇਸ਼ਤਿਹਾਰਕਾਰੀ, ਹਰ ਉਮਰ ਦੇ ਖਪਤਕਾਰ ਕੋਲ ਉਤਪਾਦਨ ਦੀਆਂ ਸਿਫ਼ਤਾਂ ਦੱਸਣ ਲਈ ਉਸੇ ਉਮਰ ਭਾਵ ਬੱਚੇ ਤੋਂ ਲੈ ਕੇ ਬੁੱਢੇ ਦੀਆਂ ਜ਼ਰੂਰਤਾਂ ਮੁਤਾਬਿਕ ਭਾਸ਼ਾ ਤੇ ਜੁਗਤਾਂ ਈਜਾਦ ਕਰਦੀ ਹੈ। ਬੱਚਿਆਂ ਦੀ ਵੱਖ-ਵੱਖ ਉਮਰ ਲਈ ਵੀ ਇਸ਼ਤਿਹਾਰਕਾਰ, ਉਮਰ ਦਾ ਸੰਗਿਆਨ ਲੈਂਦੇ ਹੋਏ ਹੀ ਇਸ਼ਤਿਹਾਰ ਦੀ ਭਾਸ਼ਾ ਤਿਆਰ ਕਰਦੇ ਹਨ। ਸਵਿਸ ਮਨੋਵਿਗਿਆਨਕ, ਸਮਾਜ ਵਿਗਿਆਨਕ ਤੇ ਦਾਰਸ਼ਨਿਕ ਜਾਂ ਪਿਆਜੇ ਪਹਿਲਾ ਚਿੰਤਕ ਸੀ ਜਿਸ ਨੇ ਸੰਗਿਆਨ ਸਿਧਾਂਤ ਦੀ ਗੱਲ ਸ਼ੁਰੂ ਕੀਤੀ ਜਿਸ ਦੀਆਂ ਚਾਰ ਸਟੇਜਾਂ ਹਨ; ਸੈਂਸਰੀਮੋਟਰ ਸਟੇਜ (ਜਨਮ ਤੋਂ ਲੈ ਕੇ ਦੋ ਸਾਲ ਤਕ), ਪ੍ਰੀ ਅਪਰੇਸ਼ਨਲ ਸਟੇਜ (ਦੋ ਸਾਲ ਤੋਂ ਲੈ ਕੇ ਸੱਤ ਸਾਲ ਤਕ), ਕੰਕਰੀਟ ਅਪਰੇਸ਼ਨਲ ਸਟੇਜ (ਸੱਤ ਤੋਂ ਗਿਆਰਾਂ ਸਾਲ ਤਕ) ਅਤੇ ਫੌਰਮਲ ਅਪਰੇਸ਼ਨਲ ਸਟੇਜ (ਗਿਆਰਾਂ ਤੋਂ ਸੋਲਾਂ ਸਾਲ ਤਕ)। ਇਸ਼ਤਿਹਾਰਕਾਰ ਲਈ ਸਮਾਜ ਦਾ ਹਰ ਵਰਗ ਦਾ।

ਉਪਭੋਗਤਾ ਮਹੱਤਵਪੂਰਨ ਹੈ, ਕਿਉਂਕਿ ਉਸ ਨੇ ਆਪਣੇ ਉਤਪਾਦਨ ਲਈ ਬਾਜ਼ਾਰ ਪੈਦਾ ਕਰਨਾ ਹੈ। ਮਸਲਨ ਬੱਚਿਆਂ ਦੇ ਉਤਪਾਦਨਾਂ ਬਾਰੇ ਬਹੁਤ ਸਾਰੀ ਇਸ਼ਤਿਹਾਰਕਾਰੀ ਮਿਲਦੀ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਬਾਲ ਵਰਗ ਦੇ ਉਪਭੋਗਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਬੱਚਿਆਂ ਬਾਰੇ ਸਾਬਣ ਤੋਂ ਲੈ ਕੇ ਨੂਡਲਜ਼ ਤਕ, ਡਿਟਰਜੈਂਟ ਤੋਂ ਲੈ ਕੇ ਮੋਬਾਈਲ ਤਕ ਨੂੰ ਬੱਚਿਆਂ ਦੀ ਪ੍ਰੇਰਕ-ਪਹੁੰਚ ਦੇ ਅੰਦਰ ਦਿਖਾਇਆ ਜਾਂਦਾ ਹੈ।

ਇਸ਼ਤਿਹਾਰ ਵਿਚ ਭਾਰਤੀ ਨਾਰੀ ਦੀ ਪੇਸ਼ਕਾਰੀ ਵਿਚ ਵੀ ਨਾਟਕੀ ਪਰਿਵਰਤਨ ਵਾਪਰੇ ਹਨ। ਸੁਘੜ ਗ੍ਰਿਹਿਸਤਣ ਤੋਂ ਲੈ ਕੇ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਸੁਲਝਾ ਸਕਣ ਦੇਣ ਵਾਲੀ ਜਾਦੂਗਰ 'ਮੰਮੀ', ਸਾਂਵਲੇ ਰੰਗ ਦੀ ਔਰਤ, ਜਿਸ ਦਾ ਅਜੇ ਵਿਆਹ ਹੋਣਾ ਹੈ, ਤੋਂ ਲੈ ਕੇ ਸਫ਼ਲ ਅਫ਼ਸਰ ਤੇ ਐਗਜ਼ੀਕਿਊਟਿਵ ਦੇ ਰੂਪ ਵਿਚ ਨਾਰੀ ਦੀ ਪੇਸ਼ਕਾਰੀ ਵਿਚ ਕਈ ਰੂਪਾਂਤਰਣ ਹੋਏ। ਇਸ਼ਤਿਹਾਰਕਾਰੀ ਦੇ ਬਾਜ਼ਾਰ ਵਿਚ ਨਾਰੀ ਹੀ ਅਜਿਹਾ ਉਪਭੋਗਤਾ ਹੈ ਜਿਸ ਵਿਚ ਇੰਨੀ ਵਿਵਿਧਤਾ ਅਤੇ ਬਹੁਰੰਗਤਾ ਦਿਖਾਈ ਦਿੰਦੀ ਹੈ। ਨਾਰੀ ਦੇ ਦਿਨ-ਬ-ਦਿਨ ਵੱਧ ਹੌਸਲੇ ਵਾਲੇ ਰੂਪ ਤੇ ਮਰਦ ਦੇ ਦਿਨ-ਬ-ਦਿਨ ਵੱਧ ਪ੍ਰਵਾਹ ਕਰਨ ਵਾਲਾ, ਸੋਚਣਸ਼ੀਲ ਤੇ ਜੁਗਤੀ ਹੋਣ ਦੇ ਰੂਪ ਨੂੰ ਇਸ਼ਤਿਹਾਰਾਂ ਵਿਚ ਦਿਖਾਇਆ ਜਾ ਰਿਹਾ ਹੈ। ਸਰੀਰਕ ਤੌਰ 'ਤੇ ਬਲਵਾਨ ਦਿਖਾਏ ਜਾਣ ਵਾਲੇ ਮਰਦ ਨੂੰ ਔਰਤ ਦਾ ਹਰ ਖੇਤਰ ਵਿਚ ਸਾਥ ਦੇਣ ਵਾਲੇ ਸਹਿਭਾਗੀ ਦੇ ਰੂਪ ਵਿਚ ਇਸ਼ਤਿਹਾਰਾਂ ਰਾਹੀਂ ਦਿਖਾਇਆ ਜਾ ਰਿਹਾ ਹੈ। ਹੁਣ ਉਹ ਛੇ ਡੌਲਿਆਂ ਵਾਲੇ ਨੌਜਵਾਨ ਦੇ ਰੂਪ ਵਿਚ ਡਿਊਡੈਂਟਰੈਂਟ ਦਾ ਇਸ਼ਤਿਹਾਰ ਕਰਦਾ ਹੈ ਜਿਸ ਵਿਚ ਨੰਦੀਆਂ ਤੋਂ ਲੈ ਕੇ ਭਾਬੀਆਂ ਉਸ ਕੋਲੋਂ ਆਉਂਦੀ ਮਹਿਕ 'ਤੇ ਮਰ ਮਰ ਜਾਂਦੀਆਂ ਹਨ। ਨੌਜਵਾਨਾਂ ਦੀ ਪੇਸ਼ਕਾਰੀ ਵਿਚ ਵੀ ਨਵੇਂ ਪੱਧਰ ਆਏ ਹਨ। ਪਹਿਲਾਂ ਜਿਥੇ ਇਨ੍ਹਾਂ ਨੂੰ ਜਵਾਨੀ ਦੀ ਮਸਤੀ ਦੀਆਂ ਖੁੱਲ੍ਹਾਂ ਮਾਣਦੇ ਦਿਖਾਇਆ ਜਾਂਦਾ ਸੀ, ਹੁਣ ਇਨ੍ਹਾਂ ਨੂੰ ਭ੍ਰਿਸ਼ਟਾਚਾਰ, ਬੋਲਣ/ਪ੍ਰਗਟਾਵੇ ਦੀ ਆਜ਼ਾਦੀ ਅਤੇ ਹੋਰ ਮਹੱਤਵਪੂਰਨ ਵਿਸ਼ਿਆਂ ਦੀ ਪੇਸ਼ਕਾਰੀ ਲਈ ਵਰਤਿਆ ਜਾਂਦਾ ਹੈ। ਇੰਜ ਇਸ਼ਤਿਹਾਰਕਾਰੀ, ਸਮਾਜ ਦੇ ਬਾਹਰੀ ਜਗਤ ਤੇ ਨਾਲ ਨਾਲ ਉਪਭੋਗਤਾ ਤੇ ਸਮਾਜ ਦਾ ਮਨੋਵਿਗਿਆਨ ਪੜ੍ਹ ਤੇ ਘੜ ਰਹੀ ਹੁੰਦੀ ਹੈ।

ਇਸ਼ਤਿਹਾਰਕਾਰੀ ਦੇ ਅਧਿਐਨ ਦੇ ਹੀ ਪ੍ਰਸੰਗ ਵਿਚ ਪਿਛਲੇ ਦਿਨੀਂ ਮੈਨੂੰ ਅੰਬੀ ਪਰਮੇਸ਼ਵਰਨ ਦੀ ਕਿਤਾਬ 'ਨਵਾਬ, ਨਿਊਡਜ਼, ਨੂਡਲਜ਼- ਇੰਡੀਆ ਥਰੂ ਫਿਫਟੀਜ਼ ਈਅਰਜ਼ ਆਫ ਐਡਵਰਟਾਈਜ਼ਿੰਗ' ਪੜ੍ਹਨ ਦਾ ਮੌਕਾ ਮਿਲਿਆ। ਅੰਬੀ ਪਿਛਲੇ ਪੈਂਤੀ ਵਰ੍ਹਿਆਂ ਤੋਂ ਇਸ਼ਤਿਹਾਰ ਦੇ ਉਦਯੋਗ ਵਿਚ ਕਾਰਜਸ਼ੀਲ ਹੈ। ਆਪਣੀ ਕਿਤਾਬ ਦੇ ਅੰਤ ਵਿਚ ਉਸ ਨੇ ਇਹ ਸਿੱਟਾ ਕੱਢਿਆ ਹੈ; 'ਇਸ਼ਤਿਹਾਰਕਾਰੀ ਦੀ ਯਾਤਰਾ ਦੱਸਦੀ ਹੈ ਕਿ ਕਿਵੇਂ ਇਸ਼ਤਿਹਾਰ ਨੇ ਆਪਣੇ ਕਈ ਲੈਂਜ਼ਾਂ ਰਾਹੀਂ ਸਮਾਜ ਨੂੰ ਤੱਕਿਆ ਹੈ, ਜਿਸ ਵਿਚ ਨਾਰੀ, ਮਰਦ, ਬੱਚੇ, ਸੀਨੀਅਰ ਸ਼ਹਿਰੀ, ਵਿਆਹ, ਨੌਕਰੀ, ਸਿੱਖਿਆ, ਨਿਆਣੇ ਆਦਿ ਸਾਰੇ ਸ਼ਾਮਲ ਹਨ। ਇਸ ਨੇ ਇਹ ਵੀ ਤੱਕਿਆ ਕਿ ਕਿਵੇਂ ਸਾਡੀਆਂ ਆਦਤਾਂ, ਅਨੁਸ਼ਠਾਨਾਂ ਤੇ ਭੂਮਿਕਾਵਾਂ ਵਿਚ ਪਰਿਵਰਤਨ ਵਾਪਰਿਆ। ਕਈ ਪੱਖਾਂ ਵਿਚ ਇਸ਼ਤਿਹਾਰ ਨੇ ਸਮਾਜ ਨੂੰ ਉਵੇਂ ਦਾ ਉਵੇਂ ਪੇਸ਼ ਕਰ ਦਿੱਤਾ ਅਤੇ ਕਈ ਪੱਖਾਂ ਵਿਚ ਇਸ਼ਤਿਹਾਰ ਨੇ ਭਵਿਖਬਾਣੀ ਵੀ ਕੀਤੀ ਅਤੇ ਭੁੱਲ ਭੁਲਾਅ ਗਏ ਰਿਵਾਜਾਂ ਦੀ ਮੁੜ ਯਾਦ ਵੀ ਦਿਵਾਈ। ਇਸ਼ਤਿਹਾਰ ਦਾ ਉਦਯੋਗ ਹੁਣ ਸੋਚ ਰਿਹਾ ਕਿ ਕਿਵੇਂ ਉਹ ਹੋਰ ਚੰਗੀ ਤਰ੍ਹਾਂ ਸਮਾਜਿਕ ਰੁਝਾਨਾਂ ਨੂੰ ਪ੍ਰਤੀਬਿੰਬਤ ਕਰ ਸਕਦੇ ਅਤੇ ਕਿਹੜੇ ਢੰਗਾਂ ਨਾਲ ਉਹ ਸੋਸ਼ਲ ਮੀਡੀਆ ਦੇ ਉਭਾਰ ਨੂੰ ਵਰਤ ਸਕਦਾ ਹੈ?

ਅੰਬੀ ਇਸ਼ਤਿਹਾਰ ਦੀਆਂ ਭਵਿਖਲੀਆਂ ਜ਼ਿੰਮੇਵਾਰੀਆਂ ਵੱਲ ਵੀ ਸੰਕੇਤ ਕਰਦਾ ਹੈ ਕਿ ਕੀ ਇਸ਼ਤਿਹਾਰ ਨੂੰ ਸਮਾਜਿਕ ਰੁਝਾਨਾਂ ਬਾਰੇ ਭਵਿਖਬਾਣੀ ਕਰਨੀ ਚਾਹੀਦੀ ਹੈ ਜਾਂ ਰੁਝਾਨ ਤੋਂ ਇੱਕ ਕਦਮ ਪਿੱਛੇ ਰਹਿਣਾ ਚਾਹੀਦਾ ਹੈ?

ਅੰਤ ਵਿਚ ਉਹ ਲਿਖਦਾ ਹੈ ਕਿ ਜਿਵੇਂ ਜਿਵੇਂ ਸਾਡਾ ਦੇਸ਼ ਤੇ ਸਮਾਜ ਬਦਲ ਰਿਹੈ, ਇਸ਼ਤਿਹਾਰ ਵੀ ਬਦਲ ਰਿਹਾ ਹੈ ਅਤੇ ਨਾਲ ਨਾਲ ਇਸ ਦੀਆਂ ਸੰਭਾਵਨਾਵਾਂ ਤੇ ਸ਼ਕਤੀ ਨੂੰ ਵਧਾਉਣ ਵਿਚ ਸਹਾਇਕ ਭੂਮਿਕਾ ਨਿਭਾਅ ਰਿਹਾ ਹੈ। ਇਹੋ ਹੀ ਇਸ਼ਤਿਹਾਰ ਦੀ ਸੱਤਾ ਹੈ। ਇਹੋ ਹੀ ਸਾਰੀ ਸ਼ਕਤੀ ਹੈ ਜਿਸ ਨੂੰ ਇਸ਼ਤਿਹਾਰ ਪ੍ਰਾਪਤ ਕਰ ਸਕਦਾ ਤੇ ਅਗਾਂਹ ਦੇ ਸਕਦਾ ਹੈ।

ਇਸ਼ਤਿਹਾਰਬਾਜ਼ੀ ਦੇ ਉਦਯੋਗ ਵਿਚ ਜਿਥੇ ਖਪਤਕਾਰੀ ਵਸਤਾਂ ਵਿਚ ਵੱਡਾ ਪਰਿਵਰਤਨ ਆਇਆ ਹੈ, ਉਥੇ ਇਸ਼ਤਿਹਾਰਕਾਰੀ ਦੀ ਭਾਸ਼ਾ, ਤਕਨੀਕ ਦੀ ਡਿਜੀਟਾਈਜੇਸ਼ਨ, ਫੋਟੋਗ੍ਰਾਫਿਕ ਵਿਧੀਆਂ ਤੇ ਉਪਕਰਣਾਂ ਅਤੇ ਕਥਾ/ਬਿਰਤਾਂਤ ਦੀਆਂ ਜੁਗਤਾਂ ਵਿਚ ਵੀ ਬੇਅੰਤ ਤਬਦੀਲੀ ਵਾਪਰੀ ਹੈ। ਜੇ ਸੱਠ-ਸੱਤਰ ਸਾਲ ਪਹਿਲਾਂ ਦੇ ਇਸ਼ਤਿਹਾਰ ਤੇ ਅੱਜ ਦੇ ਇਸ਼ਤਿਹਾਰਾਂ ਦਾ ਤੁਲਨਾਤਮਕ ਅਧਿਐਨ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਸ਼ਤਿਹਾਰ ਦਾ ਸਾਰਾ ਲਬੋ-ਲਬਾਬ ਹੀ ਬਦਲ ਗਿਆ ਹੈ। ਕੋਲਡ ਡਰਿੰਕਸ ਵਿਚ ਪਹਿਲਾਂ 'ਵਿਮਟੋ-ਕੀਪ ਯੂ ਫਿਟ' ਦੀ ਥਾਂ ਹੁਣ ਬਾਜ਼ਾਰ ਵਿਚ ਕਈ ਤਰ੍ਹਾਂ ਦੀਆਂ ਕੋਲਡ ਡਰਿੰਕਸ ਦੀਆਂ ਕਿਸਮਾਂ ਉਪਲਬਧ ਹਨ। ਸਾਬਣਾਂ ਵਿਚ ਜਿਥੇ ਪਹਿਲਾਂ ਕੇਵਲ 'ਲਕਸ' ਤੇ 'ਲਾਇਫਬੁਆਏ' ਦੇ ਇਸ਼ਤਿਹਾਰ ਮਿਲਦੇ ਹਨ, ਅੱਜ ਬਾਜ਼ਾਰ ਵਿਚ ਸੈਂਕੜੇ ਕਿਸਮ ਦੇ ਸਾਬਣ ਮਿਲ ਰਹੇ ਹਨ। ਸੱਠ ਵਰ੍ਹੇ ਪਹਿਲਾਂ ਕੇਵਲ 'ਅਫ਼ਗਾਨ ਸਨੋਅ ਕਰੀਮ' ਹੀ ਮਿਲਦੀ ਸੀ, ਅੱਜ ਪੰਜਾਹ ਤਰ੍ਹਾਂ ਦੀਆਂ ਕਰੀਮਾਂ ਤੇ ਸ਼ਿੰਗਾਰ-ਸੁੰਦਰਤਾ ਦੀਆਂ ਵਸਤਾਂ ਬਾਜ਼ਾਰ ਵਿਚ ਆਪਣੀ ਬੇਇੰਤਹਾ ਇਸ਼ਤਿਹਾਰਬਾਜ਼ੀ ਦੇ ਸਿਰ 'ਤੇ ਵਿਕ ਰਹੀਆਂ ਹਨ। ਕਾਰਾਂ ਦੇ ਮਾਮਲੇ ਵਿਚ ਜਿੱਥੇ ਅੰਬੈਸਡਰ ਤੇ ਫੀਅਟ ਹੀ ਚਲਦੀਆਂ ਸਨ, ਅੱਜ ਬਾਜ਼ਾਰ ਦੇ ਉਦਾਰੀਕਰਨ ਤੇ ਵਿਸ਼ਵੀਕਰਨ ਨਾਲ ਦਰਜਨ ਵਿਦੇਸ਼ੀ ਤੇ ਮਹਿੰਗੇ ਮਾਡਲਾਂ ਦੀਆਂ ਕਾਰਾਂ ਦੇ ਇਸ਼ਤਿਹਾਰਾਂ ਦਾ ਬਾਜ਼ਾਰ ਗਰਮ ਹੈ। ਕਹਿਣ ਦਾ ਭਾਵ ਹੈ ਕਿ ਇਸ਼ਤਿਹਾਰ ਹੁਣ ਬੰਦੇ ਦੇ ਜੀਵਨ ਦਾ ਅਨਿੱਖੜ ਅੰਗ ਬਣ ਗਿਆ ਹੈ। ਯਾਂ ਪਾਲ ਸਾਰਤਰ ਦੇ ਕਹਿਣ ਅਨੁਸਾਰ, ਬੰਦਾ ਜੋ ਆਪਣੀ 'ਚੋਣ ਸੁਤੰਤਰਤਾ' ਦਾ ਗ਼ੁਲਾਮ ਹੈ, ਹੁਣ ਇਸ਼ਤਿਹਾਰ ਦਾ ਵੀ ਦਾਸ ਬਣ ਗਿਆ ਹੈ। ਇਸੇ ਕਰ ਕੇ ਹੁਣ ਇਸ਼ਤਿਹਾਰ ਦਾ ਉਦਯੋਗ ਉਪਭੋਗਤਾ ਦੇ ਹਰ ਜੀਵਨ, ਸੋਚ ਤੇ ਮਨ ਦੇ ਹਰ ਪੱਖ 'ਤੇ ਆਪਣੇ ਪ੍ਰਭਾਵ ਦਾ ਸਾਮਰਾਜ ਸਥਾਪਿਤ ਹੋ ਗਿਆ ਹੈ।

ਇਸ਼ਤਿਹਾਰਕਾਰੀ ਤੋਂ ਵਰਤਮਾਨ ਸਮਿਆਂ ਵਿਚ ਰਾਜਨੀਤੀ ਵੀ ਨਹੀਂ ਬਚ ਸਕੀ। ਅੱਜ ਪੂਰੇ ਸੰਸਾਰ ਵਿਚ ਹੀ ਲੋਕਤੰਤਰਿਕ ਰਾਜਨੀਤੀ ਬੜੀ ਸ਼ੋਰੀਲੀ ਹੁੰਦੀ ਜਾ ਰਹੀ ਹੈ ਅਤੇ ਆਉਣ ਵਾਲੇ ਸਮਿਆਂ ਵਿਚ ਇਹ ਰੌਲਾ ਹੋਰ ਅਸਹਿਣਸ਼ੀਲ ਹੋ ਜਾਵੇਗਾ। ਪੁਰਾਣੇ ਸਮਿਆਂ ਦੀ ਸਭਿਅਕ ਸੰਵਾਦ ਦੀ ਪਰੰਪਰਾ ਖੀਣ ਹੋ ਰਹੀ ਹੈ। ਸਭ ਤੋਂ ਪਹਿਲਾਂ ਅਮਰੀਕੀਆਂ ਨੇ ਇਸ਼ਤਿਹਾਰਕਾਰੀ ਨੂੰ ਰਾਜਨੀਤਕ ਪਿੜ ਵਿਚ ਲਿਆਂਦਾ। ਉਦੋਂ ਤੋਂ ਲੈ ਕੇ ਚੁਣਾਵੀ ਪ੍ਰਚਾਰ ਲਈ ਇਸ਼ਤਿਹਾਰਕਾਰੀ ਦੀ ਇਹ ਦੌੜ, ਰੁਕਣ ਦਾ ਨਾਮ ਨਹੀਂ ਲੈ ਰਹੀ। ਅੱਜ ਵੀ ਅਮਰੀਕੀ ਚੋਣਾਂ ਵਿਚ ਦੁਨੀਆਂ ਦੇ ਸਭ ਤੋਂ ਵੱਧ ਕੁਸ਼ਲ, ਚਾਲਾਕ ਤੇ ਮਹਿੰਗੇ ਇਸ਼ਤਿਹਾਰਕਾਰਾਂ ਦੀਆਂ ਸੇਵਾਵਾਂ ਲੈ ਕੇ ਚੋਣਾਂ ਜਿੱਤੀਆਂ ਜਾ ਰਹੀਆਂ ਹਨ। ਇਸ ਦਾ ਪ੍ਰਭਾਵ ਅਸੀਂ ਆਪਣੇ ਦੇਸ਼ ਦੇ ਲੋਕਤੰਤਰ ਵਿਚ ਵੀ ਪਿਛਲੇ ਕੁਝ ਵਰ੍ਹਿਆਂ ਤੋਂ ਦੇਖ ਰਹੇ ਹਾਂ।

# ਪਹਿਲਾ ਕਾਰਪੋਰੇਟ ਲੁਟੇਰਾ

ਅੰਗਰੇਜ਼ੀ ਭਾਸ਼ਾ ਵਿਚ ਸ਼ਾਮਲ ਹੋਣ ਵਾਲਾ ਪਹਿਲਾ ਲਫ਼ਜ਼ 'ਲੁੱਟ' ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਦੇ ਮੁਤਾਬਿਕ ਅਠਾਰਵੀਂ ਸਦੀ ਵਿਚ ਪੂਰੇ ਬ੍ਰਿਟੇਨ ਵਿਚ ਪ੍ਰਚਲਿਤ ਹੋ ਗਿਆ ਸੀ। ਇਸ ਤੋਂ ਪਹਿਲਾਂ ਇਹ ਸ਼ਬਦ ਉਤਰੀ ਭਾਰਤ ਤੋਂ ਬਾਹਰ ਸ਼ਾਇਦ ਹੀ ਸੁਣਿਆ ਗਿਆ ਹੋਵੇ। ਆਖਰ ਇਹ ਲਫ਼ਜ਼ ਇੰਨੀ ਦੂਰ ਕਿਵੇਂ ਪਹੁੰਚਿਆ?... ਇੰਗਲੈਂਡ ਵਿਚ ਵੇਲਜ਼ ਦੇ ਆਖਰੀ ਸ਼ਾਸਕ ਲਾਇਵਲਿਨ ਨੇ 13ਵੀਂ ਸਦੀ ਵਿਚ ਆਪਣਾ ਕਿਲਾ 'ਪੋਵਿਸ' ਬਣਵਾਇਆ ਅਤੇ ਫਿਰ



**ਕਰਾਂਤੀ ਪਾਲ**
ਫੋਨ: +91-92165-35617

ਵੇਲਜ਼ ਨੂੰ ਅੰਗਰੇਜ਼ ਰਾਜਸ਼ਾਹੀ ਹਕੂਮਤ ਹਵਾਲੇ ਕਰ ਦਿੱਤਾ। ਇਨਾਮ ਵਜੋਂ ਉਸ ਨੂੰ ਇਹ ਜਾਇਦਾਦ ਮਿਲੀ ਸੀ। ਪੋਵਿਸ ਦਾ ਕਿਲਾ ਬ੍ਰਿਟਿਸ਼ਾਂ ਵੱਲੋਂ ਭਾਰਤ ਵਿਚੋਂ ਲੁੱਟੀਆਂ ਗਈਆਂ ਚੀਜ਼ਾਂ ਨਾਲ ਭਰਿਆ ਪਿਆ ਹੈ। ਹਰ ਕਮਰਾ ਅਠਾਰਵੀਂ ਸਦੀ ਵਿਚ ਈਸਟ ਇੰਡੀਆ ਕੰਪਨੀ ਦੁਆਰਾ ਲੁੱਟੇ ਗਏ ਮਾਲ ਦੀ ਗਵਾਹੀ ਭਰਦਾ ਹੈ।

ਵੇਲਸ ਦੇ ਦਿਹਾਤੀ ਇਲਾਕੇ ਦੇ ਇਸ ਘਰ ਵਿਚ ਮੁਗ਼ਲ ਕਾਲ ਦੀਆਂ ਕਲਾਕ੍ਰਿਤਾਂ ਭਰੀਆਂ ਪਈਆਂ ਹਨ। ਇਸ ਵਿਚ ਸੋਨੇ ਦੇ ਨੱਕਾਸ਼ੀਦਾਰ ਹੁੱਕੇ, ਹੀਰਿਆਂ ਨਾਲ ਸਜਾਏ ਛੁਰੇ, ਪੀਲੇ ਪੁਖਰਾਜ ਵਾਲੀਆਂ ਤਲਵਾਰਾਂ, ਹਾਥੀ ਦੰਦ ਦੇ ਗਹਿਣੇ, ਬੇਸ਼ੁਮਾਰ ਰੇਸ਼ਮੀ ਕਲਾਕ੍ਰਿਤਾਂ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਹਨ। ਵਿਲੀਅਮ ਡੈਲਰਿੰਪਲ ਨੇ ਆਪਣੀ ਨਵੀਂ ਕਿਤਾਬ (ਦਿ ਅਨਾਰਕੀ: ਹਾਓ ਏ ਕਾਰਪੋਰੇਸ਼ਨ ਰਿਪਲੇਸਡ ਦਿ ਮੁਗ਼ਲ ਐਂਪਾਇਰ, 1756-1803) ਵਿਚ ਇਸ ਕਿਲੇ ਨੂੰ ਅੰਦਰੋਂ ਵੇਖ ਕੇ ਇਹ ਗੱਲ ਲਿਖੀ ਵੀ ਹੈ।

ਇੱਕ ਸਦੀ ਤਕ ਈਸਟ ਇੰਡੀਆ ਕੰਪਨੀ ਨੇ ਦੱਖਣ ਏਸ਼ੀਆ ਦੇ ਵਿਸ਼ਾਲ ਭਾਗ ਨੂੰ ਲੁੱਟਿਆ, ਉਸ 'ਤੇ ਕਬਜ਼ਾ ਕੀਤਾ। ਅੱਜ ਤਕ ਵੀ ਕੋਈ ਨਿਗਮ ਈਸਟ ਇੰਡੀਆ ਕੰਪਨੀ ਦੀਆਂ ਕਰਤੂਤਾਂ ਦੀ ਬਰਾਬਰੀ ਨਹੀਂ ਕਰ ਸਕਦਾ। ਉਂਜ, ਸੱਤਾ ਨੂੰ ਆਪਣੇ ਇਰਾਦਿਆਂ ਮੁਤਾਬਿਕ ਝੁਕਾਉਣ ਲਈ ਇਸ ਦੀ ਕਾਮਯਾਬੀ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਕਈ ਨਿਗਮਾਂ ਨੇ ਕੀਤੀ ਹੈ। ਹੁਣ ਈਸਟ ਇੰਡੀਆ ਕੰਪਨੀ ਕੋਈ ਵਜੂਦ ਨਹੀਂ ਹੈ। ਸ਼ੁਕਰ ਹੈ ਕਿ ਹੋਰ ਕੋਈ ਆਧੁਨਿਕ ਕੰਪਨੀ ਬਿਲਕੁਲ ਅਜਿਹੀ ਨਹੀਂ ਹੈ। ਕਾਰੋਬਾਰ ਅਤੇ ਪੈਸੇ ਦੇ ਲਿਹਾਜ਼ ਨਾਲ ਦੁਨੀਆਂ ਵਿਚ ਭਾਵੇਂ ਵੱਡੀਆਂ ਕੰਪਨੀਆਂ ਹਨ, ਪਰ ਉਨ੍ਹਾਂ ਕੋਲ ਪਰਮਾਣੂ ਪਣਡੁੱਬੀਆਂ ਦਾ ਜ਼ਖ਼ੀਰਾ ਨਹੀਂ ਹੈ। ਅਜੋਕੀਆਂ ਵੱਡੀਆਂ ਕੰਪਨੀਆਂ ਕੋਲ ਪੈਦਲ ਸੈਨਾ ਦੀ ਰਜਮੈਂਟ ਵੀ ਨਹੀਂ ਹੈ। ਫਿਰ ਵੀ ਪਹਿਲੀ ਵੱਡੀ ਬਹੁਕੌਮੀ ਨਿਗਮ ਅਤੇ ਨਾਲ ਹੀ ਹਥਿਆਰ ਦੀ ਤਰ੍ਹਾਂ ਕੰਮ ਕਰਨ ਵਾਲੀ ਈਸਟ ਇੰਡੀਆ ਕੰਪਨੀ ਅੱਜ ਵੀ ਕਈ ਕੰਪਨੀਆਂ ਲਈ ਮਾਡਲ ਬਣੀ ਹੋਈ ਹੈ।

ਈਸਟ ਇੰਡੀਆ ਕੰਪਨੀ ਇਤਿਹਾਸ ਵਿਚਲੀ ਸਭ ਤੋਂ ਖ਼ੌਫ਼ਨਾਕ ਮਿਸਾਲ ਹੈ ਕਿ ਕਾਰਪੋਰੇਟ ਸੱਤਾ ਦੀ ਦੁਰਵਰਤੋਂ ਕਿਸ ਹੱਦ ਤਕ ਕੀਤੀ ਜਾ ਸਕਦੀ ਹੈ। ਜਦੋਂ ਸ਼ੇਅਰ ਮਾਰਕਿਟ ਸਰਕਾਰਾਂ ਨੂੰ ਪ੍ਰਭਾਵਿਤ ਕਰਨ ਲੱਗਦੀ ਹੈ ਤਾਂ ਇਹ ਗੱਲ ਉਸ ਸਮੇਂ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਚਾਰ ਸੌ ਪੰਦਰਾਂ ਸਾਲ ਬਾਅਦ ਵੀ ਇਸ ਕੰਪਨੀ ਦੀ ਕਹਾਣੀ




ਜ਼ਿਆਦਾ ਵਿਆਖਿਆ ਦੀ ਮੰਗ ਕਰਦੀ ਹੈ।

ਈਸਟ ਇੰਡੀਆ ਕੰਪਨੀ ਕਈ ਪੱਖਾਂ ਤੋਂ ਕਾਰਪੋਰੇਟ ਕੁਸ਼ਲਤਾ ਦਾ ਸਹੀ ਨਮੂਨਾ ਸੀ। ਸੌ ਸਾਲ ਤਕ ਉਸ ਦੇ ਦਫ਼ਤਰ ਵਿਚ ਸਿਰਫ਼ 35 ਸਥਾਈ ਕਰਮਚਾਰੀ ਕੰਮ ਕਰਦੇ ਸਨ। ਇਨ੍ਹਾਂ ਵੱਲੋਂ ਫ਼ੌਜੀ ਜਿੱਤ ਹਾਸਲ ਕਰਨਾ ਦੁਨੀਆਂ ਲਈ ਵੱਖਰੀ ਗੱਲ ਸੀ। ਇਸ ਨੇ 1803 ਤਕ ਮੁਗ਼ਲਾਂ ਦੀ ਰਾਜਧਾਨੀ ਦਿੱਲੀ ਉਤੇ 2,60,000 ਦੀ ਨਫ਼ਰੀ ਵਾਲੀ ਬ੍ਰਿਟਿਸ਼ ਫ਼ੌਜ ਸਦਕਾ ਕਬਜ਼ਾ ਕਰ ਲਿਆ। ਇਸ ਸੈਨਾ ਨੇ ਤੋਪਾਂ, ਬੰਦੂਕਾਂ ਤੇ ਭਾਰੀ ਮਾਤਰਾ ਵਿਚ ਗੋਲਾ ਬਾਰੂਦ ਜਮ੍ਹਾਂ ਕਰ ਰੱਖਿਆ ਸੀ। ਇੰਨੀ ਫ਼ੌਜ ਏਸ਼ੀਆ ਦੇ ਕਿਸੇ ਰਾਜ ਕੋਲ ਨਹੀਂ ਸੀ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਈਸਟ ਇੰਡੀਆ ਕੰਪਨੀ ਖੁਦ ਨੂੰ 'ਦਿ ਗ੍ਰੈਂਡੈਸਟ ਸੁਸਾਇਟੀ ਆਫ਼ ਮਰਚੈਂਟਸ ਇਨ ਦਿ ਯੂਨੀਵਰਸ' ਦੱਸਦੀ ਸੀ।

ਇਸ ਕੰਪਨੀ ਨੇ ਆਪਣਾ ਕਾਰੋਬਾਰ ਪੂਰੀ ਦੁਨੀਆਂ ਵਿਚ ਫੈਲਾਅ ਰੱਖਿਆ ਸੀ। ਇਸ ਨੇ ਖ਼ਾਸ ਮਕਸਦ ਤਹਿਤ ਬੜੀ ਯੋਜਨਾਬੰਦੀ ਨਾਲ ਕੰਮ ਕੀਤਾ। ਇਸ ਨੇ ਆਪਣੀਆਂ ਕਿਸ਼ਤੀਆਂ ਰਾਹੀਂ ਅਫ਼ੀਮ ਚੀਨ ਨੂੰ ਭੇਜੀ। ਅੱਗੇ ਚੱਲ ਕੇ ਹਾਂਗਕਾਂਗ ਵਿਚ ਇੱਕ ਸਮੁੰਦਰੀ ਤੱਟ 'ਤੇ ਕਬਜ਼ਾ ਕਰ ਲਿਆ ਅਤੇ ਮੋਟਾ ਮੁਨਾਫ਼ਾ ਦੇਣ ਵਾਲੇ ਅਫ਼ੀਮ ਦੇ ਵਪਾਰ ਵਿਚ ਆਪਣਾ ਅਧਿਕਾਰ ਜਮਾ ਲਿਆ ਅਤੇ ਇਸ 'ਤੇ ਚੌਧਰ ਕਾਇਮ ਰੱਖਣ ਲਈ ਕਈ ਯੁੱਧ ਲੜੇ। ਪੱਛਮ ਦੀ ਚਾਹ ਵੀ ਇਸ ਨੇ ਚੀਨ ਦੇ ਰਸਤੇ ਭੇਜੀ। ਫਿਰ ਇਸ ਨੇ ਬੋਸਟਨ ਬੰਦਰਗਾਹ 'ਤੇ ਮਾਲ ਉਤਾਰਨ ਅਤੇ ਜਮ੍ਹਾਂ ਕਰਨ ਲਈ ਅਮਰੀਕੀ ਸੁਤੰਤਰਤਾ ਸੰਗਰਾਮ ਸ਼ੁਰੂ ਕਰ ਦਿੱਤਾ।

ਅਸੀਂ ਅੱਜ ਤਕ ਇਹੀ ਕਹਿੰਦੇ ਆ ਰਹੇ ਹਾਂ ਕਿ ਬ੍ਰਿਟਿਸ਼ਾਂ ਨੇ ਹਿੰਦੋਸਤਾਨ 'ਤੇ ਕਬਜ਼ਾ ਕਰ ਲਿਆ। ਦਰਅਸਲ, ਬ੍ਰਿਟਿਸ਼ ਸਰਕਾਰ ਨੇ ਨਹੀਂ, ਸਗੋਂ ਇੱਕ ਪ੍ਰਾਈਵੇਟ ਕੰਪਨੀ ਨੇ ਅਠਾਰਵੀਂ ਸਦੀ ਦੇ ਅੰਤ ਵਿਚ ਹਿੰਦੋਸਤਾਨ 'ਤੇ ਕਬਜ਼ਾ ਕਰ ਲਿਆ ਸੀ। ਉਸ ਦਾ ਪਹਿਲਾ ਮੁੱਖ ਦਫ਼ਤਰ ਲੰਡਨ ਵਿਚ ਇੱਕ ਛੋਟੀ ਜਿਹੀ ਇਮਾਰਤ ਵਿਚ ਸੀ। ਇਹ ਕੰਪਨੀ ਸਰਕਾਰ ਦੇ ਨਿਯਮ ਕਾਨੂੰਨਾਂ ਤੋਂ ਪਰ੍ਹੇ ਸੀ। ਹਿੰਦੋਸਤਾਨ ਵਿਚ ਇਸ ਦੇ ਕੰਮਕਾਜ ਨੂੰ ਮੇਜਰ-ਜਨਰਲ ਰੌਬਰਟ ਕਲਾਈਵ ਦੇਖਦਾ ਸੀ। ਬਾਅਦ ਵਿਚ ਉਸ ਨੇ ਖ਼ੁਦਕੁਸ਼ੀ ਕਰ ਲਈ। ਅਠਾਰ੍ਹਵੀਂ ਸਦੀ ਵਿਚ ਈਸਟ ਇੰਡੀਆ ਕੰਪਨੀ ਦਾ ਸਿਤਾਰਾ ਤੇਜ਼ੀ ਨਾਲ ਬੁਲੰਦ ਹੋਇਆ ਜਦੋਂਕਿ ਮੁਗ਼ਲ ਰਾਜ ਦਾ ਨਿਘਾਰ ਹੋਇਆ। 1739 ਤਕ ਮੁਗ਼ਲ ਰਾਜ ਕਾਬਲ ਤੋਂ ਮਦਰਾਸ ਤਕ ਫੈਲਿਆ ਹੋਇਆ ਸੀ। ਉਸੇ ਵਰ੍ਹੇ ਨਾਦਿਰ ਸ਼ਾਹ ਡੇਢ ਲੱਖ ਘੋੜ ਸਵਾਰ ਸੈਨਾ ਨਾਲ ਖ਼ੈਬਰ ਦੱਰੇ ਤੋਂ ਆ ਧਮਕਿਆ। ਉਸ ਨੇ ਪੰਦਰਾਂ ਲੱਖ ਦੀ ਮੁਗ਼ਲ ਸੈਨਾ ਨੂੰ ਹਰਾ ਦਿੱਤਾ। ਤਿੰਨ ਮਹੀਨੇ ਬਾਅਦ ਉਹ ਫ਼ਾਰਸ ਮੁੜਿਆ ਤਾਂ ਤਮਾਮ ਖ਼ਜ਼ਾਨਾ ਲੁੱਟ ਕੇ ਲੈ ਗਿਆ ਜੋ ਮੁਗ਼ਲ ਸਲਤਨਤ ਨੇ ਦੋ ਸੌ ਸਾਲਾਂ ਦੀ ਆਪਣੀ ਹਕੂਮਤ ਦੌਰਾਨ ਇਕੱਠਾ ਕੀਤਾ ਸੀ। ਇਸ ਵਿਚ ਸ਼ਾਹਜਹਾਂ ਦਾ ਅਨੋਖਾ ਤਖ਼ਤ-ਏ-ਤਾਊਸ ਵੀ ਸ਼ਾਮਲ ਸੀ ਅਤੇ ਦੁਨੀਆਂ ਦਾ ਸਭ ਤੋਂ ਵੱਡਾ ਹੀਰਾ ਕੋਹਿਨੂਰ ਵੀ। 700 ਹਾਥੀ, 4000 ਊਠ ਅਤੇ 12,000 ਘੋੜੇ ਵੀ ਇਸ ਦਾ ਹਿੱਸਾ ਸਨ। ਨਾਦਿਰ ਸ਼ਾਹ ਦੁਆਰਾ ਲੁੱਟੀ ਗਈ ਧਨ ਦੌਲਤ ਉਸ ਸਮੇਂ ਦੀ ਕੀਮਤ ਦੇ ਹਿਸਾਬ ਨਾਲ 8.75 ਕਰੋੜ ਪਾਉਂਡ ਮੰਨੀ ਗਈ ਸੀ। ਕਲਾਈਵ ਨੇ ਜੋ ਧਨ ਲੁੱਟਿਆ ਸੀ, ਉਸ ਤੋਂ ਵੀ ਕਈ ਗੁਣਾ ਵੱਧ ਬੇਸ਼ਕੀਮਤੀ ਸੀ। ਜਦੋਂ ਨਾਦਿਰ ਸ਼ਾਹ ਦੀ ਲੁੱਟ ਦੇ ਚਰਚੇ ਹੋਣ ਲੱਗੇ ਤਾਂ ਫ਼ਰਾਂਸੀਸੀ ਕੰਪਨੀ ਕੰਪੇਗਨਾਈ ਨੇ ਆਪਣੇ ਸਿੱਕੇ ਭਾਰਤ ਵਿਚ ਢਾਲਣੇ ਸ਼ੁਰੂ ਕਰ ਦਿੱਤੇ। ਕੰਪਨੀ ਨੇ ਸਿਪਾਹੀਆਂ ਦੀ ਭਰਤੀ ਵੀ ਸ਼ੁਰੂ ਕਰ ਦਿੱਤੀ। ਈਸਟ ਇੰਡੀਆ ਕੰਪਨੀ ਨੇ ਆਪਣਾ ਕਾਰੋਬਾਰ ਪੂਰੀ ਦੁਨੀਆਂ ਵਿਚ ਫੈਲਾਅ ਦਿੱਤਾ। ਇਸੇ ਇਸ ਦੀ ਹਕੂਮਤ ਸ਼ੁਰੂ ਹੋਈ।



ਸ਼ੌਰਟ ਕੱਟ ਵਾਇਆ ਲੌਂਗ ਰੂਟ

15

ਅਮਰੀਕ ਸਿੰਘ ਬਲ
ਫੋਨ: 34602835897

# ਹਾਦਸਾ-ਦਰ-ਹਾਦਸਾ

**ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 15ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ**

### ਤੁਸੀਂ ਪੜ੍ਹ ਚੁੱਕੇ ਹੋ...

*ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...*

ਬੁੱਧੂ ਨੇ ਅਤੀਤ ਦੇ ਕੌੜੇ-ਕੁਸੈਲੇ ਸੁਆਦ ਨੂੰ ਮੂੰਹ ਵਿਚ ਮਹਿਸੂਸ ਕਰ ਕੇ ਨਫਰਤ ਨਾਲ ਜ਼ਮੀਨ 'ਤੇ ਥੁੱਕਦਿਆਂ ਦੱਸਿਆ, ਉਹ ਮਾਰਚ ਵਿਚ ਮਾਲੀ ਤੋਂ ਰੁਖ਼ਸਤ ਹੋਏ ਉਸ ਗਰੁੱਪ ਦਾ ਹਿੱਸਾ ਸੀ ਜੋ 32 ਬੰਦਿਆਂ ਦਾ ਸੀ। ਪਾਸਪੋਰਟਾਂ ਸਹਿਤ ਸੜਕ ਰਾਹੀਂ ਸਫ਼ਰ ਕਰਦਿਆਂ ਅਲਜੀਰੀਆ ਦੇ ਸ਼ਹਿਰਾਂ ਓਰਾਨ, ਮਗਨੀਆ ਤਕ 20-22 ਦਿਨਾਂ ਵਿਚ ਪਹੁੰਚੇ ਸਨ। ਸਾਡੇ ਵਾਂਗ ਨਹੀਂ ਕਿ ਤੂਫ਼ਾਨ ਦੀ ਚਾਲੇ, 15 ਕੁ ਦਿਨਾਂ ਵਿਚ ਲਾਈਜ਼ੋਨ ਤੋਂ ਕਿਸ਼ਤੀ ਵਿਚ ਚਾੜ੍ਹ ਕੇ ਸਮੁੰਦਰ ਹਵਾਲੇ ਛੱਡ ਕੇ 'ਬਾਇ-ਬਾਇ' ਕਹਿ ਦਿੱਤਾ!

ਬੁੱਧੂ, ਨਿੰਦੇ, ਮੰਗੇ ਵਾਲਾ ਗਰੁਪ ਮਫ਼ੀਏ ਦੇ ਕਬਜ਼ੇ ਵਿਚ ਆ ਗਿਆ ਸੀ। ਉਨ੍ਹਾਂ ਨੂੰ 15 ਕੁ ਦਿਨ ਅਜਿਹੀਆਂ ਗੰਦੀਆਂ ਝੁੱਗੀਆਂ ਵਿਚ ਬੰਦ ਕਰ ਕੇ ਰੱਖਿਆ। ਖਾਣ ਨੂੰ ਬਹੁਤ ਘੱਟ ਤੇ ਪਾਣੀ ਘੁੱਟ-ਘੁੱਟ ਮਿਲਦਾ। ਸਿਰਫ਼ ਰਾਤ ਨੂੰ ਹਾਜ਼ਤ ਵਾਸਤੇ ਜਾਂ ਤਾਜ਼ੀ ਹਵਾ ਲਈ ਕੁਝ ਕੁ ਮਿੰਟ ਬਾਹਰ ਕੱਢਦੇ ਸਨ। ਦਿਨੇ ਪਿਸ਼ਾਬ ਬੋਤਲਾਂ ਵਿਚ ਕਰਦੇ। ਤਕਰੀਬਨ ਸਾਰੇ ਮੁੰਡਿਆਂ ਦੇ ਜੂੰਆਂ-ਪਿੱਸੂ ਇਥੋਂ ਹੀ ਪੈ ਗਏ ਸਨ। ਮਾਹੌਲ ਇੰਨਾ ਗੰਦਾ ਤੇ ਬਦਬੂਦਾਰ ਸੀ ਕਿ ਦਮ ਘੁਟਦਾ ਸੀ। ਕੁਝ ਕੁ ਮੁੰਡਿਆਂ ਨੂੰ ਖਾਜ ਨੇ ਚਰੂੰਡਣਾ ਸ਼ੁਰੂ ਕਰ ਦਿੱਤਾ ਸੀ।

ਹਥਿਆਰਬੰਦ ਕਾਲਿਆਂ ਨੇ ਇੱਕ ਮੁੰਡੇ ਨੂੰ ਇੰਨਾ ਕੁੱਟਿਆ ਕਿ ਉਹ ਤੁਰਨੋਂ ਵੀ ਰਹਿ ਗਿਆ, ਅੰਦਰੂਨੀ ਸੱਟਾਂ ਉਸ ਨੂੰ ਲੈ ਬੈਠੀਆਂ। ਰਹਿੰਦੀ ਕਸਰ ਤੇਜ਼ ਬੁਖ਼ਾਰ ਨੇ ਕੱਢ ਦਿੱਤੀ। ਕੁਝ ਖਾਧਾ-ਪੀਤਾ ਨਾ ਪਚਦਾ, ਉਲਟੀਆਂ ਕਰ ਦਿੰਦਾ। ਖ਼ਾਨ ਦੇ ਪੈਸੇ ਭੇਜਣ 'ਤੇ ਗਰੁਪ ਨੂੰ ਅਗਾਂਹ ਮੋਰੱਕੋ ਵੱਲ ਤੋਰ ਲਿਆ ਗਿਆ। ਉਸ ਵਿਚਾਰੇ ਤੋਂ ਤੁਰਿਆ ਨਾ ਜਾਵੇ ਤਾਂ ਕਾਲਿਆਂ ਨੇ ਹੋਰ ਕੁੱਟਣਾ ਸ਼ੁਰੂ ਕਰ ਦਿਤਾ, ਫਿਰ ਉਥੇ ਹੀ ਸੁੱਟ ਕੇ ਤੁਰ ਪਏ। ਨਾਲ ਦੇ ਮੁੰਡਿਆਂ ਨੇ ਵਾਰੋ-ਵਾਰੀ ਚੁੱਕ-ਘੜੀਸ ਕੇ ਉਸ ਅਧਮਰੇ ਸਰੀਰ ਨੂੰ ਨਾਲ ਲਿਆਂਦਾ।

ਅਹਿਮਦ ਮੋਟੇ ਨੇ ਉਸ ਬਿਮਾਰ ਨੂੰ ਰਬਾਤ ਭੇਜਿਆ ਤਾਂ ਖਾਨ ਨੇ ਮਦਦ ਦੀ ਥਾਂ ਅੰਬੈਸੀ ਅੱਗੇ ਲੰਮਾ ਪੁਆ ਦਿੱਤਾ। ਅੰਬੈਸੀ ਵੱਲੋਂ ਵੀ ਕੋਈ ਸਹਾਇਤਾ ਨਾ ਮਿਲੀ ਤਾਂ ਕਿਸੇ ਤਰ੍ਹਾਂ ਹਸਪਤਾਲ ਪਹੁੰਚਿਆ। ਹਫ਼ਤੇ ਕੁ ਬਾਅਦ ਉਸ ਦਾ ਭਰਾ ਇਟਲੀ ਤੋਂ ਆਇਆ, ਤੇ ਪਤਾ ਨਹੀਂ ਕੀ-ਕੀ ਪਾਪੜ ਵੇਲ ਕੇ ਉਸ ਵਿਚਾਰੇ ਨੂੰ ਇੰਡੀਆ ਲੈ ਕੇ ਗਿਆ।

ਬੁੱਧੂ ਹੋਰੀਂ ਮੋਰੱਕੋ ਤੋਂ ਪਿੱਛੇ ਹੀ ਕਾਫ਼ੀ ਕੁਝ ਭੁਗਤ ਆਏ ਸਨ। ਫਿਰ ਇਥੇ ਕਦੇ ਕਿਸੇ ਜੇਲ੍ਹ, ਕਦੇ ਕਿਤੇ, ਕਦੇ ਕਿਤੇ...। ਸਾਥੋਂ ਵੀ ਦੋ ਮਹੀਨੇ ਪਹਿਲਾਂ ਦੇ ਭਟਕ ਰਹੇ ਸਨ ਤੇ ਕਈ ਉਨ੍ਹਾਂ ਤੋਂ ਵੀ ਪਹਿਲਾਂ ਦੇ। ਕਈ ਖ਼ੁਸ਼ਕਿਸਮਤ ਸਪੇਨ ਪੁੱਜ ਚੁੱਕੇ ਸਨ, ਪਰ ਇਹ ਹਾਲੇ ਵੀ ਆਪਣੇ ਹੋਰ ਸਾਥੀਆਂ ਵਾਂਗ ਕਦੇ ਮੋਰੱਕੋ ਦੀਆਂ ਜੇਲ੍ਹਾਂ ਵਿਚ ਹੀ ਸੜਦੇ ਰਹੇ, ਕਦੇ ਭੁੱਖੇ-ਪਿਆਸੇ ਡੌਂਕਰਾਂ ਦੇ ਘਟੀਆ ਟਿਕਾਣਿਆਂ 'ਤੇ।

ਜੇਲ੍ਹਾਂ ਵਿਚ ਜਾਂ ਹੋਰ ਥਾਂ ਕਈ ਟੱਕਰੇ ਮੁੰਡਿਆਂ ਦੇ ਦਿਲ-ਕੰਬਾਊ ਖ਼ੌਫ਼ਨਾਕ ਵਾਕਿਆਤ ਸੁਣੇ ਸਨ। ਇਨ੍ਹਾਂ ਨੇ ਜ਼ਿੰਦਗੀ ਦਾ ਕਿਹੜਾ ਭਿਆਨਕ ਰੂਪ ਨਹੀਂ ਸੀ ਦੇਖਿਆ! ਉਨ੍ਹਾਂ ਦੀਆਂ ਬੇਵਸ ਅੱਖਾਂ ਸਾਹਮਣੇ ਕਿਹੜੇ-ਕਿਹੜੇ ਹੌਲ ਪਾਉਂਦੇ ਹਾਦਸੇ ਨਹੀਂ ਸੀ ਗੁਜ਼ਰੇ! ਸ਼ਾਇਦ ਫ਼ੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਸੀ, ਉਹ ਦੁਰਘਟਨਾਵਾਂ, ਉਹ ਦਹਿਸ਼ਤ ਜ਼ਿੰਦਗੀ ਦਿਖਾ ਰਹੀ ਸੀ ਜਾਂ ਮੌਤ!

ਅਜਿਹੇ ਮੁੰਡੇ ਵੀ ਮਿਲੇ ਜਿਨ੍ਹਾਂ ਨੇ ਸਾਡੇ ਵਾਂਗ ਗਰੁੱਪ ਦੇ ਇੱਕ ਜਾਂ ਦੋ ਮੁੰਡੇ ਮੌਤ ਮਗਰੋਂ, ਹੱਥੀਂ ਮਿੱਟੀ ਵਿਚ ਦੱਬੇ ਸਨ। ਕਈਆਂ ਦੇ ਸਾਥੀ ਅੱਖਾਂ ਸਾਹਮਣੇ ਫੌਜੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ ਸਨ। ਭੁੱਖ-ਪਿਆਸ ਨਾਲ ਮਰਨਾ, ਅੰਗ-ਪੈਰ ਗੁਆ ਬਹਿਣਾ, ਪਿਆਸ ਵਿਚ ਆਪਣਾ ਹੀ ਪਿਸ਼ਾਬ ਪੀਣਾ ਜਾਂ ਕਈ-ਕਈ ਮਹੀਨਿਆਂ-ਸਾਲਾਂ ਤੋਂ ਅਫ਼ਰੀਕੀ ਮੁਲਕਾਂ ਦੀਆਂ ਜੇਲ੍ਹਾਂ ਵਿਚ ਸੜਦੇ ਮੁੰਡਿਆਂ ਬਾਰੇ ਤਾਂ ਅਸੀਂ ਅਕਸਰ ਕਿਸੇ ਨਾ ਕਿਸੇ ਤੋਂ ਸੁਣਦੇ ਹੀ ਰਹਿੰਦੇ ਸਾਂ।

ਉਨ੍ਹਾਂ ਨੇ ਉਸ ਵਕਤ ਜ਼ਿੰਦਗੀ ਅਤੇ ਮੌਤ ਦਰਮਿਆਨ ਕਿੰਨਾ ਕੁ ਫ਼ਾਸਲਾ ਮਹਿਸੂਸ ਕੀਤਾ ਹੋਣਾ ਜਦੋਂ ਆਸਾਂ ਦੀ ਕਿਸ਼ਤੀ ਵਿਚ ਸਵਾਰ ਹੋ ਕੇ ਸੁਫ਼ਨਿਆਂ ਦੀ ਨਵੀਂ ਦੁਨੀਆ ਵੱਲ ਤੁਰੇ ਹੋਣਗੇ?

ਇੱਕ ਥਾਂ ਜੇਲ੍ਹ ਵਿਚ ਦੋ ਮੁੰਡਿਆਂ ਦੀ ਦਰਦਨਾਕ ਹੱਡਬੀਤੀ ਸੁਣੀ। ਉਹ 40 ਜਣੇ ਕਿਸ਼ਤੀ ਵਿਚ ਕਨਾਰੀਆ (ਸਪੇਨੀ ਜਜ਼ੀਰਾ) ਨੂੰ ਰਵਾਨਾ ਹੋਏ ਸਨ। 15-16 ਘੰਟੇ ਦਾ ਸਫ਼ਰ ਸੀ, ਪਰ ਹਾਲਾਤ ਬਦਲੇ... ਵਿਗੜੇ... ਰਸਤਾ ਭਟਕ ਗਏ। ਅੱਗੇ-ਪਿੱਛੇ ਰਾਬਤਾ ਕਰਨ ਦਾ ਕੋਈ ਸਾਧਨ ਨਹੀਂ, ਤੇਲ ਖ਼ਤਮ ਹੋ ਗਿਆ। ਖਾਣਾ ਨਹੀਂ, ਪਾਣੀ ਨਹੀਂ। ਕਿਸ਼ਤੀ ਲਹਿਰਾਂ 'ਤੇ ਡੋਲਦੀ ਸਮੁੰਦਰ ਹਵਾਲੇ ਸੀ। ਕੁਝ ਦਿਨ ਤੇ ਰਾਤਾਂ ਗਿਣੇ, ਬੇਹੋਸ਼ੀ-ਬੇਸੁਰਤੀ ਵਿਚ ਪਤਾ ਨਹੀਂ ਕਿੰਨੇ ਸੂਰਜ ਚੜ੍ਹ-ਚੜ੍ਹ ਕੇ ਲੱਥੇ। ਭੁੱਖ-ਪਿਆਸ ਤੇ ਬਿਮਾਰੀ ਨਾਲ ਪਹਿਲਾਂ ਇੱਕ ਮੌਤ ਹੋਈ, ਫਿਰ ਦੂਜੀ। ਇਹ ਦੋ ਜਣੇ ਉਨ੍ਹਾਂ ਜ਼ਿੰਦਾ ਬਚੇ 32 ਜਣਿਆਂ ਵਿਚੋਂ ਸਨ ਜਿਨ੍ਹਾਂ ਨੇ ਮੌਤ ਦੇ ਬੇਰਹਿਮ ਰੂਪ ਨੂੰ ਫਟੀਆਂ ਅੱਖਾਂ ਨਾਲ, ਅੱਧਮਰੀਆਂ ਹਾਲਤਾਂ ਦੇ ਰੂ-ਬਰੂ ਦੇਖਿਆ ਸੀ।

ਪਤਾ ਨਹੀਂ ਬਚੇ ਸਰੀਰਾਂ ਵਿਚ ਕਿਵੇਂ ਸਾਹ ਫਸੇ ਰਹੇ। ਸਮੁੰਦਰੀ ਪਾਣੀ ਪੀਂਦੇ ਤਾਂ ਉਲਟੀਆਂ ਕਰਦੇ, ਪਿਆਸ ਦੁਗਣੀ ਹੋ ਜਾਂਦੀ। ਅਚਨਚੇਤ ਪਈ ਬਾਰਿਸ਼ ਦੇ ਪਾਣੀ ਨੇ ਜ਼ਿੰਦਗੀਆਂ ਨੂੰ ਸਹਾਰਾ ਦਿੱਤਾ ਸੀ। ਸਮੁੰਦਰੀ ਹਵਾਵਾਂ ਤੇ ਅਸਾਧਾਰਨ ਵਾਯੂਮੰਡਲ ਨੇ ਬਿਮਾਰੀਆਂ ਰਾਹੀਂ ਜਿਸਮਾਂ ਅੰਦਰ ਬਚੇ-ਖੁਚੇ ਸਾਹ ਸੂਤਣੇ ਸ਼ੁਰੂ ਕਰ ਦਿੱਤੇ, ਜ਼ਿੰਦਗੀਆਂ ਨੂੰ ਹੌਲੀ-ਹੌਲੀ ਹੜੱਪਣਾ ਸ਼ੁਰੂ ਕਰ ਦਿੱਤਾ। ਇੰਨੇ ਦਿਨਾਂ ਵਿਚ ਉਧਰਲੇ ਪਾਸੇ ਕੋਈ ਹੋਰ ਕਿਸ਼ਤੀ ਜਾਂ ਜਹਾਜ਼ ਨਜ਼ਰ ਨਹੀਂ ਆਇਆ। ਸਿਰਫ਼ ਇੱਕ ਰਾਤ ਜਹਾਜ਼ ਦੀ ਮੱਧਮ ਗਰਜ ਦੂਰ ਕਿਤੇ ਲੰਘਦੀ ਸੁਣੀ ਸੀ; ਸ਼ਾਇਦ ਇੰਨੀ ਦੂਰ, ਜਿਥੇ ਤਕ ਉਨ੍ਹਾਂ ਦੀਆਂ ਅੱਧਮੋਈਆਂ ਚੀਕਾਂ ਦੀ ਆਵਾਜ਼ ਨਹੀਂ ਪਹੁੰਚੀ।

ਫਿਰ ਸ਼ਾਇਦ ਰੱਬ ਨੂੰ ਰਹਿਮ ਆਇਆ ਜਾਂ ਕੁਝ ਭੁੱਲਿਆ ਯਾਦ ਆਇਆ, ਕੋਈ ਫ਼ੌਜੀ ਹੈਲੀਕਾਪਟਰ ਉਧਰ ਆ ਨਿਕਲਿਆ। ਉਦੋਂ ਤਕ 8 ਜ਼ਿੰਦਗੀਆਂ ਮੌਤ ਦੇ ਹਵਾਲੇ ਹੋ ਚੁੱਕੀਆਂ ਸਨ। ਇੱਕ-ਦੋ ਬੇਹਦ ਨਾਜ਼ੁਕ ਹਾਲਤਾਂ ਵਾਲੇ ਮੁੰਡੇ ਹੈਲੀਕਾਪਟਰ ਵਿਚ ਲੱਦ ਗਏ ਤੇ ਕੁਝ ਘੜੀ ਬਾਅਦ ਪੁਲਿਸ ਦੀਆਂ ਦੋ ਤੇਜ਼-ਰਫ਼ਤਾਰ ਕਿਸ਼ਤੀਆਂ ਆ ਪਹੁੰਚੀਆਂ। ਸਭ ਹਸਪਤਾਲਾਂ ਵਿਚ ਪਹੁੰਚਾਏ ਗਏ। ਠੀਕ ਹੋਣ ਪਿੱਛੋਂ ਉਜਦਾ ਪਹੁੰਚਾ ਦਿੱਤਾ ਗਿਆ। ਉਥੋਂ ਫਿਰ ਨਵੇਂ ਸਿਰਿਓਂ ਦੌੜ ਸ਼ੁਰੂ ਹੋ ਗਈ। ਸਹਿਜੇ ਕਿਤੇ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਉਹ ਕਿਸ ਦਰਦਮਈ ਤੇ ਭਿਆਨਕ ਹਾਲਤਾਂ ਵਿਚੋਂ ਗੁਜ਼ਰੇ ਹੋਣਗੇ। ਜਿਹੜੇ ਮਰ-ਮੁੱਕ ਗਏ, ਉਨ੍ਹਾਂ ਦੇ ਪ੍ਰਾਣ ਕਿੰਨੀ ਮੁਸ਼ਕਿਲ ਨਾਲ ਨਿਕਲੇ ਹੋਣਗੇ। ਅਸੀਂ 30-40 ਘੰਟਿਆਂ ਦੀ ਭੁੱਖ ਜ਼ਿਆਦਾ ਸਮਝਦੇ ਸੀ, ਉਨ੍ਹਾਂ ਨੇ ਕਿੰਨੀ ਭੁੱਖ-ਪਿਆਸ ਕੱਟੀ ਸੀ!

ਮੋਰੱਕੋ ਵਿਚ ਪਹੁੰਚ ਕੇ ਪਤਾ ਲੱਗਾ, 4 ਦਸੰਬਰ ਵਾਲੇ ਗਰੁੱਪ ਦੀ ਕੋਈ ਖ਼ਬਰ-ਸਾਰ, 7-8 ਮਹੀਨੇ ਲੰਘ ਜਾਣ 'ਤੇ ਵੀ ਕਿਸੇ ਨੂੰ ਨਹੀਂ ਸੀ ਕਿ ਕਿਸ਼ਤੀ ਕਿਥੇ ਗਈ। ਸਾਫ਼-ਸਾਫ਼ ਅੰਦਾਜ਼ੇ ਤੋਂ ਇਲਾਵਾ ਸਾਨੂੰ ਛਿਆਸੀ ਨੇ ਸੱਚ ਦੱਸਿਆ-"ਸਾਨੂੰ ਮਾਲੀ ਹੀ ਪਤਾ ਲੱਗ ਗਿਆ ਸੀ, ਗਰੁੱਪ ਦੇ 37 ਮੁੰਡੇ ਸਮੁੰਦਰ ਦੀ ਭੇਟ ਚੜ੍ਹ ਗਏ ਸਨ। ਅਸੀਂ ਗੱਲ ਨਾ ਫੈਲਾਈ, ਏਜੰਟ ਪਿੱਛੇ ਜਵਾਬ ਦੇ ਛੱਡਦੇ ਕਿ ਉਹ ਅਜਿਹੇ ਕੈਂਪ ਵਿਚ ਨੇ ਜਿਥੋਂ ਫੋਨ ਨਹੀਂ ਕਰਨ ਦਿੰਦੇ ਤੇ 6-7 ਮਹੀਨੇ ਬਾਅਦ ਨਿਕਲਣਗੇ।" ਆਖ਼ਿਰ ਉਨ੍ਹਾਂ ਦੀ ਨਜ਼ਰ ਵਿਚ ਇਦਾਂ ਦੀਆਂ 'ਸਾਧਾਰਨ, ਛੋਟੀਆਂ-ਮੋਟੀਆਂ' ਘਟਨਾਵਾਂ ਸਾਹਮਣੇ ਆ ਕੇ ਮੁਨਾਫ਼ੇ ਵਾਲੇ ਬਿਜ਼ਨੈਸ ਨੂੰ ਨੁਕਸਾਨ ਪਹੁੰਚਾ ਸਕਦੀਆਂ ਸਨ। ਜਦ ਤਕ ਸੱਚ ਲੁਕਿਆ ਸੀ, ਉਨ੍ਹਾਂ ਦਾ ਝੂਠ ਚੱਲਣਾ ਸੀ, ਕਮਾਈਆਂ ਹੋਣੀਆਂ ਸਨ। ਇਸੇ ਤਰ੍ਹਾਂ ਪਤਾ ਨਹੀਂ ਕਿੰਨੇ ਹਜ਼ਾਰਾਂ ਲੋਕ, ਇਕ ਇਕ ਕਰ ਕੇ ਸਮੁੰਦਰ ਦੀਆਂ ਗਹਿਰਾਈਆਂ ਵਿਚ ਸਮਾ ਗਏ ਸਨ।

25 ਦਸੰਬਰ 1996 ਵਿਚ ਵਾਪਰਿਆ ਮਾਲਟਾ ਕਾਂਡ ਵੀ ਇਸੇ ਕੜੀ ਦਾ ਵੱਡਾ ਹਿੱਸਾ ਹੈ ਜਿਸ ਵਿਚ 280 ਦੇ ਕਰੀਬ ਲੋਕ, ਮਾਨਵੀ ਹਵਸ ਦੇ ਸ਼ਿਕਾਰ ਹੋ ਕੇ ਸਮੁੰਦਰ ਵਿਚ ਡੁੱਬ ਗਏ ਸਨ। ਮ੍ਰਿਤਕਾਂ ਵਿਚੋਂ 170 ਤਾਂ ਪੰਜਾਬੀ ਹੀ ਸਨ, ਪਰ ਉਸ ਕਾਂਡ ਦੇ ਕਸੂਰਵਾਰਾਂ ਨੂੰ ਕੀ ਸਜ਼ਾਵਾਂ ਮਿਲੀਆਂ? ਕੁਝ ਵੀ ਨਹੀਂ। ਏਜੰਟਾਂ ਦੀ ਅੰਨ੍ਹੀ ਭੁੱਖ ਦੇ ਸ਼ਿਕਾਰ ਹੋ ਗਏ ਸਨ ਮਾਪਿਆਂ ਦੇ ਪੁੱਤਰ, ਭੈਣਾਂ ਦੇ ਭਰਾ, ਬੱਚਿਆਂ ਦੇ ਬਾਪ, ਔਰਤਾਂ ਦੇ ਸਿਰਾਂ ਦੇ ਸਾਂਈਂ।

ਉਹ ਮੁੰਡੇ ਵੀ ਟੱਕਰੇ ਜੋ ਨਦੌਰ ਨੇੜਿਓਂ ਚੱਲੀ ਹਵਾ ਵਾਲੀ ਉਸ ਵੱਡੀ ਕਿਸ਼ਤੀ ਵਿਚ ਸਵਾਰ ਸਨ ਜੋ ਸਿੱਧੀ ਸਪੇਨ ਜਾਣੀ ਸੀ। ਚਾਰ ਹਿੱਸਿਆਂ ਵਿਚ ਬਣੀ ਕਿਸ਼ਤੀ ਹਵਾ ਭਰ ਕੇ 62 ਮੁੰਡਿਆਂ ਦੇ ਸਾਹਮਣੇ ਸਮੁੰਦਰ ਵਿਚ ਸੁੱਟ ਲਈ ਗਈ ਸੀ। ਸਾਰੇ ਜਣੇ ਦਿਲ ਵੱਡੇ ਕਰ ਕੇ ਵਿਚ ਬੈਠ ਗਏ। ਪਿਛਲੇ ਪਾਸੇ ਇੰਜਣ ਫਿੱਟ ਕੀਤਾ ਸੀ। ਮੱਧਮ ਗਤੀ ਨਾਲ ਸ਼ਾਂਤ ਸਮੁੰਦਰ ਵਿਚ ਕਿਸ਼ਤੀ ਡੋਲਦੀ ਵਧ ਰਹੀ ਸੀ। ਉਨ੍ਹਾਂ ਦੱਸਿਆ, ਜਿੰਨਾ ਚਿਰ ਉਹ ਸਮੁੰਦਰ ਵਿਚ ਰਹੇ, ਦਿਲ ਵਿਚ ਖ਼ੌਫ਼ ਹਰ ਪਲ ਭੌਂਦਾ ਰਿਹਾ ਕਿ ਹੁਣ ਵੀ ਕੁਝ ਹੋਇਆ, ਹੁਣ ਵੀ ਕੁਝ ਹੋਇਆ!

ਕਿਸ਼ਤੀ ਅੰਦਾਜ਼ਨ ਅੱਧਾ ਕੁ ਘੰਟਾ ਚਲ ਗਈ ਤਾਂ ਅਗਲੇ ਹਿੱਸੇ ਵਿਚੋਂ ਹਵਾ ਨਿਕਲਣ ਲੱਗ ਪਈ। ਇੱਕ ਡੌਂਕਰ ਨੇ ਪਾਣੀ ਵਿਚ ਛਾਲ ਮਾਰੀ, ਕੁਝ ਵਕਤੀ ਜਿਹੀ ਮੁਰੰਮਤ ਕਰ ਆਇਆ। ਮੁੰਡੇ ਘਬਰਾਉਣੇ ਸ਼ੁਰੂ ਹੋ ਗਏ ਸਨ। ਫਿਰ ਇੱਕ ਹੋਰ ਥਾਂ ਤੋਂ ਕਿਸ਼ਤੀ ਨੁਕਸਾਨੀ ਗਈ। ਕਾਫ਼ੀ ਮਿਹਨਤ-ਮੁਰੰਮਤ ਦੇ ਬਾਵਜੂਦ ਹਵਾ ਨਿਕਲਦੀ ਰਹੀ। ਕਿਸ਼ਤੀ ਦੇ ਅਗਲੇ ਦੋਵੇਂ ਹਿੱਸੇ ਕਮਜ਼ੋਰ ਹੋਣ ਲੱਗੇ ਸਨ। ਮੁੰਡੇ ਡਰ ਕੇ ਰੌਲਾ ਪਾਉਣ ਲੱਗੇ। ਡੌਂਕਰ ਗੁੱਸੇ ਵਿਚ ਧਮਕਾਉਂਦੇ ਹੋਏ, ਹੱਥੋਪਾਈ ਕਰਨ ਲੱਗੇ। ਅਗਲੇ ਮੁੰਡੇ ਪਿਛਲੇ ਹਿੱਸੇ ਵੱਲ ਬਿਠਾ ਦਿੱਤੇ ਗਏ। ਜਿੰਨਾ ਫ਼ਾਸਲਾ ਤੈਅ ਕੀਤਾ ਸੀ, ਉਸ ਤੋਂ ਬਹੁਤ ਜ਼ਿਆਦਾ ਅਜੇ ਬਾਕੀ ਸੀ। ਜਦੋਂ ਅਗਲੇ ਦੋਵੇਂ ਹਿੱਸੇ ਲੱਗਭਗ ਨਕਾਰਾ ਹੋ ਚੱਲੇ ਤਾਂ ਅੱਧੇ ਮੁੰਡੇ ਪਿਛਲੇ ਹਿੱਸੇ ਵਿਚ ਫਸੇ ਬੈਠੇ ਮੁੰਡਿਆਂ ਦੇ ਪੱਟਾਂ-ਗੋਡਿਆਂ ਉਤੇ ਚਾੜ੍ਹ ਕੇ ਬਿਠਾ ਦਿੱਤੇ।

ਹੁਣ ਸਭ ਨੇ ਰੌਲਾ ਪਾਉਣਾ ਸ਼ੁਰੂ ਦਿੱਤਾ ਕਿ ਪਿੱਛੇ... ਮੋਰੱਕੋ ਲੈ ਚਲੋ, ਕਿਉਂਕਿ ਅੱਗੇ ਤਾਂ ਹਰਗਿਜ਼ ਨਹੀਂ ਸੀ ਜਾ ਹੋਣਾ। ਡੌਂਕਰ ਭੜਕੇ, ਪਰ ਇੱਕ ਸਿਆਣੇ ਡੌਂਕਰ ਨੇ ਵਕਤ ਦੀ ਨਜ਼ਾਕਤ ਨੂੰ ਸਮਝਿਆ ਤੇ ਖ਼ਤਰੇ ਦਾ ਹਵਾਲਾ ਦਿੰਦਿਆਂ ਕਿਸ਼ਤੀ ਵਾਪਿਸ ਮੋੜਨ ਲਈ ਦੂਜਿਆਂ ਨੂੰ ਮਨਾ ਲਿਆ। ਡੌਂਕਰ ਨਿਰਾਸ਼ ਸਨ ਕਿ ਕਾਫ਼ੀ ਸਾਰਾ ਪੈਸਾ ਕਮਾਉਣ ਦਾ ਚੰਗਾ ਮੌਕਾ ਖੁੰਝ ਗਿਆ ਸੀ। ਮੁੰਡੇ ਵੀ ਥੋੜ੍ਹੇ ਨਿਰਾਸ਼ ਸਨ, ਪਰ ਕੁਝ ਧਰਵਾਸ ਵੀ ਸੀ ਕਿ ਅੱਗੇ ਜਾਣਾ ਸਾਫ਼-ਸਾਫ਼ ਮੌਤ ਨੂੰ ਕਲਾਵੇ ਵਿਚ ਲੈਣਾ ਸੀ। ਫ਼ਿਕਰ ਇਹ ਸੀ, ਪਿੱਛੇ ਮੁੜਦਿਆਂ ਵੀ ਜਾਨਲੇਵਾ ਹਾਦਸਾ ਗੁਜ਼ਰ ਸਕਦਾ ਸੀ, ਪਰ ਇਸ ਗੱਲ ਦੀ ਤਸੱਲੀ ਵੀ ਸੀ ਕਿ ਹੁਣ ਉਹ ਵਾਪਸੀ ਦੇ ਘੱਟ ਦੂਰੀ ਅਤੇ ਘੱਟ ਜੋਖ਼ਮ ਵਾਲੇ ਰਸਤੇ 'ਤੇ ਸਨ। ਸਾਰੇ ਜਣੇ ਇੱਕ ਦੂਜੇ ਦੇ ਥੱਲੇ ਦੱਬੇ-ਮਿੱਧੇ, ਦਰਦ ਨਾਲ ਕਰਲਾਉਂਦੇ ਅਰਦਾਸਾਂ ਕਰਦੇ ਰਹੇ। ਆਖ਼ਰਕਾਰ, ਅੱਧਮਰੀ ਕਿਸ਼ਤੀ ਜ਼ਿੰਦਗੀਆਂ ਦੇ ਵਿਸ਼ਾਲ ਢੇਰ ਨੂੰ ਸਹੀ ਸਲਾਮਤ ਕਿਨਾਰੇ ਲੈ ਪਹੁੰਚੀ। ਸਫ਼ਰ ਨਾਕਾਮਯਾਬ ਰਿਹਾ ਸੀ, ਪਰ ਜੀਵਨ ਮੌਤ ਦੇ ਮੂੰਹ ਜਾਣ ਤੋਂ ਬਚਣ ਵਿਚ ਕਾਮਯਾਬ ਰਿਹਾ ਸੀ। ਇਹ ਖ਼ੁਸ਼ਨਸੀਬ, ਮੌਤ ਨੂੰ ਕਿੰਨੇ ਕਰੀਬ ਤੋਂ ਦੇਖ ਕੇ ਮੁੜੇ ਸਨ!



ਸਪੇਨ ਦੇ ਟਾਪੂ ਕਨਾਰੀਆ ਦੀ ਬੀਚ ਦੀ ਝਲਕ।

**ਦੋ ਮੁੰਡਿਆਂ ਦੀ ਦਰਦਨਾਕ ਹੱਡਬੀਤੀ ਸੁਣੀ। ਉਹ 40 ਜਣੇ ਕਿਸ਼ਤੀ ਵਿਚ ਕਨਾਰੀਆ (ਸਪੇਨੀ ਜਜ਼ੀਰਾ) ਨੂੰ ਰਵਾਨਾ ਹੋਏ ਸਨ। 15-16 ਘੰਟੇ ਦਾ ਸਫ਼ਰ ਸੀ, ਪਰ ਹਾਲਾਤ ਬਦਲੇ... ਵਿਗੜੇ... ਰਸਤਾ ਭਟਕ ਗਏ। ਅੱਗੇ-ਪਿੱਛੇ ਰਾਬਤਾ ਕਰਨ ਦਾ ਕੋਈ ਸਾਧਨ ਨਹੀਂ, ਤੇਲ ਖ਼ਤਮ ਹੋ ਗਿਆ। ਖਾਣਾ ਨਹੀਂ, ਪਾਣੀ ਨਹੀਂ। ਕਿਸ਼ਤੀ ਲਹਿਰਾਂ 'ਤੇ ਡੋਲਦੀ ਸਮੁੰਦਰ ਹਵਾਲੇ ਸੀ। ਕੁਝ ਦਿਨ ਤੇ ਰਾਤਾਂ ਗਿਣੇ, ਬੇਹੋਸ਼ੀ-ਬੇਸੁਰਤੀ 'ਚ ਪਤਾ ਨਹੀਂ ਕਿੰਨੇ ਸੂਰਜ ਚੜ੍ਹ-ਚੜ੍ਹ ਕੇ ਲੱਥੇ। ਭੁੱਖ-ਪਿਆਸ ਤੇ ਬਿਮਾਰੀ ਨਾਲ ਪਹਿਲਾਂ ਇੱਕ ਮੌਤ ਹੋਈ, ਫਿਰ ਦੂਜੀ।**

ਅਫ਼ਰੀਕਾ ਭਰ ਵਿਚੋਂ ਲੋਕ ਕਈ-ਕਈ ਦਹਾਕਿਆਂ-ਸਦੀਆਂ ਤੋਂ ਲਗਾਤਾਰ ਸੈਂਕੜਿਆਂ-ਹਜ਼ਾਰਾਂ ਦੀ ਗਿਣਤੀ ਵਿਚ ਕਿਸ਼ਤੀਆਂ ਰਾਹੀਂ ਇਹ ਸਮੁੰਦਰੀ ਯਾਤਰਾਵਾਂ ਕਰਦੇ ਆ ਰਹੇ ਨੇ। ਪਤਾ ਨਹੀਂ, ਕਿੰਨੇ ਕੁ ਪਾਰ ਲੰਘਦੇ ਨੇ, ਕਿੰਨੇ ਕੁ ਅੱਧ ਵਿਚਕਾਰ ਗੁੰਮ ਜਾਂਦੇ ਨੇ? ਸਿਰਫ਼ ਉਹੀ ਹਾਦਸੇ ਨਜ਼ਰਾਂ ਸਾਹਮਣੇ ਆਉਂਦੇ ਨੇ ਜਿਸ ਦੀ ਜੱਦੋਜਹਿਦ ਵਿਚੋਂ ਘੱਟੋ-ਘੱਟ ਇੱਕ ਜਣਾ ਜ਼ਿੰਦਾ ਬਚਿਆ ਹੋਵੇ। ਬਾਕੀ ਖੌਰੇ ਕਿੰਨੇ ਅਣਗਿਣਤ ਲੋਕ ਯੂਰਪ ਜਾਣ ਦੇ ਸਫ਼ਰ ਵਿਚ ਮੌਤ ਦੇ ਮੁਸਾਫ਼ਿਰ ਬਣ ਚੁੱਕੇ ਨੇ ਤੇ ਭਵਿਖ ਵਿਚ ਵੀ ਬਣਦੇ ਰਹਿਣਗੇ। ਕਿਉਂਕਿ ਉਜਲ ਭਵਿਖ ਦੇ ਰਸਤੇ ਵਿਚ ਮੌਤ ਦਾ ਸਮੁੰਦਰ ਵੀ ਪੈਂਦਾ ਹੋਵੇ ਤਾਂ ਵੀ ਲੋਕ ਬੇਹਿਚਕ ਉਧਰ ਕੁਦ ਪੈਂਦੇ ਨੇ।

ਅੱਗੇ ਮਿਲੇ ਚਾਚੇ ਆਬਿਦ (ਪਾਕਿਸਤਾਨੀ) ਨੇ ਆਪ ਬੀਤੀ ਸੁਣਾਈ, "ਕਿਸ਼ਤੀ ਵਿਚ ਕਾਲੇ, ਪਾਕਿਸਤਾਨੀ, ਬੰਗਲਾਦੇਸ਼ੀ ਕੁੱਲ ਨਫ਼ਰੀ 28 ਸੀ। ਸਮੁੰਦਰ ਕੁਝ ਅਸ਼ਾਂਤ ਸੀ, ਪਰ ਡੌਂਕਰਾਂ ਨੇ ਲੌਕਤ ਦੀ ਕਿਸ਼ਤੀ ਵਿਚ ਪਾ ਲਈ। 15-20 ਮਿੰਟ ਚੱਲੇ ਸੀ ਕਿ ਪਾਣੀ ਅੰਦਰ ਆਉਣ ਲੱਗ ਪਿਆ। ਸ਼ਾਇਦ ਬੰਦੇ ਜ਼ਿਆਦਾ ਸਨ ਤੇ ਕਿਸ਼ਤੀ ਮਾਮੂਲੀ ਜਿਹੀ ਸੀ। ਅਸੀ ਡੱਬਿਆਂ, ਬੂਟਾਂ ਨਾਲ ਪਾਣੀ ਕੱਢਦੇ ਰਹੇ। ਪਾਣੀ ਦੀਆਂ ਛੱਲਾਂ ਦਾ ਜ਼ੋਰ ਜ਼ਿਆਦਾ ਸੀ। ਹਾਲਾਤ ਵਿਗੜਦੇ ਦੇਖ ਕੇ ਕਿਸ਼ਤੀ ਵਾਪਿਸ ਮੋੜ ਲਈ ਗਈ। ਇੰਨੇ ਵਕਤ ਵਿਚ ਹੀ ਕਿਸ਼ਤੀ ਵਿਚ ਪਾਣੀ ਕਾਫ਼ੀ ਹੋ ਗਿਆ ਸੀ। ਸ਼ਾਇਦ ਥੱਲੇ ਸੁਰਾਖ਼ ਹੋ ਗਿਆ ਸੀ। ਕੁਝ ਮਿੰਟ ਬਾਅਦ ਇੰਜਣ ਵੀ ਬੰਦ ਹੋ ਗਿਆ। ਸਭ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪੈਸੇ ਦਿਆਂ ਭੁੱਖਿਆਂ ਨੇ ਹਰ ਇੰਤਜ਼ਾਮ ਸਸਤਾ, ਨਾਕਾਫ਼ੀ, ਤੇ ਘਟੀਆ ਕੀਤਾ ਸੀ...

ਕਿਨਾਰਾ ਅਜੇ ਦੂਰ ਸੀ, ਸਾਰੇ ਜਣੇ ਕਾਹਲੀ-ਕਾਹਲੀ ਪਾਣੀ ਵਿਚ ਹੱਥ ਤੇ ਡੱਬੇ ਬਗੈਰਾ ਮਾਰ ਕੇ ਕਿਸ਼ਤੀ ਧੱਕਣ ਦੀ ਕੋਸ਼ਿਸ਼ ਕਰਨ ਲੱਗੇ। ਕੁਝ ਜਣੇ ਵਧਦੇ ਜਾਂਦੇ ਪਾਣੀ ਨੂੰ ਬਾਹਰ ਸੁੱਟ ਰਹੇ ਸਨ, ਪਰ ਪਾਣੀ ਦੀ ਆਮਦ ਜ਼ਿਆਦਾ ਸੀ। ਆਖ਼ਿਰ ਉਹ ਵਕਤ ਆ ਗਿਆ, ਕਿਸ਼ਤੀ ਦੇ ਕੰਢੇ-ਕੰਢੇ ਹੀ ਪਾਣੀ ਦੀ ਸਤਹ ਤੋਂ ਬਾਹਰ ਸਨ। ਮੁੰਡੇ ਭਰੀ ਕਿਸ਼ਤੀ ਵਿਚ, ਪੱਟ-ਪੱਟ ਪਾਣੀ ਵਿਚ ਖੜ੍ਹੇ ਰੋਂਦੇ-ਚੀਕਦੇ ਰੱਬ ਨੂੰ ਯਾਦ ਕਰਦੇ ਰਹੇ। ਸਾਹਮਣੇ ਧੁੰਦਲਾ ਹਨੇਰਾ ਕੰਢਾ ਵੀ ਦਿਸ ਪਿਆ ਸੀ। ਡੌਂਕਰਾਂ ਨੇ ਤੇ ਕੁਝ ਹੋਰ ਤੈਰਨਾ ਜਾਣਦੇ ਮੁੰਡਿਆਂ ਨੇ ਕਿਨਾਰੇ ਵੱਲ ਛਾਲਾਂ ਮਾਰ ਦਿੱਤੀਆਂ। ਬਾਕੀ ਬਚੇ ਕੁਝ ਡਰ ਨਾਲ ਰੋ ਰਹੇ ਸਨ, ਕੁਝ ਖ਼ੌਫ਼ ਨਾਲ ਪੱਥਰ ਹੋ ਗਏ ਜਾਪਦੇ ਸਨ। ਅਸੀਂ ਕਿਨਾਰੇ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਤੱਕਦੇ ਰਹੇ ਕਿ ਇੰਨਾ ਕੁ ਫ਼ਾਸਲਾ ਤੈਅ ਨਹੀਂ ਹੋ ਸਕੇਗਾ, ਇਥੇ ਹੀ ਡੁੱਬ ਜਾਵਾਂਗੇ!...

ਦੁਆਵਾਂ ਹੋ ਰਹੀਆਂ ਸਨ। ਖ਼ੁਦ ਤਾਂ ਕੁਝ ਕਰ ਨਹੀਂ ਸੀ ਸਕਦੇ, ਕਿਸੇ ਚਮਤਕਾਰ ਦੀ ਉਡੀਕ ਕਰਦੇ ਸਭ ਕੁਝ ਰੱਬ 'ਤੇ ਛੱਡ ਦਿੱਤਾ। ਅਚਾਨਕ ਵੱਡੀ ਲਹਿਰ ਨੇ ਉਛਾਲ ਭਰੀ, ਪਤਾ ਨਹੀਂ ਕਿਸ਼ਤੀ ਨੂੰ ਨਿਗਲਣ ਲਈ, ਪਤਾ ਨਹੀਂ ਉਗਲਣ ਲਈ। ਕਿਸ਼ਤੀ ਬੁਰੀ ਤਰ੍ਹਾਂ ਡੋਲਦੀ, ਗੋਤੇ ਖਾਂਦੀ ਕਿਨਾਰੇ ਵੱਲ ਕਾਫ਼ੀ ਸਰਕ ਗਈ। ਸਭ ਦੀਆਂ ਭੈਅ ਨਾਲ ਚੀਕਾਂ ਨਿਕਲ ਗਈਆਂ। ਤਕਰੀਬਨ ਡੁੱਬਦੀ ਜਾਂਦੀ ਕਿਸ਼ਤੀ ਨੂੰ ਪਿੱਛੋਂ ਇੱਕ ਹੋਰ ਲਹਿਰ ਨੇ ਧੱਕਾ ਮਾਰਿਆ, ਕਿਸ਼ਤੀ ਕਿਨਾਰੇ ਵੱਲ ਹੋਰ ਵਧ ਗਈ। ਸਾਰੇ ਜਣੇ ਪਾਣੀ ਵਿਚ ਹੱਥ ਚੱਪੂ ਵਾਂਗ ਉਦੋਂ ਤਕ ਚਲਾਉਂਦੇ ਰਹੇ ਜਦੋਂ ਤਕ ਕਿਸ਼ਤੀ ਡੁੱਬ ਨਾ ਗਈ। ਬੁਰੀ ਤਰ੍ਹਾਂ ਪਾਣੀ ਵਿਚ ਗੋਤੇ ਖਾਂਦੇ ਆਖ਼ਿਰ ਸਭ ਕਿਨਾਰੇ ਪਹੁੰਚ ਗਏ। ਕੁਝ ਸਦਮੇ ਨਾਲ ਜੜ ਹੋਏ ਬੈਠੇ ਸੀ, ਕਈ ਬਚਣ ਦੀ ਖ਼ੁਸ਼ੀ ਵਿਚ ਰੋ ਰਹੇ ਸਨ, ਕੁਝ ਖ਼ੁਸ਼ੀ ਤੇ ਭੈਅ ਨਾਲ ਜਿਹਾ ਮੁਸਕਰਾ ਰਹੇ ਸਨ। ਇਸ ਵਾਰ ਫਰਿਆਦਾਂ ਸੁਣ ਲਈਆਂ ਗਈਆਂ ਸਨ, ਚਮਤਕਾਰ ਹੋ ਗਿਆ ਸੀ।"

ਇੱਕ ਹਾਦਸਾ ਹੋਰ ਸੀ, ਜਿਸ ਵਿਚ ਕਈ ਦਿਨਾਂ ਤੋਂ ਭਟਕਦੇ ਮੁੰਡਿਆਂ ਨੂੰ ਯੂਰਪ ਤੋਂ ਜਾਂਦੇ ਸਮੁੰਦਰੀ ਜਹਾਜ਼ ਵਾਲਿਆਂ ਨੇ ਬਚਾ ਕੇ ਮੋਰੱਕੋ ਪੁਲਿਸ ਨੂੰ ਸੌਂਪਿਆ ਸੀ। ਜੋ ਵੀ ਸੁਣਿਆ, ਦੇਖਿਆ, ਝੱਲਿਆ, ਉਸ ਨੂੰ ਆਖਦਿਆਂ ਇਹੀ ਸੋਚਦਾ ਹਾਂ, ਜ਼ਿੰਦਗੀ ਦੀਆਂ ਸ਼ਰਤਾਂ ਇੰਨੀਆਂ ਕਠੋਰ ਨਹੀਂ ਹੋਣੀਆਂ ਚਾਹੀਦੀਆਂ ਕਿ ਬਿਹਤਰ ਜੀਣ ਲਈ ਮੌਤ ਨੂੰ ਗਲੇ ਲਾਉਣਾ ਪੈ ਜਾਵੇ! ਪੱਲਿਓਂ ਰੁਪਏ ਦੇ ਕੇ ਇਹ ਕਿਹੜੇ ਖ਼ੌਫ਼ ਖ਼ਰੀਦ ਲਏ ਨੇ ਅਸੀਂ? ਕਿਹੜੇ ਭਿਆਨਕ ਰਸਤੇ ਅਪਨਾ ਬੈਠੇ ਹਾਂ? ਅਸੀਂ ਜਾਂ ਤਾਂ ਇਸ ਸਭ ਤੋਂ ਅਨਜਾਣ ਹੁੰਦੇ ਹਾਂ, ਜਾਂ ਏਜੰਟ-ਡੌਂਕਰ ਜ਼ਿਆਦਾ ਪੈਸੇ ਕਮਾਉਣ ਖ਼ਾਤਿਰ ਸਾਨੂੰ ਜ਼ਿਆਦਾ ਖ਼ਤਰਨਾਕ ਰਸਤਿਆਂ 'ਤੇ ਧਕੇਲ ਛੱਡਦੇ ਨੇ।

ਇਸ ਸਭ ਕਾਸੇ ਲਈ ਕੌਣ ਜ਼ਿਆਦਾ ਜ਼ਿੰਮੇਵਾਰ ਹੈ? ਸਵਾਲ ਇਹ ਨਹੀਂ। ਅਸੀਂ ਖ਼ੁਦ ਈ ਤਾਂ ਇਹ ਗ਼ੈਰਕਨੂੰਨੀ ਰਸਤੇ ਚੁਣੇ ਸਨ, ਭਾਵੇਂ ਸਾਨੂੰ ਇਨ੍ਹਾਂ ਦੇ ਇੰਨੇ ਭਿਆਨਕ ਹੋਣ ਦਾ ਅੰਦਾਜ਼ਾ ਨਹੀਂ ਸੀ। ਫ਼ਰਕ ਸਿਰਫ਼ ਇੰਨਾ ਹੈ ਕਿ ਸਾਨੂੰ ਬਿਹਤਰ ਜ਼ਿੰਦਗੀ ਦੀ ਤਲਾਸ਼ ਇਥੇ ਲੈ ਆਈ ਸੀ ਅਤੇ ਏਜੰਟਾਂ-ਡੌਂਕਰਾਂ ਦਾ ਅਸੀਮ ਲਾਲਚ ਸਾਨੂੰ ਹਰ ਰਸਤੇ 'ਤੇ ਘੜੀਸ ਲਿਜਾਂਦਾ ਹੈ, ਭਾਵੇਂ ਉਸ ਰਸਤੇ ਵਿਚ ਮੌਤ ਦੇ ਪੜਾਅ ਵੀ ਪੈਂਦੇ ਹੋਣ।

ਇਨ੍ਹਾਂ ਦਿਨਾਂ ਵਿਚ ਹੀ ਸਾਨੂੰ ਖ਼ਬਰ ਮਿਲੀ ਕਿ 6-7 ਇੰਡੀਅਨ ਪੰਜਾਬੀ ਨਾਦੌਰ ਤੋਂ ਕਿਸ਼ਤੀ ਰਾਹੀਂ ਮਲੀਲੀਆ ਦਾਖ਼ਿਲ ਕਰਵਾਏ ਜਾ ਰਹੇ ਸਨ, ਜਦੋਂ ਕਿਸ਼ਤੀ ਡੁੱਬ ਗਈ। ਡੌਂਕਰ ਤੈਰ ਕੇ ਨਿਕਲ ਗਏ ਸਨ, ਬਾਕੀ ਮੁੰਡੇ ਨਮ ਤੇ ਖ਼ੌਫ਼ ਨਾਲ ਫਟਦੇ ਨੇਤਰਾਂ ਵਿਚ ਖੌਰੇ ਕੀ-ਕੀ ਸੁਪਨੇ ਸਮੇਟੀ, ਦਿਲ ਵਿਚ ਖੌਰੇ ਕੀ-ਕੀ ਅਰਮਾਨ ਸੰਜੋਈ ਸਮੁੰਦਰ ਦੀਆਂ ਹਨੇਰੀਆਂ ਗਹਿਰਾਈਆਂ ਵਿਚ ਤੜਫਦੇ-ਚੀਕਦੇ ਦਫ਼ਨ ਹੋ ਗਏ ਸਨ।...

ਜਹਾਂ ਸ਼ੀਸ਼ੇ ਕੇ ਥੇ ਬਦਨ ਔਰ ਸ਼ਹਿਰ ਪੱਥਰੋਂ ਕਾ,
ਵਹਾਂ ਹਾਦਸੇ ਸੁਬਹ-ਓ-ਸ਼ਾਮ ਹੂਆ ਕਰਤੇ ਹੈਂ।

*(ਚਲਦਾ)*

# ਮਨੁੱਖੀ ਮਨ, ਦਮਨ ਤੇ ਮਨ ਦੀ ਸਮਰੱਥਾ ਦਾ ਬਿਆਨ

## ਮਾਇਆ ਦਰਪਣ

ਕੁਲਦੀਪ ਕੌਰ
ਫੋਨ: +91-98554-04330






ਕੁਮਾਰ ਸ਼ਹਾਨੀ ਦੀ ਫਿਲਮ 'ਮਾਇਆ ਦਰਪਣ' ਦਾ ਕੈਨਵਸ ਮਨੁੱਖੀ ਮਨ ਦੀਆਂ ਅਮੂਰਤ ਕਲਪਨਾਵਾਂ ਅਤੇ ਟੁੱਟ-ਭੱਜ ਦੀ ਪ੍ਰਕਿਰਿਆ ਨੂੰ ਜ਼ੁਬਾਨ ਦਿੰਦਾ ਹੈ। ਇਸ ਫਿਲਮ ਨੂੰ ਭਾਰਤੀ ਸਿਨੇਮਾ ਦੀ ਪਹਿਲੀ ਅਜਿਹੀ ਫਿਲਮ ਹੋਣ ਦਾ ਮਾਣ ਪ੍ਰਾਪਤ ਹੈ ਜਿਸ ਵਿਚ ਕੈਮਰੇ ਦੀਆਂ ਰਸਮੀ ਤਕਨੀਕਾਂ ਰਾਹੀਂ ਕਹਾਣੀ ਸੁਣਾਉਣ ਦੀ ਕਲਾ ਦੀ ਸਿਰਜਣਾਤਮਕ ਸ਼ਕਤੀ ਦਾ ਪ੍ਰਗਟਾਵਾ ਕੀਤਾ ਗਿਆ। ਫਿਲਮ ਦੀ ਕਹਾਣੀ ਉਤਰੀ ਭਾਰਤ ਦੇ ਕਿਸੇ ਕਸਬੇ ਵਿਚ ਵਾਪਰਦੀ ਹੈ ਜਿਸ ਵਿਚ ਰਹਿੰਦੇ ਉਚ ਜਾਤੀ ਜਾਗੀਰਦਾਰ (ਅਨਿਲ ਪਾਂਡੇ) ਦੀ ਬੇਟੀ ਤਰੁਣ (ਅਦਿਤੀ) ਦੀ ਜ਼ਿੰਦਗੀ ਵੱਡੀ ਹਵੇਲੀ ਦੀਆਂ ਕੰਧਾਂ ਅਤੇ ਦਰਵਾਜ਼ਿਆਂ ਦੇ ਵਿਚਕਾਰ ਝੂਲ ਰਹੀ ਹੈ। ਉਸ ਦੀ ਹੋਂਦ ਕੰਧਾਂ ਅਤੇ ਹਵੇਲੀ ਦੀ ਸਜੋ-ਸਜਾਵਟ ਵਿਚ ਇੰਨੀ ਉਲਝੀ ਹੋਈ ਹੈ ਕਿ ਦਰਸ਼ਕਾਂ ਲਈ ਉਸ ਨੂੰ ਇਨ੍ਹਾਂ ਤੋਂ ਅਲੱਗ ਕਿਆਸਣਾ ਔਖਾ ਹੈ, ਪਰ ਉਹ ਨਾ ਸਿਰਫ ਇਸ ਸਾਰੀ ਉਲਝਣ ਵਿਚੋਂ ਨਿਕਲਦੀ ਹੈ, ਸਗੋਂ ਉਹ ਮਨੋਵਿਗਿਆਨਕ ਤੌਰ 'ਤੇ ਸਾਰੀਆਂ ਬੰਦਿਸ਼ਾਂ ਨੂੰ ਵੀ ਰੱਦ ਕਰਦੀ ਹੈ। ਫਿਲਮ ਉਸ ਸਮੇਂ ਦੀ ਗਾਥਾ ਬਿਆਨ ਕਰਦੀ ਹੈ ਜਦੋਂ ਭਾਰਤ ਵਿਚ ਨਵੀਆਂ-ਨਵੀਆਂ ਲੇਬਰਯੂਨੀਅਨਾਂ ਬਣੀਆ ਸਨ ਅਤੇ ਉਨ੍ਹਾਂ ਨੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਸ਼ੁਰੂ ਕੀਤੀ ਸੀ। ਤਰੁਣ ਦੇ ਸ਼ਹਿਰ ਵਿਚ ਵੀ ਅਜਿਹੇ ਕਈ ਮੁਜ਼ਾਹਰੇ ਹੋ ਰਹੇ ਹਨ ਅਤੇ ਸਰਕਾਰ ਨੂੰ ਸੂਹ ਮਿਲਦੀ ਹੈ ਕਿ ਇਹ ਸਾਰੇ ਮੁਜ਼ਾਹਰਿਆਂ ਪਿੱਛੇ ਸਿਆਸੀ ਲਾਮਬੰਦੀ ਵਿਚ ਉਸ ਦੇ ਪ੍ਰੇਮੀ (ਇਕਬਾਲ ਨਾਥ ਕੌਲ) ਦਾ ਹੱਥ ਹੈ ਜੋ ਰੇਲਵੇ ਵਿਚ ਇੰਜਨੀਅਰ ਹੈ। ਉਧਰ ਤਰੁਣ ਦਾ ਭਰਾ (ਜੋ ਕਦੀ ਵੀ ਸਕਰੀਨ 'ਤੇ ਨਹੀਂ ਆਉਂਦਾ), ਨੂੰ ਅਸਾਮ ਦੇ ਚਾਹ ਦੇ ਬਾਗਾਂ ਵਿਚ ਆਉਣ ਲਈ ਬੁਲਾ ਰਿਹਾ ਹੈ। ਪਿਤਰਵਾਦੀ ਸੱਤਾ ਦੀਆਂ ਅਣਦਿਸਦੀਆਂ ਬੇੜੀਆਂ ਵਿਚ ਜਕੜੀ ਤਰੁਣ ਆਖਰ ਇਸ ਘੁਟਣ ਦਾ ਹੱਲ ਆਪਣੇ ਪਿਉ ਨਾਲ ਸੰਵਾਦ ਰਾਹੀਂ ਕਰਨਾ ਚਾਹੁੰਦੀ ਹੈ। ਪਿਉ ਉਸ ਲਈ ਉਚ ਖਾਨਦਾਨ ਦਾ ਮੁੰਡਾ ਪਹਿਲਾਂ ਹੀ ਲੱਭੀ ਬੈਠਾ ਹੈ। ਅਸਲ ਵਿਚ ਇਹ ਫਿਲਮ ਤੁਹਾਨੂੰ ਸਿਰਫ ਕਹਾਣੀ ਨਹੀਂ ਸੁਣਾਉਣਾ ਚਾਹੁੰਦੀ, ਸਗੋਂ ਕੈਮਰੇ ਦੀ ਤਕਨੀਕ ਰਾਹੀ ਦ੍ਰਿਸ਼ਾਵਲੀ ਆਧਾਰਿਤ ਸੰਵੇਦਨਾ ਦਾ ਵਿਸਥਾਰ ਕਰਨਾ ਚਾਹੁੰਦੀ ਹੈ। ਇਸ ਨੂੰ ਦੇਖਦਿਆਂ ਦਰਸ਼ਕਾਂ ਨੂੰ ਪਲਾਟ ਦੀ ਅਣਹੋਂਦ ਖਟਕ ਸਕਦੀ ਹੈ, ਕਿਰਦਾਰਾਂ ਦੁਆਰਾ ਕੀਤੀਆਂ ਹਰਕਤਾਂ ਅਤੇ ਕੰਮਾਂ ਦਾ ਦੁਹਰਾਉ ਬੋਝਲ ਲੱਗ ਸਕਦਾ ਹੈ ਅਤੇ ਫਿਲਮ ਦੇ ਆਰੰਭ ਤੇ ਅੰਤ ਵਿਚ ਅੰਤਰ ਕਰਨ ਵਿਚ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਇਸ ਫਿਲਮ ਦੀ ਆਪਣੀ ਕਾਵਿਕ ਭਾਸ਼ਾ ਹੈ ਜੋ ਹੌਲੀ-ਹੌਲੀ ਦਰਸ਼ਕਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ। ਫਿਲਮ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਵਾਂਗ ਹੈ ਜਿਸ ਵਿਚ ਕਿਰਦਾਰਾਂ ਦੇ ਵਿਹਾਰ ਵਿਚ ਆਉਂਦੀਆਂ ਤਬਦੀਲੀਆਂ ਨੂੰ ਕੈਮਰਾ ਇੱਕ-ਇੱਕ ਕਰ ਕੇ ਦਰਸ਼ਕਾਂ ਅੱਗੇ ਖੋਲ੍ਹਦਾ ਜਾਂਦਾ ਹੈ। ਫਿਲਮਸਾਜ਼ ਦਮਨ ਦੀ ਸੱਤਾ ਦੀ ਨਿਸ਼ਾਨਦੇਹੀ ਕਰਨ ਲਈ ਦੂਜੇ ਵਿਸ਼ਵ ਯੁੱਧ ਅਤੇ ਅੰਗਰੇਜ਼ੀ ਹਕੂਮਤ ਦੁਆਰਾ ਕੀਤੇ ਲਾਠੀਚਾਰਜਾਂ/ਦਮਨਕਾਰੀ ਕਾਰਜਾਂ ਦੇ ਕਈ ਦ੍ਰਿਸ਼ ਪੇਸ਼ ਕਰਦਾ ਹੈ।

**'ਮਾਇਆ ਦਰਪਣ' ਲੰਮੇ ਤੇ ਭਾਰੀ ਡਾਇਲਾਗਾਂ ਦੀ ਬਜਾਏ ਅੱਖਾਂ, ਹੱਥਾਂ, ਪੈਰਾਂ ਦੀਆ ਹਰਕਤਾਂ ਅਤੇ ਚੁੱਪ ਦੀ ਜ਼ੁਬਾਨ ਉਤੇ ਜ਼ਿਆਦਾ ਯਕੀਨ ਕਰਦੀ ਹੈ। ਫਿਲਮਸਾਜ਼ ਨੇ ਬਹੁਤ ਖ਼ੂਬਸੂਰਤੀ ਨਾਲ ਕਵਿਤਾ ਅਤੇ ਵਾਰਤਕ ਦੀਆਂ ਪੰਕਤੀਆਂ ਨੂੰ ਫਿਲਮ ਦੇ ਬਿਰਤਾਂਤ ਨੂੰ ਬਿਆਨ ਕਰਨ ਲਈ ਵਰਤਿਆ ਹੈ। ਫਿਲਮ ਵਿਚ ਰੰਗਾਂ ਦੀ ਵਰਤੋਂ ਵੀ ਬਹੁਤ ਕਲਾਤਮਿਕ ਢੰਗ ਨਾਲ ਕੀਤੀ ਗਈ ਹੈ। ਰੰਗ ਕਿਰਦਾਰਾਂ ਦੇ ਅੰਦਰਲੇ ਖਿਆਲਾਂ ਦਾ ਬਿਹਤਰੀਨ ਤਰੀਕੇ ਨਾਲ ਪ੍ਰਗਟਾਵਾ ਕਰਨ ਵਿਚ ਵੀ ਕਾਮਯਾਬ ਰਹੇ ਹਨ।**


ਕੁਮਾਰ ਸ਼ਹਾਨੀ ਉਤੇ ਫਰਾਂਸੀਸੀ ਫਿਲਮਸਾਜ਼ ਰਾਬਰਟ ਬਰਸਨ ਦਾ ਪ੍ਰਭਾਵ ਸਪਸ਼ਟ ਦੇਖਿਆ ਜਾ ਸਕਦਾ ਹੈ। ਫਿਲਮ ਵਿਚ ਬਹੁਤ ਸਾਰੇ ਦ੍ਰਿਸ਼ਾਂ ਵਿਚ ਹੱਥਾਂ ਅਤੇ ਪੈਰਾਂ ਦੀਆਂ ਹਰਕਤਾਂ ਦੁਆਰਾ ਨਵੀਂ ਕਿਸਮ ਦਾ ਤਜਰਬਾ ਕੀਤਾ ਗਿਆ ਹੈ ਜਿਥੇ ਭਾਸ਼ਾ ਦੀ ਥਾਂ ਹਰਕਤਾਂ ਸੰਵਾਦ ਦਾ ਕਾਰਜ ਨਿਭਾਉਂਦੀਆਂ ਹਨ। ਇਸ ਤੋਂ ਬਿਨਾਂ ਹਰ ਕਿਸਮ ਦੀਆਂ ਆਵਾਜ਼ਾਂ ਨੂੰ ਫਿਲਮ ਵਿਚ ਇਸ ਤਰ੍ਹਾਂ ਸ਼ਾਮਿਲ ਕੀਤਾ ਗਿਆ ਹੈ ਕਿ ਦਰਸ਼ਕ ਫਿਲਮ ਦੇਖਦਿਆਂ ਅਸਲ ਜ਼ਿੰਦਗੀ ਦਾ ਅਨੁਭਵ ਕਰ ਸਕਦਾ ਹੈ। ਫਿਲਮ ਲੰਮੇ ਤੇ ਭਾਰੀ ਡਾਇਲਾਗਾਂ ਦੀ ਬਜਾਏ ਅੱਖਾਂ, ਹੱਥਾਂ, ਪੈਰਾਂ ਦੀਆ ਹਰਕਤਾਂ ਅਤੇ ਚੁੱਪ ਦੀ ਜ਼ੁਬਾਨ ਉਤੇ ਜ਼ਿਆਦਾ ਯਕੀਨ ਕਰਦੀ ਹੈ। ਫਿਲਮਸਾਜ਼ ਨੇ ਬਹੁਤ ਖ਼ੂਬਸੂਰਤੀ ਨਾਲ ਕਵਿਤਾ ਅਤੇ ਵਾਰਤਕ ਦੀਆਂ ਪੰਕਤੀਆਂ ਨੂੰ ਫਿਲਮ ਦੇ ਬਿਰਤਾਂਤ ਨੂੰ ਬਿਆਨ ਕਰਨ ਲਈ ਵਰਤਿਆ ਹੈ। ਫਿਲਮ ਵਿਚ ਰੰਗਾਂ ਦੀ ਵਰਤੋਂ ਵੀ ਬਹੁਤ ਕਲਾਤਮਿਕ ਢੰਗ ਨਾਲ ਕੀਤੀ ਗਈ ਹੈ। ਰੰਗ ਕਿਰਦਾਰਾਂ ਦੇ ਅੰਦਰਲੇ ਖਿਆਲਾਂ ਦਾ ਬਿਹਤਰੀਨ ਤਰੀਕੇ ਨਾਲ ਪ੍ਰਗਟਾਵਾ ਕਰਨ ਵਿਚ ਵੀ ਕਾਮਯਾਬ ਰਹੇ ਹਨ।

ਇਸ ਫਿਲਮ ਵਿਚ ਤਰੁਣ ਦਾ ਕਿਰਦਾਰ ਅਦਿਤੀ ਨੇ ਨਿਭਾਇਆ ਹੈ। ਇਸ ਤੋਂ ਬਿਨਾਂ ਅਨਿਲ ਪਾਂਡਿਆ, ਕਾਂਤਾ ਵਿਆਸ, ਇਕਬਾਲ ਨਾਥ ਕੌਲ ਆਦਿ ਇਸ ਫਿਲਮ ਦੇ ਮੁੱਖ ਅਦਾਕਾਰ ਸਨ। ਇਸ ਫਿਲਮ ਤੋਂ ਬਾਅਦ 1984 ਵਿਚ ਰਿਲੀਜ਼ ਹੋਈ ਫਿਲਮ 'ਤਰੰਗ' ਅਤੇ 'ਕਸਬਾ'ਨੇ ਆਪਣੀ ਸੁਭਾਵਿਕਤਾ ਅਤੇ ਬਿਰਤਾਂਤਕਾਰੀ ਕਾਰਨ ਦਰਸ਼ਕਾਂ ਦਾ ਧਿਆਨ ਖਿਚਿਆ। ਕੁਮਾਰ ਸ਼ਹਾਨੀ ਫਿਲਮਸਾਜ਼ ਦੇ ਤੌਰ 'ਤੇ ਸਮਾਨ-ਅੰਤਰ ਸਿਨੇਮਾ ਦੇ ਬਹੁਤੇ ਫਿਲਮਸਾਜ਼ਾਂ ਨਾਲੋਂ ਵੱਖਰਾ ਹੈ।










ਫਿਲਮਸਾਜ਼ ਕੁਮਾਰ ਸ਼ਹਾਨੀ ਦੀਆਂ ਫਿਲਮਾਂ 'ਮਾਇਆ ਦਰਪਣ', 'ਕਸਬਾ' ਅਤੇ 'ਤਰੰਗ' ਦੇ ਪੋਸਟਰ।

# ਆਮਿਰ ਦੀ ਫਿਲਮ 'ਸੀਕਰਟ ਸੁਪਰਸਟਾਰ' ਦੇ ਸਿਤਾਰੇ

ਜਗਜੀਤ ਸਿੰਘ ਸੇਖੋਂ

ਉਘੇ ਅਦਾਕਾਰ ਆਮਿਰ ਖਾਨ ਦੀ ਫਿਲਮ 'ਦੰਗਲ' ਵਿਚ ਆਪਣੀ ਅਦਾਕਾਰੀ ਨਾਲ ਸਭ ਦਾ ਧਿਆਨ ਖਿੱਚਣ ਵਾਲੀ ਜ਼ਾਇਰਾ ਵਸੀਮ ਇਕ ਵਾਰ ਫਿਰ ਹਾਜ਼ਰ ਹੈ। ਇਸ ਵਾਰ ਵੀ ਉਹ ਆਮਿਰ ਖਾਨ ਨਾਲ ਫਿਲਮ ਵਿਚ ਆਈ ਹੈ ਅਤੇ ਇਸ ਫਿਲਮ ਦਾ ਨਾਂ ਹੈ 'ਸੀਕਰੇਟ ਸੁਪਰਸਟਾਰ'। ਦਰਸ਼ਕਾਂ ਅਤੇ ਆਲੋਚਕਾਂ ਨੇ ਇਸ ਫਿਲਮ ਨੂੰ ਖੂਬ ਹੁੰਗਾਰਾ ਭਰਿਆ ਹੈ। ਸਾਰੇ ਫਿਲਮ ਆਲੋਚਕਾਂ ਨੇ ਫਿਲਮ ਦੇ ਹਾਂ-ਪੱਖੀ ਰੀਵੀਊ ਕੀਤੇ ਹਨ। ਇਸ ਫਿਲਮ ਦੀ ਕਹਾਣੀ 15 ਵਰ੍ਹਿਆਂ ਦੀ ਕੁੜੀ ਦੁਆਲੇ ਘੁੰਮਦੀ ਹੈ, ਜੋ ਬੜੌਦਾ ਵਿਚ ਰਹਿੰਦੀ ਹੈ; ਪਰ ਉਸ ਦਾ ਵਰਤਮਾਨ ਉਸ ਦੇ ਮਾਪਿਆਂ ਦੇ ਹਿੰਸਕ ਸੰਬੰਧਾਂ ਕਾਰਨ ਬੁਰੀ ਤਰ੍ਹਾਂ ਝੰਜੋੜਿਆ ਜਾਂਦਾ ਹੈ। ਇਸ ਕੱਟ-ਵੱਢ ਦੇ ਬਾਵਜੂਦ ਇਹ ਕੁੜੀ ਆਪਣੇ ਭਵਿਖ ਦੇ ਸੁਪਨੇ ਲੈਂਦੀ ਹੈ। ਉਹ ਗਾਇਕਾ ਬਣਨਾ ਲੋਚਦੀ ਹੈ ਅਤੇ ਆਪਣਾ ਇਹ ਸੁਪਨਾ ਪੂਰਾ ਕਰਨ ਲਈ ਉਹ ਮਾਂ ਦੇ ਪੁਰਾਣੇ ਰੂੜੀਵਾਦੀ ਵਿਚਾਰਾਂ ਨਾਲ ਪੂਰਾ ਆਢਾ ਲਾਉਂਦੀ ਹੈ। ਨਾਲ ਹੀ ਆਪਣੇ ਪਿਓ ਦੀਆਂ ਵਧੀਕੀਆਂ ਨੂੰ ਵੀ ਵੰਗਾਰਦੀ ਹੈ।

ਇਸ ਫਿਲਮ ਲਈ ਕਈ ਉਘੇ ਫਿਲਮਸਾਜ਼ਾਂ ਜਿਨ੍ਹਾਂ ਵਿਚ ਕਰਨ ਜੌਹਰ ਵੀ ਸ਼ਾਮਲ ਹੈ, ਨੇ ਫਿਲਮ ਦੇ ਨਿਰਦੇਸ਼ਕ ਅਦਵੈਤ ਚੰਦਨ ਨੂੰ ਅਜਿਹੀ ਸੁਪਰ ਫਿਲਮ ਬਣਾਉਣ ਲਈ ਵਧਾਈ ਦਿੱਤੀ ਹੈ। ਇਸ ਫਿਲਮ ਲਈ ਭਾਵੇਂ ਜ਼ਾਇਰਾ ਵਸੀਮ ਦੀ ਵਧੇਰੇ ਚਰਚਾ ਹੋਈ ਹੈ, ਪਰ ਇਸ ਫਿਲਮ ਦੇ ਇਕ ਹੋਰ ਨਵੇਂ ਚਿਹਰੇ ਤੀਰਥ ਸ਼ਰਮਾ ਨੇ ਵੀ ਕਮਾਲ ਦੀ ਅਦਾਕਾਰੀ ਦਾ ਮੁਜ਼ਾਹਰਾ ਕੀਤਾ ਹੈ। ਤੀਰਥ ਸ਼ਰਮਾ ਅਤੇ ਜ਼ਾਇਰਾ ਵਸੀਮ ਨੇ ਅੱਲੜ ਉਮਰ ਦੀ ਮੁਹੱਬਤ ਨੂੰ ਪਰਦੇ ਉਤੇ ਪੂਰੀ ਰੂਹਦਾਰੀ ਨਾਲ ਸਾਕਾਰ ਕੀਤਾ ਹੈ।

ਅਸਲ ਵਿਚ ਫਿਲਮ ਦੇ ਨਿਰਦੇਸ਼ਕ ਅਦਵੈਤ ਚੰਦਨ ਨੇ ਇਸ ਫਿਲਮ ਦੀਆਂ ਕਈ ਕੜੀਆਂ ਜੋੜੀਆਂ ਹਨ। ਇਕ ਕੜੀ ਜ਼ਾਇਰਾ ਵਸੀਮ ਅਤੇ ਤੀਰਥ ਸ਼ਰਮਾ ਵਿਚਕਾਰ ਕਲੀ ਤੋਂ ਫੁੱਲ ਖਿੜਨ ਵਾਂਗ ਹੌਲੀ ਹੌਲੀ ਚੱਲ ਰਹੀ ਪਿਆਰ ਕਹਾਣੀ ਦੀ ਹੈ। ਇਸ ਪਿਆਰ ਕਹਾਣੀ ਨੂੰ ਉਹਨੇ ਬਹੁਤ ਸਹਿਜ, ਸਲੀਕੇ ਅਤੇ ਸਹਿਜ ਨਾਲ ਨਿਭਾਇਆ ਹੈ। ਫਿਲਮ ਦੀ ਕਹਾਣੀ ਬਹੁਤ ਸਾਧਾਰਨ ਅਤੇ ਸਿੱਧੀ ਹੋਣ ਦੇ ਬਾਵਜੂਦ ਅਜਿਹੀਆਂ ਕੜੀਆਂ ਕਰ ਕੇ ਵੱਖਰੀ ਹੋ ਨਿਬੜੀ ਹੈ। ਦਰਅਸਲ, ਅਦਵੈਤ ਚੰਦਨ ਨੂੰ ਪਤਾ ਹੈ ਕਿ ਫਾਰਮੂਲਾ ਫਿਲਮਾਂ ਤੋਂ ਦੂਰੀ ਕਿਵੇਂ ਰੱਖਣੀ ਹੈ। ਇਸ ਫਿਲਮ ਵਿਚ ਆਮਿਰ ਖਾਨ ਨੇ ਸ਼ਕਤੀ ਕੁਮਾਰ ਦਾ ਕਿਰਦਾਰ ਨਿਭਾਇਆ ਹੈ। ਇਹ ਕਿਰਦਾਰ ਭਾਵੇਂ ਫਿਲਮ ਦੇਖਦਿਆਂ ਬਹੁਤ ਲਾਊਡ ਲਗਦਾ ਹੈ, ਪਰ ਇਹ ਕਿਰਦਾਰ ਸਮੁੱਚੀ ਫਿਲਮ ਦੀ ਕਹਾਣੀ ਬੰਨ੍ਹ ਕੇ ਰੱਖਦਾ ਹੈ। ਇਸ ਤਰ੍ਹਾਂ ਦੇ ਤਜਰਬੇ ਕਰਨ ਦਾ ਹੀਆ ਆਮਿਰ ਖਾਨ ਵਰਗਾ ਅਦਾਕਾਰ ਹੀ ਕਰ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਕੁੜੀ ਦੀ ਮਾਂ ਦੇ ਕਿਰਦਾਰ ਵਿਚ ਮਿਹਰ ਵਿਜ ਦੀ ਅਦਾਕਾਰੀ ਨੇ ਫਿਲਮ ਨੂੰ ਚਾਰ ਚੰਨ ਲਾਏ ਹਨ।




ਫਿਲਮ 'ਸੀਕਰੇਟ ਸੁਪਰਸਟਾਰ' ਵਿਚ ਤੀਰਥ ਸ਼ਰਮਾ ਅਤੇ ਜ਼ਾਇਰਾ ਵਸੀਮ।



ਫਿਲਮਸਾਜ਼ ਅਦਵੈਤ ਚੰਦਨ

# 18ਵਾਂ ਮਹਾਨ ਨਗਰ ਕੀਰਤਨ

## ਗੁਰਦੁਆਰਾ ਸਾਹਿਬ ਬੇਕਰਸਫ਼ੀਲਡ

## SIKH TEMPLE BAKERSFIELD



**2400 So. P STREET BAKERSFIELD CA 93304 ✆ 661-397-8651**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਪੰਥ ਦੇ ਬਾਨੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, 19 ਨਵੰਬਰ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ ਹੋ ਰਿਹਾ ਹੈ। ਬੇਨਤੀ ਹੈ ਸਮੂਹ ਸੰਗਤਾਂ ਸਮੇਂ ਸਿਰ ਪਹੁੰਚ ਕੇ ਉਲੀਕੇ ਪ੍ਰੋਗਰਾਮ ਵਿਚ ਹਿੱਸਾ ਲੈਕੇ ਗੁਰੂ ਸ਼ਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੋ ਜੀ ।

### ਪ੍ਰੋਗਰਾਮ

ਸੋਮਵਾਰ 13 ਨਵੰਬਰ ਤੋਂ ਸ਼ਨੀਵਾਰ 18 ਨਵੰਬਰ ਤੱਕ ਸ਼ਾਮ ਨੂੰ ਰੋਜ਼ਾਨਾ ਦੀਵਾਨ ਸਜਨਗੇ ਅਤੇ 19 ਨਵੰਬਰ ਦਿਨ ਐਤਵਾਰ ਸਵੇਰ ਦੇ ਦੀਵਾਨ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ ਹੋਵੇਗਾ ਉਪਰੰਤ ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਆਪਨੇ ਵੀਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ।

### ਨਗਰ ਕੀਰਤਨ ਦਾ ਰੂਟ

ਗੁਰਦੁਆਰਾ ਸਾਹਿਬ ਤੋਂ ਵਿਲਸਨ ਰੋਡ ਸੱਜੇ, ਸਾਉਥ ਐਚ ਸਟ੍ਰੀਟ ਤੋਂ ਖੱਬੇ, ਪਲਾਂਜ਼ ਸਟ੍ਰੀਟ ਤੋਂ ਖੱਬੇ, ਸਾਉਥ ਚੈਸਟਰ ਤੋਂ ਖੱਬੇ, ਵਿਲਸਨ ਰੋਡ ਤੋਂ ਸੱਜੇ ਵਾਪਸ ਗੁਰਦੁਆਰਾ ਸਹਿਬ ਜੀ

### ਢਾਡੀ ਜੱਥਾ

**ਭਾਈ ਲਖਬੀਰ ਸਿੰਘ ਜੀ ਕੋਮਲ ਅਤੇ ਸਾਥੀ**

13 ਨਵੰਬਰ ਤੋਂ 19 ਨਵੰਬਰ ਤੱਕ ਰੋਜ਼ਾਨਾ ਢਾਡੀ ਵਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਇਕਬਾਲ ਸਿੰਘ ਜੀ ਰਾਜਪੁਰਾ
ਕਥਾਵਾਚਕ



ਭਾਈ ਹਰਭਜਨ ਸਿੰਘ ਅਤੇ ਸਾਥੀ, ਹਜ਼ੂਰੀ ਰਾਗੀ ਜੱਥਾ



ਭਾਈ ਲਖਬੀਰ ਸਿੰਘ ਜੀ ਕੋਮਲ ਅਤੇ ਸਾਥੀ

**ਨਿਸ਼ਾਨ ਸਾਹਿਬ ਜੀ ਦੀ ਸੇਵਾ**
18 ਨਵੰਬਰ ਦਿਨ ਸ਼ਨੀਵਾਰ
ਸਵੇਰੇ 9:30 ਵਜੇ ਹੋਵੇਗੀ ਜੀ।

**ਪੰਜ ਪਿਆਰਿਆਂ ਦੀ ਸੇਵਾ**
ਭਾਈ ਹਰਭਜਨ ਸਿੰਘ ਜੀ 661-855-9039
ਦਲਜੀਤ ਸਿੰਘ ਬਾਜਵਾ 661-808-5573

**ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਨਕਾਰੀ ਲਈ ਕਾਲ ਕਰੋ**
ਰਜਿੰਦਰ ਸਿੰਘ ਢਿੱਲੋ
(661)321-6997

**ਫਲੋਟ ਲਗਵਾਉਣ ਦੀ ਸੇਵਾ**
ਮਨਜੀਤ ਸਿੰਘ ਦਿਓਲ 661-800-0001
ਸਿਕੰਦਰ ਸਿੰਘ ਗਰੇਵਾਲ 661-549-3423

**ਗੁਰੂ ਕੇ ਲੰਗਰ ਦੀ ਸੇਵਾ**
ਤਜਿੰਦਰ ਸਿੰਘ ਗਿੱਲ 661-201-9028
ਸੁਲੱਖਣ ਸਿੰਘ ਰਾਏ 661-706-9370
ਹਰਦਿਆਲ ਸਿੰਘ ਮੱਲ੍ਹੀ 661-979-8516
ਦਲਜੀਤ ਸਿੰਘ ਸੰਧੂ 661-703-1842

**ਦੁਕਾਨਾਂ ਦੀ ਸੇਵਾ**
ਬਲਵੀਰ ਸਿੰਘ ਸਿੱਧੂ 661-800-7841
ਗੁਰਮੀਤ ਸਿੰਘ ਸਿੱਧੂ 661-343-7749

**ਫਲੋਟ ਸਜਾਉਣ ਦੀ ਸੇਵਾ**
ਜੋਬਨਜੀਤ ਸਿੰਘ (ਬੌਬੀ) 661-808-7181
ਹੰਸ ਸਿੰਘ ਚੀਮਾ 661-302-6301

**ਦਾਨੀ ਸੱਜਣ ਸੰਪਰਕ ਕਰਨ**
ਦਲਜੀਤ ਸਿੰਘ ਢਡ 661-835-0032
ਮੱਸਾ ਸਿੰਘ ਬਾਜਵਾ 661-837-9981
ਹਰਬੰਸ ਸਿੰਘ ਬਾਠ 661-376-8385

**ਸਹਿਯੋਗ:** ਸਮੂਹ ਸੰਗਤ ਬੇਕਰਸਫ਼ੀਲਡ, ਗੁ: ਗੁਰੂ ਅੰਗਦ ਦਰਬਾਰ, ਬੇਕਰਸਫ਼ੀਲਡ। ਗੁਰ ਨਾਨਕ ਮਿਸ਼ਨ ਸਿੱਖ ਸੈਂਟਰ, ਬੇਕਰਸਫ਼ੀਲਡ । ਗੁਰਦਵਾਰਾ ਗੁਰ ਦਸਮੇਸ਼ ਦਰਬਾਰ, ਵਾਈਬਲ ਰੋਡ, ਬੇਕਰਸਫ਼ੀਲਡ। ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ, ਬੇਕਰਸਫ਼ੀਲਡ। ਸਿੱਖ ਯੂਥ ਆਫ ਅਮੇਰੀਕਾ, ਬੇਕਰਸਫ਼ੀਲਡ ਯੂਨਿਟ।

*DESIGNED & PRINTED BY:* **NK SIGNS INDUSTRY INC.** · 661-978-7319 · 661-558-5088 · 661-448-4811

ੴ ਸਤਿਗੁਰ ਪ੍ਰਸਾਦਿ

ਸਤਿਗੁਰ ਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਿਪੇ ਅੰਧੇਰ ਪਲੋਆ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

'ਰਾਜੇ ਸ਼ੀਂਹ ਮੁਕੱਦਮ ਕੁੱਤੇ' ਆਖ ਸਮੇਂ ਦੇ ਹਾਕਮਾਂ ਨੂੰ ਫਿੱਟ ਲਾਹਨਤ ਪਾਉਣ ਵਾਲੇ ਤੇ ਜਾਲਮਾਂ ਦੇ ਜੁਲਮਾਂ ਪ੍ਰਤੀ ਰੱਬ ਨੂੰ 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ' ਦਾ ਨਿਹੋਰਾ ਦੇਣ ਵਾਲੇ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸਿੱਖ ਗੁਰਦੁਆਰਾ ਸੈਨ ਹੋਜੇ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



## 4 ਨਵੰਬਰ 2017, ਸਨਿਚਰਵਾਰ

ਵਿਸ਼ੇਸ਼ ਕੀਰਤਨ ਦੀਵਾਨ
ਸਵੇਰ ਤੋਂ ਰਾਤ 10 ਵਜੇ ਤੱਕ
ਵਿਸ਼ੇਸ਼ ਜਥਾ ਭਾਈ ਇੰਦਰਜੀਤ ਸਿੰਘ, ਹਜੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ ਤੇ ਹੋਰ ਪੰਥ ਪ੍ਰਸਿਧ ਜਥੇ

## 25 ਅਕਤੂਬਰ ਤੋਂ 3 ਨਵੰਬਰ ਤੱਕ

ਪ੍ਰਭਾਤ ਫੇਰੀਆਂ ਸਵੇਰੇ 4:30 ਤੋਂ 5:30 ਵਜੇ ਤੱਕ

## 5 ਨਵੰਬਰ 2017, ਐਤਵਾਰ

ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 10:30 ਵਜੇ

5 ਅਖੰਡ ਪਾਠਾਂ ਦੀ ਲੜੀ
ਪਹਿਲੇ 3 ਅਖੰਡ ਪਾਠ ਸ. ਹਰਦਿਆਲ ਸਿੰਘ ਪੰਨੂ ਤੇ ਪਰਿਵਾਰ ਵਲੋ
ਚੌਥਾ ਅਖੰਡ ਪਾਠ ਬੀਬੀ ਪਰਮਿੰਦਰ ਕੌਰ ਅਤੇ ਪਰਿਵਾਰ ਵਲੋਂ
ਪੰਜਵਾਂ ਅਖੰਡ ਪਾਠ ਭਾਈ ਮੋਹਨ ਸਿੰਘ ਧਨੋਤਾ ਅਤੇ ਪਰਿਵਾਰ ਵਲੋਂ



## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

3636 Gurdwara Ave, San Jose CA 95148
ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org